ISSN:2231-6930

93

# ਪ੍ਰਵਚਨ



ਅਕਤੂਬਰ-ਦਸੰਬਰ 2023 ਮੁੱਲ 75 ਰੁਪਏ




ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ ਲੁਧਿਆਣਾ
ਸਫ਼ੇ: 208 ਕੀਮਤ: 300/-

ਡਾ. ਰਜਨੀਸ਼ ਬਹਾਦਰ ਸਿੰਘ ਪੰਜਾਬੀ ਆਲੋਚਕਾਂ ਦੀ ਉਸ ਤਕਰੀਬਨ ਗੁਆਚ ਰਹੀ ਸ਼੍ਰੇਣੀ ਦਾ ਨੁਮਾਇੰਦਾ ਹੈ ਜੋ ਨਾ ਸਿਰਫ਼ ਸਿਧਾਂਤਕ ਸੂਝ ਦੇ ਧਨੀ ਹਨ, ਬਲਕਿ ਇਸ ਸੂਝ ਨੂੰ ਬਦਲਦੇ ਹਾਲਾਤ ਦੀ ਸਾਣ ਉੱਤੇ ਲਗਾਤਾਰ ਤਿੱਖਿਆਂ ਕਰਦੇ ਰਹਿਣ ਦੇ ਉਪਰਾਲੇ ਵਿਚ ਵੀ ਰਹਿੰਦੇ ਹਨ। ਆਪਣੇ ਇਨ੍ਹਾਂ ਗੁਣਾਂ ਕਾਰਨ ਹੀ ਇਹ ਸਾਡੀ ਬੋਲੀ ਦਾ ਉਹ ਆਲੋਚਕ ਹੈ ਜਿਸਦੀ ਨਾ ਤਾਂ ਕਦੇ ਦ੍ਰਿਸ਼ਟੀ ਧੁੰਦਲਾਈ ਹੈ ਅਤੇ ਨਾ ਹੀ ਕਦੇ ਉਸਦੇ ਵਿਚਾਰਾਂ ਵਿਚ ਖੜੋਤ ਦਾ ਅਹਿਸਾਸ ਹੋਇਆ ਹੈ। ਹਥਲੀ ਪੁਸਤਕ ਵਿਚ ਡਾ. ਰਜਨੀਸ਼ ਬਹਾਦਰ ਸਿੰਘ ਨੇ ਆਪਣੀ ਆਲੋਚਨਾਤਮਕ ਪ੍ਰਤਿਭਾ ਨੂੰ ਕਹਾਣੀ ਦੀ ਵਿਧਾ ਉੱਤੇ ਕੇਂਦਰਤ ਕਰਦੇ ਹੋਏ, ਜੇ ਇਕ ਪਾਸੇ ਪੰਜਾਬੀ ਕਹਾਣੀ ਦੀ ਸਮੁੱਚੀ ਇਤਿਹਾਸਕਾਰੀ ਪੇਸ਼ ਕੀਤੀ ਹੈ, ਤਾਂ ਦੂਜੇ ਪਾਸੇ ਇਸ ਦੀਆਂ ਵੱਖ-ਵੱਖ ਧਾਰਾਵਾਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਕਹਾਣੀਆਂ ਵਿਚ ਪਾਤਰਾਂ ਦੀ ਖ਼ੁਦਮੁਖ਼ਤਾਰੀ ਦਾ ਨਿਵੇਕਲਾ ਪੈਮਾਨਾ ਸਿਰਜ ਕੇ ਉਸਨੇ ਸਾਡੇ ਸਾਹਿਤ ਦੇ ਮੰਨੇ ਕਹਾਣੀਕਾਰਾਂ ਦੀਆਂ ਪਰਮੰਨੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਇਸ ਕਾਰਨ ਡਾ. ਰਜਨੀਸ਼ ਬਹਾਦਰ ਸਿੰਘ ਦੀ ਇਹ ਰਚਨਾ ਨਾ ਸਿਰਫ਼ ਪੰਜਾਬੀ ਕਹਾਣੀ ਦੇ ਖੋਜਾਰਥੀਆਂ, ਸਗੋਂ ਆਮ ਪਾਠਕਾਂ ਦੀ ਵੀ ਦਿਲਚਸਪੀ ਦਾ ਬਾਇਸ ਬਣਨ ਦੀ ਸਮਰੱਥਾ ਰੱਖਦੀ ਹੈ।

-ਸੁਕੀਰਤ

# ਜਸ ਮੰਡ ਦਾ ਰਚਨਾ ਸੰਸਾਰ







ਮਾਸਕੋ ਤੋਂ ਅੰਤਰਰਾਸ਼ਟਰੀ ਕਾਨੂੰਨ ਵਿਚ ਪੀ ਐਚ. ਡੀ. ਪ੍ਰਾਪਤ ਜਸ ਮੰਡ ਦੀ ਪੁਸਤਕ 'ਮਝੂਲੇ' ਅਸਲ ਵਿਚ ਸੋਵੀਅਤ ਯੂਨੀਅਨ ਤੇ ਪੰਜਾਬੀ ਸਮਾਜ ਦਾ ਮੁਹਾਵਰਿਆਂ ਰਾਹੀਂ ਕੀਤਾ ਡੂੰਘਾ ਵਿਸ਼ਲੇਸ਼ਣ ਹੈ। ਉਸਦੀ ਅੰਗਰੇਜ਼ੀ ਵਿਚ ਲਿਖੀ ਤੇ ਹਿੰਦੀ ਤਰਜਮੇ ਵਿਚ ਵੀ ਛਪੀ ਪੁਸਤਕ *'The Secret Of Happiness'* ਖ਼ੁਸ਼ੀ ਦੇ ਸੰਕਲਪ ਬਾਰੇ ਗੰਭੀਰ ਖੋਜ ਵੀ ਹੈ, ਤੇ ਅਧਿਆਤਮਕ ਉਸਾਰੀ ਦੀ ਰਾਹ-ਦਸੇਰਾ ਵੀ। ਉਸਦੇ ਸਫ਼ਰਨਾਮੇ *'ਕਾਲੇ ਸਾਗਰ ਚਿੱਟੇ ਪਰਬਤ'* ਤੇ *'ਰੇਤੀਲੇ ਤੇ ਬਰਫ਼ੀਲੇ ਮਾਰੂਥਲ'* ਪੰਜਾਬੀ ਯਾਤਰੂਆਂ ਤੇ ਟੂਰਿਸਟਾਂ ਨੂੰ ਘਰ ਬੈਠੇ ਸੈਰ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਸੈਰ ਕਰਨ ਲਈ ਉਕਸਾਂਦੇ ਵੀ ਹਨ, ਤੇ ਸੈਰ-ਸਪਾਟੇ ਦੀ ਗਾਈਡ ਦਾ ਕੰਮ ਵੀ ਕਰਦੇ ਹਨ। ਪੰਜ ਦਰਜਨਾਂ ਤੋਂ ਵੱਧ ਦੇਸ਼ਾਂ ਦੀ ਸੈਰ ਕਰ ਚੁੱਕੇ ਇਸ ਘੁਮੱਕੜ ਚਿੰਤਕ ਦੀਆਂ ਕਿਰਤਾਂ ਹਰ ਪੰਜਾਬੀ ਨੂੰ ਕੇਵਲ ਪੜ੍ਹਨੀਆਂ ਹੀ ਨਹੀਂ, ਸਗੋਂ ਖਰੀਦਣੀਆਂ ਚਾਹੀਦੀਆਂ ਹਨ।

- ਡਾ. ਰਜਨੀਸ਼ ਬਹਾਦਰ ਸਿੰਘ

'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ. ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 23 ਪੁਸਤਕ ਲੜੀ : 93 ਅਕਤੂਬਰ–ਦਸੰਬਰ 2023

**ਬਾਨੀ ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ**

**ਮੁੱਖ ਸੰਪਾਦਕ: ਡਾ. ਕੁਲਵੰਤ ਸਿੰਘ**

124, CHHOTI BARADARI-II
Jalandhar-144001
Mob: 98722-44885
pravachanpunjabi@gmail.com
www.pravachan. org

**ਸੰਪਾਦਕ: ਡਾ. ਰਮਿੰਦਰ ਕੌਰ**

Mob: 94172–75147

**ਸਲਾਹਕਾਰ ਬੋਰਡ**

ਡਾ. ਰਵੀ ਰਵਿੰਦਰ (ਦਿੱਲੀ ਯੂਨੀਵਰਸਿਟੀ)
ਡਾ. ਜਸਵਿੰਦਰ ਸਿੰਘ (ਪਟਿਆਲਾ)
ਡਾ. ਮਹਿਲ ਸਿੰਘ (ਅੰਮ੍ਰਿਤਸਰ)
ਡਾ. ਜਨਮੀਤ
ਡਾ. ਜਸ ਮੰਡ
ਸੁਕੀਰਤ
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)
ਡਾ. ਪਰਮਜੀਤ ਕੌਰ ਸਿੱਧੂ (ਕੁਰੂਕਸ਼ੇਤਰ ਯੂਨੀਵਰਸਿਟੀ)
ਸੰਤੋਖ ਧਾਲੀਵਾਲ (ਯੂ. ਕੇ.)
ਬਲਬੀਰ ਪਰਵਾਨਾ
ਰਾਹੁਲ ਸਿੰਘ

**ਚੰਦਿਆਂ ਦਾ ਵੇਰਵਾ:**

| | |
|---|---|
| India | Rs. 75 Per Issue |
| | Rs.1500 Per 5 Years |
| U.K. | £20 Per Year |
| | £100 Per 5 Years |
| U.S.A./ | $40 Per Year |
| | $160 Per 5 Years. |
| Canada | $40 Per Year |
| | $200 Per 5 Years. |

## ਅੰਦਰ ਪੜ੍ਹੋ

- **ਸੰਪਾਦਕੀ**/2
- **ਗ਼ਜ਼ਲਾਂ ਤੇ ਕਵਿਤਾਵਾਂ:** ਅਮਰੀਕ ਡੋਗਰਾ, ਸਵਾਮੀ ਅੰਤਰ ਨੀਰਵ, ਮਨਦੀਪ ਔਲਖ/4

**ਕਹਾਣੀਆਂ:**

- **ਬੰਗਲਾ ਕਹਾਣੀ: ਜਾਸੂਸ**/ਮੁਜ਼ੱਫਰ ਹੁਸੈਨ –ਪੰਜਾਬੀ ਅਨੁਵਾਦ: ਨੀਲਮ ਸ਼ਰਮਾ/23
- **ਖਰੀਂਢ**/ਅਲੀ ਉਸਮਾਨ ਬਾਜਵਾ /28
- **ਨਸਾਂ 'ਚ ਫੈਲਦਾ ਜ਼ਹਿਰ** –ਬਲਬੀਰ ਪਰਵਾਨਾ/32
- **ਵੱਡਾ ਵੇਲਾ**/ਹਰਪ੍ਰੀਤ ਸਿੰਘ ਚਨੂੰ/41
- **ਦ ਪਿੰਕ ਕੇਕ**/ਅਰਵਿੰਦਰ ਕੌਰ ਧਾਲੀਵਾਲ/68
- **ਸੁਆਂਤੀ ਬੂੰਦ**/ਆਗਾਜ਼ਬੀਰ/75
- **ਯਾਦਾਂ ਜਗਤਾਰ ਦੀਆਂ**/ਡਾ. ਜਨਮੀਤ /81
- **ਜਿਨ ਪਛਾਤਾ ਸਚੁ ਚੁੰਮਾ ਪੈਰ ਮੂੰ** -ਪਵਨਬੀਰ ਸਿੰਘ/92
- **ਸਟੂਅਰਟ ਹਾਲ: ਕੋਡਿੰਗ-ਡੀਕੋਡਿੰਗ** -ਰਾਜਦੀਪ ਸਿੰਘ ਸਿੱਧੂ/100
- **ਅਜਮੇਰ ਔਲਖ ਦੇ ਨਾਟਕਾਂ ਦੇ ਕਿਰਦਾਰ (ਇਕ ਅਧਿਐਨ)** /ਡਾ. ਸੰਦੀਪ ਰਾਣਾ/108
- **ਵਿਸ਼ਵੀਕਰਨ ਤੇ ਕਸ਼ਮੀਰ ਦੀ ਦਸਤਕਾਰੀ ਦਾ ਸੰਕਟ: ਚਸ਼ਮਿ ਬੁਲਬੁਲ** /ਸਰਵਦੀਪ ਕੌਰ/114
- **ਡਾ. ਸੁਨੀਤਾ ਵਸ਼ਿਸ਼ਟ ਦਾ ਮਿਥਹਾਸ ਵੱਲ ਖੁੱਲ੍ਹਦਾ ਖੋਜੀ ਬੂਹਾ: 'ਕ੍ਰਿਸ਼ਨ'**/ ਜਸਵੀਰ ਰਾਣਾ/121
- **ਪੰਜਾਬੀ ਸਾਹਿਤਕ ਮੁਲਾਕਾਤਾਂ: ਵਿਧਾ ਤੇ ਪ੍ਰਕਾਰਜ** –ਗੁਰਪ੍ਰੀਤ ਕੌਰ ਬਰਾੜ 127
- **ਕਹਾਣੀ ਪੜ੍ਹਤ** (*ਪ੍ਰਵਚਨ* ਪੁਸਤਕ ਲੜੀ 92 ਵਿਚ ਪ੍ਰਕਾਸ਼ਿਤ ਪੰਜਾਬੀ ਕਹਾਣੀਆਂ ਦੇ ਆਧਾਰ 'ਤੇ)/*ਡਾ. ਪਰਮਜੀਤ ਕੌਰ/138*
- ਸਮਕਾਲੀ ਸਾਹਿਤ ਨੂੰ ਵਾਚਦਿਆਂ –ਕੁਲਵੰਤ ਸਿੰਘ ਸੰਧੂ/142

**SANDRA SAMANIEGO**

# ਸੰਪਾਦਕੀ

ਪ੍ਰਵਚਨ ਹਮੇਸ਼ਾ ਹੀ ਨਵੇਂ/ਸੱਜਰੇ ਸਾਹਿਤ ਨੂੰ ਹੱਲਾਸ਼ੇਰੀ ਦੇਂਦਾ ਹੈ ਅਤੇ ਨਾਲ ਹੀ ਅਜੇਹੇ ਸਾਹਿਤ ਦੀਆਂ ਕਲਾਤਮਕ ਸੰਭਾਵਨਾਵਾਂ ਤੇ ਸੀਮਾਵਾਂ ਨੂੰ ਵੀ ਵੇਖਿਆ ਜਾਂਦਾ ਹੈ। ਸਾਹਿਤ ਸਮਾਜ ਪ੍ਰਤੀ ਬੌਧਿਕ ਸੰਵਾਦ ਹੀ ਹੈ। ਇਹ ਆਪਣੇ ਸਮਾਜ ਨੂੰ ਜਾਣਨ ਦਾ ਇਕ ਸਿਰਜਣਾਤਮਕ ਜ਼ਰੀਆ ਹੈ। ਪ੍ਰਵਚਨ ਮੈਗਜ਼ੀਨ ਸਾਹਿਤ ਦੇ ਨਾਲ—ਨਾਲ ਆਪਣੀ ਸੰਪਾਦਕੀ ਰਾਹੀਂ ਨਵੇਂ ਪੈਦਾ ਹੋ ਰਹੇ ਸਮਾਜਕ ਰੁਝਾਣ ਪ੍ਰਤੀ ਵੀ ਨਜ਼ਰ ਰੱਖਦਾ ਹੈ ਕਿਉਂਕਿ, ਸਾਹਿਤ ਤੇ ਸਮਾਜ ਦਾ ਆਪੋ ਵਿਚ ਇਕ ਅਟੁੱਟ ਰਿਸ਼ਤਾ ਹੈ।

ਮੌਜੂਦਾ ਯੁੱਗ 'ਹਾਈਟੈਕ ਮੀਡੀਏ' ਦਾ ਹੈ। ਮਸਨੂਈ ਬੌਧਿਕਤਾ 'ਆਰਟੀਫਿਸ਼ੀਅਲ ਇੰਟੈਲੀਜੈਂਸੀ ਸਾਡੀਆਂ ਬਰੂਹਾਂ 'ਤੇ ਹੈ। ਅਜੋਕਾ ਮੋਬਾਇਲ ਰੂਪੀ ਇਲੈਕਟੋਰਨਿਕ ਮੀਡੀਆ ਸਾਡੇ ਜੀਵਨ ਉਤੇ ਭਾਰੂ ਹੋ ਗਿਆ ਹੈ। ਇਸ ਦਾ ਸੰਚਾਰ ਪੱਖ ਤੋਂ ਆਪਣਾ ਇਕ ਵਿਸ਼ੇਸ਼ ਯੋਗਦਾਨ ਹੈ। ਇਹ ਅਜੋਕੀ ਸਭਿਅਤਾ ਦੀ ਨਵੀਂ ਖੋਜ/ਕਾਢ ਹੈ। ਪਰ ਅਜੇਹੇ ਮੀਡੀਏ ਦੇ ਪ੍ਰਭਾਵ ਥੱਲੇ ਸਾਡੀ ਮਨੋਸਥਿਤੀ ਕਿਵੇਂ ਦੀ ਹੋ ਰਹੀ ਹੈ, ਇਹ ਸੋਚਣ—ਵਿਚਾਰਨ ਦਾ ਮਸਲਾ ਹੈ। ਸਾਡੀ ਇੱਕੀਵੀਂ ਸਦੀ ਆਨ—ਲਾਈਨ ਸਿਸਟਮ ਨਾਲ ਆਰੰਭ ਹੁੰਦੀ ਹੈ। ਸਾਡੇ ਘਰਾਂ, ਦਫ਼ਤਰਾਂ ਤੇ ਸਮੂਹ ਸੰਸਥਾਵਾਂ ਦਾ ਕੰਮ—ਕਾਜ ਆਨ—ਲਾਈਨ ਹੋ ਗਿਆ ਹੈ। 'ਪੇਪਰ ਲੈੱਸ' ਸੰਚਾਰ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਨਾਲ 'ਹਾਈਟੈੱਕ ਮੀਡੀਏ' ਦੀ ਚੜ੍ਹ ਮੱਚਣੀ ਹੀ ਸੀ। ਸਾਡਾ ਸਮੁੱਚਾ ਦਫ਼ਤਰੀ/ਪ੍ਰਸ਼ਾਸਕੀ ਕੰਮ 'ਆਨ—ਲਾਈਨ' ਹੋ ਗਿਆ ਹੈ। ਪਰ ਬੰਦਾ ਖੁਦ ਕਈ ਪੱਖਾਂ ਤੋਂ 'ਆਫ਼—ਲਾਈਨ' ਹੋ ਰਿਹਾ ਹੈ। ਕੰਮ ਸੰਬੰਧੀ ਝੱਟ—ਪੱਟ ਦੀ ਨਿਪਟਾਰਾ ਬਿਰਤੀ ਨੇ ਆਪਣਾ ਅਸਲ ਰੰਗ ਵਿਖਾਉਣਾ ਹੀ ਸੀ। ਇਸ ਦਾ 'ਵੱਟਸਐਪ' ਤੇ 'ਫੇਸਬੁੱਕ' ਗਰੁੱਪ ਪ੍ਰਤੱਖ ਪ੍ਰਮਾਣ ਹਨ। ਕਿਤੇ ਵੀ ਕੋਈ ਘਟਨਾ, ਦੁਰਘਟਨਾ ਵਾਪਰਦੀ ਹੈ ਤਾਂ ਉਸ ਪ੍ਰਤੀ ਤੱਟ—ਫੱਟ ਕਿਰਿਆ, ਪ੍ਰਤੀ—ਕਿਰਿਆ ਅਤੇ ਅਫ਼ਵਾਹਾਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਸਾਡੀ ਸੋਚਣੀ ਤੇ ਜੀਵਨ—ਸ਼ੈਲੀ ਵਿਚੋਂ ਸਹਿਜ ਤੇ ਠਰ੍ਹੰਮੇ ਰੂਪੀ ਅਸਲ ਦੀ ਨਿਰਖ—ਪਰਖ ਗ਼ਾਇਬ ਹੋ ਰਹੀ ਹੈ। ਕਾਹਲ ਤੇ ਬੇਸਬਰੀ ਵਾਲੀ ਇਕਹਿਰੀ ਮਾਨਸਿਕਤਾ ਤਹਿਤ ਨਿਰਣੈ ਹੋ ਰਹੇ ਹਨ। ਹੁਣ ਘਟਨਾਵਾਂ ਪ੍ਰਤੀ ਆਪੋ—ਆਪਣੇ ਨਿੱਜੀ ਹਿੱਤਾਂ ਤਹਿਤ ਤੱਟ—ਫੱਟ ਰੂਪ ਵਿਚ ਕਾਰਵਾਈ ਕਰਨ ਦੀ ਚੜ੍ਹ ਮੱਚ ਰਹੀ ਹੈ। ਘਟਨਾਵਾਂ ਤੇ ਸਮੱਸਿਆਵਾਂ ਨੂੰ ਸਹਿਜ ਰੂਪ ਵਿਚ ਨਜਿੱਠਣ ਦੀ ਥਾਂ ਆਪੋ—ਧਾਪੀ ਵਾਲੇ ਫ਼ੈਸਲਿਆਂ ਦਾ ਗਹਿਗਚ ਭੇੜ ਸ਼ੁਰੂ ਹੋ ਚੁੱਕਾ ਹੈ। ਇਸ ਨਾਲ ਮਨੁੱਖ ਤੇ ਸਮਾਜ ਅਸਹਿਜ ਹੋ ਰਿਹਾ ਪ੍ਰਤੀਤ ਹੁੰਦਾ ਹੈ। ਸਾਡਾ ਘਰਾਂ—ਪਰਿਵਾਰਾਂ, ਦਫ਼ਤਰਾਂ, ਸੰਸਥਾਵਾਂ ਤੇ ਸਮਾਜ ਵਿਚ ਰਿਸ਼ਤਾ ਦਿਨੋਂ—ਦਿਨ ਮਾਨਵੀਂ ਨਹੀਂ ਮਕਾਨਕੀ ਹੋ ਰਿਹਾ ਹੈ।

ਅਜੇਹੇ ਮੀਡੀਏ ਦੀ ਮਾਰ ਹੇਠ ਅਸੀਂ ਆਪਣੀਆਂ ਸਾਹਿਤਕ ਤੇ ਹੋਰ ਕੋਮਲ ਕਲਾਵਾਂ ਤੋਂ ਦੂਰ ਹੋ ਰਹੇ ਹਾਂ। ਸਮਾਜ ਵਿਚ ਨਵੀਂ ਪੀੜ੍ਹੀ ਦੇ ਸੁਹਜ—ਸੁਆਦ ਬਦਲ

ਗਏ ਹਨ। ਹਲਕੇ—ਫੁਲਕੇ ਮਨੋਰੰਜਨ ਨੂੰ ਬੜ੍ਹਾਵਾ ਮਿਲ ਰਿਹਾ ਹੈ। ਸਾਡੀ ਸਮਾਜ ਜਾਂ ਦੂਜਿਆਂ ਪ੍ਰਤੀ ਸੰਵੇਦਨਸ਼ੀਲਤਾ ਘੱਟ ਰਹੀ ਹੈ। ਇਹ ਸਾਡੇ ਲਈ ਹੋਰ ਚਿੰਤਾ ਦਾ ਵਿਸ਼ਾ ਹੈ। ਸਾਹਿਤ ਜਾਂ ਕਲਾ ਸਹਿਜ ਤੇ ਸੰਤੁਲਨ ਰੂਪ ਵਿਚ ਸਮੱਸਿਆਵਾਂ ਨੂੰ ਜਾਣਨ ਤੇ ਸਮਝਣ ਦਾ ਜ਼ਰੀਆ ਮੰਨੇ ਜਾਂਦੇ ਹਨ। ਸਾਹਿਤ ਕਿਉਂ ਲਿਖਿਆ ਜਾਂਦਾ ਹੈ, ਕਿਉਂ ਪੜ੍ਹਿਆ ਜਾਂਦਾ ਹੈ ਤਾਂ ਕਿ ਮਨੁੱਖ ਆਪਣੇ ਦੁੱਖ, ਚਿੰਤਾ, ਸਮੱਸਿਆਵਾਂ ਨੂੰ ਸਿੱਧਾ—ਸਿੱਧਾ ਦੇਖੇ, ਉਸ ਦਾ ਸਾਹਮਣਾ ਕਰੇ। ਆਤਮਾ ਦੀ ਅਨੁਭੂਤੀ ਪਰਮਾਤਮਾ ਦਾ ਆਭਾਸ, ਜੀਵਨ ਮੁੱਲਾਂ ਵਿਚ ਆਸਥਾ ਅਤੇ ਜੀਵਨ ਦੇ ਸੁੰਦਰ ਹੋਣ ਦੀ ਪ੍ਰਤੀਤੀ ਹੋਵੇ। ਅੱਜ ਅਜੇਹੇ ਸਿਰਜਣਾਤਮਕ ਮਾਧਿਅਮ ਨਾਲੋਂ ਟੁੱਟਣ ਦੀ ਘਾਟ ਰੜਕਦੀ ਹੈ। ਇਸ ਘਾਟ ਕਾਰਣ ਸਾਡੀ ਮਨੋਸਥਿਤੀ ਵਿਚੋਂ ਕਈ—ਕੁਝ ਰੁੜ੍ਹ—ਪੁੜ੍ਹ ਗਿਆ ਹੈ।

ਅਜੋਕੇ ਵਿਦਿਅਕ ਪ੍ਰਬੰਧ ਵਿਚ ਪ੍ਰੋਫੈਸ਼ਨਲ ਕਿਸਮ ਦੀ ਵਿਹਾਰਕ ਸਿੱਖਿਆ ਤੇ ਜ਼ੋਰ ਦਿੱਤਾ ਜਾਣ ਲੱਗਾ ਹੈ। ਅਜੇਹੀ ਸਿੱਖਿਆ ਵੀ ਦਿੱਤੀ ਜਾਣੀ ਸਮੇਂ ਦੀ ਲੋੜ ਹੈ। ਪਰ ਮਸਲਾ ਇਹ ਹੈ ਕਿ ਇਸ ਨੂੰ ਅਸੀਂ ਆਪਣੇ ਸਮਾਜ—ਵਿਗਿਆਨ, ਸਭਿਆਚਾਰ, ਸਾਹਿਤ ਤੇ ਵਿਰਸੇ ਨਾਲੋਂ ਮੂਲੋਂ ਹੀ ਤੋੜ—ਵਿਛੋੜ ਲਿਆ ਹੈ। ਵਿਦਿਆਰਥੀ ਜਾਂ ਮਨੁੱਖ ਡਾਕਟਰ, ਇੰਜੀਨੀਅਰ, ਵਕੀਲ ਕੁਝ ਵੀ ਬਣੇ, ਪਰ ਸਭ ਤੋਂ ਪਹਿਲਾਂ ਉਹ ਮਾਨਵ—ਰੂਪੀ ਬੰਦਾ ਜ਼ਰੂਰ ਬਣੇ। ਅਸੀਂ ਮਨੁੱਖ ਜਾਂ ਵਿਦਿਆਰਥੀ ਦੀ ਅਜੇਹੀ ਉਸਾਰੀ ਦੀ ਚਿੰਤਾ ਅਸਲੋਂ ਹੀ ਤਿਆਗ ਦਿੱਤੀ ਹੈ। ਇਸ ਕਰਕੇ ਸਾਡੀ ਬਣ ਰਹੀ ਇਕਹਿਰੀ ਮਨੋਸਥਿਤੀ ਨਾਲ ਸਮਾਜ ਦਿਨੋਂ—ਦਿਨ ਅਸਹਿਜ ਹੋ ਰਿਹਾ ਹੈ।

ਅਸੀਂ ਨਵੀਂ ਤਕਨੀਕ ਵੱਲ ਵੱਧੀਏ, ਪਰ ਮਾਲਕ ਬਣ ਕੇ। ਇਸ ਦੇ ਕੇਵਲ ਗੁਲਾਮ ਹੋ ਕੇ ਨਾ ਰਹਿ ਜਾਈਏ। ਬੰਦੇ ਦੀ ਬਹੁਪੱਖੀ ਉਸਾਰੀ ਵੱਲ ਧਿਆਨ ਦੇਈਏ ਸਾਨੂੰ ਆਪਣੇ ਸਮੁੱਚੇ ਵਿਦਿਅਕ ਪ੍ਰਬੰਧ ਵਿਚ ਮਾਨਵੀਂ ਤੇ ਸੰਵਾਦ ਵਾਲੀ ਸ਼ਖ਼ਸੀਅਤ ਉਸਾਰਨ ਵੱਲ ਫੌਰੀ ਤੌਰ ’ਤੇ ਧਿਆਨ ਦੇਣ ਦੀ ਲੋੜ ਹੈ, ਨਹੀਂ ਤਾਂ ਆਉਣ ਵਾਲੇ ਸਮੇਂ ਵਿਚ ਸਾਡੀਆਂ ਸਮੱਸਿਆਵਾਂ ਦਾ ਖਲਾਰਾ ਬਹੁਤ ਵੱਧ ਜਾਣਾ ਹੈ। ਅਜੋਕੇ ਸਮੇਂ ਵਿਚ ਨਵੀਂ ਤਕਨੀਕ ਨਾਲ ਗਿਆਨ, ਬੁੱਧੀ—ਬਿਬੇਕ ਤੇ ਵਿਰਸੇ ਦੇ ਮਾਨਵੀਂ ਮੁੱਲਾਂ ਦਾ ਤਾਲਮੇਲ ਬਿਠਾਉਣਾ ਅਤਿ ਲਾਜ਼ਮੀ ਹੈ। ਨਵੀਂ ਤਕਨੀਕ ਦੀ ਵਰਤੋਂ ਸੰਬੰਧੀ ਕੋਈ ਨਿਯਮਾਂਵਲੀ ਜਾਂ ਜ਼ਾਬਤਾ ਹੋਣਾ ਵੀ ਜ਼ਰੂਰੀ ਹੈ। ਲੋਕਤੰਤਰੀ ਯੁੱਗ ਵਿਚ ਭਾਵੇਂ ਹਰੇਕ ਨੂੰ ਆਪਣੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਹੈ, ਪਰ ਇਸ ਪ੍ਰਗਟਾਵੇ ਪ੍ਰਤੀ ਵੀ ਸਾਡੀ ਆਪਣੀ ਜ਼ਿੰਮੇਵਾਰੀ ਹੈ। ਇਸ ਉੱਤੇ ਸਮਾਜ ਪ੍ਰਤੀ ਫਰਜ਼ ਦੇ ਬੰਧੇਜ਼ ਦਾ ਕੋਈ ਕੁੰਡਾ ਵੀ ਹੋਣਾ ਚਾਹੀਦਾ ਹੈ। ਇਸ ਸੰਬੰਧੀ ਜੇ ਜ਼ਿਆਦਾ ਦੇਰ ਹੋ ਗਈ ਤਾਂ ਕੇਵਲ ਪਛਤਾਵੇ ਰੂਪੀ ਝੋਰੇ ਦਾ ਕੋਈ ਮੁੱਲ ਜਾਂ ਮਹੱਤਵ ਨਹੀਂ ਹੋਣਾ ਹੈ।

***—ਡਾ. ਰਮਿੰਦਰ ਕੌਰ***

## ਸਮਾਂ ਜਦ .ਫ਼ੈਸਲਾ ਕਰਦਾ

ਸਮਾਂ ਜਦ ਫ਼ੈਸਲਾ ਕਰਦਾ ਕਦੋਂ ਪੁੱਛਦਾ ਗਵਾਹਾਂ ਨੂੰ।
ਮੈਂ ਇਹ ਗੱਲ ਦੱਸਣੀ ਚਾਹੁੰਨਾ ਇਨ੍ਹਾਂ ਸੰਸਦ ਦੇ ਸ਼ਾਹਾਂ ਨੂੰ।

ਤੁਹਾਡਾ ਕੰਮ ਢਾਹੁਣਾ ਮਸਜਦਾਂ ਤੇ ਖ਼ਾਨਕਾਹਾਂ ਨੂੰ।
ਅਸਾਡਾ ਫ਼ਰਜ਼ ਹੈ ਗ਼ੁਲਸ਼ਨ ਬਣਾਉਣਾ ਕਤਲਗਾਹਾਂ ਨੂੰ।

ਸਮੇਂ ਦਾ ਕੀ ਪਤਾ, ਉਹ ਕੀ ਤੋਂ ਕੀ, ਇਕ ਪਲ 'ਚ ਕਰ ਦੇਵੇ
ਅਸੀਂ ਤਾਂ ਭੀਖ਼ ਮੰਗਦੇ ਦੇਖਿਆ ਹੈ ਬਾਦਸ਼ਾਹਾਂ ਨੂੰ।

ਉਹ ਸਾਰੇ ਸੂਲੀਆਂ ਲੈ ਕੇ ਤੇਰੇ ਮਹਿਲਾਂ ਨੂੰ ਆਵਣਗੇ
ਤੂੰ ਸੂਲੀ ਟੰਗਿਆ ਸੀ ਜਿੰਨਿਆਂ ਵੀ ਬੇਗੁਨਾਹਾਂ ਨੂੰ।

ਤੇਰੇ ਹਾਸੇ ਦੀ ਝਾਲਰ ਵਿਛ ਗਈ ਹੋਣੀ ਹੈ ਖੇਤਾਂ ਵਿੱਚ
ਕਿਤੇ ਐਵੇਂ ਨਹੀਂ ਹੈ ਆ ਗਿਆ, ਹਸਣਾ ਕਪਾਹਾਂ ਨੂੰ।

ਕਿਤੇ ਇਖ਼ਲਾਕ ਤੇ ਇਨਸਾਫ਼ ਐਵੇਂ ਤਾਂ ਹੀ ਨਹੀਂ ਬਚਦੇ
ਤਸੀਹੇ ਝੱਲਣੇ ਪੈਂਦੇ ਨੇ, ਪਹਿਲਾਂ ਪਾਤਸ਼ਾਹਾਂ ਨੂੰ।

ਭਵਿੱਖ ਸਾਡਾ ਡੁਬੋ ਕੇ ਆਪ ਜੋ ਪੱਤਣਾਂ 'ਤੇ ਹੱਸਦੇ ਨੇ
ਡੁਬੋ ਦੇਣਾ ਹੈ ਲਹਿਰਾਂ ਨੇ ਅਜਿਹੇ ਸਭ ਮਲਾਹਾਂ ਨੂੰ।

ਤੇਰੀ ਤਲਵਾਰ ਨੇ ਧੁੱਪ-ਛਾਂ-ਹਵਾ ਨੂੰ ਕਤਲ ਕੀ ਕਰਨਾ
ਮੁਹੱਬਤ ਨਾਲ ਭਰ ਦੇਵਾਂਗਾ ਮੈਂ ਕਾਤਲ ਨਿਗਾਹਾਂ ਨੂੰ।

ਤੁਸੀਂ ਚਾਹੁੰਦੇ ਹੋ ਆਵੇ ਰਾਮ-ਰਾਜ ਇੰਨਾ ਤਾਂ ਪਰ ਦੱਸੋ
ਕੀ ਲੱਗਣਗੇ ਪਤਾਸੇ ਵੀ ਕਦੀ ਕਿੱਕਰਾਂ-ਫਲਾਹਾਂ ਨੂੰ।

## ਮੈਂ ਕਦੋਂ ਦਾਅਵਾ ਇਹ ਕੀਤਾ

ਮੈਂ ਕਦੋਂ ਦਾਅਵਾ ਇਹ ਕੀਤਾ, ਮੈਂ ਕੋਈ ਫ਼ਨਕਾਰ ਹਾਂ।
ਮੈਂ ਤਾਂ ਰੱਬ ਦੀ ਹੋਂਦ ਵਾਂਗੂੰ ਉਲਝਿਆ ਕਿਰਦਾਰ ਹਾਂ।

ਜ਼ਿੰਦਗੀ ਦਾ ਸੱਚ ਕੀ ਹੈ ਮੈਂ ਕਰਾਂ ਕਿੱਦਾਂ ਬਿਆਨ
ਮੈਂ ਤਾਂ ਖ਼ੁਦ ਇਤਿਹਾਸ ਤੇ ਮਿਥਿਹਾਸ ਦੇ ਵਿਚਕਾਰ ਹਾਂ।

ਮੈਂ ਲਿਖਾਂਗਾ, ਲੇਖ ਆਪਣੇ, ਆਪਣੀ ਮਰਜ਼ੀ ਦੇ ਨਾਲ
ਮੈਂ ਜਿਵੇਂ ਚਾਹਾਂ, ਇਹ ਜੀਵਨ ਜੀਣ ਦਾ ਹੱਕਦਾਰ ਹਾਂ।

ਧਰਮ ਤੇ ਕਾਨੂੰਨ ਸਭ ਨੇ, ਖ਼ੂਬਸੂਰਤ ਬੇੜੀਆਂ
ਮੈਂ ਹਵਾ ਹਾਂ, ਮੈਂ ਇਨ੍ਹਾਂ ਸਭ ਬੰਧਨਾਂ ਤੋਂ ਪਾਰ ਹਾਂ।

ਤੂੰ ਜਿਨ੍ਹਾਂ ਨੂੰ ਅੱਗ ਲਾ ਕੇ, ਦਿੱਲੀ ਵਿਚ ਸੀ ਸਾੜਿਆ
ਮੈਂ ਉਨ੍ਹਾਂ ਦੀ ਰਾਖ਼ ਵਿਚਲਾ ਸੁਲਗਦਾ ਅੰਗਾਰ ਹਾਂ।

ਜ਼ਿੰਦਗੀ ਤੇਰੇ ਮੇਰੇ 'ਤੇ, ਬਹੁਤ ਹੀ ਅਹਿਸਾਨ ਹਨ
ਮੈਂ ਨਾ-ਸ਼ੁਕਰਾ, ਮੁੱਦਤਾਂ ਤੋਂ ਧਰਤੀ ਉੱਤੇ ਭਾਰ ਹਾਂ।

ਮੈਂ ਕਦੇ ਮਰਿਆ ਨਹੀਂ, ਮਰਨਾ ਨਹੀਂ, ਇਹ ਸੱਚ ਹੈ
ਕਿਉਂਕਿ ਮੈਂ ਤਾਂ ਵਕਤ ਹਾਂ, ਹਰ ਜਗ੍ਹਾ ਇਕਸਾਰ ਹਾਂ।

ਇਹ ਸਜ਼ਾ ਕੇਹੋ ਜਿਹੀ ਦਿੱਤੀ ਤੂੰ ਮੈਨੂੰ ਮਾਲਕਾ
ਸ਼ਾਖ਼ ਹਾਂ ਫੁੱਲਾਂ ਦੀ, ਐਪਰ ਜਾਪਦਾ ਤਲਵਾਰ ਹਾਂ।

## ਉਸ ਨੇ ਦੁਨੀਆਂ ਕੀ ਜਿੱਤਣੀ

ਉਸ ਨੇ ਦੁਨੀਆਂ ਕੀ ਜਿੱਤਣੀ ਜੋ ਆਪਣੇ-ਆਪ ਤੋਂ ਹਾਰ ਗਿਆ।
ਹੰਝੂ ਦੇ ਵਿਚ ਡੁੱਬਣ ਵਾਲਾ ਕਦ ਸਾਗਰ ਤੋਂ ਪਾਰ ਗਿਆ।

ਉਹ ਵੀ ਆਪਣਾ ਮਿੱਤਰ ਹੀ ਹੈ ਉਸਦੇ ਵੀ ਅਹਿਸਾਨ ਬੜੇ
ਉਹ ਵੀ ਲੋੜ ਪਈ ਤਾਂ ਆਪਣੀ ਝਟਪਟ ਕੁੰਜ ਉਤਾਰ ਗਿਆ।

ਉਹਦਾ ਦਾਅਵਾ ਹੈ ਕਿ ਉਸ ਨੇ ਕੈਦ ’ਚ ਪੰਛੀ ਡੱਕ ਲਿਆ
ਉਹ ਕੀ ਜਾਣੇ ਪੰਛੀ ਪਿੰਜਰੇ ਸਣੇ ਉਡਾਰੀ ਮਾਰ ਗਿਆ।

ਆਪਣੀ ਗ਼ੈਰਤ ਅਤੇ ਵਿਰਾਸਤ ਗਹਿਣੇ ਰੱਖ ਕੇ ਗ਼ੈਰਾਂ ਕੋਲ
ਦੇਸ਼ ਦਾ ਇਕ ਸਚਿਆਰਾ ਪੁੱਤਰ ਦੇਸ਼ ਦਾ ਕਰਜ਼ ਉਤਾਰ ਗਿਆ।

ਕਿੰਨਾ ਉਹ ਸਤਿਕਾਰ ਹੈ ਕਰਦਾ ਅੱਖ ਵੀ ਕਦੀ ਮਿਲਾਉਂਦਾ ਨਈਂ
ਇਸੇ ਕਰਕੇ ਸ਼ਰਮ ਦਾ ਮਾਰਾ ਪਿੱਠ ’ਚ ਖੰਜਰ ਮਾਰ ਗਿਆ।

ਸਰਕਾਰੇ-ਦਰਬਾਰੇ ਅਕਸਰ ਭੀਖ ਮੰਗਦਾ ਤਕਿਆ ਹੈ
ਆਜ਼ਾਦੀ ਦੀ ਖ਼ਾਤਰ ਜਿਹੜਾ ਸਾਰਾ ਕੁਝ ਹੀ ਵਾਰ ਗਿਆ।

ਉਸ ਦੇ ਮਿੱਠੇ ਬੋਲਾਂ ਨੇ ਹੀ ਜੰਗ ਪਲਾਂ ਵਿਚ ਜਿੱਤ ਲਈ
ਉਂਝ ਮੈਦਾਨ ’ਚ ਦੁਸ਼ਮਣ ਉਸ ਦਾ ਲੈ ਕੇ ਸੀ ਹਥਿਆਰ ਗਿਆ।

ਕੁੱਲ ਹਯਾਤੀ ਫਿੱਕੀ-ਫਿੱਕੀ ਤੇ ਸੁਪਨੇ ਜ਼ਖ਼ਮੀ-ਜ਼ਖ਼ਮੀ
ਹਿਜਰ ਤੇਰੇ ਦਾ ਤੀਰ ਜਦੋਂ ਦਾ ਸੀਨੇ ਵਿੱਚੋਂ ਪਾਰ ਗਿਆ।

ਸਿਵਿਆਂ ਦੇ ਵਿਚ ਲਾਸ਼ ਜਲਾ ਕੇ ਘਰ ਦੇ ਸਾਰੇ ਪਰਤ ਆਏ
ਮਿੱਟੀ ਬੰਦੇ ਨੂੰ ਪੁੱਛਦੀ ‘ਹੁਣ ਦੱਸ ਕਿੱਥੇ ਹੰਕਾਰ ਗਿਆ’।

## ਆਲ੍ਹਣਿਆਂ ਵਿਚ ਬੋਟ

ਆਲ੍ਹਣਿਆਂ ਵਿਚ ਬੋਟ ਉਡੀਕਣ ਮਾਵਾਂ ਨੂੰ।
ਰੁੱਖ ਹੀ ਅਗਵਾ ਕਰਕੇ ਲੈ ਗਏ ਛਾਵਾਂ ਨੂੰ।

ਜੇ ਨਈਂ ਸੁਣਨਾ ਜਨਤਾ ਦੀਆਂ ਦੁਆਵਾਂ ਨੂੰ।
ਅੱਗ ਲਾਉਣੀ ਫਿਰ ਸੰਸਦ ਦਿਆਂ ਖ਼ੁਦਾਵਾਂ ਨੂੰ।

ਰਾਜ-ਭਵਨ ਵਿਚ ਏਹੀ ਕਾਵਾਂ-ਰੌਲੀ ਹੈ
ਕੀਕਣ ਚੁੱਪ ਕਰਾਈਏ ਬਾਹਰ ਕਾਵਾਂ ਨੂੰ।

ਪੁਲ ਤਾਂ ਆਖ਼ਰ ਪੁਲ ਨੇ ਉੱਚੇ ਹੁੰਦੇ ਨੇ
ਰੇਤ ਵੀ ਟਿੱਚਰਾਂ ਕਰਦੀ ਹੁਣ ਦਰਿਆਵਾਂ ਨੂੰ।

ਗੱਲ-ਗੱਲ ਉੱਤੇ ਜੜ੍ਹੋਂ ਹਿਲਾ ਕੇ ਰੱਖ ਦੇਵਣ
ਖ਼ਬਰੇ ਰੁੱਖਾਂ ਨਾਲ ਕੀ ਵੈਰ ਹਵਾਵਾਂ ਨੂੰ।

ਹੁਣ ਵੀ ਚਾਂਦੀ ਦੀ ਜੁੱਤੀ ਹੀ ਚਲਦੀ ਹੈ
ਕੌਣ ਪੂਜਦਾ ਲੱਕੜ ਦੀਆਂ ਖੜਾਵਾਂ ਨੂੰ।

ਅਪਣੇ ਨਾਲੋਂ ਵੱਡਾ ਕਾਤਲ ਕਿਹੜਾ ਹੈ
ਹੱਥੀਂ ਕਤਲ ਕਰੀਦਾ ਆਪਣੇ ਚਾਵਾਂ ਨੂੰ।

ਰੂਹ ਨੂੰ ਰੂਹ ਦਾ ਹਾਣ ਮਿਲੇ ਇਹ ਕਾਫ਼ੀ ਹੈ
ਕੀ ਕਰਨਾ ਹੈ ਸਿਹਰੇ, ਸਿਖਿਆ, ਲਾਵਾਂ ਨੂੰ।

## ਸਾਹ ਵੀ ਠੀਕ ਤਰ੍ਹਾਂ ਹੈ

ਸਾਹ ਵੀ ਠੀਕ ਤਰ੍ਹਾਂ ਹੈ ਚਲਦਾ ਦਿਲ ਦੀ ਗਤੀ ਵੀ ਠੀਕ ਦਿਸੇ।
ਫਿਰ ਵੀ ਲਗਦਾ ਹੈ ਕੁਝ ਐਦਾਂ ਮੌਤ ਜਿਵੇਂ ਨਜ਼ਦੀਕ ਦਿਸੇ।

ਪੰਛੀ ਵੀ ਚੁੱਪ-ਚਾਪ ਬਨੇਰਿਆਂ ਉੱਤੇ ਸਹਿਮੇ ਬੈਠੇ ਨੇ
ਉਹਨਾਂ ਦੇ ਗਲ਼ ਅੰਦਰ ਅਟਕੀ ਪੀੜ ਦੀ ਡੂੰਘੀ ਚੀਕ ਦਿਸੇ।

ਕੁਦਰਤ ਦੀ ਹਰ ਇਕ ਆਫ਼ਤ ਡੱਕੀ ਜਾ ਸਕਦੀ ਹੈ, ਐਪਰ
ਆਦਮਜ਼ਾਤ ਤਾਂ ਖ਼ੁਦ ਹੀ ਹੁਣ ਹਰ ਆਫ਼ਤ ਵਿੱਚ ਸ਼ਰੀਕ ਦਿਸੇ।

ਇਉਂ ਲਗਦੈ ਜਿਉਂ ਫੁੱਲ ਤੇ ਕਲੀਆਂ ਖੁੱਲ੍ਹ ਕੇ ਹਸਣੋਂ ਡਰਦੇ ਨੇ
ਉਹਨਾਂ ਦੀ ਚੁੱਪ ਦਾ ਪਰਛਾਵਾਂ ਹੁਣ ਤਾਂ ਸਿਵਿਆਂ ਤੀਕ ਦਿਸੇ।

ਤੀਜੀ ਆਲਮੀ ਜੰਗ ਦੇ ਸਾਏ ਵਿਹੜੇ ਤਕ ਤਾਂ ਆ ਪੁੱਜੇ
ਇਹ ਟਲ ਸਕਦੇ, ਐਪਰ ਆਸ ਦੀ ਲੀਕ ਬੜੀ ਬਾਰੀਕ ਦਿਸੇ।

ਤਨ-ਮਨ ਸੁੱਚਾ ਹੋ ਜਾਏ ਤਾਂ ਦੁਨੀਆਂ ਜੰਨਤ ਬਣ ਜਾਏ
ਐਪਰ ਬੰਦੇ ਅੰਦਰ ਹੁਣ ਨਾ ਐਨੀ ਵੀ ਤੌਫ਼ੀਕ ਦਿਸੇ।

ਸ਼ਾਇਰ ਉਹ ਹੋਊ ਆਪਣੇ ਘਰ, ਮੈਂ ਤਾਂ ਉਸ ਨੂੰ ਮੂੰਹ ਨਾ ਲਾਵਾਂ
ਪਰ ਕੀ ਕਰੀਏ ਜਿੱਧਰ ਜਾਈਏ, ਓਧਰ ਹੀ ਅਮਰੀਕ ਦਿਸੇ।

# ਜੰਨਤ ਵਿਚੋਂ

-ਸਵਾਮੀ ਅੰਤਰ ਨੀਰਵ

1
ਇੱਕੋ ਜੇਹਾ ਹੁੰਦਾ
ਬੰਦੇ ਦਾ ਘਰੋਂ ਨਿਕਲਣਾ
ਚਿੜੀ ਦਾ ਆਲ੍ਹਣਾ ਛੱਡਣਾ

ਸ਼ਾਮਾਂ ਵੇਲੇ

ਕਦੀ ਬੰਦਾ ਨਹੀਂ ਪਰਤਦਾ
ਕਦੇ ਚਿੜੀ ਨਹੀਂ ਮੁੜਦੀ

ਅਸੀਂ ਮੌਤ ਨੂੰ ਇੱਥੇ
ਬਾਜ਼ ਆਖਦੇ

2
ਲਾਵਾਰਿਸ ਲਾਸ਼ਾਂ ਦੇ
ਕਬਰਸਤਾਨ ਵਿਚ
ਝਾੜੀਆਂ ਉਗ ਆਈਆਂ ਹਨ

ਪਰਾਈ ਧਰਤੀ ਤੇ ਮਰਨ ਵਾਲਿਆਂ
ਆਪਣੇ ਲੋਕਾਂ ਲਈ
ਸੁਨੇਹੇ ਛੱਡੇ ਹਨ

3
ਡਿੱਗੀ ਬਰਫ਼ ਨੇ
ਕਬਰਸਤਾਨ ਢੱਕ ਲਿਆ ਹੈ
ਜਵਾਕ ਬਰਫ਼ ਦੇ ਮੋਰਚੇ ਬਣਾ
ਐਨਕਾਊਂਟਰ ਐਨਕਾਊਂਟਰ ਖੇਡਦੇ ਹਨ
ਆਜ਼ਾਦੀ ਆਜ਼ਾਦੀ ਚੀਕਦੇ ਹਨ

4
ਦਾਦੀ ਆਖਦੀ ਸੀ
ਖ਼ਵਾਰ ਹੋਵੋਗੇ
ਜ਼ਲੀਲ ਹੋਵੋਗੇ
ਉਜੜ ਜਾਉਗੇ
ਤੁਹਾਡੀਆਂ ਕੁੱਖਾਂ ਵਿਚ
ਗ਼ੈਰ ਪੱਲਣਗੇ

ਕਹਿਰ ਘੜੀ ਹੋਵੇਗੀ, ਜਦੋਂ
ਸੁਫ਼ਨੇ ਵਿਚ
ਭੁੱਖੀ ਭੇਡ ਦੇਖੋਗੇ

ਮੈਂ ਸੁਪਨੇ ਵਿਚ
ਭੁੱਖੀ ਭੇਡ ਦੇਖੀ ਹੈ

ਅੱਜ ਪੰਜ ਅਗਸਤ ਹੈ*

5
ਇੱਕੋ ਬੱਦਲ
ਕੰਡਿਆਲੀ ਤਾਰ ਦੇ
ਦੋਵੇਂ ਪਾਸੇ ਵਰ੍ਹਿਆ ਹੈ

ਅੱਲ੍ਹਾ ਅੱਗੇ ਵੀ
ਰਹਿਮ ਦੀ ਦੁਆ ਨਹੀਂ ਕਰਾਂਗੇ

ਹਾਕਮ ਤੋਂ
ਨੇਕੀ ਦੀ ਆਸ ਨਹੀਂ ਰੱਖਾਂਗੇ

ਅਸੀਂ ਭਿੱਜਾਂਗੇ

* ਪੰਜ ਅਗਸਤ ਨੂੰ ਭਾਰਤ ਸਰਕਾਰ ਨੇ ਜੰਮੂ ਕਸ਼ਮੀਰ ਦਾ ਦਫ਼ਾ 370 ਤੋੜ ਕੇ ਉਸਦਾ ਵਖਰਾ ਦਰਜਾ ਖਤਮ ਕਰ ਦਿੱਤਾ ਸੀ

## 2 ਕਾਂਗੜੀ*

ਡਿੱਗਣ ਤੇ ਟੁੱਟ ਜਾਂਦੀ
ਕਾਂਗੜੀ ਘੁਮਿਆਰ ਬਣਾਉਂਦੇ
ਲੱਕੜਾਂ ਤੀਲੀਆਂ ਦੀ ਬਣਦੀ

ਬੰਦੇ ਦੇ ਇਸ਼ਕ ਰੱਤੀ ਠੰਡ ਨੇ
ਪਹਿਲੀ ਕਾਂਗੜੀ ਜੰਮੀ ਸੀ
ਸਿਆਣੇ ਆਂਹਦੇ

ਬਲਦੀ  ਸਾੜ ਦਿੰਦੀ
ਧੁਖਦੀ ਧੂੰ ਦੇਂਦੀ
ਕਾਂਗੜੀ ਨੂੰ
ਸ਼ਾਂਤ ਮੱਘਦੀ ਅੱਗ ਚਾਹੀਦੀ

ਨਿਘ ਦੇਂਦੀ ਹੱਥਾਂ ਪੈਰਾਂ
ਬਿਸਤਰੇ ਵਿਚ, ਝਟ
ਗਰਮ ਕਰਦੀ ਬਿਸਤਰਾ

ਕਦੀ ਮਚ ਵੀ ਜਾਂਦਾ
ਮੱਚਿਆ ਬਿਸਤਰਾ
ਸੌਣ ਮਚਾਉਣ ਵਾਲੇ ਦੇ ਨਾਂ ਲਗਦਾ
ਉਮਰਾਂ ਉਮਰਾਂ

ਛੋਟੀ ਵੱਡੀ
ਵਧੀਆ ਬਹੁਤ ਵਧੀਆ
ਰੰਗਦਾਰ ਬੇਰੰਗ ਤੋਂ ਬਦਰੰਗ ਤੱਕ
ਪੈਂਡਾ ਕਰਦੀ
ਕਾਂਗੜੀ ਤੇ ਟੰਗਿਆ ਹੁੰਦਾ
ਨਿੱਕਾ ਚਿਮਟਾ, ਕੜਛੀ , ਤੇਂਥੀ

ਬੱਚੇ ਦੀ ਕਲਮ
ਸਵੈਟਰ ਵਾਲੀ ਸਲਾਈ

ਨਹੀਂ ਤਾਂ ਪੋਟਿਆਂ ਨਾਲ਼ ਹੀ ਫ਼ਰੋਲ ਦਿੰਦੇ ਅੱਗ
ਸੇਕਣ ਵਾਲੇ

ਕਾਂਗੜੀ ਵਾਲਾ
ਧਰਤੀ ਦਾ ਲੱਗਦਾ
ਆਪਣੇ ਜੇਹਾ
ਜੋਗੀ ਕਾਂਗੜੀ ਨਹੀਂ ਰੱਖਦੇ
ਫ਼ੌਜੀ ਕਾਂਗੜੀ ਨਹੀਂ ਰੱਖਦੇ
ਮੁਜਾਹਿਦ ਕਾਂਗੜੀ ਨਹੀਂ ਰੱਖਦੇ

*ਕਸ਼ਮੀਰ ਵਿਚ ਅੱਗ ਸੇਕਣ ਲਈ ਵਰਤਿਆ ਜਾਂਦਾ ਮਿੱਟੀ ਅਤੇ ਤੀਲੀਆਂ ਦਾ ਬਣਿਆ ਇਕ ਆਲਾ /ਬਰਤਨ

## 3 ਕਬਰਾਂ

ਉਨ੍ਹਾਂ ਕੋਲ ਫੋਟੂਆਂ ਹਨ
ਗੁਮਸ਼ੁਦਾ ਮੁੰਡਿਆਂ ਦੀਆਂ
ਗਾਇਬ ਹੋਈਆਂ ਕੁੜੀਆਂ ਦੀਆਂ
ਮਰ ਚੁੱਕੇ ਭਾਈਆਂ ਦੀਆਂ
ਰੰਗੀਨ ਫੋਟੂਆਂ
ਕਾਲੀਆਂ ਚਿੱਟੀਆਂ

ਇਕ ਤੀਵੀਂ ਕੋਲ਼
ਸੀਪੀਆ ਹੈ
ਮੁੰਡਾ ਜਾਣ ਤੋਂ ਪਹਿਲਾਂ
ਲੈ ਗਿਆ ਹੈ
ਸਾਰੀਆਂ ਤਸਵੀਰਾਂ

ਇਹ ਉਸਦੇ ਮਰਹੂਮ ਦਾਦੇ ਦੀ ਹੈ
ਜਮਾਂ ਇਕੋ ਜਿਹੇ ਹਨ
ਦਾਦਾ ਪੋਤਾ

ਮੁੰਡਾ ਮੰਗਿਆ ਹੋਇਆ ਸੀ
ਕੁੜੀ ਦੀ ਫੋਟੋ ਇਹ ਹੈ
ਅਖ਼ਬਾਰਾਂ ਵਿਚ ਛਪੀਆਂ ਚੋਂ
ਕਿਸੇ ਨਾਲ ਵੀ ਨਹੀਂ ਰਲਦੀ
ਦਾਦੇ ਪੋਤੇ ਦੀ ਫੋਟੋ
ਸਾਰੀਆਂ ਅਖ਼ਬਾਰਾਂ ਦੇਖੀਆਂ ਹਨ
ਸਭ ਅਖ਼ਬਾਰਾਂ ਦੇਖਦੀ ਹਾਂ
ਹਿੰਦੀ ਵਾਲੀਆਂ ਵੀ

ਕਬਰ ਦਾ ਪਤਾ ਹੀ
ਮਿਲ ਜਾਂਦਾ
ਕੁੜੀ ਉਡੀਕ ਵਿਚ ਹੈ

ਕਿਸੇ ਕਬਰ ਦੀ ਫੋਟੋ ਘੱਲੀ ਹੈ
ਜਗਹ ਦਾ ਪਤਾ ਨਹੀਂ ਹੈ।

## 4 ਆਪਣੀ ਧਰਤੀ ਤੋਂ

ਹੁਣ
ਰਾਤਾਂ ਨੂੰ ਕੋਈ ਨਾਠੀ
ਸਾਡੇ ਦਸਤਕ ਨਹੀਂ ਦਿੰਦਾ
ਡਰ ਹੀ ਖੜਕਾਉਂਦਾ ਹੈ ਬੂਹਾ

ਇਕ ਡਰ ਦੇ ਵਰਦੀ
ਇਕ ਬਿਨਾਂ ਵਰਦੀ
ਦੋਵਾਂ ਹੱਥ ਲੋਹਾ

ਭਾਰੂਆਂ ਤਾਂਈਂ ਆਏ
ਚਿੱਤਰਿਆਂ ਦੇ ਮੁਸ਼ਕ ਨਾਲੋਂ
ਵੱਧ ਸਿਆਣਦੇ ਕੁੱਤੇ
ਬਾਰੂਦ ਦੀ ਮੁਸ਼ਕ

ਭੌਂਕਦੇ ਆਗਾਹ ਕਰਦੇ
ਕਦੇ ਇਕ ਦੀ ਗੋਲੀ ਨਾਲ ਮਰਦੇ
ਕਦੀ ਦੂਜੇ ਦੀ ਬਲੀ ਚੜ੍ਹਦੇ

ਮੁੰਡੇ ਨੂੰ ਪਿਆਰ ਕਰਦੀ
ਮਿਲਣ ਗਈ ਕੁੜੀ
ਵਰਦੀ ਨੇ ਦੇਖੀ ਸੀ
ਕਦੀ ਨਹੀਂ ਮਿਲੀ ਸੀ

ਅਣਪਛਾਤੀਆਂ ਲਾਸ਼ਾਂ ਦੇ ਕਬਰਸਤਾਨ ਵਿਚ
ਬੁਲਬੁਲਾਂ ਆਉਂਦੀਆਂ ਹਨ

ਗਵਾਚੇ ਪੁੱਤਰ ਦੀ ਭਾਲ ਗਿਆ ਪਿਤਾ
ਖਾਲੀ ਹੱਥ ਮੁੜਿਆ ਹੈ
ਅੱਜ ਬਕਰੀਦ ਹੈ

ਮੁਖਬਰ ਖ਼ਬਰ ਦਿੱਤੀ ਹੈ
ਬਰਫ਼ ਪੈਣ ਵਾਲੀ ਹੈ

ਸੇਬ ਭਰਪੂਰ ਫਲੇ ਹਨ
ਹਿੰਦੁਸਤਾਨ ਵਿਚ ਵਿਕਣਗੇ

ਨਾਠੀ: ਨ ਠਹਿਰਣ ਵਾਲਾ/ਮਹਿਮਾਨ
ਭਾਰੂ: ਭੇਡਾਂ ਬੱਕਰੀਆਂ
ਚਿੱਤਰਾ: ਚੀਤਾ ਜਾਂ ਤੇਂਦੂਆ

## 5 ਸਵਰਗਵਾਸੀ

ਕਬੂਤਰਾਂ ਦੇ ਸੀਨਿਆਂ 'ਤੇ
ਮਾਸ ਘੱਟ
ਭੇਡਾਂ ਗੰਜੀਆਂ
ਰੁੱਖਾਂ 'ਤੇ ਪੱਤੇ ਨਹੀਂ
ਕੋਇਲਾ ਅਤੇ ਲਕੜੀ
ਹਾਕਮ ਲਈ ਰਾਖਵੇਂ

ਸਿਆਲ਼ ਕਿਵੇਂ ਕੱਟੇਗਾ
ਫਿਰਨ ਵਾਲੇ ਜਵਾਕ
ਫ਼ੌਜੀ ਗੱਡੀ ਦੇਖ
ਘੂਰੀ ਵੱਟੀ ਹੈ

ਕੁੜੀ
ਕਾਲਾ ਸਕਾਰਫ਼ ਬੰਨ੍ਹ
ਸੜਕ 'ਤੇ ਖੜੀ ਹੈ

ਲਹੂ ਅਜੇ ਗਰਮ ਹੈ
ਸਿਆਲ ਕੱਟ ਜਾਵੇਗਾ

ਬਹਾਰ ਵਿਚ
ਬਰਫ਼ ਪਿਘਲ ਜਾਵੇਗੀ
ਸੇਬਾਂ ਫੁੱਲ ਆਉਣਗੇ
ਬਦਾਮਾਂ ਚੁੰਜੀਆਂ ਫੁੱਟਣਗੀਆਂ
ਕੁੜੀਆਂ ਬੀਜਣਾ
ਫਿਰ ਚੁੱਗਣਾ ਹੈ ਕੇਸਰ

ਦਾਦੀ ਮਿੱਠਾ ਵੰਡੇਗੀ

ਅਗਲੀ ਈਦ ਅਸੀਂ
ਆਪਣੇ ਘਰ ਮਨਾਵਾਂਗੇ

ਫਿਰਨ: ਇਕ ਤਰ੍ਹਾਂ ਦਾ ਕਪੜਿਆਂ ਉੱਤੇ ਪਾਉਣ ਵਾਲਾ ਕਸ਼ਮੀਰੀ ਚੋਗਾ ਚੁੰਜੀਆਂ: ਕਰੁੰਬਲਾਂ/ ਅੰਕੁਰ

## 6 ਪੱਠਰੂ*

ਗੋਲੀ ਚਲਦੀ
ਚਿੜੀਆਂ ਉੱਡ ਜਾਂਦੀਆਂ
ਕਾਂ ਰੌਲੀ ਕਰਦੇ
ਪੱਤੇ ਹਿਲਦੇ

ਰੁੱਖ ਉਂਞ ਹੀ ਰਹਿੰਦੇ
ਹਰੇ ਦੇ ਹਰੇ
ਗੋਲੀ ਚਲਦੀ
ਰੋਣ ਦੀ ਆਵਾਜ਼ ਔਂਦੀ
ਗੋਲੀ ਵੱਜਦੀ
ਰੌਣ ਦੀ ਆਵਾਜ਼ ਬੰਦ ਹੋ ਜਾਂਦੀ
ਰੁੱਖ ਉਵੇਂ ਹੀ ਰਹਿੰਦੇ
ਹਰੇ ਦੇ ਹਰੇ

ਗੋਲੀ ਚਲਦੀ
ਬੱਤੀ ਬੁੱਝਦੀ
ਗੋਲੀ ਰੁਕਦੀ
ਬੱਤੀ ਜਲਦੀ
ਰੁੱਖ ਤਾਂ ਵੀ
ਹਰੇ ਦੇ ਹਰੇ

* Hide out/ ਉਹਲਾ/ਮਚਾਨ

## 7 ਇਨ੍ਹਾਂ ਦਿਨਾਂ

ਮੇਰੇ ਇਲਾਕੇ ਵਿਚ
ਫ਼ੌਜੀ ਵਰਦੀ ਟੋਪੀ ਪੇਟੀ, ਅਤੇ
ਵੱਡਾ ਬੂਟ ਪਾ ਕੇ ਹੀ ਆ ਸਕਦਾ ਹੈ
ਗੌਤਮ ਬੁੱਧ

ਈਸਾ ਮਸੀਹ ਨੂੰ
ਸਮਝਾ ਦਿੱਤਾ ਹੈ
ਦੁਆਵਾਂ ਮਰਿਆਂ ਦੇ ਕੰਮ ਨੀ ਆਉਂਦੀਆਂ
ਜੀਣਿਆਂ ਦੇ ਕਾਰੀ ਵੀ ਨਹੀਂ ਹਨ ਦੁਆਵਾਂ
ਰੱਜੇ ਪੁੱਜਿਆਂ ਦੀ ਖੇਡ ਹਨ ਇਹ ਤਾਂ
ਉਹ ਅੜੀ ਕਰਦਾ
ਦੁਆ ਦੀ ਰੁੱਤ ਇਹੀ ਹੈ

ਹਵਾ ਨੰਗਾ ਕਰਦੀ
ਅੱਗ ਜਾਲਦੀ
ਪਾਣੀ ਰੋੜ੍ਹਦਾ
ਬਰਫ਼ ਸਭ ਢੱਕ ਦਿੰਦੀ

ਅੱਜਕਲ ਮੇਰੇ ਇਲਾਕੇ ਦੇ ਹਾਕਮ
ਅੱਗ ਪਾਣੀ ਹਵਾ ਬਰਫ਼ ਹਨ

ਗਵਾਂਢੀ ਮੈਨੂੰ
ਗੁੱਡ ਮੋਰਨਿੰਗ ਦੀ ਥਾਂ
ਠਾਹ ਆਖਦਾ ਹੈ

ਮੈਂ ਵੀ ਉਸਨੂੰ ਜਵਾਬ ਵਿਚ
ਠਾਹ ਹੀ ਆਖਦਾ ਹਾਂ

ਠਾਹ ਠਾਹ ਠਾਹ
ਅਸੀਂ ਇਕ-ਦੂਜੇ ਨਾਲ
ਇਸੇ ਭਾਸ਼ਾ ਵਿਚ ਬੋਲਦੇ ਹਾਂ ਅੱਜਕਲ

ਇਨ੍ਹਾਂ ਦਿਨਾਂ
ਸੇਬਾਂ ਦੀਆਂ ਗੱਲਾਂ
ਸਭ ਦੇ ਸਾਹਮਣੇ ਕਰਨ ਵਾਲੀਆਂ
ਗੱਲਾਂ ਨਹੀਂ ਹਨ

**ਕਵਿਤਾਵਾਂ/ ਮਨਦੀਪ ਔਲਖ**

## 1. ਬੱਚਾ ਡੈਡੀ

ਡੈਡੀ ਦੇ ਦੋਸਤ
ਚਾਚੇ ਤਾਰੂ ਕੋਲ
ਉਨ੍ਹਾਂ ਦੀ ਬਚਪਨ ਦੀ ਕਲਾਸ ਫੋਟੋ ਦੇਖ ਰਹੀ ਹਾਂ
ਚਾਚਾ ਵੱਡੀਆਂ ਮੁੱਛਾਂ
ਅਤੇ ਖੁਸ਼ਕ ਅੱਖਾਂ ਵਾਲੇ
ਕੁਰਸੀ 'ਤੇ ਬੈਠੇ ਮਾਸਟਰ ਸਾਹਮਣੇ
ਚੌਕੜੀ ਮਾਰੀ ਬੈਠਾ
ਮੁਸਕਰਾ ਰਿਹਾ ਹੈ
ਹਲਕਾ ਜਿਹਾ

ਡੈਡੀ ਨੂੰ ਨਹੀਂ ਪਤਾ
ਉਹ ਫੋਟੋ ਵਿਚ ਚੌਕੜੀ ਮਾਰਨ ਵਾਲੇ
ਮੁੰਡਿਆਂ ਵਿਚ ਕਿਹੜਾ ਹੈ?
ਮਾਸਟਰ ਪਿੱਛੇ ਖੜ੍ਹੇ ਮੁੰਡਿਆਂ ਵਿਚ
ਜਾਂ
ਬੈਂਚ 'ਤੇ ਖੜ੍ਹੀ ਸਭ ਤੋਂ
ਪਿਛਲੀ ਕਤਾਰ ਵਾਲਿਆਂ ਵਿਚ
ਜਾਂ ਫਿਰ ਦੱਸਣਾ ਨਹੀਂ ਚਾਹੁੰਦਾ ਡੈਡੀ
ਜਾਣ ਬੁੱਝ ਕੇ

ਮੈਂ ਤਸਵੀਰ ਵਿਚ ਦਿਸਦੇ
ਸਾਰੇ ਮੁੰਡਿਆਂ ਦੇ ਚਿਹਰੇ ਹੰਗਾਲ ਕੇ
ਡੈਡੀ ਦੀਆਂ ਅੱਖਾਂ ਤਲਾਸ਼ਦੀ ਹਾਂ
ਸਾਹਮਣੇ ਵਾਲਿਆਂ ਵਿਚ
ਚੌਕੜੀ ਮਾਰ
ਰਤਾ ਕੁ ਧੌਣ ਟੇਢੀ ਕਰੀ ਬੈਠਾ
ਇਕ ਮੁੰਡਾ ਮੈਨੂੰ ਡੈਡੀ ਵਰਗਾ ਲਗਦਾ ਹੈ

ਮਾਸਟਰ ਦੇ ਪਿੱਛੇ ਖੜ੍ਹਾ
ਇਕ ਹੋਰ

ਮਡੇਰ ਵਰਗੀ ਪੱਗ ਬੰਨ੍ਹੀ
ਡੈਡੀ ਵਾਂਗ ਮੱਥੇ 'ਤੇ ਤ੍ਰਿਸ਼ੂਲ ਬਣਾਈ
ਪਿੱਛੇ ਵਾਲਿਆਂ ਵਿਚ
ਸੱਜੀ ਵੱਖੀ ਖਲੋਤਾ
ਇਕ ਮੁੰਡਾ ਮੁਸਕਰਾ ਰਿਹਾ ਹੈ
ਜਿਸ ਤਰ੍ਹਾਂ ਡੈਡੀ ਮੁਸਕਰਾਉਂਦਾ
ਵਰ੍ਹੇ-ਛਿਮਾਹੀ
ਫ਼ਸਲ ਵੇਚ ਕੇ
ਘਰ ਆਉਣ ਤੋਂ ਬਾਅਦ

ਪਿਛਲੀ ਕਤਾਰ ਦੇ
ਖੱਬੇ ਪਾਸੇ ਖੜ੍ਹੇ
ਦੋ ਮੁੰਡਿਆਂ ਦੇ ਸਿਰ ਨਹੀਂ ਦਿਸਦੇ
ਸਮੇਂ ਦੀ ਧੂੜ
ਅਤੇ ਵਰ੍ਹਿਆਂ ਦੀ ਸਿਲ੍ਹ ਨੇ
ਤਸਵੀਰ ਨੂੰ ਧੁੰਦਲਾ ਦਿੱਤਾ ਹੈ
ਡੈਡੀ ਦੇ ਬਹੁਤ ਸਾਰੇ ਸੁਪਨਿਆਂ ਵਾਂਗ

ਵਾਰ-ਵਾਰ ਪੁੱਛਣ 'ਤੇ
ਡੈਡੀ ਖਿਝ ਕੇ
ਤਸਵੀਰ ਪਰਾਂਹ ਰੱਖ ਦਿੰਦਾ ਹੈ
ਮੈਂ ਫੇਰ ਚੁੱਕ ਲੈਂਦੀ ਹਾਂ
ਲੱਭਣ ਲਗਦੀ ਹਾਂ
ਡੈਡੀ ਦਾ ਚਿਹਰਾ

ਸਾਰੇ ਕਹਿੰਦੇ ਹਨ
ਮੈਂ ਡੈਡੀ ਵਰਗੀ ਲਗਦੀ ਹਾਂ

## 2. ਆਪੋ- ਆਪਣਾ ਬੁੱਧ

ਹੁਣੇ- ਹੁਣੇ ਮੈਂ
ਬੁੱਧ ਦੀ ਤਸਵੀਰ ਬਣਾਈ ਹੈ
ਤਸਵੀਰ ਵਿਚਲੇ ਬੁੱਧ ਦੀ
ਗੱਲ੍ਹ ਮੋਟੀ ਬਣੀ
ਨੱਕ ਬੇਢੱਬਾ
ਤੇ ਸਿਰ ਦੇ ਕੁੰਡਲ
ਮੇਰੇ ਉਲਝੇ ਖਿਆਲਾਂ ਦੀ
ਤਰਜ਼ਮਾਨੀ ਕਰਦੇ ਹਨ
ਕੰਨ ਲਟਕ ਗਿਆ ਹੈ
ਖੱਬੇ ਪਾਸੇ ਨੂੰ
ਮੁੰਦ ਹੋਈਆਂ ਅੱਖਾਂ
ਕੱਚੀ ਕੰਧ ਦੀਆਂ
ਤਰੇੜਾਂ ਵਾਂਗ ਲਗਦੀਆਂ ਹਨ
ਦੇਖਣ ਵਾਲੇ ਨੂੰ

ਇਸ ਤਸਵੀਰ ਨੂੰ ਦੇਖ ਕੇ
ਵਿਅੰਗ ਨਾਲ ਉੱਚੀ ਹੱਸਿਆ ਹੈ ਕੋਈ
ਪਰ ਇਸ ਨੇ ਮੈਨੂੰ
ਸ਼ਰਮਿੰਦਾ ਨਹੀਂ ਕੀਤਾ
ਮੇਰੇ ਅੰਦਰੋਂ ਹੀ ਕੋਈ ਬੋਲਿਆ ਹੈ
ਬੁੱਧ ਇੱਕੋ- ਇੱਕ ਨਹੀਂ
ਹਰ ਕਿਸੇ ਦਾ ਆਪਣਾ ਬੁੱਧ ਹੈ
ਹਰ ਕਿਸੇ ਦੇ ਅੰਦਰ ਬੁੱਧ ਹੈ

ਮੈਂ ਆਪਣੇ ਬੁੱਧ ਨੂੰ
ਮੁਸਕਰਾ ਕੇ ਦੇਖਿਆ ਹੈ
ਮਾਣ ਨਾਲ
ਤੇ ਸੋਚ ਲਿਆ ਹੈ
ਕਿ ਇਸ ਨੂੰ ਆਪਣੇ ਦਫ਼ਤਰ ਦੀ
ਸਾਹਮਣੀ ਕੰਧ 'ਤੇ ਲਾਵਾਂਗੀ

## 3. ਇਕ ਰਾਜਸੀ ਕਵਿਤਾ

ਕਾਲਿਆਂ ਚਿੱਟਿਆਂ ਵਿਚ ਵੰਡੇ ਮੋਹਰੇ
ਬਿਸਾਤ ਦੇ ਵਿਛਦਿਆਂ
ਆ ਸਜਦੇ ਇਕ ਦੂਜੇ ਸਾਹਮਣੇ
ਰਾਜਾ, ਵਜ਼ੀਰ, ਊਠ, ਘੋੜੇ, ਹਾਥੀ
ਤੇ ਇਨ੍ਹਾਂ ਸਾਮ੍ਹਣੇ ਪਿਆਦਿਆਂ ਦਾ ਲਸ਼ਕਰ

ਉਡੀਕਦੇ ਦੋ ਦਿਮਾਗਾਂ
ਦੀ ਹਰਕਤ
ਤੇ ਚਾਰ ਹੱਥਾਂ ਦੀ ਜੁੰਬਿਸ਼

ਇਕ ਦੂਜੇ ਨੂੰ ਕੱਟਦੇ, ਮਾਰਦੇ
ਬਿਸਾਤ ਤੋਂ ਬਾਹਰ ਕੱਢਦੇ
ਪਿਆਦੇ ਚੱਲਦੇ ਇੱਕੋ ਚਾਲ
ਜਾਂ ਟਿਕੇ ਰਹਿੰਦੇ
ਰਾਜੇ ਮੂਹਰੇ ਰਖਵਾਲੀ ਵਿਚ
ਕੁਰਬਾਨ ਹੋਣ ਲਈ ਤਿਆਰ

ਹਾਥੀ ਸਮਾਂਤਰ ਚਲਦੇ
ਊਠ ਟੇਢੇ
ਵਜ਼ੀਰ ਤਿਰਛੇ, ਸਿੱਧੇ ਟੇਢੇ
ਨੀਤੀ, ਰਾਜਨੀਤੀ, ਰਣਨੀਤੀ, ਕੂਟਨੀਤੀ ਬਣਦੀ
ਲਸ਼ਕਰ ਹੌਲੇ ਹੁੰਦੇ ਜਾਂਦੇ
ਮਰਦੇ ਜਾਂਦੇ ਮੋਹਰੇ
ਗੱਲ ਰਾਜੇ ਤਕ ਆ ਜਾਂਦੀ

ਆਖਿਰ ਸ਼ਹਿ ਮਾਤ ਦਾ ਐਲਾਨ ਹੁੰਦਾ
ਹਾਰ ਜਾਂਦਾ ਇਕ ਲਸ਼ਕਰ
ਜਿੱਤ ਹੁੰਦੀ ਦੂਜੇ ਦੀ
ਹੱਥ ਮਿਲਦੇ ਆਖਿਰਕਾਰ

ਬਿਸਾਤ ਸਮੇਟੀ ਜਾਂਦੀ

ਕਾਲੇ ਚਿੱਟੇ ਮੋਹਰੇ
ਆ ਟਿਕਦੇ ਇੱਕੋ ਡੱਬੇ ਵਿਚ
ਆਪਣਾ ਵੈਰ, ਵਿਰੋਧ ਤੇ ਰੰਗ ਭੁੱਲ ਕੇ
ਇਕਸੁਰ ਹੋ ਪਏ ਰਹਿੰਦੇ
ਅਗਲੀ ਬਿਸਾਤ ਵਿਛਣ ਤਕ
ਅਗਲੀ ਬਾਜ਼ੀ ਖੇਡੇ ਜਾਣ ਤਕ
ਅਗਲੀ ਮਾਰ ਕੱਟ ਤਕ

## 4. ਕਿਤੇ ਦੂਰ

ਉਸਦੀ ਪਛਾਣ ਦੇ ਕਈ ਅੰਸ਼
ਬਿਖਰੇ ਪਏ ਸਨ
ਦਾਦੀ ਦੇ ਸ਼ੀਸ਼ਿਆਂ ਵਾਲੇ
ਪੁਰਾਣੇ ਸੰਦੂਕ ਵਿਚ
ਸ਼ੋਅ-ਕੇਸ ਚ ਪਈਆਂ
ਪਰਿਵਾਰ ਦੀਆਂ ਤਸਵੀਰਾਂ ਓਹਲੇ
ਰਸੋਈ ਦੀ ਉਤਲੀ ਅੰਗੀਠੀ ਤੇ
ਕੱਟ ਕੇ ਵਿਛਾਈਆਂ ਅਖ਼ਬਾਰਾਂ ਹੇਠਾਂ
ਹੋਰ ਵੀ ਕਈ ਥਾਈਂ
ਕਤਰਾ ਕਤਰਾ ਹੋ ਕੇ
ਬਿਖਰੀ ਪਈ ਸੀ
ਉਹ ਚੁੱਪ ਜਹੀ ਸਾਂਵਲੀ ਕੁੜੀ

ਰੰਗ ਬਿਰੰਗੇ ਰਿਬਨ ਪਾ
ਸਾਇਕਲ ਚਲਾਉਂਦੀ
ਹਵਾ ਹੋ ਜਾਂਦੀ
ਸ਼ੂੰਅ ਕਰ ਨਿਕਲ ਜਾਂਦੀ
ਆਪਣੇ ਨਾਂ, ਵਜੂਦ
ਤੇ ਕਦੇ ਕਦੇ
ਸਰੀਰ ਤੋਂ ਵੀ ਅਗਾਂਹ
ਪਰ
ਉਹ ਹਮੇਸ਼ਾ ਹੁੰਦੀ
ਬਸ ਦਿਸਦੀ ਨਹੀਂ

ਸ਼ੈਲੇ ਦੇ ਸਕਾਇਲਾਰਕ ਪੰਛੀ
ਵਾਂਗ
ਉਨ੍ਹਾਂ ਪਲਾਂ ਚ
ਉਹ ਸਿਰਫ਼ ਉਹ ਹੁੰਦੀ
ਫੁੱਲਾਂ ਵਾਂਗ ਹੌਲੀ
ਉਸਦੀ ਪਛਾਣ ਚੋਂ
ਜੋ ਕੁਝ ਸਾਬਿਤ ਬਚਿਆ ਹੈ
ਉਹ ਉਸਨੇ ਆਪ ਕਦੇ ਨਹੀਂ ਚਾਹਿਆ
ਬਲਕਿ ਉਸ ਨਾਲ ਜੁੜ ਗਿਆ
ਸਕਰਟ ਨੂੰ ਲੱਗੇ ਸਰਕੰਡਿਆਂ ਵਾਂਗ
ਉਹ ਵਾਰ ਵਾਰ
ਮੂੰਹ ਧੋ ਕੇ
ਤਲਾਸ਼ਦੀ ਹੈ
ਆਪਣਾ ਅਸਲੀ ਰੰਗ
ਨਿਰਛਲ ਰੂਹ
ਤੇ ਦੂਜਿਆਂ ਨੂੰ ਪਿਆਰਨ ਦੀਆਂ
ਘਸ ਗਈਆਂ ਭਾਵਨਾਵਾਂ

ਪਛਾਣ ਦੇ ਉਲਟ ਜਾਂਦੇ
ਵਿਚਾਰਾਂ ਤੋਂ ਛੁਟਕਾਰਾ ਪਾਉਣ ਲਈ
ਉਹ ਤੇਜ਼ ਤੁਰਦੀ ਹੈ
ਹੋਰ ਤੇਜ਼
ਫਿਰ ਦੌੜਨ ਲਗਦੀ
ਤੇ ਉੱਡ ਜਾਣਾ ਚਾਹੁੰਦੀ
ਖੰਭਾਂ ਵਾਲੇ ਚਿੱਟੇ ਘੋੜੇ ਵਾਂਗ
ਜਬਰੀ ਮਿਲੀਆਂ ਪਛਾਣਾਂ ਤੋਂ
ਕਿਤੇ ਦੂਰ

ਬੰਗਲਾ ਕਹਾਣੀ (ਬੰਗਲਾਦੇਸ਼ ਤੋਂ)

# ਜਾਸੂਸ

**ਮੁਜ਼ੱਫਰ ਹੁਸੈਨ**

**ਅਨੁਵਾਦ - ਨੀਲਮ ਸ਼ਰਮਾ 'ਅੰਸ਼ੂ'**

## ਲੇਖਕ ਪਰਿਚੈ - ਮੁਜ਼ੱਫਰ ਹੁਸੈਨ

ਮੁਜ਼ੱਫਰ ਹੁਸੈਨ ਬੰਗਲਾਦੇਸ਼ ਦੇ ਸਮਕਾਲੀ ਸਾਹਿਤ ਵਿੱਚ ਇੱਕ ਮਸ਼ਹੂਰ ਅਤੇ ਪ੍ਰਸਿੱਧ ਕਹਾਣੀਕਾਰ ਹੈ। ਅੰਗਰੇਜ਼ੀ ਭਾਸ਼ਾ ਅਤੇ ਸਾਹਿਤ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ, ਉਸਨੇ ਪੱਤਰਕਾਰੀ ਵਿੱਚ ਆਪਣਾ ਕੈਰੀਅਰ ਸ਼ੁਰੂ ਕੀਤਾ। ਵਰਤਮਾਨ ਵਿੱਚ ਬੰਗਲਾ ਅਕੈਡਮੀ, ਬੰਗਲਾਦੇਸ਼ ਦੀ ਰਾਸ਼ਟਰੀ ਸੰਸਥਾ ਵਿੱਚ ਅਨੁਵਾਦ ਅਧਿਕਾਰੀ ਵਜੋਂ ਕੰਮ ਕਰ ਰਿਹਾ ਹੈ। ਮੁੱਖ ਤੌਰ 'ਤੇ ਗਲਪ ਲੇਖਕ। ਅਨੁਵਾਦ ਅਤੇ ਆਲੋਚਨਾਤਮਕ ਸਾਹਿਤ ਵਿੱਚ ਵਿਸ਼ੇਸ਼ ਰੁਚੀ।

ਆਪਣੇ ਨਾਵਲਾਂ ਅਤੇ ਛੋਟੀਆਂ ਕਹਾਣੀਆਂ ਲਈ ਬੰਗਲਾਦੇਸ਼ ਦੇ ਰਾਸ਼ਟਰੀ ਪੱਧਰ 'ਤੇ ਕਈ ਮਹੱਤਵਪੂਰਨ ਪੁਰਸਕਾਰ। ਨਾਵਲ ਲਈ 'ਕਾਲੀ ਓ ਕਲਮ ਸਾਹਿਤਕ ਪੁਰਸਕਾਰ' ਅਤੇ ਗਲਪ ਲੇਖਨ ਲਈ 'ਅਨਯੋਦੀਨ ਹੁਮਾਯੂੰ ਅਹਿਮਦ ਕਥਾ ਸਾਹਿਤ ਪੁਰਸਕਾਰ', 'ਅਬੁਲ ਹਸਨ ਸਾਹਿਤ ਪੁਰਸਕਾਰ', 'ਵਿਸਾਖੀ ਟੈਲੀਵਿਜ਼ਨ ਪੁਰਸਕਾਰ' ਅਤੇ 'ਅਰਨੀ ਕਹਾਣੀ ਪੁਰਸਕਾਰ' ਪ੍ਰਾਪਤ ਕੀਤੇ। ਅੰਗਰੇਜ਼ੀ, ਨੇਪਾਲੀ, ਇਤਾਲਵੀ ਅਤੇ ਸਪੈਨਿਸ਼ ਵਿੱਚ ਅਨੁਵਾਦ ਕੀਤੀਆਂ ਕਹਾਣੀਆਂ। ਕਹਾਣੀ ਸੰਗ੍ਰਹਿ, ਲੇਖ, ਅਨੁਵਾਦ ਅਤੇ ਸੰਪਾਦਨ ਸਮੇਤ ਕੁੱਲ 25 ਪੁਸਤਕਾਂ ਪ੍ਰਕਾਸ਼ਿਤ।

## ਅਨੁਵਾਦਕ ਪਰਿਚੈ - ਨੀਲਮ ਸ਼ਰਮਾ 'ਅੰਸ਼ੂ'

ਜਨਮ – ਅਲੀਪੁਰਦੁਆਰ ਜੰਕਸ਼ਨ, ( ਬੰਗਾਲ)। ਪੰਜਾਬੀ – ਬੰਗਲਾ ਤੋਂ ਹਿੰਦੀ ਅਤੇ ਹਿੰਦੀ – ਬੰਗਲਾ ਤੋਂ ਪੰਜਾਬੀ ਵਿੱਚ ਬਹੁਤ ਸਾਰੇ ਮਹੱਤਵਪੂਰਨ ਸਾਹਿਤਕ ਅਨੁਵਾਦ। ਕੁੱਲ 20 ਅਨੁਵਾਦਿਤ ਪੁਸਤਕਾਂ ਪ੍ਰਕਾਸ਼ਿਤ। ਬਹੁਤ ਸਾਰੇ ਲੇਖ, ਇੰਟਰਵਿਊ, ਅਨੁਵਾਦ ਸਥਾਨਕ ਅਤੇ ਰਾਸ਼ਟਰੀ ਪੱਧਰ ਦੇ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਪ੍ਰਕਾਸ਼ਿਤ ।

ਕੋਲਕਾਤਾ ਸ਼ਹਿਰ ਦੀਆਂ ਜਿਹਨਾਂ ਉੱਘੀਆਂ ਔਰਤਾਂ ਨੇ ਵੱਖ–ਵੱਖ ਖੇਤਰਾਂ ਵਿੱਚ ਆਪਣੀ ਪਛਾਣ ਬਣਾਈ ਹੈ ਨੈਸ਼ਨਲ ਡੇਲੀ ਵਿੱਚ 50 ਹਫ਼ਤਿਆਂ ਤੱਕ ਹਫ਼ਤਾਵਾਰੀ ਕਾਲਮ।

ਵੀਰਵਾਰ। ਸਕੂਲ ਦੀ ਅੱਧੀ ਛੁੱਟੀ। ਛੁੱਟੀ ਹੋਈ ਦੋ ਵਜੇ। ਘਰ ਪਹੁੰਚਣ ਵਿਚ ਕੁਝ ਸਮਾਂ ਹੋਰ ਲੱਗ ਗਿਆ। ਉਸ ਸਮੇਂ ਸਾਡੀ ਬੈਠਕ ਦੇ ਸਾਹਮਣੇ ਵੱਖ–ਵੱਖ ਉਮਰ ਦੇ ਲੋਕਾਂ ਦਾ ਇਕੱਠ ਸੀ। ਛੋਟਾ ਹੋਣ ਕਰਕੇ ਮੈਨੂੰ ਦੂਜੇ ਬੰਦਿਆਂ ਦੀਆਂ ਲੱਤਾਂ ਵਿਚਕਾਰੋਂ ਨਿੱਕਲ ਕੇ ਆਉਣ ਵਿਚ ਕੋਈ ਮੁਸ਼ਕਿਲ ਨਹੀਂ ਸੀ ਹੋਈ। ਵੇਖਿਆ, ਇੱਕ ਬੰਦਾ ਧਰਤੀ ਉੱਤੇ ਮਿੱਟੀ ਨਾਲ ਲਿਬੜਿਆ ਹੋਇਆ ਪਿਆ ਹੈ ਅਤੇ ਬੋਰੇ ਦਾ ਤੱਪੜ ਜਿਹਾ ਉਸ ਦੇ ਸਰੀਰ ਦੁਆਲੇ ਵਲੇਟਿਆ ਹੋਇਆ ਹੈ। ਸਿਨੇਮਾ ਵਿੱਚ ਦਿਖਾਏ ਗਏ ਪੁਰਾਣੇ ਚੀਨੀਆਂ ਵਰਗੀ ਦਾੜ੍ਹੀ। ਖਿੱਲਰੇ ਹੋਏ ਕੇਸ। ਜਾਪਦਾ ਹੈ ਕਿ ਸੁਰਤ ਆਉਣ ਤੋਂ ਬਾਅਦ, ਜ਼ਿੰਦਗੀ ਵਿਚ ਕਦੀ ਹਜਾਮਤ ਨਹੀਂ ਕਰਾਈ, ਧੋਤੇ ਵੀ ਨਹੀਂ।

ਅਮਰਤਾ ਹਾਸਿਲ ਕਰਨ ਤੋਂ ਬਾਅਦ ਬਿਰਧਵਸਥਾ ਤੱਕ ਆਉਂਦਿਆਂ-ਆਉਂਦਿਆਂ ਰੁਕ ਜਾਣ ਵਰਗੀ ਉਮਰ। ਉਦੋਂ ਵੀ ਕੁਝ ਸਮਝ ਨਹੀਂ ਸਕਿਆ ਸੀ। ਉਸ ਬੰਦੇ ਨੂੰ ਬੜੇ ਧਿਆਨ ਨਾਲ ਦੇਖ ਰਿਹਾ ਸੀ। ਲੱਤਾਂ ਕੋਲ ਥੈਲਾ ਪਿਆ ਸੀ। ਹੇਠਾਂ ਤੋਂ ਫਟਿਆ, ਕੁਝ ਨਹੀਂ ਹੈ, ਮੈਂ ਸਮਝ ਰਿਹਾ ਸੀ। ਉਸ ਨੇ ਥੈਲੇ ਦਾ ਇੱਕ ਕੋਨਾ ਕੱਸ ਕੇ ਫੜਿਆ ਹੋਇਆ ਸੀ, ਪਤਾ ਨਹੀਂ ਕਿਉਂ ਟੋਟਨ ਮਾਮਾ ਥੈਲੇ ਨੂੰ ਫੜ ਕੇ ਖਿੱਚ ਰਿਹਾ ਸੀ। ਉਹ ਬੰਦਾ ਬਹੁਤੀ ਦੇਰ ਤੱਕ ਟਿਕ ਕੇ ਬੈਠ ਨਾ ਸਕਿਆ ਤਾਂ ਟੋਟਨ ਮਾਮੇ ਨੇ ਖਿੱਚ ਕੇ ਥੈਲਾ ਖੋਹ ਲਿਆ ਤੇ ਸੁੱਟ ਦਿੱਤਾ। ਜੇ ਸੁੱਟਣਾ ਹੀ ਸੀ ਤਾਂ ਖੋਹਣ ਦੀ ਕੀ ਲੋੜ ਸੀ? ਇਹ ਸਧਾਰਨ ਸਵਾਲ ਪੁੱਛਣ ਵਾਲੇ ਲੋਕ ਵੀ ਨਹੀਂ ਸਨ। ਖੜਾ ਹਰ ਕੋਈ ਮਸਖਰੀ ਕਰ ਰਿਹਾ ਸੀ। ਪਤਾ ਨਹੀਂ ਕਿੰਨੇ ਦਿਨਾਂ ਬਾਅਦ ਉਹ ਬੰਦੇ ਇਹ ਸਭ ਕੁਝ ਦੇਖ ਕੇ ਆਨੰਦ ਮਾਣ ਰਹੇ ਸੀ। ਪਹਿਲਾਂ ਪਿੰਡ ਵਿੱਚ ਜਾਤਰਾ ਹੁੰਦੀ ਸੀ, ਹੁਣ ਅਸ਼ਲੀਲਤਾ ਦੇ ਇਲਜਾਮ ਕਾਰਨ ਨਹੀਂ। ਸਕੂਲ ਦੇ ਮੈਦਾਨ ਵਿੱਚ ਸਰਕਸ ਲੱਗਣ ਬਾਰੇ ਵੱਡੇ ਭਰਾਵਾਂ ਤੋਂ ਸੁਣਿਆ ਹੈ। ਉਹ ਵੀ ਸਦਾ ਲਈ ਬੰਦ ਹੈ। ਜਿਸ ਸਰਕਸ ਨੂੰ ਅਸੀਂ ਕਦੀ ਨਹੀਂ ਦੇਖਿਆ, ਉਸ ਬਾਰੇ ਸੋਚ ਕੇ ਮੈਂ ਲੰਬੇ ਸਮੇਂ ਤੋਂ ਕੰਬਦਾ ਰਿਹਾ ਹਾਂ। ਅੱਜ ਮੈਂ ਪੇਂਡੂ ਲੋਕਾਂ ਦੇ ਮਨੋਰੰਜਨ ਬਾਰੇ ਸੁਣੀਆਂ ਗੱਲਾਂ ਹਕੀਕਤ 'ਚ ਦੇਖ ਰਿਹਾ ਹਾਂ।

'ਸ਼ਾਇਦ ਕੋਈ ਫਕੀਰ ਹੈ।' ਫਜੂ ਚਾਚੇ ਨੇ ਕਿਹਾ।

'ਆਲ਼ੇ-ਦੁਆਲੇ ਦੇ ਪਿੰਡਾਂ ਵਿੱਚ ਤਾਂ ਨਹੀਂ ਦੇਖਿਆ ਕਦੀ।' ਪਿੱਛਿਉਂ ਹਾਫ਼ੀ ਚਾਚੇ ਦੀ ਅਵਾਜ਼ ਸੁਣਾਈ ਦਿੱਤੀ।

'ਅੱਜ ਜੁੰਮਾ ਨਹੀਂ ਹੈ। ਜੇ ਉਹ ਫਕੀਰ ਹੁੰਦਾ ਤਾਂ ਉਸ ਕੋਲ ਖੈਰ ਲਈ ਥੈਲਾ ਵੀ ਹੁੰਦਾ। ਇੰਝ ਪਿਆ ਨਾ ਰਹਿੰਦਾ।' ਮਾਬੂ ਬਾਈ ਨੇ ਕਿਹਾ। ਸ਼ੁੱਕਰਵਾਰ ਨੂੰ ਇੱਥੇ ਫਕੀਰ ਆਉਂਦੇ ਹਨ। ਹੋਰ ਦਿਨ ਵੀ ਆਉਂਦੇ ਹਨ। ਇਸ ਇਲਾਕੇ ਦੇ ਫਕੀਰਾਂ ਨੂੰ ਤਾਂ ਅਸੀਂ ਨਾਂ ਰਾਹੀਂ ਪਛਾਣਦੇ ਹਾਂ ਪਰ ਇਸ ਬੰਦੇ ਨੂੰ ਕੋਈ ਨਹੀਂ ਪਛਾਣਦਾ। ਜਦੋਂ ਅੱਬਾ ਵਰਗੇ ਬਜ਼ੁਰਗ ਨੇ ਵੀ ਐਲਾਨ ਕਰ ਦਿੱਤਾ ਕਿ ਉਸ ਨੇ ਕਦੀ ਦੇਖਿਆ ਹੀ ਨਹੀਂ, ਤਾਂ ਹੋਰ ਕੀ ਕਹਿਣਗੇ।

'ਓਏ ਬੁੱਢੜੇ, ਤੇਰਾ ਨਾਂ ਕੀ ਹੈ? ਤੂੰ ਕਿੱਥੋਂ ਆਇਆ ਏਂ? ਕਿਸ ਪਿੰਡ ਦਾ ਰਹਿਣ ਵਾਲਾ ਏਂ? ਇੱਥੇ ਕਿਉਂ ਆਇਆਂ ਏਂ? ਕਿਵੇਂ ਆਇਆ ਏਂ?' ਸ਼ੋਅਬ ਬਾਈ ਨੇ ਆਪਣੇ ਹੱਥ ਵਿੱਚ ਫੜੀ ਬਾਂਸ ਦੀ ਛਿਟੀ ਨਾਲ ਕੁਚਕਦੇ ਹੋਏ, ਇੱਕ ਤੋਂ ਬਾਅਦ ਇੱਕ ਸਵਾਲਾਂ ਦੀ ਝੜੀ ਲਾ ਦਿੱਤੀ।

ਆਪਣੇ ਮੂੰਹੋਂ ਟੂੰ ਤੱਕ ਤਾਂ ਬੋਲ ਵੀ ਨਹੀਂ ਸਕ ਰਿਹਾ, ਤੇ ਤੂੰ ਖਬਰਨਵੀਸਾਂ ਵਾਂਗ ਇੰਟਰਵਿਊ ਲੈਣਾ ਚਾਹੁੰਦਾ ਏਂ।' ਸਾਡੇ ਹਿਸਾਬ ਦੇ ਮਾਸਟਰ ਬਿੱਲੂ ਸਰ ਨੇ ਸ਼ੋਅਬ ਬਾਈ ਵੱਲ ਇਸ਼ਾਰਾ ਕਰਦਿਆਂ ਕਿਹਾ।

ਛਿਟੀ ਨਾਲ ਹੱਥ ਅਤੇ ਪਿੱਠ 'ਤੇ ਝਰੀਟਾਂ ਪੈ ਗਈਆਂ ਹਨ। ਬਿਰਧ ਚੁੱਪ ਹੈ। ਉਹ ਪੁਰਾਣੇ ਰੁੱਖ ਵਾਂਗ ਜ਼ਮੀਨ ਵੱਲ ਦੇਖਦਾ ਰਹਿੰਦਾ ਹੈ। ਆਪਣੇ ਆਪ 'ਚ ਗਵਾਚਿਆ ਪਤਾ ਨਹੀਂ ਜ਼ਮੀਨ 'ਤੇ ਕੀ ਲਿਖੀ ਜਾ ਰਿਹਾ ਹੈ। ਥੋੜਾ ਜਿਹਾ ਕੁਝ ਸਮਝ ਆਉਂਦਾ ਹੈ ਕਿ ਇੱਕ ਹੋਰ ਨਿਸ਼ਾਨ ਵਾਹ ਕੇ ਹਰ ਚੀਜ਼ ਨੂੰ ਗੁੰਝਲਦਾਰ ਬਣਾ ਦਿੰਦਾ ਹੈ।

'ਕਿਸੇ ਨੇ ਆਉਂਦਿਆਂ ਦੇਖਿਆ ਹੈ?'

'ਪਹਿਲਾਂ ਕਿਸਨੇ ਦੇਖਿਆ?'

'ਪੈਦਲ ਆਇਆਂ ਜਾਂ ਸਵਾਰੀ 'ਤੇ?'

ਇਕ ਤੋਂ ਬਾਅਦ ਇਕ ਸਵਾਲ ਆਉਂਦੇ ਰਹਿੰਦੇ ਹਨ। ਸ਼ਾਮ ਦੀ ਅਜ਼ਾਨ ਦਾ ਸਮਾਂ ਹੋ

ਗਿਆ ਹੈ। ਕੁਝ ਲੋਕ ਨਮਾਜ਼ ਵੀ ਅਦਾ ਕਰਨ ਆਉਂਦੇ ਹਨ। ਇੱਕ ਬੰਦਾ ਜਾਂਦਾ ਹੈ, ਨਵੇਂ ਬੰਦੇ ਆ ਜਾਂਦੇ ਹਨ, ਭੀੜ ਰਤਾ ਵੀ ਘੱਟ ਨਹੀਂ ਹੁੰਦੀ। ਲੋਕ ਇੱਕ ਵਾਰ ਝਿੰਜੋੜਦੇ ਹਨ, ਦੂਰ ਹੋਕੇ ਖੜ੍ਹੇ ਹੋ ਜਾਂਦੇ ਹਨ। ਕੋਈ ਵੀ ਬਹੁਤ ਨੇੜੇ ਨਹੀਂ ਜਾਂਦਾ- ਅਸੀਂ ਕਿਸੇ ਅਣਜਾਣ ਕੁੱਤੇ ਨਾਲ ਖੇਡਣ ਵੇਲੇ ਅਜਿਹੀ ਸੁਚੇਤ ਦੂਰੀ ਰੱਖਦੇ ਹਾਂ। ਜਿਸ ਤਰ੍ਹਾਂ ਅਸੀਂ ਮੁਹੱਲੇ ਦੇ ਸਹਿਜਨ(ਡ੍ਰੰਮ ਸਟਿਕ) ਦੇ ਦਰੱਖਤ ਤੋਂ ਖੁਰਚ -ਖੁਰਚ ਕੇ ਗੂੰਦ ਕੱਢਦੇ ਹਾਂ, ਦਰਖਤ ਹਿੱਲਦਾ ਵੀ ਨਹੀਂ, ਉਸੇ ਤਰ੍ਹਾਂ ਇਹ ਅਣਜਾਣ ਬਿਰਧ ਜਿਉਂਦਾ ਹੋਣ ਦੇ ਬਾਵਜੂਦ ਬੇਜਾਨ ਪਿਆ ਹੈ। ਬਿਰਖ ਵਾਂਗ ਉਹ ਆਪਣੀ ਜ਼ਿੰਦਗੀ ਦਾ ਸਬੂਤ ਇੱਕ ਵਾਰ ਵੀ ਆਪਣੇ ਆਪ ਨਹੀਂ ਦਿੰਦਾ। ਇੱਕ ਧੜਾ ਨਿਰਾਸ਼ ਹੋ ਜਾਂਦਾ ਹੈ, ਦੂਜਾ ਦੁਬਾਰਾ ਕੋਸ਼ਿਸ਼ ਕਰਦਾ ਹੈ। ਜੇਕਰ ਕੋਈ ਉਸਦੇ ਮੂੰਹੋਂ ਇੱਕ ਵੀ ਸੰਪੂਰਨ ਲਫ਼ਜ਼ ਕੱਢਵਾ ਲਵੇ ਤਾਂ ਜਿਵੇਂ ਕਿ ਉਸ ਨੂੰ ਗਰਾਮਵੀਰ ਦੀ ਉਪਾਧੀ ਨਾਲ ਨਵਾਜਿਆ ਜਾਣਾ ਹੋਵੇ।

ਜਦੋਂ ਅਸੀਂ ਇਕੋ ਜਿਹੇ ਦ੍ਰਿਸ਼ ਤੋਂ ਅੱਕ ਗਏ, ਉਦੋਂ ਹੀ ਸਾਡੇ ਵਿੱਚੋਂ ਕਿਸੇ ਨੇ ਜਿਵੇਂ ਬੰਬ ਵਿਸਫੋਟ ਜਿਹਾ ਕੀਤਾ।

'ਜਸੂਸ। ਦੇਖੋ, ਭਾਰਤ ਦਾ ਜਾਸੂਸ ਹੈ। ਉਹ ਗੂੰਗਾ-ਪਾਗਲ ਜਿਹਾ ਭੇਸ ਬਣਾ ਕੇ ਜਾਣਕਾਰੀ ਇਕੱਠੀ ਕਰਕੇ ਭੱਜ ਰਿਹਾ ਹੈ।' ਭੀੜ ਵਿੱਚੋਂ ਕੋਈ ਇੱਕ ਬੋਲ ਪਿਆ। ਤੁਰੰਤ ਲੋਕ ਚੌਕੰਨੇ ਹੋ ਗਏ। ਪਿੰਡ ਦੇ ਪੱਛਮ ਵੱਲ ਸਿੱਧਾ ਛੇ ਮੀਲ ਤੁਰਣ ਤੇ ਭਾਰਤ-ਬੰਗਲਾਦੇਸ਼ ਦੀ ਸਰਹੱਦ ਹੈ। ਕੋਈ ਸਾਡੀ ਗੁਪਤ ਸੂਚਨਾਵਾਂ ਲੈ ਕੇ ਸਰਹੱਦ ਤੋਂ ਭੱਜ ਰਿਹਾ ਸੀ, ਇਸ ਲਈ ਅਸੀਂ ਉਸ ਨੂੰ ਫੜ ਲਿਆ।

ਜਸੂਸਾਂ ਦੇ ਮਾਮਲੇ ਵਿੱਚ ਪਿੰਡ ਵਿੱਚ ਕਈ ਕਹਾਣੀਆਂ ਘੜੀਆਂ ਜਾਂਦੀਆਂ ਸਨ। ਉਸੇ ਵੇਲੇ ਇੱਕ ਕਹਾਣੀ ਚੇਤੇ ਆਈ। ਇਹ ਅਜਿਹੇ ਹੁਨਰਮੰਦ ਅਤੇ ਸਮਰਪਿਤ ਦੇਸ਼ ਭਗਤ ਹੁੰਦੇ ਹਨ ਕਿ ਜਾਸੂਸੀ ਲਈ ਕਿਸੇ ਵੀ ਦੇਸ਼ ਵਿੱਚ ਜਾਕੇ ਘਰ-ਬਾਰ ਵਸਾ ਲੈਂਦੇ ਹਨ ਅਤੇ ਮਿਸ਼ਨ ਪੂਰਾ ਹੁੰਦੇ ਹੀ ਪਤਨੀ ਅਤੇ ਬੱਚਿਆਂ ਨੂੰ ਦੱਸੇ ਬਗੈਰ ਘਰ ਛੱਡ ਕੇ ਆਪਣੇ ਵਤਨ ਪਰਤ ਜਾਂਦੇ ਹਨ। ਉਨ੍ਹਾਂ ਨੂੰ ਇਸ ਤਰ੍ਹਾਂ ਸਿਖਲਾਈ ਦਿੱਤੀ ਜਾਂਦੀ ਹੈ ਕਿ ਉਨ੍ਹਾਂ ਨੂੰ ਛਦਮ ਭੇਸ ਵਿੱਚ ਫੜਨਾ ਵੀ ਸੰਭਵ ਨਹੀਂ ਹੁੰਦਾ।

ਸਾਡੇ ਵਿੱਚੋਂ ਕੁਝ ਨੇ ਪਰਖ ਕਰਨੀ ਸ਼ੁਰੂ ਕਰ ਦਿੱਤੀ। ਪਹਿਲਾਂ ਕਿਸੇ ਨੇ ਵਾਲਾਂ ਨੂੰ ਛਿਟੀ ਦੇ ਸਿਰੇ ਦੁਆਲੇ ਲਪੇਟਿਆ ਅਤੇ ਜ਼ੋਰ ਨਾਲ ਖਿੱਚਿਆ। ਜੇ ਉਸ ਦੇ ਨਕਲੀ ਵਾਲ ਹੁੰਦੇ ਤਾਂ ਉਹ ਬਾਹਰ ਆ ਜਾਣੇ ਸੀ। ਪਰ ਕੁਝ ਵਾਲ ਹੀ ਟੁੱਟੇ। ਇਹ ਪਰਖਣ ਲਈ ਕਿ ਕੀ ਬੁੱਢੇ ਦਾ ਰੰਗ ਅਸਲੀ ਸੀ ਅਤੇ ਕੀ ਉਸਨੇ ਚਿਹਰੇ 'ਤੇ ਮੇਕਅੱਪ ਕੀਤਾ ਸੀ, ਹਾਬੂ ਬਾਈ ਨੇ ਪਿੱਛੇ ਵਾਲੇ ਟੋਏ ਵਿੱਚੋਂ ਇੱਕ ਬਾਲਟੀ ਵਿੱਚ ਚਿੱਕੜ ਵਾਲਾ ਪਾਣੀ ਲਿਆ ਅਤੇ ਉਸ ਦੇ ਸਿਰ 'ਤੇ ਡੋਲ੍ਹ ਦਿੱਤਾ। ਜਿਸਮ ਦਾ ਰੰਗ ਉਹੋ ਜਿਹਾ ਹੀ ਰਿਹਾ। ਸਾਰਿਆਂ ਦਾ ਖਦਸ਼ਾ ਜਿਉਂ ਦਾ ਤਿਉਂ ਹੀ ਰਿਹਾ।

'ਕੱਪੜੇ ਆਦਿ ਖੋਲ੍ਹ ਕੇ ਦੇਖੀਏ ਕਿ ਕੋਈ ਕਾਗਜ਼-ਪੱਤਰ ਜਾਂ ਪਰਚੀ ਤਾਂ ਨਹੀਂ ਹੈ?' ਹਾਫਿਜ਼ੁਲ ਬਾਈ ਨੇ ਕਿਹਾ। ਉਸ ਦੀ ਗੱਲ ਸੁਣ ਕੇ ਲੋਕ ਉਤਸਾਹਿਤ ਹੋ ਗਏ। ਕੱਪੜਿਆਂ ਦੇ ਨਾਂ 'ਤੇ ਤੱਪੜ ਦਾ ਉਹੀ ਚਿਪਚਿਪਿਆ ਜਿਹਾ ਬੋਰਾ । ਉਸਨੇ ਸਰੀਰ ਦੇ ਇੱਕ ਛੋਟੇ ਜਿਹੇ ਹਿੱਸੇ ਨੂੰ ਹੀ ਢੱਕਿਆ ਹੋਇਆ ਸੀ। ਕੁਝ ਲੋਕ ਉਸੇ ਨੂੰ ਖੋਲ੍ਹਣ ਦਾ ਮੌਕਾ ਲੱਭ ਰਹੇ ਸਨ, ਇਸ ਲਈ ਉਨ੍ਹਾਂ ਨੂੰ ਜਨਤਾ ਦੀ ਸਹਿਮਤੀ ਮਿਲ ਗਈ। ਔਰਤਾਂ ਓਹਲੇ ਵੱਲ ਹੋ ਗਈਆਂ। ਤੱਪੜ ਨੂੰ ਸਰੀਰ ਤੋਂ ਵੱਖ ਕਰਨ ਵਿੱਚ ਕੋਈ ਔਖ ਨਹੀਂ ਹੋਈ। ਹੱਥ ਵੀ ਨਹੀਂ ਲਾਉਣਾ ਪਿਆ ਸੀ। ਛਿਟੀ ਦੇ ਸਿਰੇ ਨਾਲ ਖਿੱਚਦਿਆਂ ਹੀ ਕੁਝ ਹਿੱਸਾ ਫਟ ਗਿਆ ਅਤੇ ਕੁਝ ਖਿਸਕ ਕੇ ਸਰੀਰ ਤੋਂ ਵੱਖ ਹੋ ਗਿਆ। ਅਸੀਂ

ਉਸਦੇ ਆਲੇ-ਦੁਆਲ਼ੇ ਝਾਤ ਮਾਰੀ। ਕਾਗਜ਼ ਦਾ ਇੱਕ ਟੁਕੜਾ ਤੱਕ ਵੀ ਨਹੀਂ ਮਿਲਿਆ। ਸਾਡੇ ਵਿੱਚੋਂ ਕਿਸੇ ਨੇ ਇੱਕ ਅਜਿਹਾ ਵਿਸ਼ਾ ਲੱਭ ਲਿਆ ਕਿ ਕਿਸੇ ਨੂੰ ਉਸ ਬਿਰਧ ਦੇ ਭਾਰਤੀ ਜਸੂਸ ਹੋਣ ਵਿੱਚ ਕੋਈ ਸ਼ੰਕਾ ਨਾ ਰਹੀ। ਹਿੰਦੂ ਹੋਣਾ ਭਾਰਤੀ ਜਾਸੂਸ ਹੋਣ ਦੀ ਧਾਰਨਾ ਨੂੰ ਪੁਖਤਾ ਕਰਦਾ ਹੈ ਇਹ ਗੱਲ ਪਤਾ ਨਹੀਂ ਕਿਸਨੇ ਉਡਾ ਛੱਡੀ।

ਕੋਈ ਸ਼ੱਕ ਨਹੀਂ ਰਿਹਾ ਕਿਉਂਕਿ ਲੋਕਾਂ ਨੂੰ ਉਸ ਕੋਲੋਂ ਕੋਈ ਕਾਗਜ਼ ਜਾਂ ਪਰਚੀ ਨਹੀਂ ਸੀ ਲੱਭੀ। ਅਜਿਹੀ ਹਾਲਤ ਵਿੱਚ ਜੋ ਕਰਨਾ ਉਚਿਤ ਹੈ, ਉਹੀ ਕੀਤਾ ਹੋਵੇਗਾ-ਨਿਗਲ ਲਿਆ ਹੋਵੇਗਾ। ਜੇ ਢਿਡ ਫਾੜ ਕੇ ਦੇਖਣਾ ਸੰਭਵ ਹੁੰਦਾ, ਤਾਂ ਮਿਲ ਜਾਂਦਾ। ਪਰ ਇਹ ਸਭ ਕਰਨਾ ਸੰਭਵ ਨਹੀਂ ਸੀ। ਕੋਈ ਚਾਹੇ ਵੀ ਤਾਂ ਸਿਰਫ਼ ਅਭਿਆਸ ਨਾ ਹੋਣ ਕਰਕੇ ਪੇਟ ਪਾੜਨ ਬਾਰੇ ਸੋਚ ਵੀ ਨਹੀਂ ਸਕਦਾ। ਲੋਕ ਚਾਹੁਣ ਤਾਂ ਕੁੱਟ-ਕੁੱਟ ਕੇ ਮਾਰ ਸਕਦੇ ਹਨ। ਢਿੱਡ ਫਾੜਣ ਨਾਲੋਂ ਭੀੜ ਦੁਆਰਾ ਕੁੱਟਿਆ ਜਾਣਾ ਵਧੇਰੇ ਸਹਿਜ ਹੈ, ਪਰ ਇਸ ਨਾਲ ਇਹ ਪਤਾ ਨਹੀਂ ਲੱਗ ਸਕੇਗਾ ਕਿ ਉਹ ਕਿਹੜੀ ਜਾਣਕਾਰੀ ਇਕੱਠੀ ਕਰ ਰਿਹਾ ਸੀ।

'ਥਾਣੇ ਦੇ ਹਵਾਲੇ ਕਰੋ। ਜੇ ਇਹ ਪੁਲਿਸ ਦੇ ਹੱਥ ਲੱਗ ਗਿਆ ਤਾਂ ਪੁਲਿਸ ਕੁਟਾਪੇ ਨਾਲ ਹੀ ਸਾਰੀ ਜਾਣਕਾਰੀ ਲੈ ਲਵੇਗੀ।' ਕਿਸੇ ਨੇ ਕਿਹਾ।

'ਹਾਂ, ਇਹੋ ਠੀਕ ਰਹੇਗਾ। ਕੁਝ ਸੂਹ ਮਿਲਣ 'ਤੇ ਦੇਸ਼ ਦੇ ਲੋਕਾਂ ਨੂੰ ਸਾਡੇ ਬਾਬਤ ਹਿੰਦੂਆਂ ਦੀ ਜਸੂਸੀ ਬਾਰੇ ਪਤਾ ਲੱਗ ਜਾਵੇਗਾ। ਮਾਰਨਾ ਠੀਕ ਨਹੀਂ ਹੋਵੇਗਾ।' ਕੋਈ ਹੋਰ ਬੋਲਿਆ। ਉਦੋਂ ਤੱਕ ਦਿਨ ਦੀ ਰੌਸ਼ਨੀ ਖਤਮ ਹੋ ਚੁੱਕੀ ਸੀ। ਹਨੇਰੇ ਵਿਚ ਇੰਨੇ ਲੋਕਾਂ ਵਿਚ ਕੌਣ ਕੀ ਕਹਿ ਰਿਹਾ ਸੀ, ਮੈਨੂੰ ਚੰਗੀ ਤਰ੍ਹਾਂ ਸਮਝ ਨਹੀਂ ਆ ਰਿਹਾ ਸੀ। ਜਦੋਂ ਅੰਤਿਮ ਫੈਸਲਾ ਹੋਇਆ ਤਾਂ ਮਾਂ ਆਈ।

'ਤੁਸੀਂ ਜੋ ਵੀ ਕਰਨਾ ਚਾਹੁੰਦੇ ਹੋ, ਸਵੇਰੇ ਕਰਿਉ। ਤੁਸੀਂ ਲੋਕ ਹੁਣ ਜਾਓ ਸਾਰਾ ਦਿਨ ਕੁਝ ਨਹੀਂ ਖਾਧਾ, ਉਸਨੂੰ ਖਾਣ ਦਿਓ।' ਇਲਾਕੇ ਦੇ ਲੋਕ ਡਰਦੇ ਸੀ ਜਾਂ ਮਾਂ ਦਾ ਸਤਿਕਾਰ ਕਰਦੇ ਸੀ, ਪਤਾ ਨਹੀਂ। ਮਾਂ ਦੇ ਇਹ ਕਹਿਣ 'ਤੇ ਥੋੜ੍ਹਾ ਜਿਹਾ ਵਿਰੋਧ ਹੋਇਆ ਪਰ ਟਿਕ ਨਾ ਸਕਿਆ। ਲੋਕ ਇਸ ਸ਼ਰਤ 'ਤੇ ਚਲੇ ਗਏ ਕਿ ਸਵੇਰੇ ਮਾਂ ਤੋਂ ਪਤਾ ਲੱਗ ਜਾਵੇਗਾ। ਦੋ-ਤਿੰਨ ਜਣੇ ਇਕੱਠੇ ਹੋ ਕੇ ਉਸ ਬੰਦੇ ਨੂੰ ਬੈਠਕ ਵਿੱਚ ਲੈ ਆਏ। ਖਾਣਾ ਖਾਣ ਤੋਂ ਬਾਅਦ ਬਾਹਰੋਂ ਤਾਲਾ ਲਗਾ ਦਿੱਤਾ ਜਾਵੇਗਾ। ਮੈਂ ਆਪਣੀ ਮਾਂ ਨਾਲ ਭਾਤ ਅਤੇ ਤਰਕਾਰੀ ਲੈ ਕੇ ਆਇਆ ਸੀ। ਲਾਲਟੈਣ ਦੀ ਰੌਸ਼ਨੀ ਵਿੱਚ ਮਾਂ ਨੇ ਇੱਕ ਥਾਲੀ ਵਿੱਚ ਭਾਤ, ਦੋ ਕਟੋਰੀਆਂ ਵਿੱਚ ਵੱਖ-ਵੱਖ ਸਬਜ਼ੀਆਂ ਦਿੱਤੀਆਂ। ਮੱਛੀ ਅਤੇ ਦਾਲ। ਬਿਰਧ ਦੀ ਹਾਲਤ ਹਵਾ ਨਾਲ ਹਿੱਲ ਰਹੇ ਰੁੱਖ ਦੇ ਪੱਤਿਆਂ ਵਰਗੀ ਸੀ। ਲਾਲਟੈਣ ਦੀ ਰੋਸ਼ਨੀ ਵਿਚ ਮੇਰੀ ਮਾਂ ਵੱਲ ਦੇਖਦਾ ਹੋਇਆ ਉਹ ਥਾਲੀ ਵਿਚ ਭਾਤ ਰਲਾਉਣ ਲੱਗਾ। ਮਾਂ ਦਾਲ ਦਾ ਕਟੋਰਾ ਚੁੱਕ ਮੱਛੀ ਦੇਣ ਲੱਗੀ ਤਾਂ ਉਸ ਨੇ ਇਸ਼ਾਰੇ ਨਾਲ ਨਾਂਹ ਕਰ ਦਿੱਤੀ।

'ਪੁੱਛੋ, ਕਿੱਥੋਂ ਆਇਆ ਹੈ?' ਮੈਂ ਮਾਂ ਨੂੰ ਕਿਹਾ। ਲੱਗਦਾ ਸੀ ਕਿ ਮਾਂ ਹੁਣ ਕੁਝ ਪੁੱਛ ਲਵੇਗੀ। ਪਰ ਮਾਂ ਨੇ ਕੋਈ ਸਵਾਲ ਨਾ ਕੀਤਾ। ਬੈਠ ਕੇ ਖੁਆਇਆ। ਜਿਹੜੇ ਦੋ-ਚਾਰ ਬੰਦੇ ਖੜ੍ਹੇ ਸਨ, ਉਹ ਵੀ ਸਾਡੇ ਵਾਂਗ ਪਿੱਛੇ ਹਟ ਗਏ।

ਉਸ ਦਿਨ ਸੌਣ ਵੇਲੇ ਬਹੁਤ ਉਤਸ਼ਾਹ ਸੀ। ਥਾਣਾ ਸਦਰ ਵਿੱਚ ਖ਼ਬਰ ਕਰ ਦਿੱਤੀ ਗਈ ਹੈ। ਸਵੇਰੇ ਪੁਲਿਸ ਆ ਜਾਵੇਗੀ। ਜੁੰਮੇ ਨੂੰ ਸਕੂਲ ਦੀ ਛੁੱਟੀ ਹੁੰਦੀ ਹੈ। ਨ ਵੀ ਹੁੰਦੀ ਤਾਂ ਵੀ ਨਹੀਂ ਜਾਂਦਾ। ਅਜਿਹੀਆਂ ਘਟਨਾਵਾਂ ਦੇ ਗਵਾਹ ਬਨਣ ਦਾ ਮੌਕਾ ਜ਼ਿੰਦਗੀ ਵਿੱਚ ਕਦੇ-ਕਦਾਈਂ ਹੀ ਦੁਬਾਰਾ ਆਉਂਦਾ ਹੈ। ਮੈਨੂੰ ਲਗਦਾ ਹੈ ਕਿ ਉਸ ਦਿਨ ਪਿੰਡ ਦਾ ਕੋਈ ਵੀ ਬੰਦਾ ਚੈਨ ਨਾਲ ਨਹੀਂ

ਸੌਂ ਸਕਿਆ ਹੋਵੇਗਾ। ਮੈਨੂੰ ਨੀਂਦ ਬਹੁਤ ਦੇਰ ਨਾਲ ਆਈ, ਲਗਭਗ ਤੜਕੇ ਤੋਂ ਪਹਿਲਾਂ। ਇਸ ਲਈ ਮੈਂ ਵੇਲੇ ਸਿਰ ਉੱਠ ਨਹੀਂ ਸਕਿਆ। ਜੇ ਬਾਹਰ ਰੌਲਾ-ਰੱਪਾ ਨਾ ਪੈਂਦਾ ਤਾਂ ਸ਼ਾਇਦ ਕੁਝ ਸਮਾਂ ਹੋਰ ਨੀਂਦ ਨਾ ਖੁਲ੍ਹਦੀ। ਛੇਤੀ-ਛੇਤੀ ਉੱਠ ਕੇ ਬਾਹਰ ਆਕੇ ਦੇਖਿਆ ਕਿ ਲੋਕ ਬੇਚੈਨੀ ਨਾਲ ਇੱਧਰ-ਉੱਧਰ ਭੱਜ ਰਹੇ ਹਨ। ਉਹ ਬੰਦਾ ਨਹੀਂ ਲੱਭ ਰਿਹਾ। ਜੰਦਰਾ ਬਾਹਰੋਂ ਬੰਦ ਹੈ, ਪਰ ਅੰਦਰ ਬੰਦਾ ਨਹੀਂ ਹੈ। ਪਾਣੀ ਦਾ ਗਿਲਾਸ ਰੱਖਿਆ ਗਿਆ ਸੀ, ਖਾਲੀ ਗਿਲਾਸ ਪਿਆ ਹੈ। ਮਾਂ ਨੇ ਸਿਰਫ਼ ਇੱਕ ਗੱਲ ਕਹੀ- 'ਮੈਂ ਲੋਕਾਂ ਦੇ ਸਾਹਮਣੇ ਜੰਦਰਾ ਮਾਰ ਕੇ ਸੁੱਤੀ ਸੀ। ਹੁਣ ਕਿਵੇਂ ਕੀ ਹੋਇਆ, ਮੈਨੂੰ ਕੀ ਪਤਾ।'

ਉਦੋਂ ਤੱਕ ਲੋਕ ਆਸ-ਪਾਸ ਦੇ ਪਿੰਡਾਂ ਵਿੱਚ, ਬੰਦੇ ਦੀ ਭਾਲ ਵਿੱਚ ਸਰਹੱਦ ਵੱਲ ਚਲੇ ਗਏ ਸਨ। ਇੱਕ ਨੇ ਇਹ ਵੀ ਕਿਹਾ, ਕੀ ਉਹ ਮਨੁੱਖ ਸੀ ਜਾਂ ਜਿੰਨ। ਦੂਜੇ ਨੇ ਸਵਾਲ ਕੀਤਾ, ਭਲਾ ਜਿੰਨ ਕਿਤੇ ਹਿੰਦੂ ਹੁੰਦਾ ਹੈ? ਇਸ ਸਵਾਲ ਦਾ ਜਵਾਬ ਕਿਸੇ ਨੇ ਨਹੀਂ ਦਿੱਤਾ। ਸ਼ਾਮ ਤੱਕ ਕਾਫੀ ਭਾਲ ਕਰਨ ਦੇ ਬਾਵਜੂਦ ਕੋਈ ਖ਼ਬਰ ਨਹੀਂ ਮਿਲੀ। ਮੈਂ ਹੋਰਨਾਂ ਨਾਲ ਰਲ ਕੇ ਡੰਡਾ ਮਾਰ-ਮਾਰ-ਕੁੱਟ ਕੇ ਗੰਨੇ ਅਤੇ ਕਣਕ ਦੇ ਖੇਤਾਂ ਦੀ ਤਲਾਸ਼ੀ ਲਈ। ਇੱਕ ਬੰਦਾ ਕਿਵੇਂ ਆਇਆ ਤੇ ਕਿਵੇਂ ਚਲਾ ਗਿਆ, ਕੋਈ ਨਹੀਂ ਦੱਸ ਸਕਿਆ। ਰਾਤ ਨੂੰ ਮੈਂ ਬਹੁਤ ਉਦਾਸ ਹੋਕੇ ਸੁੱਤਾ ਸੀ। ਸਰੀਰ ਵਿੱਚ ਕੰਬਣੀ ਸੀ। ਦਿਲ ਕਹਿ ਰਿਹਾ ਸੀ, ਬੰਦਾ ਨਹੀਂ ਗਿਆ, ਆਲੇ-ਦੁਆਲੇ ਹੀ ਹੈ। ਨਾਲ ਵਾਲੇ ਕਮਰੇ ਵਿੱਚੋਂ ਮਾਪਿਆਂ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ।

'ਤੂੰ ਚੰਗਾ ਨਹੀਂ ਕੀਤਾ।' ਬਾਪੂ ਕਹਿ ਰਿਹਾ ਸੀ।

'ਕੀ ਤੁਸੀਂ ਲੋਕਾਂ ਨੇ ਇਹ ਸਹੀ ਕੀਤਾ ਸੀ? ਜਾਸੂਸ ਕਹਿ ਕੇ ਪੁਲਿਸ ਦੇ ਹਵਾਲੇ ਕਰ ਰਹੇ ਸੀ?' ਮਾਂ ਨੇ ਸਵਾਲ ਕੀਤਾ।

'ਜਾਸੂਸ ਸੀ ਜਾਂ ਨਹੀਂ, ਪੁਲਿਸ ਆਪੇ ਦੇਖ ਲੈਂਦੀ।' ਬਾਪੂ ਨੇ ਜਵਾਬ ਦਿੱਤਾ।

'ਤਾਂ ਕੀ ਸਭ ਕੁਝ ਜਾਣਦੇ ਹੋਏ ਵੀ ਅਜਿਹਾ ਕਰੋਗੇ?'

'ਇੰਨੇ ਸਾਲਾਂ ਬਾਅਦ ਕਿਉਂ ਆਇਆ ਸੀ?'

'ਇਹ ਉਸ ਦਾ ਵਤਨ ਹੈ। ਘਰ ਹੈ। ਜਨਮ ਭੋਂ ਹੈ। ਆ ਹੀ ਸਕਦਾ ਹੈ।

'ਇਹ ਸਿਰਫ਼ ਕਹਿਣ ਨਾਲ ਨਹੀਂ ਹੁੰਦਾ। ਉਸ ਦਾ ਘਰ-ਦਵਾਰ, ਜ਼ਮੀਨ-ਜਾਇਦਾਦ ਹੈ ਕੀ?

'ਪਾਕਿਸਤਾਨੀਆਂ ਨੇ ਪਤਨੀ ਨੂੰ ਬੱਚਿਆਂ ਸਮੇਤ ਘਰ 'ਚ ਬੰਦ ਕਰਕੇ ਸਾੜ ਦਿੱਤਾ। ਦੇਸ਼ ਅਜ਼ਾਦ ਹੋਣ 'ਤੇ ਤੁਸੀਂ ਲੋਕਾਂ ਨੇ ਇਕੱਲੇ ਬੰਦੇ ਨੂੰ ਪਾਗਲ ਕਰਾਰ ਦੇ ਕੇ ਦੇਸ਼ ਤੋਂ ਕੱਢ ਦਿੱਤਾ। ਅਤੇ ਹੁਣ ਜਸੂਸ ਕਹਿ ਕੇ ਪੁਲਿਸ ਦੇ ਹਵਾਲੇ ਕਰਨ ਜਾ ਰਹੇ ਸੀ, ਹੋਰ ਕਿੰਨੇ ਤਸੀਹੇ ਦੇਵੋਗੇ?' ਮਾਂ ਨੇ ਹੁਣ ਉੱਚੀ ਅਵਾਜ਼ ਵਿੱਚ ਉਤੇਜਿਤ ਹੋ ਕੇ ਕਿਹਾ।

'ਹੌਲੀ ਬੋਲ ਨਿਆਣੇ ਸੁਣਨਗੇ।' ਬਾਪੂ ਨੇ ਝਿੜਕ ਕੇ ਮਾਂ ਨੂੰ ਰੋਕ ਦਿੱਤਾ। ਇੱਕ ਪਲ ਵਿੱਚ ਸਾਰੇ ਘਰ ਵਿੱਚ ਪੁਰਾਣੀ ਖਾਮੋਸ਼ੀ ਪਸਰ ਗਈ।

ਅੱਖਾਂ ਬੰਦ ਕੀਤੇ-ਕੀਤੇ ਹੀ ਮੈਨੂੰ ਮਹਿਸੂਸ ਹੋਇਆ ਕਿ ਕੋਈ ਮੇਰੇ ਸਿਰਾਹਣੇ ਖੜ੍ਹਾ ਹੈ। ਉਸਦੇ ਗਰਮ ਸਾਹਾਂ ਨੇ ਹਵਾ ਨੂੰ ਬੋਝਿਲ ਕਰ ਦਿੱਤਾ ਸੀ। ਮੈਂ ਇਹ ਵੀ ਨਹੀਂ ਕਹਿ ਸਕਦਾ, 'ਮੈਨੂੰ ਸਭ ਕੁਝ ਪਤਾ ਹੈ।'

ਬਾਪੂ ਦਾ ਪਰਛਾਵਾਂ ਮੇਰੇ ਸਰੀਰ 'ਤੇ ਪੈਂਦਾ ਹੈ।

ਕਹਾਣੀ

# ਖਰੀਂਢ

**-ਅਲੀ ਉਸਮਾਨ ਬਾਜਵਾ**

ਪੱਖੇ ਦੀ ਜਿਵੇਂ ਕਿਸੇ ਨੇ ਜਾਨ ਈ ਕੱਢ ਲਈ ਹੋਵੇ। ਚੀਂ ਚੀਂ ਕਰਦਾ ਤੇ ਤੇਜ਼ ਹਵਾ ਮਾਰਦਾ ਇਕਦਮ ਬੰਦ ਹੋਇਆ ਤੇ ਉਹਦੇ ਖੰਭ ਹੌਲੀ ਹੌਲੀ ਘੁੰਮਦੇ ਖਲੋ ਗਏ। ਬਿਜਲੀ ਜਾਣ ਪਾਰੋਂ ਪੱਖਾ ਜਿਉਂਦਿਆਂ ਤੋਂ ਮੁਰਦਾ ਹੋਇਆ। ਕਮਰੇ ਦੇ ਫ਼ਰਸ਼ 'ਤੇ ਵਿਛੇ ਬਿਸਤਰ 'ਤੇ ਲੰਮਾ ਪਿਆ ਉਹ ਹੌਲੀ ਹੌਲੀ ਘੁੰਮਦੇ ਪੱਖੇ ਨੂੰ ਤੱਕੀ ਜਾ ਰਿਹਾ ਸੀ। ਉਸਦੀ ਬੁਨੈਣ ਵਿਚ ਮੋਰੀਆਂ ਸਨ ਤੇ ਉਸ ਨੇ ਇਕ ਕਾਲੇ ਰੰਗ ਦੀ ਸਲਵਾਰ ਪਾਈ ਹੋਈ ਸੀ। ਪਹਿਲਾਂ ਕਿਧਰੇ ਬਿਜਲੀ ਜਾਵਣ ਤੇ ਓਹਨੂੰ ਤਪ ਚੜ੍ਹਦੀ, ਪਰ ਹੁਣ ਉਹਦੇ ਮਨ ਵਿਚ ਕੱਖ ਨਾ ਆਉਂਦਾ। ਔਰ ਮਰਦੇ ਹੋਏ ਪੱਖੇ ਨੂੰ ਸਿੱਧਾ ਲੰਮਾ ਪਿਆ ਬਸ ਦੇਖਦਾ ਹੀ ਰਿਹਾ– ਕਿੰਨਾ ਈ ਚਿਰ ਉਹ ਓਥੇ ਬੇਸੁਰਤ ਲੰਮਾ ਪਿਆ ਰਿਹਾ।ਜਦ ਮੁੜ੍ਹਕੇ ਨੇ ਮੱਥੇ ਤੇ ਲਿਸ਼ਕਣਾ ਸ਼ੁਰੂ ਕੀਤਾ ਤੇ ਉਸ ਆਪਣਾ ਆਪ ਧਰੂਹ ਕੇ ਉਠਾਇਆ, ਮੂੰਹ ਤੇ ਛਿੱਟਾ ਮਾਰਿਆ, ਮੋਰੀਆਂ ਵਾਲੀ ਬੁਨੈਣ ਉਤੇ ਕਾਲ਼ਾ ਕੁਰਤਾ ਪਾਇਆ ਤੇ ਕੈਂਚੀ ਜੁੱਤੀ ਪਾ ਕੇ ਬਾਹਰ ਨਿਕਲ ਗਿਆ। ਸੂਰਜ ਇਵੇਂ ਅੱਗ ਸੁੱਟ ਰਿਹਾ ਸੀ ਜਿਵੇਂ ਆਪਣੇ ਜੰਮਣ ਤੇ ਗ਼ੁੱਸਾ ਕੱਢ ਰਿਹਾ ਹੋਵੇ । ਢੇਰ ਪੁਰਾਣੇ ਏਸ ਬਾਜ਼ਾਰ ਦਾ ਓਹੀਓ ਸ਼ੋਰ ਸੀ। ਵੱਡੀ ਬਿਲਡਿੰਗ ਵਿਚ ਲਏ ਕਿਰਾਏ ਦੇ ਏਸ ਕਮਰੇ ਵਿਚੋਂ ਨਿਕਲ ਕੇ ਇਹ ਬਾਜ਼ਾਰ ਹੀ ਉਹਦੀ ਕੁਲ ਦੁਨੀਆ ਸੀ। ਮੋਟਰ ਸਾਈਕਲਾਂ ਦਾ ਸ਼ੋਰ ਤੇ ਸਾਰੇ ਬਾਜ਼ਾਰ ਵਿਚ ਬੋਅ ਮਾਰਦਾ ਗਟਰਾਂ ਦਾ ਪਾਣੀ ਜੋ ਉਨ੍ਹਾਂ ਸਾਰਿਆਂ ਦਾ ਗੂੰਹ –ਮੂਤਰ ਸੀ ਜਿਹੜੇ ਉੱਤੇ ਬਹਿ ਕੇ ਰੋਟੀ ਖਾਂਦੇ ਸਨ ਪਏ। ਏਸ ਸ਼ਹਿਰ ਵਿਚ ਅੰਨ ਪਾਣੀ ਕਰਨ ਦਾ ਕੋਈ ਖ਼ਾਸ ਵੇਲ਼ਾ ਨਹੀਂ ਸੀ ਮਿਥਿਆ ਗਿਆ। ਜਦੋਂ ਅੱਖ ਖੁੱਲ੍ਹੇ ਯਾ ਵਿਹਲ ਲੱਗੇ ਤੇ ਰੋਟੀ ਖਾ ਲਓ। ਦੁਪਹਿਰੇ ਖੁੱਲ੍ਹੀ ਅੱਖ ਨੇ ਉਹਦੇ ਚਿਹਰੇ ਉਤੇ ਹੋਰ ਉਦਾਸੀ ਭਰ ਛੱਡੀ ਸੀ। ਉਹਦਾ ਮੂੰਹ ਕੁਸੈਲਾ ਹੋ ਰਿਹਾ ਸੀ ਤੇ ਨਿਰਣੇ ਕਾਲਜੇ ਤੰਦੂਰ ਦੀਆਂ ਅੱਧ ਪੱਕੀਆਂ ਰੋਟੀਆਂ ਖਾਣ ਦਾ ਸੋਚ ਕੇ ਹੀ ਉਹਦਾ ਜੀ ਹੁਸੜਨ ਲੱਗਾ। ਤਰੀ ਵਾਲਾ ਸਾਲਨ ਤੇ ਤੇਜ਼ ਮਸਾਲੇ। ਇਹ ਅੱਜ ਦੀ ਕਹਾਣੀ ਨਹੀਂ, ਰੋਜ਼ ਦੀ ਕਹਾਣੀ ਸੀ – ਰੋਜ਼ ਹੀ ਉਹਦਾ ਜੀ ਰੋਟੀ ਖਾਵਣ ਨੂੰ ਨਾ ਕਰਨਾ ਤੇ ਰੋਜ਼ ਹੀ ਉਸ ਰੋਟੀ ਖਾ ਲੈਣੀ– ਵਧੇਰੇ ਘੰਟੇ ਸੌਣ ਮਗਰੋਂ ਉਹਦੀਆਂ ਅੱਖਾਂ ਸੁੱਜੀਆਂ ਸਨ ਤੇ ਵਾਲ਼ ਖਿਲਰੇ ਸਨ। ਹੋਟਲ ਦੇ ਮੇਜ਼ ਤੇ ਬੈਠਿਆਂ ਉਹਦਾ ਜੀ ਨਾ ਕਰੇ ਕਿ ਬੈਰ੍ਹੇ ਨੂੰ ਬੁਲਾਏ ਤੇ ਕੁਝ ਆਖੇ। ਉਹ ਚੁੱਪ ਕਰ ਕੇ ਓਥੇ ਬੈਠਾ ਰਿਹਾ। ਗਲਾਸ ਵਿਚ ਥੋੜ੍ਹਾ ਜਿਹਾ ਪਾਣੀ ਪਾ ਕੇ ਉਸ ਗਲਾਸ ਹੰਗਾਲਿਆ, ਇਹ ਜਾਣਦਿਆਂ ਵੀ ਕਿ ਇਹ ਸਫ਼ਾਈ ਬੱਸ ਦਿਲ ਦੀ ਤਸੱਲੀ ਏ।

ਪਾਣੀ ਦਾ ਘੁੱਟ ਭਰ ਕੇ ਉਸ ਆਲ ਦੁਆਲੇ ਝਾਤ ਪਾਈ। ਆਲ ਦੁਆਲੇ ਬੈਠਿਆਂ ਗਾਹਕਾਂ ਵਿਚਕੁਝ ਵੀ ਦੇਖਣ ਵਾਲਾ ਨਹੀਂ ਸੀ। ਚੁੱਪ ਚੁਪੀਤੇ ਬੈਠੇ ਨੂੰ ਵੇਖ ਕੇ ਬੈਰ੍ਹਾ ਆਪ ਆਇਆ।

ਜੀ... ਬਾਊ ਜੀ...ਸਬਜ਼ੀ ਵਿਚ ਆਲੂ ਪਾਲਕ ਜੇ, ਤੇ ਬਾਕੀ ਤੁਹਾਨੂੰ ਪਤਾ ਈ ਏ।

ਬੈਰ੍ਹੇ ਦੀ ਆਵਾਜ਼ ਸੁਣ ਕੇ ਉਹਨੂੰ ਆਪਣੇ ਘਰ ਦੀ ਯਾਦ ਆਈ। ਘਰ ਵਿਚ ਕੋਈ ਆਲੂ ਪਾਲਕ ਪੱਕਣ ਦੀ ਖ਼ਬਰ ਦਸਦਾ ਤੇ ਉਹ ਸੱਤ ਵਾਰ ਨੱਕ ਚਾੜ੍ਹ ਸਕਦਾ ਸੀ ਪਰ ਉਥੇ ਨਾ ਕਰ ਸਕਿਆ।

ਚਿਕਨ ਲੈ ਆ... ਹਾਫ਼ ਪਲੇਟ.....

ਚੰਗਾ....

ਰੋਟੀ ਲਾਲ਼ ਕਰਕੇ...ਕੱਚੀ ਰਹਿ ਜਾਂਦੀ ਏ।

ਫ਼ਿਰ ਰੋਟੀ ਵੀ ਆਈ ਤੇ ਹਾਫ਼ ਪਲੇਟ ਚਿਕਨ ਵੀ, ਜਿਹੜੀਆਂ ਬੈਰ੍ਹਾ ਉਹਦੇ ਅੱਗੇ ਰੱਖਣ ਦੀ ਬਜਾਏ ਸੁੱਟ ਕੇ ਗਿਆਸੀ – ਕਾਹਲ਼ ਵਿਚ ਉਡਦੇ ਫਿਰਦੇ ਬੈਰ੍ਹੇ ਨੂੰ ਕਦੇ ਖ਼ਿਆਲ ਨਈਂ ਸੀ ਆ ਸਕਦਾ ਕਿ ਰੋਟੀ ਉਡੀਕਦੇ ਦੇ ਮਨ ਵਿਚ ਕੀ ਚਲਦਾ ਏ ਪਿਆ।

ਓਹਨੂੰ ਬੈਰ੍ਹੇ ਦੀ ਇਹ ਹਰਕਤ ਕਦੇ ਚੰਗੀ ਨਾ ਲੱਗੀ, ਪਰ ਉਸ ਕਦੇ ਕੁਝ ਵੀ ਨਾ ਆਖਿਆ। ਖ਼ੌਰੇ ਉਹ ਕਹਿ ਹੀ ਨਹੀਂ ਸੀ ਸਕਦਾ। ਇਕ ਝਿਜਕ, ਇਕ ਝਾਕਾ ਜਿਹੜਾ ਉਹਦੇ ਅੰਦਰ ਸੀ, ਔਰ ਜਿਸਦਾ ਸਿਰਫ਼ ਓਹਨੂੰ ਪਤਾ ਸੀ ।ਉਹ ਜੇ ਕਹਿ ਵੀ ਦਿੰਦਾ ਤੇ ਬੈਰ੍ਹੇ ਨੇ ਅੱਗੋਂ ਹੱਸ ਛੱਡਣਾ ਸੀ, ਆਲੇ ਦੁਆਲੇ ਬੈਠੇ ਲੋਕ ਵੀ ਖ਼ੌਰੇ ਆਨੇ ਕੱਢ ਕੇ ਵੇਖਦੇ ਤੇ ਅੰਦਰੋਂ ਅੰਦਰੀ ਹੱਸਦੇ।

ਅਖ਼ੇ ਸਾਲਨ ਦੀ ਪਲੇਟ ਥੋੜਾ ਆਰਾਮ ਨਾਲ਼ ਧਰੀ ਦੀ ਏ, ਤੂੰ ਤੇ ਸੁੱਟ ਕੇ ਜਾਨਾ ਐਂ ਅੱਗੇ।

ਦੋ ਰੋਟੀਆਂ ਵਿਚੋਂ ਉਤਲੀ ਗਰਮ ਤੇ ਥਲ਼ੜੀ ਠੰਡੀ ਸੀ,ਜਿਹੜੀ ਗਰਮ ਰੋਟੀ ਖਾਂਦਿਆਂ ਹੋਰ ਠੰਡੀ ਹੋ ਗਈ ਸੀ। ਕੱਚਾ ਆਟਾ ਚਬਦਿਆਂ ਉਹਨੂੰ ਬਾਲਪਣੇ ਦੀ ਆਟੇ ਦੀ ਚਿੜੀ ਯਾਦ ਆਉਂਦੀ – ਤੀਲੇ ਉੱਤੇ ਲੱਗੀ ਉਸ ਚਿੜੀ ਨਾਲ਼ ਉਸ ਖੇਡਦਾ ਰਹਿਣਾ। ਜਦ ਅੱਕ ਜਾਂਦਾ ਤੇ ਆਪ ਈ ਆਖਦਾ:

ਮੈਂ ਤੈਨੂੰ ਖਾ ਜਾਵਾਂਗਾ... ਆ ਆਹ.....

ਤੇ ਨਾਲ਼ ਚਿੜੀ ਦੀ ਧੌਣ ਤੇ ਚੱਕ ਮਾਰਦਾ।ਗਿੱਲੇ ਆਟੇ ਦਾ ਸੁਆਦ ਹੁਣ ਓਹ ਰੋਜ਼ ਹੋਟਲ ਦੀਆਂ ਇਹਨਾਂ ਰੋਟੀਆਂ ਵਿਚ ਚੱਖਦਾ।

ਡਿਗਰੀ ਲੈਣ ਪਾਰੂੰ ਤੇ ਨੌਕਰੀ ਨਾ ਹੋਵਣ ਪਾਰੂੰ ਉਹ ਘਰ ਨਾ ਮੁੜ ਸਕਿਆ। ਕਿਹੜੇ ਮੂੰਹ ਨਾਲ਼ ਜਾਂਦਾ? ਬਚਪਨ ਤੋਂ ਲੈ ਕੇ ਹੁਣ ਤਾਈਂ ਜਿੰਨੀਆਂ ਫ਼ੀਸਾਂ ਉਹਦੀ ਪੜ੍ਹਾਈ ਤੇ ਲੱਗੀਆਂ ਸਨ, ਉਹ ਸਾਰੀਆਂ ਉਸ ਘਰਦਿਆਂ ਨੂੰ ਤਾਰਨੀਆਂ ਸਨ। ਸ਼ਹਿਰ ਦੇ ਸਾਰੇ ਬੇਰੋਜ਼ਗਾਰਾਂ ਵਿਚੋਂ ਉਹ ਵੀ ਇਕ ਸੀ। ਨਾਲਦਿਆਂ ਨੂੰ ਮੁਕਾਬਲੇ ਦੇ ਇਮਤਿਹਾਨ ਦੀ ਤਿਆਰੀ ਕਰਦਿਆਂ ਵੇਖਿਆ, ਤੇ ਉਸ ਵੀ ਆਪਣਾ ਅੰਦਰ ਕਿਤਾਬਾਂ ਨਾਲ਼ ਭਰ ਲਿਆ। ਕੰਧਾਂ ਤੇ ਨਕਸ਼ੇ ਲਾ ਲਏ। ਜਿਥੇ ਜਿਥੇ ਜਾਵਣ ਦੀ ਖ਼ਵਾਹਿਸ਼ ਉਹਦੇ ਦਿਲ ਵਿਚ ਸੀ, ਉਹ ਉਨ੍ਹਾਂ ਮੁਲਕਾਂ ਨੂੰ ਨਕਸ਼ੇ ਤੇ ਦੇਖਦਾ ਰਹਿੰਦਾ।

ਇਹ ਸਭ ਕੁਛ ਢੌਂਗ ਸੀ ਜਿਹੜਾ ਉਹਨੇ ਆਪਣੇ ਆਪ ਅੱਗੇ ਰਚਾਇਆ ਸੀ। ਘਰ ਵਾਲੇ ਤੇ ਆਲ ਦੁਆਲੇ ਦੇ ਲੋਕ ਵੀ ਹਾਲੇ ਚੁੱਪ ਸਨ ਕਿ:

ਆਹੋ ਜੀ ! ਤਿਆਰੀ ਕਰਦਾ ਪਿਆ ਏ !

ਅਸਲ ਵਿਚ ਓਹ ਕੁਝ ਵੀ ਨਹੀਂ ਸੀ ਕਰ ਰਿਹਾ, ਓਹ ਕੁਝ ਵੀ ਨਹੀਂ ਸੀ ਕਰਨਾ ਚਾਹੁੰਦਾ – ਓਹ ਬਸ ਸੌਣਾ ਚਾਹੁੰਦਾ ਸੀ। ਰੱਜ ਕੇ ਸੌਣਾ ਚਾਹੁੰਦਾ ਸੀ। ਓਹ ਰੱਜ ਕੇ ਸੌਂਦਾ ਵੀ ਸੀ ਪਰ ਜਦੋਂ ਅੱਖ ਖੁੱਲ੍ਹੇ ਤਾਂ ਓਹਨੂੰ ਆਪਣੇ ਆਪ ਤੇ ਤਰਸ ਆਉਂਦਾ। ਹਰ ਦੁਪਹਿਰ, ਖੁੱਲ੍ਹੀ ਅੱਖ ਤੇ ਕਦੇ ਓਹ ਰੋਣ ਹਾਕਾ ਹੋਇਆ ਹੁੰਦਾ ਕਦੇ ਬਿਮਾਰ ਮਹਿਸੂਸ ਕਰਦਾ।ਕਦੇ ਥੱਕਿਆ ਹੋਇਆ, ਕਦੇ ਭੁੱਖਾ ਤੇ ਕਦੇ ਖ਼ਾਲੀ, ਬਿਲਕੁਲ ਖ਼ਾਲੀ।

ਸ਼ਾਮੀਂ ਉਹਦੇ ਸੰਗੀ ਬੇਲੀ ਉਹਦੇ ਨਾਲ਼ ਹੁੰਦੇ। ਉਨ੍ਹਾਂ ਦੀ ਸੰਗਤ ਉਨ੍ਹਾਂ ਦੇ ਹਾਲਾਤ ਪਾਰੋਂ ਸੀ। ਵੱਖੋ ਵੱਖ ਸ਼ਹਿਰਾਂ ਤੋਂ ਕਾਮਯਾਬ ਹੋਵਣ ਆਏ ਮੁੰਡੇ ਤੇ ਕੁਝ ਕੁੜੀਆਂ ਉਥੇ ਸੰਗੀ ਹੋ ਗਏ ਸਨ।ਅੱਧੀ ਰਾਤ ਨੂੰ ਨੀਵੀਂ ਛੱਤ ਵਾਲੀ ਚਾਹ ਦੀ ਹੱਟੀ ਦੀ ਪਹਿਲੀ ਮੰਜ਼ਿਲ ਦੀ ਬਾਰੀ ਤੋਂ ਕਾਲੇ ਪਾਣੀ ਵਿਚ ਡੁੱਬਿਆ ਬਾਜ਼ਾਰ ਦਿਸਦਾ। ਉਹੀਓ ਭੁਰੇ ਹੋਏ ਕੰਢਿਆਂ ਵਾਲੇ ਚਾਹ ਦੇ ਪਿਆਲੇ ਤੇ ਪਸ਼ਤੋ ਬੋਲਦੇ ਬੈਰ੍ਹੇ। ਮੁੜ ਮੁੜ ਕੇ ਆਪਣੇ ਮੁਬਾਇਲ ਤੱਕਣ ਵਾਲੇ ਸੰਗੀ। ਇਕ ਦੂਜੇ ਤੋਂ ਲਾਈਟਰ ਮੰਗ ਕੇ ਸਿਗਰੇਟ ਬਾਲਦੇ ਤੇ ਧੂੰਏਂ ਨਾਲ਼ ਭਰੇ ਹੋਏ ਨਿੱਕੇ ਅੰਦਰ ਨੂੰ ਹੋਰ ਧੂੰਏਂ ਨਾਲ਼ ਭਰਦੇ।

ਉਹਦਾ ਦਿਲ ਵੀ ਚਾਹ ਦੀ ਹੱਟੀ ਵਰਗਾ ਨੀਵੀਂ ਛੱਤ ਵਾਲਾ ਅੰਦਰ ਹੋ ਗਿਆ ਸੀ। ਜਿਸ ਵਿਚ ਹਰ ਪਾਸੇ ਧੂੰਆਂ ਹੀ ਧੂੰਆਂ ਸੀ।ਉਹਦਾ ਦਿਲ ਹਰ ਵੇਲੇ ਡਰਦਾ ਰਹਿੰਦਾ। ਡਰ ਡਰ ਕੇ ਨਿੱਕਾ ਜਿਹਾ ਦਿਲ ਰਹਿ ਗਿਆਸੀ।ਕਾਹਦੇ ਤੋਂ ਡਰਦਾ ਸੀ, ਇਹਦੀ ਸੁਰਤ ਉਹਨੂੰ ਕੋਈ ਨਾ।

ਸਿਆਸਤ ਤੇ ਸਿਆਸਤ ਦੀਆਂ ਗੱਲਾਂ ਫ਼ਿਰ ਛਿੜਦੀਆਂ ।ਫ਼ਲਾਣਾ ਫਲਾਣੇ ਮੁਸ਼ਾਇਰੇ ਤੇ ਗਿਆ,ਤੇ ਫ਼ਲਾਣਾ ਫ਼ਲਾਣੀ ਨੂੰ ਸ਼ਿਅਰ ਲਿਖ ਕੇ ਦਿੰਦਾ ਏ। ਅੱਜ ਕੱਲ੍ਹ ਉਹਦਾ ਉਹਦੇ ਨਾਲ਼ ਚੱਕਰ ਏ ਤੇ, ਫ਼ਲਾਣਾ ਬੇ–ਵਜ਼ਨੇ ਸ਼ਿਅਰ ਕਹਿਣ ਵਾਲਾ, ਅੱਜ ਕੱਲ੍ਹ ਸਾਰੇ ਸ਼ਹਿਰ ਦਾ ਪਿਓ ਬਣਿਆ ਹੋਇਆ ਏ। ਇਕ ਦੂਜੇ ਦਾ ਜੀਅ ਪਰਚਾਂਦੇ ਸੰਗੀ। ਇਕ ਦੂਜੇ ਦੇ ਮੁਸਤਕਬਿਲ ਬਾਰੇ ਪੁੱਛਦੇ, ਇਹ ਭੁੱਲ ਜਾਂਦੇ ਕਿ ਉਨ੍ਹਾਂ ਦਾ ਆਪਣਾ ਹਾਲ ਚੰਗਾ ਨਹੀਂ ।ਦੁੱਖੜੇ ਫਰੋਲਦੇ, ਇਹ ਜਾਣਦਿਆਂ ਹੋਇਆਂ ਕਿ ਦੂਜਾ ਕੱਖ ਨਹੀਂ ਕਰ ਸਕਦਾ। ਦਿਲ ਦੀ ਢਾਰਸ ਜਿਹੀ ਬਝ ਜਾਂਦੀ ਏ, ਕੱਲਮਕਾਰੇ ਆਏ ਤੇ ਕੱਲਮਕਾਰੇ ਰਹਿਣ ਵਾਲਿਆਂ ਨੇ ਆਪਣੇ ਪੁਰਖਿਆਂ ਵਾਂਗ ਕੱਲਮਕਾਰੇ ਹੀ ਇਹ ਦੁਨੀਆ ਭੋਗਣੀ ਏ। ਹਰ ਕਿਸੇ ਨੇ ਆਪਣੀ ਲਾਸ਼ ਆਪ ਚੁੱਕ ਕੇ ਟੁਰਨਾ ਏ। ਉਹ ਸਾਰੇ ਮਰ ਜਾਣ ਵਾਲੇ ਯਾਰ ਕਵੀਆਂ ਤੇ ਲੇਖਕਾਂ ਬਾਰੇ ਗੱਲਾਂ ਕਰਦੇ ਤੇ ਆਪਣੇ ਆਪ ਨੂੰ ਉਸ ਟੱਬਰ ਦਾ ਜੀ ਸਮਝ ਕੇ ਖ਼ੁਸ਼ ਹੁੰਦੇ। ਲੰਘ ਗਏ ਹੋਏ ਦਿਹਾੜਿਆਂ ਨੂੰ ਯਾਦ ਕਰ ਕੇ ਓਹ ਉਹਨਾਂਵਿਚ ਜਿਊਣ ਦੀ ਕੋਸ਼ਿਸ਼ ਕਰਦੇ। ਏਸ ਸ਼ਹਿਰ ਵਿਚ ਬਥੇਰੇ ਲੇਖਕ ਰਹਿੰਦੇ ਰਹੇ ਸਨ ਪਰ ਹੁਣ ਉਨ੍ਹਾਂ ਦੀਆਂ ਕਬਰਾਂ ਤੇ ਉੱਗਿਆ ਘਾਹ ਵੀ ਸੁੱਕ ਚੁੱਕਿਆ ਸੀ।

ਬਾਜ਼ਾਰ ਵਿਚੋਂ ਆਂਡਾ ਟਿਕੀ ਬਣਨ ਉੱਤੇ ਵੱਡਾ ਤਵਾ ਖੜਕਣ ਤੇ ਉਨ੍ਹਾਂ ਨੂੰ ਯਾਦ ਆਉਂਦਾ ਕਿ ਉਹ ਕਿੱਥੇ ਨੇ। ਇਕ ਦੂਜੇ ਨੂੰ ਸ਼ਿਅਰ ਸੁਣਾਂਦੇ ਓਹ ਆਦੀ ਮੁਜਰਿਮ ਦੀ ਤਰ੍ਹਾਂ ਵਾਹ ਵਾਹ ਕਰਦੇ ਰਹਿੰਦੇ।ਇਕ ਦੂਜੇ ਨਾਲ਼ ਬੈਠੇ ਹੋਏ ਗਵਾਚ ਜਾਂਦੇ।ਓਹ ਵੀ ਸ਼ਿਅਰ ਕਹਿੰਦਾ ਪਰ ਢਿੱਡੋਂ ਉਹਨੂੰ ਪਤਾ ਸੀ ਕਿ ਇਹ ਸ਼ਿਅਰ ਨਹੀਂ ਸਨ। ਜੁਗਤਾਂ, ਤੇ ਚਾਘੀਆਂ ਕਰਦੇ। ਵੇਲੇ

ਨੂੰ ਝੂਠਾ ਕਰਨ ਦੇ ਜਤਨ ਕਰਦੇ।

ਸਾਰੀ ਰਾਤ ਟਪਾਕੇ ਓਹ ਉਠਿਆ ਤੇ ਸ਼ੋਰ ਸ਼ਰਾਬੇ ਨੂੰ ਮਿਟਾ ਓਹ ਆਪਣੇ ਕਿਤਾਬਾਂ ਨਾਲ਼ ਲੱਦੇ ਖ਼ਾਲੀ ਕਮਰੇ ਵਿਚ ਆ ਵੜਿਆ। ਇਕ ਇਕਲਾਪਾ ਸੀ ਜਿਸਨੂੰ ਉਸ ਗਲ ਨਾਲ਼ ਲਾ ਲਿਆ ਸੀ । ਬੱਤੀ ਬਾਲ, ਪੱਖਾ ਚਲਾ ਤੇ ਕਮੀਜ਼ ਲਾਹ, ਓਹ ਲੰਮਾ ਪੈ ਗਿਆ – ਚਾਹ ਪੀਂਦਿਆਂ ਕਿਸੇ ਮਿੱਤਰ ਦੀ ਜੁਗਤ ਨੂੰ ਯਾਦ ਕਰਕੇ ਓ ਹਾਲੇ ਵੀ ਨਿੰਮਾਂ ਨਿੰਮਾਂ ਹਸਦਾ ਸੀ ਪਿਆ। ਉਹ ਖੁਲ੍ਹ ਕੇ ਵੀ ਹੱਸ ਸਕਦਾ ਸੀ, ਪੂਰੇ ਕਮਰੇ ਵਿਚ ਓਹ ਇਕੱਲਾ ਸੀ।

ਸਵੇਰ ਦੇ ਛੇ ਵੱਜ ਰਹੇ ਸਨ, ਉਹਨੇ ਮੁਬਾਇਲ ਕੱਢਿਆ ਤੇ ਫ਼ੇਸ ਬੁੱਕ ਤੇ ਇਕ ਲੰਮਾ ਜਿਹਾ ਸਟੇਟਸ ਲਿਖਿਆ। ਇਹ ਸਭ ਲਿਖਦਿਆਂ ਉਹਦੇ ਚਿਹਰੇ ਤੇ ਹਾਸੇ ਸਨ। ਮੁਬਾਇਲ ਨੂੰ ਫ਼ੇਰ ਚਾਰਜਿੰਗ ਤੇ ਲਾਇਆ। ਤੇ ਬਟਨ ਨੱਪ ਕੇ ਚਲਦੇ ਪੱਖੇ ਦੀ ਜਾਨ ਇਕ ਵਾਰ ਫ਼ਿਰ ਕੱਢ ਲਈ।

ਮਰੇ ਹੋਏ ਪੱਖੇ ਦੇ ਥੱਲੇ ਖਲੋ ਕੇ ਉਸ ਪੱਖੇ ਨੂੰ ਵੇਖਿਆ। ਉਹੋ ਤਿੰਨ ਪਰਾਂ ਵਾਲਾ, ਮੈਲ ਨਾਲ਼ ਕਾਲ਼ਾ ਹੋਇਆ, ਪੁਰਾਣਾ ਪੱਖਾ। ਉਹਦੇ ਅੰਦਰ ਕੁਝ ਚੱਲ ਰਿਹਾ ਸੀ। ਬਹੁਤ ਤੇਜ਼, ਬਹੁਤ ਈ ਤੇਜ਼। ਪਰ ਓਹ ਕੁਝ ਵੀ ਵੇਖ ਨਈਂ ਸੀ ਸਕਦਾ। ਉਹਨੇ ਮੈਲ਼ ਪਸੀਨੇ ਨਾਲ਼ ਗੰਦੀ ਹੋਈ ਬਿਸਤਰ ਦੀ ਚਾਦਰ ਚੁੱਕੀ ਤੇ ਕਮਰੇ ਵਿਚ ਪਈ ਹੋਈ ਟੁੱਟੀ ਕੁਰਸੀ ਨੂੰ ਖਿੱਚ ਕੇ ਪੱਖੇ ਹੇਠ ਕਰ ਲਿਆ।


*ਤ੍ਰੈਮਾਸਿਕ 'ਪ੍ਰਵਚਨ' ਪਿਛਲੇ 23 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ ਅਤੇ ਇਸ ਨੂੰ ਚੱਲਦਾ ਰੱਖਣ ਵਿਚ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

**KULWANT SINGH**

Ac. no. 07141000085751 IFSC PSIB0000714

PUNJAB & SINDH BANK

Defence Colony, Jalandhar

**ਕਹਾਣੀ**

# ਨਸਾਂ 'ਚ ਫੈਲਦਾ ਜ਼ਹਿਰ

**-ਬਲਬੀਰ ਪਰਵਾਨਾ**

ਟਰੈਕਟਰ ਮਗਰ ਪਾਈ ਰੀਪਰ ਨਾੜ ਨੂੰ ਵੱਢਦੀ, ਉਸਦਾ ਕੁਤਰਾ ਕਰ ਤੂੜੀ 'ਚ ਬਦਲਦੀ, ਟਰਾਲੀ 'ਚ ਭਰੀ ਜਾ ਰਹੀ ਸੀ। ਭਾਵੇਂ ਟਰਾਲੀ ਉਪਰ ਬਰੀਕ ਤਾਰਾਂ ਦਾ ਬੁਣਿਆ ਜਾਲ ਲੱਗਾ ਹੋਇਆ ਸੀ ਪਰ ਪੱਖੇ ਦੀ ਤੇਜ਼ ਹਵਾ ਦੇ ਦਬਾਅ ਨਾਲ ਨਿਕਲਦੀ ਤੂੜੀ 'ਚੋਂ ਘੱਟਾ, ਮਿੱਟੀ ਤੇ ਨਾੜ ਦੇ ਬਰੀਕ ਕਣ ਜਾਲ ਦੀਆਂ ਮੋਰੀਆਂ 'ਚੋਂ ਬਾਹਰ ਖਿੰਡਦੇ, ਮਾਹੌਲ ਨੂੰ ਅਜੀਬ ਤਰ੍ਹਾਂ ਧੂੜੋ-ਧੂੜ ਕਰ ਰਹੇ ਸਨ, ਜਿਵੇਂ ਟਰੈਕਟਰ ਦੇ ਪਿਛੇ ਧੂੜ ਦਾ ਵਰੋਲਾ ਤੁਰ ਰਿਹਾ ਹੋਵੇ! ਘੱਟਾ ਬਹਿੰਦਾ ਤਾਂ ਉਸ 'ਚ ਧੂੜ ਨਾਲੋਂ ਬਹੁਤੇ ਤੂੜੀ ਦੇ ਕਣ ਹੁੰਦੇ। ਪਰਨੇ ਨਾਲ ਮੂੰਹ ਸਿਰ ਵਲ੍ਹੇਟੀ ਜਗਤੂ ਟਰੈਕਟਰ ਦੇ ਪਿੱਛੇ ਤੁਰਿਆ ਫਿਰਦਾ। ਉਂਜ ਇਸਦੀ ਨਾ ਤਾਂ ਲੋੜ ਸੀ ਤੇ ਨਾ ਹੀ ਵੇਖਣ ਵਾਲੀ ਕੋਈ ਗੱਲ। ਰੀਪਰ ਦੀਆਂ ਤਿੱਖੀਆਂ ਛੁਰੀਆਂ ਦੀ ਧਾਰ ਜਿੱਥੇ ਸੈਟ ਕਰ ਦਿੱਤੀ ਗਈ, ਉਥੋਂ ਉਸਨੇ ਸੈਂਟੀਮੀਟਰ ਵੀ ਪਰਾਂ-ਉਰਾਂ ਨਹੀਂ ਸੀ ਹੋਣਾ। ਜਿਹੜਾ ਨਾੜ ਉਸਦੀ ਜ਼ੱਦ 'ਚ ਆ ਗਿਆ, ਉਥੋਂ ਤੱਕ ਉਸਨੇ ਤੀਲਾ ਨਹੀਂ ਸੀ ਛੱਡਣਾ। ਪਿੱਛੇ ਬਚਦੇ ਉਂਗਲ-ਉਂਗਲ ਭਰ ਮੁੱਢ। ਕਿਤੇ ਘਾਹ ਦੀ ਤਿੜ ਤਾਂ ਕੀ ਹੋਣੀ, ਬੰਨਿਆ 'ਤੇ ਵੀ ਘਾਹ ਨਾ ਦਿਸਦਾ! ਸਪਰੇਆਂ ਸਭ ਕੁਝ ਸਾੜ ਦਿੱਤਾ ਹੋਇਆ ਸੀ।

"ਚਾਚਾ, ਤੂੰ ਕਿਉਂ ਟਰੈਕਟਰ ਪਿਛੇ ਘੱਟਾ ਫੱਕਦਾ ਫਿਰਦਾਂ?" ਟਰਾਲੀ ਤੂੜੀ ਨਾਲ ਭਰ ਗਈ ਦੇਖ, ਗੋਲਡੀ ਨੇ ਟਰੈਕਟਰ ਰੋਕ, ਉਤਰ ਕੇ ਟਰਾਲੀ ਨੂੰ ਚੁਫੇਰੇ ਫਿਰ ਕੇ ਦੇਖਿਆ। ਕਿਤੇ ਕੋਈ ਊਣ ਨਹੀਂ ਸੀ ਸਿਵਾਏ ਉਨ੍ਹੇ ਕੁ ਥਾਂ ਦੇ, ਜਿੱਥੇ ਪਾਇਪ 'ਚੋਂ ਤੇਜ਼ ਦਬਾਅ ਨਾਲ ਨਿਕਲ ਕੇ ਤੂੜੀ ਡਿਗਦੀ।

"ਊਂ ਈਂ!" ਉਸਨੂੰ ਸੁਝਿਆ ਨਾ, ਕੀ ਜਵਾਬ ਦੇਵੇ। ਕਹਿੰਦਾ ਵੀ ਕੀ? ਆਪਣੇ ਮਨ ਦੀ ਗੱਲ ਕਿਵੇਂ ਦੱਸੇ? ਮਨ 'ਚ ਪਿਆ ਹੋਇਆ ਹਿਸਾਬ-ਕਿਤਾਬ ਦਾ ਖੌਰੂ। ਲਗਭਗ ਢਾਈ ਹਜ਼ਾਰ ਬਣ ਜਾਣਾ ਤੂੜੀ ਬਣਾਉਣ ਦਾ। ਦੋ ਦਿਹਾੜੀਏ ਲਾ ਕੇ ਮੂਸਲ ਬੰਨ੍ਹਵਾਈ, ਸੱਤ-ਅੱਠ ਸੌ ਉਨ੍ਹਾਂ ਦਾ। ਫਿਰ ਕੱਖ, ਬੇੜ, ਰੱਸੀਆਂ। ਸਰਦੀ-ਪੁੱਜਦੀ ਵਾਲਿਆਂ ਨੇ ਤਾਂ ਪੱਕੇ ਸ਼ੈੱਡ ਬਣਵਾ ਲਏ ਹੋਏ ਸਨ, ਉਨ੍ਹਾਂ 'ਚ ਜਾ ਸਿੱਧੀ ਟਰਾਲੀ ਖਾਲੀ ਕਰਦੇ। ਸਾਂਭਣੀ ਵੀ ਕਿੰਨੀ ਕੁ ਹੁੰਦੀ! ਬਹੁਤਿਆਂ ਇੱਕ-ਇੱਕ, ਦੋ-ਦੋ ਲਵੇਰੀਆਂ ਹੀ ਤਾਂ ਰੱਖੀਆਂ ਹੋਈਆਂ ਸਨ। ਉਸ ਕੋਲ ਥਾਂ ਵੀ ਨਹੀਂ ਸੀ ਸ਼ੈੱਡ ਬਣਾਉਣ ਜੋਗੀ, ਨਾ ਪੈਸੇ ਹੀ। ਬੰਤ ਨਾਲ ਵੰਡ-ਵੰਡਾਈ ਤੋਂ ਪਿੱਛੋਂ, ਹਵੇਲੀ 'ਚੋਂ ਇਕ ਨੁਕਰੇ ਥੋੜਾ ਜਿਹਾ ਥਾਂ ਮਿਲਿਆ ਸੀ ਉਸਨੂੰ, ਮਸਾਂ ਦੋ ਪਸ਼ੂ ਬੰਨ੍ਹਣ ਜੋਗਾ। ਛੱਤਿਆ-ਛਤਾਇਆ ਘਰ ਉਸਨੂੰ ਦੇ ਕੇ ਬੰਤ ਸਾਰੀ ਹਵੇਲੀ ਹੀ ਸਾਂਭੂ ਸੀ। ਇਹ ਤਾਂ ਮਾਮੇ ਨੇ ਵਿੱਚ ਪੈ ਕੇ ਥੋੜ੍ਹਾ ਜਿਹਾ ਥਾਂ ਦਿਵਾਇਆ ਸੀ, ਦੋ ਮਰਲੇ। ਇਥੇ ਉਹ ਆਪਣੀ ਮੱਝ ਗਾਂ ਬੰਨ੍ਹੀ ਰੱਖਦਾ; ਇਕ ਅੱਧ ਉਹਨਾਂ ਦਾ ਕੱਟਰੂ ਹੁੰਦਾ, ਕੋਈ ਕੱਟੀ ਵੱਛੀ। 'ਹੋਰ ਕੁਝ ਨੀ ਤਾਂ ਘਰਦਾ ਦੁੱਧ ਹੋ ਜਾਂਦਾ। ਚਾਰ ਪੈਸੇ ਵੀ ਵੱਟੇ ਜਾਂਦੇ ਐ। ਵਿਹਲਾ ਬੰਦਾ ਤਾਂ ਖਰਚ ਦਾ ਖੌਅ ਹੁੰਦਾ!' ਉਸਦੇ ਜ਼ਿੰਦਗੀ ਜੀਊਣ ਦੇ ਆਪਣੇ ਤਰਕ ਸੀ; ਪੀੜ੍ਹੀ ਦਰ ਪੀੜ੍ਹੀ ਤੁਰੇ ਆਉਂਦੇ ਹੱਡੀਂ-ਹੰਢਾਏ ਸੱਚ; ਪਰ ਇਹਨਾਂ ਨੂੰ ਹੋਰ ਕੋਈ ਤਾਂ ਕੀ, ਖੁਦ ਉਸਦੇ ਆਪਣੇ ਬੱਚੇ ਹੀ ਅਪਣਾਉਣ ਲਈ ਤਿਆਰ ਨਹੀਂ ਸਨ। ਆਪਣੇ ਆਪ 'ਚ

ਮਸਤ ਸੋਨੀ ਵੀ ਤੇ ਅਮਰ ਵੀ। ਅਮਰ ਕੁਝ ਜ਼ਿਆਦਾ ਹੀ ਲਾਪਰਵਾਹ ਸੀ। ਜਦੋਂ ਦੀ ਉਸਨੂੰ ਨਸ਼ੇ ਦੀ ਲਤ ਲੱਗੀ ਸੀ, ਉਸਦੀਆਂ ਅੱਖਾਂ ਦੀ ਸ਼ਰਮ ਵੀ ਮਰਦੀ ਜਾ ਰਹੀ ਸੀ। ਸਵੇਰੇ ਉਸ ਨਾਲ ਇਕ ਗੇੜਾ ਜਿਹਾ ਮਾਰ ਗਿਆ ਸੀ ਖੇਤ। ਉਦੋਂ ਅਜੇ ਗੋਲਡੀ ਆਇਆ ਨਹੀਂ ਸੀ। ਫਿਰ, "ਮੈਂ ਅੱਡੇ 'ਤੇ ਜਾਨਾ...ਕੁਝ ਤਾਂ ਦਿਹਾੜੀ ਬਣੂੰ," ਤੇ ਉਸਦਾ ਜਵਾਬ ਉਡੀਕੇ ਬਿਨਾਂ, ਬਾਈਕ ਨੂੰ ਕਿੱਕ ਮਾਰ ਚਲਿਆ ਗਿਆ। ਚਹੁੰ ਕੁ ਮਹੀਨਿਆਂ ਤੋਂ ਉਹ ਸ਼ਹਿਰ ਬੱਸ-ਅੱਡੇ 'ਤੇ ਕਿਰਾਏ 'ਤੇ ਲੈ ਕੇ ਆਟੋ ਚਲਾਉਂਦਾ ਸੀ। ਤਿੰਨ ਸੌ ਰੁਪਏ ਰੋਜ਼ ਦਾ ਆਟੋ ਦਾ ਕਿਰਾਇਆ। ਸਵਾਰੀਆਂ ਮਿਲਦੀਆਂ ਰਹਿੰਦੀਆਂ ਤਾਂ ਤੇਲ-ਪਾਣੀ ਦਾ ਖਰਚਾ ਤੇ ਕਿਰਾਇਆ ਕੱਢ ਕੇ ਦੋ ਚਾਰ ਸੌ ਬਚ ਜਾਂਦਾ। ਕਈ ਵਾਰ ਮਾਲਕ ਨੂੰ ਦੇਣ ਵਾਲਾ ਤਿੰਨ ਸੌ ਵੀ ਪੂਰਾ ਨਾ ਹੁੰਦਾ। ਕੁਝ ਬਚਦਾ ਜਾ ਨਾ, ਉਹ ਅੱਧੀ ਰਾਤ ਤੋਂ ਪਹਿਲਾਂ ਘਰ ਨਾ ਮੁੜਦਾ। ਅੱਡੇ 'ਤੇ ਸੁੰਨ ਵਰਤਣ ਲਗਦੀ ਤਾਂ ਢਾਣੀ ਆਟੋ ਨੂੰ ਹੀ ਅਹਾਤਾ ਬਣਾ ਬੈਠਦੀ। ਸਵੇਰੇ ਦੇਰ ਨਾਲ ਉੱਠਣਾ, ਉੱਠ ਕੇ ਮੂੰਹ ਹੱਥ ਧੋ, ਰੋਟੀ ਪਾਣੀ ਖਾ ਕੇ ਤੁਰ ਪੈਣਾ। ਘਰ 'ਚ ਕਿਸੇ ਕੰਮ ਨੂੰ ਨਾ ਦੇਖਦਾ। ਖੇਤਾਂ 'ਚ ਕੰਮ ਨਾਲ ਤਾਂ ਜਿਵੇਂ ਨਫ਼ਰਤ ਜਿਹੀ ਵੀ ਸੀ, "ਮਿੱਟੀ ਨਾਲ ਮਿੱਟੀ ਹੋਏ ਰਹੋ... ਬਚਦਾ ਹੀ ਕੀ ਐ... ਦਸ ਵੀਹ ਕਿੱਲੇ ਹੋਣ ਤਾਂ ਵੀ ਬੰਦਾ ਜਾਨ ਮਾਰਦਾ...!...ਡੁੰਗੇ 'ਚੋਂ ਢਾਈ ਕਿੱਲੇ।" ਉਂਜ ਉਹ ਖੇਤ ਤਾਂ ਕੀ, ਕਿਤੇ ਵੀ ਟਿਕ ਕੇ ਕੰਮ ਨਹੀਂ ਸੀ ਕਰਦਾ! ਚੰਗਾ ਡਰਾਈਵਰ ਸੀ ਪਰ ਦੋ ਮਹੀਨੇ ਕਿਤੇ, ਚਾਰ ਮਹੀਨੇ ਕਿਤੇ। ਸੁਭਾਅ ਦਾ ਅੱਥਰਾਪਣ ਤੇ ਨਸ਼ਿਆਂ ਦੀ ਲਤ ਕਿਤੇ ਟਿਕਣ ਨਾ ਦਿੰਦੀ। ਜਿਉਂ ਮੈਕਸੀਕੋ ਰਾਹੀਂ ਅਮਰੀਕਾ ਲੰਘਣ ਦੇ ਯਤਨ 'ਚ ਫੜਿਆ ਜਾਣ 'ਤੇ 'ਡੀਪੋਰਟ' ਹੋ ਮੁੜਿਆ ਸੀ, ਉਸਦਾ ਇਹੀ ਹਾਲ ਬਣਿਆ ਹੋਇਆ ਸੀ। ਕਈ ਵਾਰ ਤਾਂ ਸ਼ਰਾਬੀ ਹੋਇਆ ਘਰਦਿਆਂ ਨੂੰ ਹੀ ਗਾਲ੍ਹਾਂ ਕੱਢਣ ਲੱਗ ਪੈਂਦਾ, 'ਸਾਲੇ ਨੰਗ ਜੱਟਾਂ ਦਾ ਟੱਬਰ।'

ਘਰ ਦਾ ਖਰਚਾ ਤੋਰਨਾ ਉਸਦੇ ਤੇ ਬੇਅੰਤ ਕੌਰ ਦੇ ਜਿੰਮੇ ਹੀ ਰਹਿ ਜਾਂਦਾ। 'ਹੋਰ ਕਿੰਨਾ ਕੁ ਚਿਰ ਇੰਜ ਤੁਰ ਸਕਣਾ! ਫ਼ਸਲ ਤਾਂ ਇਹੀ ਐ ਨਾ!' ਮਨ 'ਚ ਕਈ ਤਰ੍ਹਾਂ ਦੇ ਜਮਾਂ-ਘਟਾਓ ਉੱਸਲ-ਵੱਟੇ ਲੈ ਰਹੇ ਸਨ। ਕਣਕ ਭਲਕੇ ਤੁੱਲ ਜਾਣੀ ਸੀ। ਉਸ 'ਚੋਂ ਪੰਜ ਛੇ ਕੁਇੰਟਲ ਪੱਖਾ ਲੁਆਉਣ ਤੋਂ ਬਾਅਦ ਘਰ ਖਾਣ ਲਈ ਲਿਆਉਣੀ ਸੀ, ਸਾਫ਼ ਕਰਾ ਕੇ। ਬੇਅੰਤ ਕੌਰ ਦੀ ਸਿਹਤ ਸਿਆਲੇ ਬਹੁਤੀ ਹੀ ਰਹਿ ਗਈ ਸੀ। "ਮੈਥੋਂ ਤਾਂ ਸਾਫ਼ ਕੀਤੀ ਨੀ ਜਾਣੀ... ਸੋਨੀ ਘੱਟੇ-ਮਿੱਟੀ ਵਾਲੇ ਕੰਮ ਨੂੰ ਹੱਥ ਨੀ ਲਾਉਂਦੀ... ਵਿਹੜੇ 'ਚੋਂ ਕਿਸੇ ਨੂੰ ਕਹੋ, ਸੌ ਨਖਰੇ ਕਰਕੇ ਆਉਂਦੀਆਂ।" ਇਹੀ ਸੁੱਝਿਆ ਸੀ ਮੰਡੀ 'ਚੋਂ ਹੀ ਸਾਫ਼ ਕਰਾ ਕੇ ਲੈ ਆਂਦੀ ਜਾਵੇ। ਖਰਚਾ ਜਿਹੜਾ ਬਣੂੰ, ਪੰਜਾਹ ਸੌ ਕੱਟ ਹੋ ਜਾਊ। 'ਬਾਕੀ ਬਚਦੀ ਦੇ ਸ਼ਾਇਦ ਅੱਸੀ ਕੁ ਹਜ਼ਾਰ ਵੱਟੇ ਜਾਣ।' ਇਸ 'ਚੋਂ ਹੀ ਤੁਰਨੇ ਸੀ ਸਾਰੇ ਖਰਚੇ। ਅਗਾਂਹ ਆਉਣ ਵਾਲੀ ਝੋਨੇ ਦੀ ਫ਼ਸਲ ਲਈ ਵਹਾਈ, ਬੀਜ, ਖਾਦਾਂ, ਲੁਆਈ, ਸਪਰੇਆਂ। ਪਾਣੀ ਵੀ। ਟਿਊਬਵੈਲ ਚਲਾ ਕੇ ਪਾਲਦੇ ਤਾਂ ਡੀਜ਼ਲ ਦਾ ਖਰਚਾ ਬਹੁਤ ਪੈ ਜਾਂਦਾ। ਸੇਮੇ ਦੀ ਮੋਟਰ ਤੋਂ ਲੈਂਦੇ ਤਾਂ ਉਹ ਇਕ ਵਾਰ ਭਰਨ ਦਾ ਅੱਠ ਸੌ ਲੈਂਦਾ। ਉਪਰੋਂ ਅਹਿਸਾਨ ਵੱਖਰਾ। ਫਿਰ ਪਾਣੀ ਉਦੋਂ ਹੀ ਦਿੰਦਾ, ਜਦੋਂ ਉਸਦੀ ਆਪਣੀ ਲੋੜ ਨਾ ਹੁੰਦੀ। ਔੜ ਲੱਗੀ ਹੁੰਦੀ ਤਾਂ ਸੌ ਨਖਰੇ, ਖਾਸ ਕਰਕੇ ਝੋਨੇ ਦੇ ਸੀਜਨ 'ਚ ਆ ਕੇ। 'ਸਾਲੀ ਸਰਕਾਰ ਵੀ ਵੱਡੇ ਢਿੱਡਾਂ ਵਾਲਿਆਂ ਵਲ ਦੇਖਦੀ ਐ... ਜਿਹੜੇ ਰੱਜੇ ਐ, ਉਹਨਾਂ ਨੂੰ ਹੋਰ ਰਜਾਉਣ ਦੇ ਰਾਹ... ਮੁਫ਼ਤ ਦੀ ਬਿਜਲੀ ਦੇ ਵੀ ਪੈਸੇ ਵੱਟਦੇ...!... ਇਹ ਲੁੱਟ ਨੀ ਤਾਂ ਹੋਰ ਕੀ ਐ!' ਸੇਮਾ ਹੀ ਨਹੀਂ, ਪਿੰਡ 'ਚ ਹੋਰ ਵੀ ਕਈ ਮਾੜੇ-ਧੀੜੇ ਕਿਸਾਨਾਂ ਨੂੰ ਪਾਣੀ ਦੇਣ ਦੇ ਪੈਸੇ

ਲੈਂਦੇ। ਕੂਲ੍ਹਾਂ ਉੱਕਾ ਹੀ ਸੁੱਕ ਗਈਆਂ ਸਨ। ਕਦੀ ਕੂਲ੍ਹਾਂ ਦਾ ਪਾਣੀ ਹੀ ਉਹਨਾਂ ਦੇ ਪਿੰਡਾਂ 'ਚ ਲਗਦਾ ਸੀ, ਪਰ ਮੁਫ਼ਤ ਦੀ ਬਿਜਲੀ ਨੇ ਕੂਲ੍ਹਾਂ ਬਰਬਾਦ ਕਰ ਦਿੱਤੀਆਂ। ਸਰਦੀ-ਪੁੱਜਦੀ ਵਾਲਿਆਂ ਨੇ ਮੋਟਰਾਂ ਲਵਾ ਲਈਆਂ, ਪਹਿਲਾਂ ਉਹ ਹੀ ਮੂਹਰੇ ਹੋ ਕੇ ਕੂਲ੍ਹਾਂ-ਨਾਲਿਆਂ ਦੀ ਸਫਾਈ ਕਰਾਉਂਦੇ, ਕੰਢੇ ਛਿੱਲ-ਤਰਾਸ਼ ਕੇ ਰੱਖਦੇ ਸਨ। ਮੋਟਰ ਦਾ ਬਟਨ ਦੱਬਣ ਦੀ ਸਹੂਲਤ ਨੇ ਉਧਰੋਂ ਮੂੰਹ ਮੋੜ ਦਿੱਤਾ। ਪਹਿਲਾਂ ਨਾਲਿਆਂ 'ਚ ਪਾਣੀ ਆਉਣਾ ਬੰਦ ਹੋਇਆ, ਫਿਰ ਕੂਲ੍ਹਾਂ ਸੁੱਕਣ ਲੱਗੀਆਂ। ਪਿੰਡਾਂ ਦੇ ਗੰਦੇ ਪਾਣੀ ਢੋਹਣ ਦਾ ਵਾਹਨ ਬਣਕੇ ਰਹਿ ਗਈਆਂ ਸਨ ਹੁਣ ਤਾਂ। ਇਹ ਪਾਣੀ ਡੂੰਘੇ ਥਾਈਂ ਖੜ੍ਹਾ ਬਦਬੂ ਫੈਲਾਉਂਦਾ ਰਹਿੰਦਾ।

"ਇਹ ਕਿੱਥੇ ਖਾਲੀ ਕਰਨੀ ਐ?" ਟਰਾਲੀ 'ਤੇ ਨਿਗਾਹ ਮਾਰ ਗੋਲਡੀ ਉਸ ਵਲ ਤੱਕਣ ਲੱਗਾ।

"ਜਿੱਥੇ ਪਿਛਲੇ ਸਾਲ ਮੂਸਲ ਬੰਨਿਆਂ ਸੀ," ਉਹ ਚੜ੍ਹਦੀ ਵਲ ਪਿਛਲੇ ਸਾਲ ਦੇ ਪਏ ਕੱਖਾਂ ਵਾਲੀ ਥਾਂ ਵਲ ਤੱਕਣ ਲੱਗਾ, ਇਸ਼ਾਰਾ ਸੀ ਉਸ ਥਾਂ ਵੱਲ।

"ਚੱਲ, ਬਾਅਦ 'ਚ ਕਰਦਾਂ... ਪਹਿਲਾਂ ਦੂਸਰੀ ਟਰਾਲੀ ਵੀ ਬਣਾ ਲਵਾਂ।" ਤੇ ਉਹ ਭਰੀ ਟਰਾਲੀ ਨੂੰ ਵੱਢੇ ਨਾੜ ਵਾਲੀ ਥਾਂ ਵੱਲ ਪਾਸੇ ਕਰਕੇ ਖੋਹਲਣ ਲੱਗਾ। ਉਸਨੂੰ ਲਿਫਟ ਨਾਲ ਚੁੱਕ, ਉਸਨੇ ਜਗਤੂ ਨੂੰ ਸਟੈਂਡ ਥੱਲੇ ਕਰਨ ਲਈ ਕਿਹਾ ਜਿਹੜਾ ਪਿੰਨ ਫਸਾ ਕੇ ਉਪਰ ਟੰਗਿਆ ਹੋਇਆ ਸੀ। ਜਗਤੂ ਨੇ ਪਿੰਨ ਕੱਢ ਸਟੈਂਡ ਹੇਠਾਂ ਨੂੰ ਕੀਤਾ ਤਾਂ ਉਸਨੇ ਲਿਫ਼ਟ ਥੱਲੇ ਕਰ ਟਰਾਲੀ ਨੂੰ ਸਟੈਂਡ 'ਤੇ ਕਰ ਦਿੱਤਾ। ਫਿਰ ਨਾਲਦੇ ਖੇਤ 'ਚ ਖੜ੍ਹੀ ਨਵੀਂ ਟਰਾਲੀ ਪਾਉਣ ਲੱਗਾ। ਟਰੈਕਟਰ ਨੂੰ ਦੋ ਚਾਰ ਵਾਰ ਅੱਗੇ ਪਿੱਛੇ ਮੋੜ, ਹੁੱਕ ਦੀ ਸੇਧ 'ਚ ਆਉਣ 'ਤੇ, ਲਿਫ਼ਟ ਨਾਲ ਚੁੱਕ ਟਰਾਲੀ ਫਸਾਈ ਤੇ ਉਥੋਂ ਕੁ ਹੀ ਬੰਨੇ ਤੋਂ ਟਪਾ ਸਿੱਧੀ ਕੀਤੀ ਨਵੀਂ ਪਰਾਤ ਮੱਲਣ ਲਈ। ਬੀਤੇ ਦਿਨ ਉਸਨੇ ਕਣਕ ਵੱਢ ਦਿੱਤੀ ਸੀ, ਅੱਜ ਰੀਪਰ ਲੈ ਆਇਆ। ਸੜਕੋਂ ਪਾਰ ਸੂਬੇਦਾਰਾਂ ਦੇ ਟੱਕ 'ਚ ਤਾਂ ਨਾੜ ਵੀ ਸਾੜ ਦਿੱਤਾ ਗਿਆ ਸੀ। ਖੇਤਾਂ 'ਚ ਵਿਛੀ ਕਾਲੀ ਸੁਆਹ ਦੀ ਤਹਿ। ਕਿਤੇ ਮੋਟੀ ਪਰਤ, ਕਿਤੇ ਹਲਕੀ। ਡੱਬ-ਖੜੱਬੀ ਜਿਹੀ ਹੋਈ ਦਿਸਦੀ ਜ਼ਮੀਨ। ਮੋਟਰ ਕੋਲ ਦੋ ਕੁ ਅੰਬਾਂ ਦੇ ਬੂਟਿਆਂ ਦੀਆਂ ਹੇਠਲੀਆਂ ਡਾਲੀਆਂ ਵੀ ਝੁਲਸੀਆਂ ਹੋਈਆਂ ਸਨ ਨਾੜ ਦੀਆਂ ਲਾਟਾਂ ਨਾਲ। ਇਹ ਰੰਗੇ ਵਾਲੇ ਕਰਮੇ ਕੋਲ ਠੇਕੇ 'ਤੇ ਸੀ। ਨੌਂ ਕਿਲਿਆਂ ਦਾ 'ਕੱਠਾ ਟੱਕ। ਸੂਬੇਦਾਰਾਂ ਦਾ ਤਾਂ ਕੋਈ ਜੀਅ ਏਧਰ ਸੀ ਨਹੀਂ। ਕੁਝ ਕੈਨੇਡਾ 'ਚ ਸੈੱਟ ਸਨ ਤੇ ਕੁਝ ਅਮਰੀਕਾ 'ਚ। ਸਾਲ-ਛਿਮਾਹੀਂ ਕੋਈ ਜੀਅ ਹਫ਼ਤੇ ਦਸਾਂ ਦਿਨਾਂ ਲਈ ਏਧਰ ਆਉਂਦਾ। ਆਉਣ ਦਾ ਪਤਾ ਉਦੋਂ ਹੀ ਲਗਦਾ, ਜਦੋਂ ਮਹਿੰਗੀਆਂ ਗੱਡੀਆਂ ਉਹਨਾਂ ਦੇ ਘਰੋਂ ਨਿਕਲਣ ਵੜਨ ਲੱਗਦੀਆਂ, ਘਰਦੀ ਸਾਫ਼-ਸਫਾਈ ਹੋ ਰਹੀ ਹੁੰਦੀ। ਸੂਬੇਦਾਰਾਂ ਦਾ ਟੱਕ ਸੜਕ ਤੋਂ ਚੜ੍ਹਦੀ-ਵੰਨੀ ਸੀ ਤੇ ਉਹਨਾਂ ਦੀ ਸੜਕ ਤੋਂ ਲਹਿੰਦੀ ਵੰਨੀ। ਉਸਦੇ ਬਾਪ ਮਹਿੰਗਾ ਸਿੰਘ ਕੋਲ ਸੂਬੇਦਾਰ ਜਿੰਨੀ ਹੀ ਜ਼ਮੀਨ ਹੁੰਦੀ ਸੀ, ਜਿਹੜੀ ਦੋਹਾਂ ਭਰਾਵਾਂ 'ਚ ਵੰਡ ਹੋ ਕੇ ਸਾਢੇ ਚਾਰ-ਚਾਰ ਆਈ। ਇਸ 'ਚੋਂ ਉਸ ਕੋਲ ਢਾਈ ਹੀ ਬਚੀ ਰਹਿ ਗਈ ਸੀ। ਡੇਢ ਕਿੱਲਾ ਅਮਰ ਦੇ ਬਾਹਰ ਜਾਣ ਦੇ ਚੱਕਰ 'ਚ ਵਿਕੀ। ਪੈਂਤੀ ਲੱਖ ਏਜੰਟ ਨੂੰ ਦੇ ਕੇ ਉਹ ਦੋ ਨੰਬਰ 'ਚ ਅਮਰੀਕਾ ਲਈ ਤੁਰਿਆ ਸੀ ਪਰ ਸਰਹੱਦ ਪਾਰ ਕਰਦਾ ਫੜਿਆ ਗਿਆ। ਇਸ ਨਾਲ ਜ਼ਮੀਨ ਨੂੰ ਅਜਿਹਾ ਵੇਚਣ ਦਾ ਟੱਕ ਧਰਿਆ ਗਿਆ, ਜਿਹੜਾ ਅਜੇ ਵੀ ਰੁਕ ਨਹੀਂ ਸੀ ਰਿਹਾ। ਕਦੀ ਕਨਾਲ, ਕਦੀ ਦਸ ਮਰਲੇ, ਕਦੀ ਰੈਹਣ, ਕਦੀ ਬੈਅ।

"ਚਾਹ ਲਈ ਕਹਿਣਾ ਸੀ," ਟਰਾਲੀ ਸਿੱਧੀ ਕਰ ਟਰੈਕਟਰ ਤੋਰਨ ਦੀ ਬਜਾਏ ਉਹ

ਇੰਜਣ ਬੰਦ ਕਰ ਮੁੜ ਹੇਠਾਂ ਉੱਤਰ ਆਇਆ। ਉੱਤਰ ਕੇ ਉਸਨੇ ਮੂੰਹ-ਸਿਰ 'ਤੇ ਵਲ੍ਹੇਟਿਆ ਪਰਨਾ ਖੋਹਲ ਕੇ ਉਸ ਨਾਲ ਕਪੜੇ ਝਾੜੇ, ਮੂੰਹ 'ਤੇ ਹੱਥ ਫੇਰ ਘੱਟਾ ਸਾਫ਼ ਕੀਤਾ ਤੇ ਲੋਅਰ ਦੀ ਜੇਬ 'ਚੋਂ ਕੰਘਾ ਕੱਢ ਵਾਲਾਂ 'ਤੇ ਫੇਰਨ ਲੱਗਾ। ਆਪਣੇ ਖੇਤਾਂ ਤੋਂ ਇਲਾਵਾ ਉਹ ਆਪ ਘੱਟ ਹੀ ਕਿਸੇ ਦੇ ਕੰਮ ਕਰਨ ਜਾਂਦਾ, ਬਹੁਤਾ ਡਰਾਈਵਰ ਨੂੰ ਤੋਰੀ ਰੱਖਦਾ। ਉਸਦੇ ਆਪਣੇ ਕੰਮ ਹੀ ਨਹੀਂ ਸੀ ਮੁੱਕਦੇ। ਸਬਜ਼ੀਆਂ, ਮੱਕੀ, ਗੰਨੇ ਜਿਹੀਆਂ ਵਪਾਰਕ ਫ਼ਸਲਾਂ। ਫਾਰਮ 'ਤੇ ਡਰਾਈਵਰ ਦੇ ਇਲਾਵਾ ਹੋਰ ਵੀ ਤਿੰਨ ਭਈਏ ਪੱਕੇ ਨੌਕਰ ਰੱਖੇ ਹੋਏ ਸਨ।

"ਕਰਦਾਂ ਫੋਨ! ਲਗਦਾ ਅੱਧੇ ਪੌਣੇ ਘੰਟੇ ਦਾ ਹੀ ਹੋਰ ਐ ਕੰਮ!" ਮਨ ਹੀ ਮਨ ਉਸਨੂੰ ਅਮਰ 'ਤੇ ਗੁੱਸਾ ਆਉਣ ਲੱਗਾ, 'ਜੇ ਘਰ ਹੁੰਦਾ, ਚਾਹ ਹੀ ਫੜਾ ਜਾਂਦਾ! ਹੁਣ ਸੋਨੀ ਨੂੰ ਆਉਣਾ ਪੈਣਾ ਸੀ!' ਸੋਨੀ ਬਾਰੇ ਸੋਚਦਿਆਂ ਅੰਦਰ ਕੁਝ ਸੜਨ ਲੱਗਾ। 'ਕੀ ਕਰੇ, ਕੀ ਨਾ ਕਰੇ?' ਉਸਨੂੰ ਸਮਝ ਨਾ ਆਉਂਦੀ। ਉਸਨੂੰ ਪਤਾ ਸੀ ਗੋਲਡੀ ਸੋਨੀ ਨਾਲ 'ਮਾੜਾ', ਪਰ ਉਸਨੂੰ ਰੋਕਣਾ ਤਾਂ ਕੀ, ਖੁਦ ਸੱਦ ਕੇ ਲਿਆਇਆ ਸੀ ਜਾਂ ਸ਼ਾਇਦ ਸੋਨੀ ਦੇ ਕਰਕੇ ਹੀ ਉਹ ਆਇਆ ਸੀ। ਘਰ ਫੋਨ ਕੀਤਾ ਤਾਂ ਮਹਿਸੂਸ ਹੋਇਆ, ਉਹ ਪਹਿਲਾਂ ਹੀ ਤਿਆਰੀ ਕਰੀ ਫਿਰਦੀ ਸੀ, "ਚਾਹ ਰੱਖੀ ਹੋਈ ਐ! ਆਈ ਬਸ ਦਸਾਂ ਪੰਦਰਾਂ ਮਿੰਟਾਂ 'ਚ।" ਉਸਦੀ ਆਵਾਜ਼ 'ਚ ਹੁਲਾਸ ਸੀ। ਬੀਤੇ ਦਿਨ ਵੀ ਉਸਨੇ ਕੰਮ ਤੋਂ ਛੁੱਟੀ ਕਰ ਲਈ ਸੀ। ਚਾਹ ਲੈ ਕੇ ਆਈ ਨੇ ਹੀ ਗੋਲਡੀ ਨੂੰ ਕਿਹਾ ਸੀ, "ਸਾਡਾ ਤੂੜੀ ਦਾ ਕੰਮ ਵੀ ਮੁਕਾ ਦੇ... ਮੈਂ ਭਲਕ ਦੀ ਵੀ ਛੁੱਟੀ ਲਈ ਹੋਈ ਐ।" ਅਮਰ ਉਸਦੇ ਕਹਿਣ ਦੇ ਬਾਵਜੂਦ ਘਰ ਨਹੀਂ ਸੀ ਰਿਹਾ... ਤੇ ਸੋਨੀ, ਉਸਦੇ ਕਹਿਣ ਤੋਂ ਬਿਨਾਂ ਹੀ ਘਰ ਸੀ। ਉਸਨੂੰ ਕਿੰਜ ਪਤਾ ਲੱਗਾ, ਉਹ ਖੇਤ 'ਚ ਆ ਕੇ ਕੰਮ ਲੱਗ ਚੁੱਕਾ! ਅੰਦਰ ਕਈ ਕੁਝ ਸੁਲਗਣ ਲੱਗਾ ਜਾਂ ਸੁਲਗਦਾ ਤਾਂ ਅਕਸਰ ਰਹਿੰਦਾ। ਕਦੀ ਪੂਰੀ ਤਰ੍ਹਾਂ ਇਸਦੀ ਜਕੜ ਵਿੱਚ ਆ ਜਾਂਦਾ ਜਿਵੇਂ ਹੁਣ; ਕਦੀ ਅਚੇਤ ਰੂਪ 'ਚ ਅੰਦਰ ਰਿਸਦਾ ਰਹਿੰਦਾ! ਪਿਛਲੇ ਤਿੰਨ, ਸਾਢੇ ਤਿੰਨ ਸਾਲਾਂ ਤੋਂ ਉਹ ਇਸ ਜ਼ਹਿਰ ਤੋਂ ਕਦੀ ਮੁਕਤ ਨਹੀਂ ਸੀ ਹੋ ਸਕਿਆ...

..........

...ਬੇਅੰਤ ਕੌਰ ਦੀ ਨਾਲਦੀ ਗੁਆਂਢਣ ਜੀਤੋ ਨਾਲ ਗਲੀ ਦੀ ਨਾਲੀ ਸਾਫ਼ ਕਰਨ ਤੋਂ 'ਤੂੰ-ਤੰ, 'ਮੈਂ-ਮੈਂ' ਹੋ ਗਈ। ਗੱਲ ਵਧੀ ਤਾਂ ਉਸਨੇ ਮਿਹਣਾ ਮਾਰਿਆ, "ਵੱਡੀ ਆਈ ਚੌਧਰਾਣੀ... ਕੁੜੀ ਤਾਂ ਸਾਂਭੀ ਨੀ ਜਾਂਦੀ, ਸ਼ਰ੍ਹੇਆਮ ਗੋਲਡੀ ਨਾਲ ਤੁਰੀ ਫਿਰਦੀ ਐ!"

"ਥੋਡੀਆਂ ਨੂੰ ਵੀ ਜਾਣਦੀ ਆਂ, ਕਿੱਥੇ-ਕਿੱਥੇ ਖੇਹ ਖਾਂਦੀਆਂ।"

"ਇਉਂ ਤਾਂ ਮੁਕਲਾਵੇ ਆਈਆਂ ਵੀ ਨੀ ਕਰਦੀਆਂ, ਜਿਵੇਂ ਬਣ-ਠਣ ਕੇ ਤੁਰ ਪੈਂਦੀ ਐ।"

ਉਹ ਘਰ ਹੀ ਸੀ। ਉਸਨੇ ਬੇਅੰਤ ਨੂੰ ਝਿੜਕ ਕੇ ਅੰਦਰ ਵਾੜਿਆ। ਜੀਤੋ ਨੂੰ ਕੁਝ ਕਹਿਣ ਦਾ ਹੌਂਸਲਾ ਨਹੀਂ ਸੀ ਪਿਆ...

..........

... ਬਹੁਤ ਕੁਝ ਉਸ ਅੰਦਰ ਉਸਲਵੱਟੇ ਲੈਂਦਾ ਰਹਿੰਦਾ ਸੀ। ਗੋਲਡੀ ਦਾ ਮੌਕੇ-ਬੇਮੌਕੇ ਉਹਨਾਂ ਦੇ ਘਰ ਆਏ ਰਹਿਣਾ। ਅਮਰ ਨਾਲ ਵਧਦੀ ਉਸਦੀ ਖਾਣ-ਪੀਣ ਦੀ ਸਾਂਝ। ਇਸ ਆੜ 'ਚ ਕਦੀ ਰੋਟੀ-ਪਾਣੀ, ਕਦੀ ਕੋਈ ਹੋਰ ਚੀਜ਼ ਫੜਾਉਣ ਦੇ ਬਹਾਨੇ ਉਹ ਆਸੇ ਪਾਸੇ ਮੇਲਦੀ ਰਹਿੰਦੀ। ਉਸਨੂੰ ਇਹ ਚੰਗਾ ਨਾ ਲੱਗਦਾ। ਕਈ ਵਾਰ ਘਰ ਕੋਈ ਨਾ ਹੁੰਦਾ ਤਾਂ ਵੀ ਉਹ

ਸੋਨੀ ਕੋਲ ਆਇਆ ਹੁੰਦਾ। ਬਹੁਤ ਕੁਝ ਸ਼ੱਕੀ ਸ਼ੱਕੀ ਜਿਹਾ ਸੀ। ਖਾਸ ਕਰਕੇ ਉਦੋਂ ਤੋਂ ਸ਼ੱਕ ਕੁਝ ਵਧੇਰੇ ਹੀ ਡੂੰਘਾ ਹੋ ਗਿਆ, ਜਦੋਂ ਇਕ ਵਾਰ ਉਹ ਬਾਹਰੋਂ ਮੁੜਿਆ ਤਾਂ ਤਿੰਨ ਚਾਰ ਵਾਰ ਖੜਕਾਉਣ ਤੋਂ ਬਾਅਦ ਸੋਨੀ ਨੇ ਆ ਕੇ ਦਰਵਾਜ਼ਾ ਖੋਹਲਿਆ ਸੀ। "ਮੈਂ ਸੋਚਿਆ ਸ਼ਾਇਦ ਕੋਈ ਮੰਗਤਾ ਖੜਕਾ ਰਿਹਾ?" ਪਰ ਉਸਦਾ ਉੱਡਿਆ ਰੰਗ ਉਸਨੂੰ ਕੁਝ ਹੋਰ ਹੀ ਕਹਿੰਦਾ ਲੱਗਾ। ਅੰਦਰ ਗੋਲਡੀ ਵੀ ਸੀ। "ਅਮਰ ਨੂੰ ਲੱਭਣ ਆਇਆ ਸੀ। ਸੋਨੀ ਕਹਿੰਦੀ ਚਾਹ ਪੀ ਕੇ ਜਾਈਂ।" ਪਰ ਮੇਜ਼ 'ਤੇ ਨਾ ਖਾਲੀ ਕੱਪ ਦਿਸੇ, ਨਾ ਭਰੇ ਹੋਏ। ਉਹ ਉਸਨੂੰ ਜਾਂਦੇ ਨੂੰ ਕੁਝ ਨਾ ਕਹਿ ਸਕਿਆ, ਨਾ ਪਿਛੋਂ ਸੋਨੀ ਨੂੰ ਹੀ। ਹਾਂ, ਦੱਬੀ ਜ਼ੁਬਾਨ ਨਾਲ ਅਮਰ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, "ਪੁੱਤ, ਘਰ ਧੀ- ਭੈਣ ਜੁਆਨ ਹੋਵੇ, ਬਾਹਰਲੇ ਮੁੰਡੇ ਘਰ ਨੀ ਵਾੜੀਦੇ... ਲੋਕਾਂ ਨੂੰ ਗੱਲਾਂ ਬਣਾਉਣ ਦਾ ਕਿਉਂ ਮੌਕਾ ਦੇਣਾ।"

"ਲੋਕਾਂ ਨੇ ਤਾਂ ਭੌਂਕਣਾ ਹੀ ਹੁੰਦਾ! ਕੌਣ ਕਿਸੇ ਨੂੰ ਦੇਖ ਸੁਖਾਂਦਾ।"

"ਉਂ ਵੀ ਅਸੀਂ ਉਹਨਾਂ ਦੀ ਬਰਾਬਰੀ ਕਰਨ ਜੋਗੇ ਕਿੱਥੇ ਆਂ।"

"ਬਰਾਬਰੀ ਨੂੰ ਕਿਹੜਾ ਵੇਟ-ਲਿਫਟਿੰਗ ਦਾ ਮੁਕਾਬਲਾ... ਵਿਸਕੀ ਉਹੀ ਲੈ ਕੇ ਆਉਂਦਾ।" ਜੀਭ ਦਾ ਸੁਆਦ ਕਿਸੇ ਪ੍ਰੇਤ ਵਾਂਗ ਉਸ 'ਤੇ ਹਾਵੀ ਰਹਿੰਦਾ। ਵਿਸਕੀ, ਮੁਰਗਾ, ਮੱਛੀ... ਗੋਲਡੀ ਖੁੱਲ੍ਹੇ ਹੱਥੀਂ ਖਰਚ ਕਰਦਾ। ਇਸ 'ਚ ਚੁੰਧਿਆਇਆ ਉਹ ਹੋਰ ਕੁਝ ਦੇਖਦਾ ਹੀ ਨਾ! ਜਾਂ ਸ਼ਾਇਦ ਦੇਖਦਾ ਤਾਂ ਹੋਵੇ ਪਰ ਸੁੰਨ ਹੋਇਆ ਜ਼ਿਹਨ ਅਗਾਂਹ ਦੀਆਂ ਪਰਤਾਂ ਤੱਕ ਨਾ ਪੁੱਜ ਸਕਦਾ; ਉਨ੍ਹਾਂ ਪਰਤਾਂ ਤੱਕ, ਜਿਥੇ ਗੋਲਡੀ ਉਸ ਨਾਲ ਨੇੜਤਾ ਨੂੰ, ਸੋਨੀ ਦੇ ਜਿਸਮ ਤੱਕ ਪਹੁੰਚ ਵਜੋਂ ਵਰਤਦਾ ਸੀ। ਉਹ ਸੰਘਾ ਟਰੈਵਲਜ਼ 'ਤੇ ਰਿਸ਼ੈਪਸਨਿਸਟ ਦੀ ਨੌਕਰੀ ਕਰਨ ਲੱਗੀ ਤਾਂ ਹੋਰ ਵੀ ਆਜ਼ਾਦ ਹੋ ਗਈ ਸੀ। ਉਸਦਾ ਪਹਿਰਾਵਾ, ਉਸਦਾ ਮੇਕਅਪ, ਸਲੀਕਾ, ਸਭ ਕੁਝ ਬਦਲਣ ਲੱਗਾ ਸੀ। ਵੱਡਾ ਸਾਰਾ ਮੋਬਾਇਲ ਕੰਨ ਨਾਲੋਂ ਲਾਹੁੰਦੀ ਹੀ ਨਾ। ਕਈ ਵਾਰ ਜਦੋਂ ਉਸਦੇ ਸ਼ਹਿਰ ਜਾਣ ਦਾ ਮੌਕਾ ਹੁੰਦਾ, ਉਹ ਬਾਹਰ ਗਲੀ 'ਚ ਆ ਹਾਰਨ ਮਾਰਦਾ, "ਸ਼ਹਿਰ ਚੱਲਿਆ ਸੀ.. ਸੋਚਿਆ ਜੇ ਜਾਣਾ ਤਾਂ ਲੈ ਚਲਦਾਂ! ਕਿੱਥੇ ਮਿੰਨੀ ਬੱਸਾਂ ਜਾਂ ਆਟੋਆਂ 'ਚ ਧੱਕੇ ਖਾਂਦੀ ਫਿਰੇਂਗੀ।" ਤੇ ਬਣੀ-ਫਬੀ ਉਹ ਉਸ ਨਾਲ ਗੱਡੀ 'ਚ ਜਾ ਬੈਠਦੀ, ਉਸਦੇ ਬਰਾਬਰ ਦੀ ਸੀਟ 'ਤੇ। ਕਦੀ ਬੁਲੇਟ ਦੇ ਪਿੱਛੇ। ਉਸ ਨੂੰ ਮਨ ਹੀ ਮਨ ਨਮੋਸ਼ੀ ਆਉਣ ਲੱਗਦੀ, ਆਪਣੀਆਂ ਹੀ ਨਜ਼ਰਾਂ 'ਚੋਂ ਡਿੱਗਣ ਲਗਦਾ। ਕਦੀ ਬੇਅੰਤ ਕੌਰ ਨੂੰ ਕਹਿੰਦਾ, "ਕੁੜੀ ਨੂੰ ਕੁਝ ਤਾੜ ਕੇ ਰੱਖਿਆ ਕਰ... ਬੰਦੇ ਨੂੰ ਜੱਗ ਭਾਉਂਦਾ ਪਾਉਣਾ ਚਾਹੀਦਾ ਤੇ ਜੱਗ ਭਾਉਂਦਾ ਹੀ ਤੁਰਨਾ-ਫਿਰਨਾ!"

"ਤੂੰ ਤਾਂ ਇੰਜ ਕਹਿਨੈ ਜਿਵੇਂ ਮੈਥੋਂ ਪੁੱਛ ਕੇ ਕਰਦੀ ਹੋਵੇ! ਉਦੋਂ ਬਥੇਰਾ ਕਹਿੰਦੀ ਸੀ, ਬੱਧਣਾਂ ਵਾਲੇ ਰਿਸ਼ਤਾ ਮੰਗਦੇ ਐ... ਵਿਆਹ ਕੇ ਇਸਦਾ ਫਾਹਾ ਵੱਢੋ।"

"ਉਹਨਾਂ ਦਾ ਮੂੰਹ ਕਿੰਨਾ ਪਾਟਾ ਹੋਇਆ ਸੀ...!... ਵੀਹ ਪੰਝੀ ਲੱਖ ਕਿਥੋਂ ਆਉਣੇ ਸੀ!"

ਹੁਣ ਤਾਂ ਰਿਸ਼ਤੇ ਦੀ ਗਲ ਵੀ ਕਿਤੇ ਨਹੀਂ ਸੀ ਸੁਲਗਦੀ! ਬਹੁਤ ਕੁਝ ਉਸਨੂੰ ਆਪਣੀਆਂ ਅੱਖਾਂ ਨਾਲ ਦੇਖਣਾ ਪੈ ਰਿਹਾ ਸੀ...

................

... ਮੁਕੇਰੀਆਂ ਬੱਸ-ਅੱਡੇ ਦੇ ਬਾਹਰਲੇ ਚੌਕ ਕੋਲ ਆਪਣੇ ਪਿੰਡਾਂ ਵੱਲ ਆਉਣ ਵਾਲੇ

ਆਟੋ 'ਚ ਬੈਠਾ ਸੀ। ਆਟੋ ਵਾਲੇ ਘੱਟੋ-ਘੱਟ ਛੇ ਸਵਾਰੀਆਂ ਭਰਕੇ ਤੋਰਦੇ। ਕਈ ਵਾਰ ਤਾਂ ਇਹ ਬਹਿੰਦਿਆਂ-ਬਹਿੰਦਿਆਂ ਹੀ ਪੂਰੀਆਂ ਹੋ ਜਾਂਦੀਆਂ, ਕਈ ਵਾਰ ਅੱਧਾ-ਅੱਧਾ ਘੰਟਾ ਤੱਕ ਵੀ ਲਗ ਜਾਂਦਾ। ਡਰਾਈਵਰ ਹੋਕਰੇ ਮਾਰਦੇ ਰਹਿੰਦੇ। ਆਟੋ 'ਚ ਬੈਠੀਆਂ ਸਵਾਰੀਆਂ ਨੂੰ ਵੀ, ਆਟੋ ਵਾਲੇ ਜਿੰਨੀ ਹੀ ਹੋਰ ਸਵਾਰੀਆਂ ਦੀ ਉਡੀਕ ਹੁੰਦੀ; ਹਰ ਉਧਰ ਵਲ ਆਉਂਦਾ ਜਿਵੇਂ ਆਟੋ 'ਚ ਚੜ੍ਹਨ ਲਈ ਹੀ ਆ ਰਿਹਾ ਹੋਵੇ! ਤੁਰਨ ਵਾਲਾ ਅਗਾਂਹ ਲੰਘ ਜਾਂਦਾ ਤਾਂ ਆਟੋ ਵਾਲੇ ਜਿੰਨੀ ਹੀ ਨਿਰਾਸ਼ਤਾ। ਆਟੋ ਵਾਲੇ ਦੇ ਪੈਸੇ ਬਣਨੇ ਹੁੰਦੇ ਤੇ ਉਸ 'ਚ ਬੈਠਿਆਂ ਦਾ ਘਰ ਛੇਤੀ ਪਹੁੰਚਣ ਦਾ ਸਬੱਬ। ਸੜਕ ਦੀ ਭੀੜ ਨੂੰ ਤੱਕਦਿਆਂ ਅਚਨਚੇਤ ਉਸਨੂੰ ਗੋਲਡੀ ਦਾ ਬੁਲੇਟ ਦਿਸ ਗਿਆ। ਪਿੱਛੇ ਬੈਠੀ ਹੋਈ ਸੋਨੀ। ਲੱਕ ਨੂੰ ਮਰੋੜਾ ਜਿਹਾ ਦੇ ਕੇ ਉਹ ਉਸ ਨਾਲ ਚਿਪਕੀ ਬੈਠੀ ਸੀ ਅਗਾਂਹ ਨੂੰ ਬਾਂਹ ਵਲਾ ਕੇ। ਖਿੜ-ਖਿੜ ਹਸਦੇ ਉਹ ਲੰਘ ਗਏ, ਪਰ ਉਸ ਅੰਦਰ ਭਰਨ ਲੱਗੀ ਸੀ ਨਮੋਸ਼ੀ ਦੀ ਬੂ! ਚੋਰ ਅੱਖੀਂ ਚੁਫੇਰੇ ਦੇਖਿਆ, ਅੱਡੇ 'ਤੇ ਕੋਈ ਜਾਣੂ ਤਾਂ ਨਹੀਂ; ਉਹਨਾਂ ਨੂੰ ਲੰਘਦਿਆਂ ਦੇਖ ਰਿਹਾ! ਅਜਿਹੇ ਦ੍ਰਿਸ਼ ਹੀ ਫਿਰ ਖੰਭਾਂ ਦੀਆਂ ਡਾਰਾਂ ਬਣ ਪਿੰਡ ਦੀ ਫਿਜ਼ਾ 'ਚ ਉੱਡਦੇ ਰਹਿੰਦੇ। ਉਸਦੇ ਪਿੱਛੋਂ ਤਾਂ ਪਤਾ ਨਹੀਂ ਕਿਹੋ ਜਿਹੀਆਂ ਗੱਲਾਂ ਚਲਦੀਆਂ ਹੋਣ, ਕਈ ਤਾਂ ਸਾਹਮਣੇ ਵੀ ਵਲਵਿੰਗ ਪਾ ਕੇ ਕਰਨੋਂ ਨਾ ਹਟਦੇ। ਕੁਝ ਦਿਨ ਪਹਿਲਾਂ ਹੀ ਉਹ ਜਿੰਮ ਵਾਲੇ ਚੌਂਕ ਕੋਲੋਂ ਲੰਘ ਰਿਹਾ ਸੀ। ਉਥੇ ਤਾਸ਼ ਖੇਡਦੀ ਢਾਣੀ 'ਚੋਂ ਲੰਬੜਾਂ ਦੇ ਬਾਗ਼ੀ ਦੀ 'ਵਾਜ਼ ਸੁਣੀ, "ਗੋਲਡੀ ਨਵੀਂ ਸਕਾਰਪੀਓ ਲੈ ਕੇ ਆਇਆ... ਕਾਲੇ ਰੰਗ ਦੀ। ਬੜਾ ਸੋਹਣਾ ਮਾਡਲ ਐ!"

"ਕਹਿੰਦਾ, ਇਹ ਮਾਡਲ ਇਸੇ ਸਾਲ ਕੰਪਨੀ ਨੇ ਲਾਂਚ ਕੀਤਾ।" ਕਿਸੇ ਹੋਰ ਨੇ ਲੜੀ ਜੋੜੀ।

"ਪੈਸੇ ਦੀਆਂ ਗੱਲਾਂ... ਪੈਸੇ ਵਾਲਿਆਂ ਕੋਲ ਹੀ ਗੱਡੀਆਂ ਹੁੰਦੀਆਂ, ਪੈਸੇ ਵਾਲਿਆਂ ਕੋਲ ਹੀ ਨੱਢੀਆਂ... ਬਾਕੀਆਂ ਨੂੰ ਕੌਣ ਪੁੱਛਦਾ।"

"ਗੱਡੀਆਂ ਵੀ ਏਵੰਨ, ਨੱਢੀਆਂ ਵੀ... ਨਵੇਂ-ਨਵੇਂ ਮਾਡਲ..." ਨਾਲ ਹੀ ਹਾਸੜ ਮਚ ਗਈ।

ਕੋਈ ਇਕ ਵਾਰ ਦੀ ਗੱਲ ਹੋਵੇ ਤਾਂ ਚੈਨ ਦਾ ਸਾਹ ਆਵੇ! ਹਰ ਪਲ ਸਹਿਮ ਰਹਿੰਦਾ, ਅਗਲੇ ਹੀ ਪਲ ਕੋਈ ਨਵੀਂ ਨਮੋਸ਼ੀ ਦੇਖਣੀ/ਸੁਣਨੀ ਨਾ ਪੈ ਜਾਵੇ। ਇਸ ਸਹਿਮ ਦਾ ਜ਼ਹਿਰ ਉਸਨੂੰ ਅੰਦਰੋਂ-ਅੰਦਰੀਂ ਨਿਗਲਦਾ ਰਹਿੰਦਾ...

.............

...ਉਹ ਗੋਲਡੀ ਤੋਂ ਖਹਿੜਾ ਛੁਡਾਉਣਾ ਚਾਹੁੰਦਾ ਸੀ, ਉਸ ਨਾਲ ਕੋਈ ਮਤਲਬ ਨਾ ਰੱਖਣਾ। ਸੂਬੇਦਾਰ ਦੇ ਖੇਤ 'ਚ ਕਰਮੇ ਦੀ ਕੰਬਾਇਨ ਲੱਗੀ, ਉਸਨੇ ਯਤਨ ਕੀਤਾ, ਉਨ੍ਹਾਂ ਤੋਂ ਵਢਾ ਲਵੇ। ਉਹ ਕਰਮੇ ਨੂੰ ਪੁੱਛਣ ਗਿਆ ਪਰ ਉਸਨੇ ਕੋਈ ਲੜ-ਪੱਲਾ ਨਾ ਫੜਾਇਆ। "ਅਜੇ ਤਾਂ ਸਾਡੀ ਆਪਣੀ ਪੰਜਾਹ ਕਿੱਲੇ ਖੜੀ ਐ... ਉਹ ਵੱਢਣ ਤੋਂ ਬਾਅਦ ਹੀ ਦੇਖਾਂਗੇ ਬਾਹਰ ਦਾ...ਪੰਜ ਚਾਰ ਦਿਨਾਂ ਬਾਅਦ ਪਤਾ ਕਰਨਾ।" ਊਂ ਤਾਂ ਪੰਜ ਚਾਰ ਦਿਨਾਂ ਦਾ ਹੇਰ-ਫੇਰ ਕੋਈ ਬਹੁਤਾ ਨਹੀਂ ਹੁੰਦਾ, ਪਰ ਅਸਮਾਨ 'ਚ ਕਿਸੇ ਗੁੱਠ 'ਚੋਂ ਬੱਦਲੀ ਚੜ੍ਹਦੀ ਦਿਸਦੀ ਤਾਂ ਕਾਲਜਾ ਮੁੱਠ 'ਚ ਆ ਜਾਂਦਾ। ਆਖਰ ਹਾਰ ਕੇ ਗੋਲਡੀ ਦੀ ਸ਼ਰਨ ਹੀ ਜਾਣਾ ਪਿਆ; ਉਸੇ ਹੀ ਖੁੱਡ 'ਚ ਹੱਥ ਪਾਉਣ, ਜਿਥੋਂ ਚੜ੍ਹਦਾ ਜ਼ਹਿਰ ਉਸਨੂੰ ਅੰਦਰੇ ਹੀ ਅੰਦਰ ਜਰਜਰਾ ਕਰਦਾ ਜਾ ਰਿਹਾ ਸੀ, ਜ਼ਿੰਦਗੀ ਤੋਂ ਸੱਖਣਾ। ਗੋਲਡੀ ਨੂੰ ਕਿਹਾ ਤਾਂ ਉਸਨੇ ਇਕ ਪਲ ਦੀ ਵੀ ਦੁਬਿੱਧਾ ਨਹੀਂ

ਸੀ ਪਾਈ ਜਿਵੇਂ ਬਸ ਕਹਿਣਾ ਹੀ ਉਡੀਕ ਰਿਹਾ ਹੋਵੇ, "ਦਸ ਦੇਣਾ, ਜਦੋਂ ਵੱਢਣੀ ਹੋਈ।" ਸੋਨੀ ਨੇ ਉਸ ਨਾਲ ਸ਼ਾਇਦ ਪਹਿਲਾਂ ਹੀ ਗੱਲ ਕਰ ਲਈ ਹੋਈ ਸੀ। ਉਂਜ ਸੋਨੀ ਨੇ ਹੀ ਜ਼ੋਰ ਦੇ ਕੇ ਭੇਜਿਆ ਵੀ ਸੀ, "ਹੋਰਨਾਂ ਮਗਰ ਜੁ ਤੁਰਿਆ ਫਿਰਦਾਂ, ਇਕ ਵਾਰ ਗੋਲਡੀ ਨੂੰ ਪੁੱਛ ਕੇ ਵੇਖ ਲੈਣਾ ਸੀ।" ਅੰਦਰੋਂ ਦੁਚਿੱਤੀ 'ਚ ਪਿਆ ਮਨ। ਨਾ-ਚਾਹੁੰਦਿਆਂ ਵੀ ਉਹਨਾਂ ਦੀ ਹਵੇਲੀ ਜਾ ਕੇ ਦਸਤਕ ਦੇਣੀ ਪਈ ਸੀ।

"ਜੇ ਵਿਹਲ ਹੈ ਤਾਂ ਭਾਵੇਂ ਅੱਜ ਹੀ ਆ ਜਾ।"

"ਬਾਰਾਂ ਕੁ ਵਜੇ ਆ ਜਾਵਾਂਗਾ। ਤੁਸੀਂ ਆਪਣੀ ਤਿਆਰੀ ਕਰੋ।" ਬੀਤੇ ਦਿਨ ਕਣਕ ਵੱਢ ਦਿੱਤੀ ਤੇ ਅੱਜ ਰੀਪਰ ਲੈ ਆਇਆ। ਕੰਬਾਇਨਾਂ, ਰੀਪਰਾਂ ਵਾਲੇ ਸਮੇਂ ਨੂੰ ਪੈਸਿਆਂ ਨਾਲ ਜਰਬਾਂ ਦੇ ਕੇ ਸੋਚਦੇ ਸਨ। ਘੰਟੇ 'ਚ ਕੰਬਾਇਨ ਦੋ, ਪੌਣੇ ਦੋ ਕਿੱਲੇ ਵੱਢ ਕੇ ਪਾਸੇ ਕਰਦੀ; ਮਤਲਬ ਕੋਈ ਤਿੰਨ ਹਜ਼ਾਰ ਦਾ ਕੰਮ। ਉਹਨਾਂ ਨੂੰ ਖੇਤ ਵੀ ਵੱਡੇ ਚਾਹੀਦੇ ਹੁੰਦੇ, ਇਕਸਾਰ, ਜਿਥੇ ਕੰਬਾਇਨ ਨੂੰ ਬਹੁਤਾ ਮੋੜਨਾ ਨਾ ਪਵੇ। ਕਿੱਲਾ-ਕਿੱਲਾ, ਚਾਰ-ਚਾਰ ਕਨਾਲਾਂ ਦੇ ਖੇਤ ਪਿੰਡ 'ਚ ਆਮ ਹੋ ਗਏ ਸਨ, ਸਿੱਧੀਆਂ ਨੱਕ ਦੀ ਸੇਧ ਵੱਟਾਂ। ਕੰਬਾਇਨ ਦੀ ਭਰੀ ਪਰਾਤ ਤੁਰੀ ਰਹਿੰਦੀ। ਪਰ ਉਸਦੇ ਖੇਤ ਉਹੀ ਕਨਾਲ-ਕਨਾਲ, ਡੇਢ-ਡੇਢ ਕਨਾਲ ਦੇ। ਇਹਨਾਂ 'ਚ ਵੱਢਣ ਜਿੰਨਾ ਹੀ ਸਮਾਂ ਕੰਬਾਇਨ/ਰੀਪਰ ਨੂੰ ਮੋੜਨ, ਰੁਕ-ਸਿਰ ਕਰਨ 'ਤੇ ਲੱਗ ਜਾਂਦਾ। ਮਾੜੇ-ਧੀੜਿਆਂ ਦੇ ਕੰਮ ਉਦੋਂ ਹੀ ਹੁੰਦੇ ਜਦੋਂ ਉਹਨਾਂ ਸਾਹਮਣੇ ਵੱਡੇ ਕੰਮ ਨਾ ਹੁੰਦੇ! ਲਹਿੰਦੀ ਵੰਨੀ ਸੇਮੇ ਦੀ ਜ਼ਮੀਨ ਸੀ, ਉਹਨਾਂ ਵਾਲੇ ਪਾਸੇ ਨੂੰ ਕਰਕੇ ਉਸਦੀ ਮੋਟਰ। ਦੱਖਣ-ਵੰਨੀ ਮਾਸਟਰ ਵਾਲੀ ਜ਼ਮੀਨ ਵੀ ਉਸ ਕੋਲ ਹੀ ਸੀ ਠੇਕੇ 'ਤੇ। ਮੋਟਰ ਨਾਲ ਦੋ ਕੁ ਕਿੱਲੇ ਮੱਕੀ ਖੜੀ ਸੀ। ਇਹ ਉਸਨੇ ਆਲੂ ਪੁੱਟ ਕੇ ਬੀਜੀ ਸੀ। ਦਿਨਾਂ 'ਚ ਹੀ ਸਿਰ ਤੋਂ ਉੱਚੇ ਹੋ ਗਏ ਸੀ ਟਾਂਡੇ। ਚੜ੍ਹਦੀ ਵੰਨੀਓਂ ਲਿੰਕ ਸੜਕ ਲੰਘਦੀ ਜਿਹੜੀ ਨੇੜਲੇ ਪਿੰਡ ਤੋਂ ਹੁੰਦੀ ਸ਼ਹਿਰ ਨੂੰ ਜਾਂਦੀ ਸੀ। ਉਸ 'ਤੇ ਤੁਰੇ ਸਕੂਟਰ, ਬਾਈਕ, ਕਾਰਾਂ, ਥਰੀਵੀਲਰ। ਕਦੀ-ਕਦੀ ਵਿੱਚ ਕੋਈ ਮਿੰਨੀ ਬੱਸ, ਫੋਰਵੀਲਰ ਵੀ। ਆਵਾਜਾਈ ਪਹਿਲਾਂ ਵਾਂਗ ਹੀ ਸੀ; ਕੋਈ ਸ਼ਹਿਰ ਵੱਲ ਜਾਂਦਾ ਹੋਇਆ, ਕੋਈ ਸ਼ਹਿਰ ਵੱਲੋਂ ਆਉਂਦਾ ਹੋਇਆ; ਜਿਵੇਂ ਇਹ ਵਾਢੀਆਂ ਦੀ ਰੁੱਤ ਨਾ ਹੋਵੇ। ਉਸਦੇ ਬਚਪਨ 'ਚ ਵਾਢੀਆਂ ਦੀ ਰੁੱਤੇ ਆ ਕੇ, ਰਾਹ ਤੋਂ ਕਿਸੇ ਨੂੰ ਸਾਫ਼ ਕਪੜੇ ਪਾਈ ਤੁਰਿਆ ਆਉਂਦਾ ਦੇਖ ਲੋਕ ਹੋਰੂੰ-ਹੋਰੂੰ ਝਾਕਦੇ! ਹਰ ਕੋਈ ਰੁਝਿਆ ਹੁੰਦਾ, ਕੰਮ 'ਚ ਗਲ-ਗਲ ਤੱਕ ਖੁਭਿਆ; ਪਰ ਹੁਣ ਖੇਤਾਂ 'ਚ ਕੋਈ ਹੀ ਦਿਸਦਾ! ਜਿਸਦੇ ਖੇਤ 'ਚ ਕੰਬਾਇਨ ਜਾਂ ਰੀਪਰ ਚਲ ਰਿਹਾ ਹੁੰਦਾ, ਉਹ ਹੀ ਹੁੰਦਾ ਜਾਂ ਫਿਰ ਮਸ਼ੀਨਰੀ।

"ਆਹ ਬੰਨੇ ਕਢਾ ਦਿਓ... ਮਸ਼ੀਨਰੀ ਨੂੰ ਮੋੜਨ 'ਚ ਬਹੁਤ ਸਮਾਂ ਲੱਗ ਜਾਂਦਾ।" ਗੋਲਡੀ ਨੇ ਵੱਢੇ ਖੇਤ ਵੱਲ ਨਿਗਾਹ ਮਾਰਦਿਆਂ ਕਿਹਾ, "ਜਿੰਨੇ ਚਿਰ 'ਚ ਇਹ ਪੰਜ ਕਨਾਲਾਂ ਦੀ ਤੂੜੀ ਬਣੀ, ਇੰਨੇ ਚਿਰ 'ਚ ਕਿੱਲੇ 'ਚ ਫਿਰ ਜਾਂਦੀ ਐ।" ਸਿਰ 'ਤੇ ਕੰਘਾ ਮਾਰਦਾ ਉਹ ਰੀਪਰ ਦੇ ਦੰਦਿਆਂ ਦੀ ਧਾਰ ਪਰਖਣ ਲੱਗਾ, "ਹੋਰ ਟਰਾਲੀ ਬਣਾਉਣੀ ਐ ਕਿ ਦੋ ਟਰਾਲੀਆਂ।"

"ਇਕ ਹੀ ਹੋਰ ਬਹੁਤ ਐ... ਪਿਛਲੇ ਸਾਲ ਦੋ ਟਰਾਲੀਆਂ ਨਾਲ ਸਾਲ ਲੰਘ ਗਿਆ ਸੀ!" ਜਗਤੂ ਨੇ ਕਿਹਾ। ਉਸਨੂੰ ਸੀ, ਕੰਮ ਸ਼ੁਰੂ ਕਿਉਂ ਨਹੀਂ ਕਰ ਰਿਹਾ! ਉਹ ਵੱਢ ਵਿਚੀਂ ਦੱਖਣ-ਪੱਛਮੀ ਗੁੱਠ ਵੱਲ ਤੁਰ ਪਿਆ ਸੀ, ਸੇਮੇ ਦੀ ਮੋਟਰ ਵੱਲ। ਕੁਝ ਦੂਰ ਜਾ ਕੇ ਉਸਨੇ ਲੋਅਰ ਦੀ ਜੇਬ 'ਚੋਂ ਮੋਬਾਇਲ ਕੱਢਿਆ ਤੇ ਗੱਲਾਂ ਕਰਨ ਲੱਗਾ। ਸਿਰੇ 'ਤੇ ਜਾ ਕੇ ਮੱਕੀ ਖੜੀ ਸੀ। ਇਸਦੀ ਆੜ 'ਚ ਹੋ ਪਿਸ਼ਾਬ ਕਰਦਿਆਂ ਵੀ ਉਸਨੇ ਮੋਬਾਇਲ ਕੰਨ ਨਾਲੋਂ ਨਾ ਲਾਹਿਆ।

ਉਸਨੂੰ ਕੋਈ ਗੱਲ ਨਹੀਂ ਸੀ ਸੁਣ ਰਹੀ, ਅੰਦਰੋਂ ਉੱਠਦੀ ਪੀੜ ਦੇ ਵਰੋਲੇ ਪਰ ਬੁਰੀ ਤਰ੍ਹਾਂ ਡੰਗੀ ਜਾ ਰਹੇ ਸਨ, 'ਸੋਨੀ ਨਾਲ ਨਾ ਗੱਲ ਕਰ ਰਿਹਾ ਹੋਵੇ!'

ਮਾਸਟਰ ਦੇ ਖੇਤਾਂ ਵੱਲੋਂ ਧੂੰਆਂ ਉੱਠਿਆ। ਸੇਮੇ ਦਾ ਭਈਆ ਨਾੜ ਨੂੰ ਅੱਗ ਲਾਉਣ ਲੱਗਾ ਸੀ, 'ਅੱਗ ਇਧਰ ਨੂੰ ਵੀ ਤਾਂ ਆ ਸਕਦੀ ਹੈ!' ਮਨ 'ਚ ਨਵਾਂ ਸ਼ੱਕ ਉੱਠਿਆ। ਰਾਹਤ ਸੀ ਕਿ ਉਸਨੇ ਅੱਗ ਦੂਸਰੇ ਸਿਰੇ ਤੋਂ ਸ਼ੁਰੂ ਕੀਤੀ ਸੀ। ਨਾੜ ਦੇ ਧੂੰਏਂ ਤੋਂ ਤੁਰਦੀ ਸੋਚ ਮਾਸਟਰ ਵੱਲ ਮੁੜ ਗਈ, ਆਪਣੇ ਪਰਿਵਾਰਕ ਪਿਛੋਕੜ ਵੱਲ...

..........

...ਉਹ ਬਾਪ ਨਾਲ ਮਿੱਟੀਓ-ਮਿੱਟੀ ਹੋਇਆ ਹੁੰਦਾ; ਬੰਤ ਕਾਲਜ, ਕਦੀ ਯੂਨੀਵਰਸਿਟੀ 'ਚ ਪੜ੍ਹਦਾ ਜਮਾਤਾਂ ਪਾਸ ਕਰਦਾ ਰਿਹਾ। ਉਸਨੂੰ ਸੱਚੀਓਂ ਹੀ ਲਗਦਾ, ਉਹ ਕਿਤੇ ਨੌਕਰੀ 'ਤੇ ਲਗ ਗਿਆ, ਘਰਦੇ ਧੋਣੇ ਤਾਂ ਚਹੁੰ ਸਾਲਾਂ 'ਚ ਧੋਤੇ ਜਾਣਗੇ। ਬੀ.ਐਡ. ਕਰਕੇ ਪਹਿਲਾਂ ਦੋ ਕੁ ਸਾਲ ਉਸਨੇ ਆਰੀਆ ਸਕੂਲ 'ਚ ਪੜ੍ਹਾਇਆ। ਬਸ ਇਹੀ ਸਮਾਂ ਵੀ ਜਦੋਂ ਉਸਨੇ ਘਰਦੀ ਕੁਝ ਮਦਦ ਕੀਤੀ, ਫਿਰ ਉਥੇ ਨਾਲ ਹੀ ਨੌਕਰੀ ਕਰਦੀ ਸਰਿਤਾ ਨਾਲ ਵਿਆਹ ਕਰਵਾ ਲਿਆ ਤੇ ਰਿਹਾਇਸ਼ ਸ਼ਹਿਰ ਕਰ ਲਈ। ਘਰ ਪੈਸੇ ਦੇਣੇ ਬੰਦ। ਬਾਪ ਦੀ ਮੌਤ ਤੋਂ ਬਾਅਦ ਅੱਧ ਵੰਡਾ ਕੇ ਪਾਸੇ। ਘਰ ਵਾਲੇ ਥਾਂ ਦਾ ਹਿੱਸਾ ਵੀ ਨਾ ਛੱਡਿਆ, ਹਾਲਾਂਕਿ ਮਾਮੇ ਨੇ ਜ਼ੋਰ ਲਾਇਆ, "ਬੰਤ ਸਿੰਹਾਂ ਹਵੇਲੀ ਜਗਤੂ ਕੋਲ ਹੀ ਰਹਿਣ ਦੇ। ਉਸਦੀ ਖੁੱਲ੍ਹੇ ਹੋ ਕੇ ਗੁਜ਼ਰ-ਬਸਰ ਹੋ ਜੂ... ਇਸਨੇ ਬੜੀ ਜਾਨ ਮਾਰੀ ਐ ਇਸ ਘਰ ਨੂੰ ਬਣਾਉਣ 'ਚ।"

"ਮਾਮਾ, ਮੈਂ ਕਦੀ ਅੱਜ ਤੱਕ ਹਿੱਸਾ ਮੰਗਿਆ। ਦਾਣੇ ਹੀ ਖਾਣ ਜੋਗੇ ਲਿਜਾਂਦਾ ਰਿਹਾਂ ਨਾ... ਬਾਕੀ ਪੈਸੇ ਦੀ ਚੀਜ਼ ਨੀ ਖੜੀ, ਨਾ ਕਿਸੇ ਦਿੱਤੀ... ਸ਼ਹਿਰਾਂ ਦੇ ਖਰਚਿਆਂ ਦਾ ਤੁਹਾਨੂੰ ਕਿਹੜਾ ਪਤਾ ਨੀ! ਚੰਗੇ ਸਕੂਲਾਂ 'ਚ ਨਿਆਣੇ ਪੜ੍ਹਾਉਂਦਿਆਂ ਘਰਦਾ ਬੂਹਾ ਪਿਛਲੇ ਪਾਸੇ ਨੂੰ ਹੋ ਜਾਂਦਾ... ਬਾਰਾਂ ਪੰਦਰਾਂ ਸਾਲ ਕਿਵੇਂ ਕੱਢੇ, ਅਸੀਂ ਹੀ ਜਾਣਦੇ ਹਾਂ।"

"ਤੁਹਾਡਾ ਦੋ ਤਨਖਾਹਾਂ ਨਾਲ ਨੀ ਸਰਦਾ ਤਾਂ ਇਹ ਕਿਵੇਂ ਸਾਰਦਾ ਹੋਊ!" ਮਾਮੇ ਨੂੰ ਉਸ ਨਾਲ ਹਮਦਰਦੀ ਸੀ ਜਾਂ ਉਸ ਸਮੁੱਚੇ ਘਰ ਨੂੰ ਵਧਦਿਆਂ-ਫੁਲਦਿਆਂ ਦੇਖਣਾ ਚਾਹੁੰਦਾ ਸੀ, ਪਰ ਬੰਤ ਨੇ ਕੋਈ ਰਾਹ ਨਾ ਦਿੱਤਾ।

ਗੋਲਡੀ ਹੁਰਾਂ ਦਾ ਟੱਬਰ ਵੀ ਕੀ ਹੁੰਦਾ ਸੀ ਪਹਿਲਾਂ। ਉਸਦਾ ਬਾਪ ਗੱਜਣ ਸਿੰਘ ਲੋਕਾਂ ਦੀ ਜ਼ਮੀਨ ਠੇਕੇ 'ਤੇ ਲੈ ਕੇ ਗੁਜ਼ਾਰਾ ਕਰਦਾ। ਇਹ ਤਾਂ ਵੀਹ ਕੁ ਸਾਲ ਪਹਿਲਾਂ ਵੱਡਾ ਲਵਲੀ ਦੋ ਨੰਬਰ 'ਚ ਅਮਰੀਕਾ ਲੰਘਿਆ ਤਾਂ ਦਿਨ ਫਿਰਨ ਲੱਗੇ ਸੀ। ਫਿਰ ਉਸਨੇ ਗੋਲਡੀ ਤੋਂ ਵੱਡੇ ਬੀਰੇ ਨੂੰ ਸੱਦ ਲਿਆ। ਦੋਹਾਂ ਨੇ ਟਰਾਲੇ ਪਾ ਲਏ ਤੇ ਦਿਨ ਰਾਤ ਇਕ ਕਰਕੇ ਡਾਲਰ ਪਿਛਾਂਹ ਭੇਜਣ ਦੀਆਂ ਧੂੜਾਂ ਪੱਟ ਦਿੱਤੀਆਂ। ਵੀਹ-ਬਾਈ ਕਿੱਲੇ ਜ਼ਮੀਨ ਵੀ ਬਣਾ ਲਈ ਸੀ। ਘਰਦੀ ਹਰ ਮਸ਼ੀਨਰੀ। ਦੋ ਟਰੈਕਟਰ, ਕੰਬਾਇਨ, ਰੀਪਰ, ਇਕ ਡਰਾਈਵਰ ਪੱਕਾ ਹੀ ਰੱਖਿਆ ਹੋਇਆ ਸੀ। ਦੂਸਰੇ 'ਤੇ ਗੋਲਡੀ ਆਪ ਹੁੰਦਾ। ਡਾਲਰਾਂ ਦੀ ਚਕਾਚੌਂਧ ਨੇ ਪਰ ਉਸਦੇ ਘਰ ਨੂੰ ਰੋਲ ਕੇ ਰੱਖ ਦਿੱਤਾ ਸੀ। ਨਾ ਅਮਰ ਕਿਸੇ ਪਾਸੇ ਲੱਗਿਆ, ਨਾ ਸੋਨੀ ਹੀ। ਮਾਸਟਰ ਨਾਲ ਵੀ ਕੋਈ ਖਾਸ ਕੂਣ-ਸੈਣ ਨਹੀਂ ਸੀ ਰਹਿ ਗਿਆ। ਓਪਰਿਆਂ ਤੋਂ ਵੀ ਵੱਧ ਓਪਰਾ ਰਿਸ਼ਤਾ ਹੋ ਗਿਆ ਸੀ ਉਸ ਨਾਲ। ਕਦੀ ਕਿਤੇ ਰਾਹ-ਗਲੀ ਆਹਮਣਾ-ਸਾਹਮਣਾ ਹੋ ਜਾਂਦਾ ਤਾਂ ਰਸਮੀ ਰਾਜ਼ੀ-ਖੁਸ਼ੀ ਹੋ ਜਾਂਦੀ। ਉਂਜ ਉਚੇਚ ਨਾਲ ਉਹ ਘਰ ਹਾਲਚਾਲ ਪੁੱਛਣ ਨਾ ਆਉਂਦਾ, ਹਾਲਾਂਕਿ ਪੰਜੀਂ-ਸੱਤੀਂ

ਬਾਗ ਵਲ ਗੇੜਾ ਮਾਰਨ ਆਇਆ ਹੁੰਦਾ। ਪਿੰਡ ਦੇ ਪਹਾੜ-ਵੰਨੀ ਮੁਰਾਦਪੁਰ ਨੂੰ ਜਾਂਦੇ ਰਾਹ ਕੰਢੇ ਉਸਨੇ ਬੱਗੇ ਜੱਟ ਤੋਂ ਖਰੀਦੇ ਕਿੱਲੇ 'ਚ ਦੁਸਹਿਰੀ ਅੰਬ ਲਾਏ ਹੋਏ ਸਨ। ਗੱਡੀ 'ਚ ਆਉਂਦਾ; ਕਦੀ ਇਕੱਲਾ, ਕਦੀ ਸਰਿਤਾ ਵੀ ਨਾਲ ਹੁੰਦੀ। 'ਕੱਲੇ 'ਕੱਲੇ ਬੂਟੇ ਨੂੰ ਘੁੰਮ ਫਿਰ ਕੇ ਦੇਖਦੇ। ਕੋਈ ਕੰਮ ਕਰਵਾਉਣ ਵਾਲਾ ਹੁੰਦਾ, ਫੋਨ ਕਰ ਦਿਹਾੜੀਆ ਸੱਦ ਲੈਂਦੇ। ਗੋਡੀ, ਖਾਦ, ਸਪਰੇਆਂ, ਹਰ ਚੀਜ਼ 'ਤੇ ਧਿਆਨ ਰੱਖਦੇ। ਦੋਵੇਂ ਬੱਚੇ ਕੈਨੇਡਾ 'ਚ ਸਨ। ਆਪ ਦੋਵੇਂ ਮੀਆਂ ਬੀਵੀ ਵੀ ਸਾਲ, ਦੋ ਸਾਲੀਂ ਬਾਹਰ ਦਾ ਚੱਕਰ ਲਾ ਆਉਂਦੇ...

..........

...'ਫਸਲ ਵੀ ਹੁਣ ਪੈਸੇ ਵਾਲਿਆਂ ਦੀ ਹੀ ਰਹਿ ਗਈ ਐ ਤੇ ਜ਼ਿੰਦਗੀ ਵੀ ਉਹਨਾਂ ਦੀ।' ਉਸ ਅੰਦਰੋਂ ਹਾਓਕਾ ਉੱਠਿਆ, 'ਹਮਾਤੜਾਂ ਨੂੰ ਕਿਤੇ ਢੋਈ ਨੀ... ਨਾ ਹੱਥੀਂ ਕੰਮ ਕਰਨ ਦਾ ਮੁੱਲ ਰਹਿ ਗਿਆ।' ਉਂਜ ਮੁੱਲ ਤਾਂ ਹੋਰ ਬਹੁਤ ਕੁਝ ਦਾ ਵੀ ਮੁੱਕਦਾ ਜਾ ਰਿਹਾ ਸੀ, ਜਿਸ 'ਚ ਉਹ ਪ੍ਰਵਾਨ ਚੜ੍ਹਿਆ ਸੀ। ਪਿੰਡ ਦੀ ਧੀ-ਭੈਣ, ਧੀ-ਭੈਣ ਸਮਝੀ ਜਾਂਦੀ! ਕੁੜੀਆਂ ਪੇਕੇ ਘਰ ਨੀਵੀਂ ਪਾ ਕੇ ਬਾਹਰ ਨਿਕਲਦੀਆਂ, ਸਿਰ ਢੱਕ ਕੇ। 'ਪਿਛਲੇ ਪੰਦਰਾਂ ਵੀਹ ਸਾਲਾਂ 'ਚ ਹੀ ਬਹੁਤੀ ਮਾੜੀ 'ਵਾ ਲੱਗੀ ਐ!' ਸਵੇਰੇ-ਸਵੇਰੇ ਪਿੰਡ ਦੇ ਅੱਡੇ 'ਤੇ ਦੇਖਦਾ; ਕਾਲਜਾਂ, ਆਈਲਿਟਸ ਵਾਲੀਆਂ ਸੰਸਥਾਵਾਂ 'ਚ ਜਾਣ ਵਾਲੇ ਮੁੰਡੇ ਕੁੜੀਆਂ ਇਕ ਦੂਸਰੇ ਨੂੰ ਉਡੀਕ ਕੇ ਮਿੰਨੀ ਬੱਸਾਂ 'ਚ ਚੜ੍ਹਦੇ, ਸ਼ਰ੍ਹੇਆਮ ਇਕ ਦੂਸਰੇ ਨਾਲ ਹੱਥ ਮਿਲਾਉਂਦੇ, ਪਰ 'ਮਾੜੀ ਗੱਲ', ਮਾੜੇ-ਧੀੜਿਆਂ ਦੇ ਧੀਆਂ-ਪੁੱਤਾਂ ਦੀ ਹੀ ਚਲਦੀ! ਤਗੜਿਆਂ ਵੱਲੋਂ ਅੱਖਾਂ ਮੀਟ ਲਈਆਂ ਜਾਂਦੀਆਂ।

ਪਿਸ਼ਾਬ ਕਰਕੇ ਆ ਗੋਲਡੀ ਨੇ ਟਰੈਕਟਰ ਤੋਰ ਲਿਆ। ਮੁੜ ਰੀਪਰ ਦੀ ਖੜਕਾਰ, ਟਰੈਕਟਰ ਦੀ ਘੂੰ-ਘੂੰ 'ਚ ਚੁੱਪ ਗੁਆਚਣ ਲੱਗੀ। ਅਜੇ ਪੰਜ ਸੱਤ ਮਿੰਟ ਹੀ ਟਰੈਕਟਰ ਤੁਰੇ ਨੂੰ ਹੋਏ ਸੀ ਕਿ ਪਿੰਡ ਵੱਲੋਂ ਆਉਂਦੀ ਸੋਨੀ ਦਿਸੀ। ਚਿੱਟੇ ਰੰਗ ਦੀ ਸਕੂਟਰੀ 'ਤੇ ਉਹ ਜਿਵੇਂ ਉੱਡਦੀ ਆ ਰਹੀ ਸੀ। ਹਵਾ 'ਚ ਪਿਛਾਂਹ ਨੂੰ ਝੂਲਦੇ ਹੋਏ ਵਾਲ; ਲਹਿਰਾਉਂਦੇ ਹੋਏ ਸੁਨਹਿਰੀ ਚਮਕ ਛੱਡਦੇ। ਖੇਤ ਸਾਹਮਣੇ ਆ ਕੇ ਉਸਨੇ ਰਾਹ ਕੰਢੇ ਸਕੂਟਰੀ ਖੜੀ ਕੀਤੀ ਤੇ ਚਾਹ ਵਾਲੀ ਥਰਮਸ, ਕੱਪ ਲੈ ਕੇ ਨਾੜ ਵੱਢੇ ਪੱਧਰੇ ਹੋਏ ਵੱਢ ਵਿੱਚੀਂ ਉਹਨਾਂ ਵਲ ਨੂੰ ਤੁਰ ਪਈ। ਅੱਧੀਆਂ ਬਾਹਵਾਂ ਦੇ ਖੁੱਲ੍ਹੇ ਜਿਹੇ ਕੁੜਤੇ 'ਚ ਉਸਦਾ ਜਿਸਮ ਲੁੱਕਦਾ ਘੱਟ, ਉਭਰਦਾ ਜ਼ਿਆਦਾ ਲੱਗਦਾ। ਹੇਠਾਂ ਉਹੋ ਜਿਹਾ ਹੀ ਪਜਾਮਾ, ਖੁੱਲ੍ਹਾ-ਖੁੱਲ੍ਹਾ, ਗਿੱਟਿਆਂ ਤੋਂ ਕੋਈ ਗਿੱਠ ਭਰ ਉੱਚਾ। ਇੰਜ ਬਣੀ-ਠਣੀ ਜਿਵੇਂ ਪਾਰਟੀ 'ਤੇ ਜਾ ਰਹੀ ਹੋਵੇ! ਉਸਦਾ ਮਨ ਨਮੋਸ਼ੀ ਦੀ ਗੁਫ਼ਾ ਵੱਲ ਗਰਕਣ ਲੱਗਾ। ਰਾਹਤ ਦਾ ਕੋਈ ਰਾਹ ਸਾਹਮਣੇ ਨਹੀਂ ਸੀ! ਉਸਦੇ ਕਹਿਣ 'ਤੇ ਹੀ ਗੋਲਡੀ ਆਇਆ ਸੀ। ਉਹ ਨਾ ਆਉਂਦਾ, ਕਣਕ ਅਜੇ ਵੀ ਨਹੀਂ ਸੀ ਵੱਢ ਹੋਣੀ, ਤੂੜੀ ਬਣਨੀ ਤਾਂ ਦੂਰ ਦੀ ਗੱਲ! ਫਿਰ ਚੜ੍ਹਦੇ ਬੱਦਲ ਕੁਤਰਾ ਹੋਰ ਤਰ੍ਹਾਂ ਕਰਦੇ। ਕੁਤਰਾ ਦੋਹੀਂ ਪਾਸੀਂ ਹੀ ਸੀ। ਸਮਾਜਕ ਵਹਿਣ ਦਾ ਰੀਪਰ, ਉਸ ਅੰਦਰਲੇ 'ਜਗਤ ਸਿੰਘ' ਨੂੰ ਵੱਢਦਾ ਤੋੜਦਾ ਬੁਰੀ ਤਰ੍ਹਾਂ 'ਜਗਤੂ' 'ਚ ਬਦਲਦਾ ਜਾ ਰਿਹਾ ਸੀ; ਦਹਾਕਿਆਂ ਤੋਂ ਅੰਦਰੋਂ-ਅੰਦਰੀ ਉਸਦੀ ਹੋਂਦ ਨੂੰ ਖਾਂਦਾ ਹੋਇਆ। ਕਦੀ ਘਰਦੀ ਵੰਡ-ਵੰਡਾਈ ਦਾ ਦਰਦ, ਕਦੀ ਅਮਰ ਦਾ ਅਧਵਾਟਿਓਂ ਮੁੜ ਆਉਣਾ, ਸੋਨੀ ਦੇ ਬਦਲਦੇ ਤੌਰ-ਤਰੀਕੇ... ਕਿੰਨਾ ਕੁਝ ਸੀ ਨਸਾਂ 'ਚ ਜ਼ਹਿਰ ਵਾਂਗ ਫੈਲ ਉਸਦੀ ਹੋਂਦ ਨੂੰ ਜਰਜ਼ਰ ਕਰਦਾ!

ਇਹ ਥਪੇੜੇ ਹੁਣ ਜਿਵੇਂ ਬਚੇ ਖੰਡਰ ਦੇ ਕੰਧਾਂ-ਕੌਲਿਆਂ ਨੂੰ ਵੀ ਢਾਹੁਣ ਦੇ ਰਾਹ ਤੁਰ ਪਏ ਸਨ!

ਕਹਾਣੀ

# ਵੱਡਾ ਵੇਲਾ

**-ਹਰਪ੍ਰੀਤ ਸਿੰਘ ਚਨੂੰ**

ਸੁਣਨ 'ਚ ਆਉਂਦਾ ਬਈ ਜਦੋਂ ਜੈਤੋ ਦਾ ਮੋਰਚਾ ਸਿਖਰਾਂ 'ਤੇ ਸੀ ਹਰ ਪਾਸਿਓਂ ਜੱਥੇ ਹੁੰਮ-ਹੁਮਾ ਕੇ ਮੋਰਚੇ ਵਿਚ ਪਹੁੰਚ ਰਹੇ ਸਨ। ਉਦੋਂ ਕਿਤੇ, ਇਕ ਵੱਡੇ ਜਥੇ ਨੇ ਸ਼ਹਿਰ ਦੇ ਗੁਰਦੁਆਰੇ ਵਿਚੋਂ ਆਥਣ ਵੇਲੇ ਚਾਹ ਦਾ ਲੰਗਰ ਛਕ ਕੇ ਜੀ.ਟੀ. ਰੋਡ ਉਤੇ ਅਗਲੇ ਪੜਾਅ ਲਈ ਚਾਲੇ ਪਾਏ ਸਨ। ਰਾਤ ਉਹਨਾਂ ਨੇ ਤਿੰਨ ਕੋਹ ਦੀ ਵਾਟ ਮੁਕਾ ਕੇ ਇਕ ਸਰਦੇ ਪੁਜਦੇ ਪਿੰਡ ਦੇ ਗੁਰਦੁਆਰੇ ਵਿਚ ਕੱਟਣੀ ਸੀ। ਅੰਗਰੇਜ਼ੀ ਹਕੂਮਤ ਵਿਚ ਆਉਂਦੇ ਇਸ ਪਿੰਡ ਵਿਚ ਕਈ ਛੋਟੇ-ਮੋਟੇ ਪਿੰਡਾਂ ਦਾ ਜ਼ੈਲ ਹੈੱਡ ਕੁਆਰਟਰ ਸੀ।

ਪਿੰਡ ਵਿਚਦੀ ਲੰਘਦੀ ਖੁੱਲ੍ਹੀ ਸੜਕ ਦੇ ਖੱਬੇ ਹੱਥ ਜ਼ੈਲਦਾਰਾਂ ਤੇ ਉਨ੍ਹਾਂ ਦੇ ਸ਼ਰੀਕੇ-ਕਬੀਲੇ ਦੀਆਂ ਹਵੇਲੀਆਂ ਸਨ। ਸੱਜੇ ਹੱਥ ਛਾਂ-ਦਾਰ ਦਰੱਖਤਾਂ ਵਿਚ ਘਿਰੀ ਵੱਡੀ, ਪਾਣੀ ਦੀ ਢਾਬ ਸੀ। ਢਾਬ ਕਿਨਾਰੇ ਮਿੱਠੇ ਪਾਣੀ ਦਾ ਖੂਹ ਸੀ। ਖੂਹ ਦੇ ਮਗਰਲੇ ਪਾਸੇ ਪਿੰਡ ਦੀ ਖੁੱਲ੍ਹੀ ਸੱਥ ਸੀ, ਸੱਥ ਦੇ ਇਕ ਪਾਸੇ ਗੁਰਦੁਆਰਾ ਅਤੇ ਅਗਾਂਹ ਪਿੰਡ ਦੇ ਜੱਟ-ਜ਼ਿਮੀਦਾਰ ਵਸਨੀਕਾਂ ਦੇ ਘਰ ਸਨ।

ਹਵੇਲੀਆਂ ਅਤੇ ਢਾਬ ਤੋਂ ਅੱਗੇ ਸੜਕ ਉੱਤੇ ਖੱਬੇ ਹੱਥ ਪਿੰਡ ਦੇ ਕੰਮੀਆਂ ਤੇ ਗਰੀਬ-ਗੁਰਬੇ ਲੋਕਾਂ ਦੀ ਬਸਤੀ ਵਸੀ ਹੋਈ ਸੀ ਜਿਸ ਨੂੰ ਫਕੀਰਾ ਵਾਲੀ ਬਸਤੀ ਕਰਕੇ ਸੱਦਿਆ ਜਾਂਦਾ ਸੀ। ਬਸਤੀ ਤੋਂ ਥੋੜ੍ਹਾ ਹੋਰ ਅਗਾਂਹ ਜਾ ਕੇ ਸੜਕ ਦੇ ਸੱਜੇ ਹੱਥ, ਉਚੀ ਥਾਂ ਉਤੇ ਪੁਰਾਣਾ ਡੇਰਾ ਸੀ। ਡੇਰੇ ਨਾਲ ਛੋਟੀ ਜਿਹੀ ਨਹਿਰੀ ਕੱਸੀ ਸੀ ਜਿਹੜੀ ਮਹੀਨੇ ਵਿਚ ਸਿਰਫ ਇਕ ਹਫ਼ਤਾ ਵਗਦੀ ਸੀ। ਡੇਰੇ ਦਾ ਸਾਧ ਦੇਸੀ ਦਵਾਈ ਬੂਟੀ ਵੀ ਕਰਦਾ ਸੀ ਤੇ ਗ੍ਰੰਥਾਂ ਵਿਚੋਂ ਕਥਾ ਪ੍ਰਵਚਨ ਵੀ ਕਰਦਾ ਸੀ। ਕੁਟੀਆ ਵਿਚ ਰਮਾਇਣ, ਮਹਾਂਭਾਰਤ, ਗੁਰਬਾਣੀ ਨਾਲ ਜੁੜੀਆਂ ਸਾਖੀਆਂ ਤੇ ਹੋਰ ਧਾਰਮਿਕ ਪੋਥੀਆਂ ਸਤਿਕਾਰ ਨਾਲ ਰੱਖੀਆਂ ਹੋਈਆਂ ਸਨ। ਦੋ ਹੋਰ ਛੱਪਰਨੁਮਾ ਬਸੇਰੇ ਸਨ। ਇਕ ਵਿਚ ਸੰਤ ਦਾ ਨਿਵਾਸ ਸੀ, ਦੂਜੇ ਵਿਚ ਰਾਹੀ-ਪਾਂਧੀ ਲਈ ਵਿਸ਼ਰਾਮ ਕਰਨ ਦੀ ਸਹੂਲਤ ਸੀ।

ਨਿੰਮ, ਪਿੱਪਲਾਂ ਤੇ ਬੋਹੜਾਂ ਨਾਲ ਘਿਰੇ ਡੇਰੇ ਵਿਚ ਕੁਆਰ ਗੰਦਲ, ਤੁਲਸੀ, ਅੱਕਸਿਨ, ਧਤੂਰੇ ਤੇ ਹੋਰ ਜੜੀ-ਬੂਟੀ ਦੀਆਂ ਕਿਆਰੀਆਂ ਸਨ ਜਿਨ੍ਹਾਂ ਨੂੰ ਸੰਤ ਜਾਂ ਚੇਲੇ, ਡੇਰੇ ਦੇ ਪਿਛਲੇ ਪਾਸੇ ਵਾਲੀ ਚੀਕਣੀ ਮਿੱਟੀ ਦੀ ਛੋਟੀ ਜਿਹੀ ਛਪੜੀ ਵਿਚੋਂ ਬਾਲਟੀਆਂ ਭਰ-ਭਰ ਪਾਣੀ ਦਿੰਦੇ ਰਹਿੰਦੇ ਸਨ। ਡੇਰੇ ਦੇ ਅਗਲੇ, ਸੜਕ ਵਾਲੇ ਪਾਸੇ, ਪੀਣ ਵਾਲੇ ਪਾਣੀ ਲਈ ਛੋਟੀ ਜਿਹੀ ਪੱਕੀ ਡਿੱਗੀ ਬਣੀ ਹੋਈ ਸੀ। ਜਦੋਂ ਕੱਸੀ ਵਿਚ ਪਾਣੀ ਆਉਂਦਾ ਤਾਂ ਉਹ ਡਿੱਗੀ ਭਰ ਲਈ ਜਾਂਦੀ। ਸੰਤ ਦੀ ਮਹਿਮਾ ਨੇੜਲੇ ਪਿੰਡਾਂ ਵਿਚ ਵੀ ਸੀ। ਦਵਾਈ-ਬੂਟੀ ਲੈਣ ਆਉਣ ਵਾਲੇ ਲੋਕ ਲੰਗਰ, ਦੁੱਧ, ਲੱਸੀ ਦੀ ਸੇਵਾ ਵੀ ਕਰ ਜਾਂਦੇ ਸਨ।

ਜਦੋਂ ਜ਼ੈਲਦਾਰਾਂ ਨੂੰ ਜੱਥੇ ਦੇ ਆਉਣ 'ਤੇ ਪਿੰਡ ਦੇ ਗੁਰਦੁਆਰੇ ਵਿਚ ਰਾਤ ਦੇ ਠਹਿਰਾਓ ਕਰਨ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਆਵਦਾ ਹਕੂਮਤੀ ਬੰਦੋਬਸਤ ਕਰ ਲਿਆ ਤੇ ਗੁਰਦੁਆਰੇ

ਦੇ ਭਾਈ ਜੀ ਨੂੰ ਸਖਤ ਹਦਾਇਤ ਦੇ ਕੇ ਗੁਰਦੁਆਰਾ ਬੰਦ ਕਰਵਾ ਦਿੱਤਾ। ਖੂਹ ਦੇ ਪਾਣੀ ਵਿਚ ਜ਼ਹਿਰ ਮਿਲੇ ਹੋਣ ਦੀ ਝੂਠੀ ਅਫ਼ਵਾਹ ਫੈਲਾਅ ਦਿੱਤੀ। ਗੁਰਦੁਆਰੇ ਦੇ ਸਾਹਮਣੇ ਵੱਡੀ ਸੱਥ ਵਿਚ ਆਵਦੇ ਗੁੰਡਿਆਂ ਦਾ ਪਹਿਰਾ ਲਵਾ ਦਿੱਤਾ।

ਜਥੇ ਦੇ ਜਥੇਦਾਰ ਜੀਹਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਸਿਰ ਉਪਰ ਬਿਰਾਜਮਾਨ ਕੀਤੀ ਹੋਈ ਸੀ, ਨੇ ਜ਼ੈਲਦਾਰ ਨੂੰ ਪੰਜ ਸਿੰਘਾਂ ਰਾਹੀਂ ਸੁਨੇਹਾ ਪਹੁੰਚਾਇਆ, ਬਈ ਜਥੇ ਨੇ ਤਾਂ ਗੁਰੂ ਗ੍ਰੰਥ ਸਾਹਬ ਦਾ ਰਾਤ ਭਰ ਲਈ ਤੁਹਾਡੇ ਪਿੰਡ ਦੇ ਗੁਰੂ-ਘਰ ਵਿਚ ਸੁਖ-ਆਸਨ ਕਰਨਾ ਹੈ, ਸਵੇਰੇ ਅਗਲੇ ਪੜਾਅ ਲਈ ਚਾਲੇ ਪਾ ਦਿਆਂਗੇ, ਸਾਡੀ ਬੇਨਤੀ ਪ੍ਰਵਾਨ ਕਰੋ। ਪਰ ਅੰਗਰੇਜ਼ੀ ਹਕੂਮਤ ਦੇ ਨੁਮਾਇੰਦੇ, ਸ਼ਰਾਬੀ ਹੋਏ ਜ਼ੈਲਦਾਰ ਨੇ ਕੋਰਾ ਜਵਾਬ ਦੇ ਕੇ ਪੁੱਠੇ ਪੈਰੀਂ ਮੋੜ ਦਿੱਤੇ।

ਜਥੇ ਦਾ ਮਨੋਰਥ ਸ਼ਾਂਤਮਈ ਰਹਿਣਾ ਸੀ, ਇਸ ਕਰਕੇ ਉਹ ਅਗਾਂਹ ਤੁਰ ਪਏ ਅਤੇ ਪਿੰਡ ਦੇ ਬਾਹਰਵਾਰ ਡੇਰੇ ਕੋਲ ਜਾ ਕੇ ਰੁਕ ਗਏ। ਡੇਰੇ ਦੇ ਸੰਤ ਨੂੰ ਵੀ ਜ਼ੈਲਦਾਰ ਦਾ ਸਖਤ ਹੁਕਮ ਸੀ। ਪਰ ਉਸ ਕੋਲ ਜੋ ਲੰਗਰ-ਪ੍ਰਸ਼ਾਦਾ ਸੀ, ਉਸ ਨੇ ਸੇਵਾ ਜਿੰਨੀ ਹੋ ਸਕੀ, ਜਥੇ ਦੀ ਕਰ ਦਿੱਤੀ। ਮਗਰੋਂ ਕੁਝ ਚਿਰ ਪਿਛੋਂ ਜ਼ੈਲਦਾਰਾਂ ਨੇ ਸੰਤ ਨੂੰ ਡੇਰੇ ਵਿਚੋਂ ਰੁਖ਼ਸਤ ਕਰਕੇ ਜੰਦਰਾ ਮਾਰ ਦਿੱਤਾ ਸੀ।

ਜਥੇ ਵਾਲਿਆਂ ਫੇਰ ਸਾਰੀ ਰਾਤ ਗੁਰੂ ਸਾਹਿਬ ਦੀ ਸਵਾਰੀ ਵਾਰੋ-ਵਾਰੀ ਸਿਰ ਉਤੇ ਹੀ ਬਿਰਾਜਮਾਨ ਕਰਕੇ ਕੱਟੀ। ਸਵੇਰ ਵੇਲੇ ਅਰਦਾਸ ਕਰਕੇ ਜਥੇਦਾਰ ਨੇ ਪਿੰਡ ਵੱਲ ਹੱਥ ਕਰਕੇ ਬਚਨ ਕੀਤਾ-

ਅਹੁ ਢਾਬ ਬਣੂੰ ਖੂਹ ਖਾਤਾ,
ਹੋਊ ਹਵੇਲੀਆਂ 'ਚ ਭੂਤਾਂ ਦਾ ਵਾਸਾ।

0 0 0

ਸਮੇਂ ਨੇ ਕਰਵਟ ਬਦਲੀ, ਜ਼ੈਲਦਾਰੀਆਂ ਸਫ਼ੈਦਪੋਸ਼ੀਆਂ ਟੁੱਟ ਗਈਆਂ। ਹਵੇਲੀਆਂ ਢਹਿ ਢੇਰੀ ਹੋ ਗਈਆਂ। ਜ਼ਮੀਨਾਂ ਵਿਕ ਗਈਆਂ। ਹਵੇਲੀਆਂ ਦੇ ਬਾਸ਼ਿੰਦੇ ਥਾਵਾਂ ਵੇਚ-ਵੱਟ ਕੇ ਕੁਝ ਸ਼ਹਿਰੀਂ ਜਾ ਵਸੇ, ਕੁਝ ਅਣਮੰਨੇ ਮਨਾਂ ਨਾਲ ਪਿੰਡ ਦੇ ਜੱਟ ਜ਼ਿਮੀਦਾਰਾਂ ਦੇ ਤਬਕੇ ਵਿਚ ਰਲ ਗਏ। ਢਾਬਾਂ ਪਲੀਤ ਹੋ ਗਈਆਂ, ਖੂਹ ਉਜੜ ਕੇ ਖਾਤੇ ਬਣ ਗਏ।

ਮੁਲਕ ਆਜ਼ਾਦ ਹੋ ਗਿਆ। ਵੋਟਾਂ ਦਾ ਰਾਜ ਹੋ ਗਿਆ। ਪੰਚ ਸਰਪੰਚ ਦੀਆਂ ਚੋਣਾਂ ਹੋਣ ਲੱਗ ਪਈਆਂ।

ਜੈਤੋ ਦੇ ਮੋਰਚੇ ਵਿਚ ਜਾਣ ਵਾਲਾ ਜਿਹੜਾ ਜਥਾ ਡੇਰੇ ਕੋਲ ਰੁਕਿਆ ਸੀ, ਉਸ ਵਿਚ ਨਾਭੇ ਰਿਆਸਤ ਦੇ ਕਿਸੇ ਪਿੰਡ ਦਾ ਇਕ ਗੁਰਸਿੱਖ ਵੀ ਸ਼ਾਮਲ ਸੀ। ਕਾਫੀ ਚਿਰ ਬਾਅਦ ਉਹ ਗੁਰਸਿੱਖ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਚਾਰਕ ਬਣ ਕੇ ਇਸ ਪਿੰਡ ਆਇਆ, ਉਸ ਨੇ ਪਿੰਡ ਦੇ ਅੰਦਰਲੇ ਗੁਰਦੁਆਰੇ ਵਿਚ ਕੁੜੀਆਂ ਲਈ ਸਿਲਾਈ ਸਿਖਲਾਈ ਸਕੂਲ ਬੱਚਿਆਂ ਲਈ ਪੰਜਾਬੀ, ਗੁਰਮੁਖੀ, ਗੁਰਬਾਣੀ ਦੀ ਸਿੱਖਿਆ ਲਈ ਮੁਢਲਾ ਸਕੂਲ ਵੀ ਚਲਾ ਦਿੱਤਾ। ਡੇਰੇ ਵਾਲੀ ਜਗ੍ਹਾ ਨੂੰ ਜੈਤੋ ਮੋਰਚੇ ਦੀ ਯਾਦਗਾਰ ਵਜੋਂ ਉਥੇ ਗੁਰਦੁਆਰਾ ਤਾਮੀਰ ਕਰਵਾਇਆ। ਪਾਣੀ ਪੀਣ ਵਾਲੀ ਛੋਟੀ ਡਿੱਗੀ ਦੀ ਥਾਂ ਵੱਡੀ ਪੱਕੀ ਗੋਲ ਡਿੱਗੀ ਬਣਵਾਈ। ਗੁਰੂ ਗ੍ਰੰਥ ਸਾਹਬ ਦਾ ਪ੍ਰਕਾਸ਼ ਕਰਵਾ ਕੇ ਜ਼ੈਲਦਾਰ ਦੁਆਰਾ ਬੰਦ ਕਰਵਾਏ ਸੰਤ ਦੇ ਡੇਰੇ ਨੂੰ ਛੋਟੇ ਗੁਰਦੁਆਰੇ ਦੇ ਨਵੇਂ ਰੂਪ ਵਿਚ ਸੁਰਜੀਤ ਕੀਤਾ ਜਿਸ ਦੀ ਸੇਵਾ ਸੰਭਾਲ ਹੁਣ ਭਾਈ ਜੀ ਗੁਰਮੇਜ

ਸਿਹੁੰ ਕਰਦਾ ਹੈ।

ਪਿੰਡ ਦੀ ਵਧਦੀ ਆਬਾਦੀ ਨੇ ਡੇਰੇ ਵਾਲੇ ਗੁਰਦੁਆਰੇ ਨੂੰ ਚੁਫੇਰਿਓਂ ਘੇਰ ਲਿਆ ਹੈ। ਕੱਸੀ ਇਥੋਂ ਬੰਦ ਹੋ ਕੇ ਅਗਾਂਹ ਵਗਣ ਲੱਗ ਪਈ ਹੈ। ਆਜ਼ਾਦੀ ਪਿਛੋਂ ਦਰਿਆਵਾਂ 'ਤੇ ਡੈਮ ਬਣ ਗਏ। ਹਰੀ ਕੇ ਪੱਤਣ ਦੀ ਬੈਰਾਜ ਤੋਂ ਨਿਕਲਦੀਆਂ ਨਹਿਰਾਂ ਮਾਲਵੇ ਦੇ ਇਸ ਖਿੱਤੇ ਦੀ ਤਿਹੁ ਬੁਝਾਉਣ ਵਿਚ ਲੱਗੀਆਂ ਹੋਈਆਂ ਹਨ। ਫਕੀਰਾਂ ਵਾਲੀ ਬਸਤੀ ਹੌਲੀ-ਹੌਲੀ ਹੀਰਾਂ ਵਾਲੀ ਬਸਤੀ ਬਣ ਚੁੱਕੀ ਹੈ। ਬਸਤੀ ਵਿਚ ਹੁਣ ਕੰਮੀਆਂ ਤੇ ਗ਼ਰੀਬ-ਗੁਰਬੇ ਦੇ ਨਾਲ-ਨਾਲ ਜੱਟ-ਜ਼ਿਮੀਦਾਰ ਵੀ ਥਾਂ ਸਸਤੀ ਹੋਣ ਕਰਕੇ ਵਸ ਗਏ ਹਨ। ਪਿੰਡ ਨੇ ਬੀਤੇ ਅੰਗਰੇਜ਼ੀ ਰਾਜ ਦੀ ਰਹਿੰਦ-ਖੂੰਹਦ ਦੀ ਕੁੰਜ ਲਾਹ ਸੁੱਟੀ ਹੈ।

0 0 0

ਦਿਨ ਕਾਫ਼ੀ ਚੜ੍ਹ ਆਇਆ ਸੀ। ਡੇਰੇ ਵਾਲੇ ਗੁਰਦੁਆਰੇ ਦੀ ਡਿੱਗੀ ਉਤੇ ਖੜਕਦੇ ਡੋਲ, ਭੌਣੀਆਂ ਦੀ ਚੀਂ ਚੂੰ ਚਾਂਅ ਅਤੇ ਬਾਲਟੀਆਂ ਵਿਚੋਂ ਡਿੱਗਦੇ ਪਾਣੀ ਦੀ ਛੜੱਪ-ਛੜੱਪ ਦੇ ਖੜਾਕ ਨਾਲ ਗੁਰਮੇਜ ਸਿਹੁੰ ਭਾਈ ਜੀ ਦੀ ਅੱਖ ਭੜੱਕ ਕਰਕੇ ਖੁੱਲ੍ਹ ਗਈ।

"ਵਾਖਰੂ ਸੱਚਿਆ ਪਾਸ਼ਆ, ਤੇਰਾ ਹੀ ਆਸਰਾ, ਤੂੰ ਹੀ ਸੱਤ ਕਰਤਾਰ, ਬਖ਼ਸ਼ੀ ਭੁਲਣਹਾਰੇ ਨੂੰ।" ਆਖ ਕੇ ਅੱਖਾਂ ਮਲਦਾ ਗੁਰਮੇਜ ਸਿਹੁੰ ਮੰਜੇ ਦੀ ਬਾਹੀ 'ਤੇ ਬੈਠ ਗਿਆ। ਮੈਲੇ ਲੱਠੇ ਦਾ ਚੋਲਾ ਸਿਰਹਾਣੇ ਥੱਲਿਓਂ ਕੱਢ ਕੇ ਗਲ ਵਿਚ ਪਾਇਆ। ਸਿਰ ਦਾ ਸਾਫ਼ਾ ਸੂਤ ਕੀਤਾ ਤੇ ਪੈਰਾਂ ਵਿਚ ਖੜਾਵਾਂ ਅੜਾ ਕੇ ਕੋਠੜੀ ਵਿਚੋਂ ਬਾਹਰ ਨੂੰ ਚੱਲ ਪਿਆ। ਗੁਰਦੁਆਰੇ ਦੇ ਲੰਗਰ ਵਾਲੇ ਛੋਟੇ ਜਿਹੇ ਵਿਹੜੇ ਵਿਚ ਖੂੰਜੇ ਵਿਚ ਪਏ ਜੂਠੇ ਭਾਂਡਿਆਂ ਵਿਚ ਕਾਂ ਚੁੰਜਾਂ ਮਾਰੀ ਜਾਂਦੇ ਸਨ। ਝਲਾਨੀ ਵਿਚ ਛੱਤ ਨਾਲ ਲਟਕਦੇ ਹੋਏ ਛਾਬੇ ਵਿਚ ਚਿੜੀਆਂ ਫਰੋਲਾ-ਫਰਾਲੀ ਕਰੀ ਜਾਂਦੀਆਂ ਸਨ।ਗੁਰਮੇਜ ਸਿਹੁੰ ਨੇ ਭਾਂਡਿਆਂ ਵਿਚੋਂ ਗੜਵਾ ਚੁੱਕਿਆ, ਤੌੜਾ ਟੇਢਾ ਕਰਕੇ ਪਾਣੀ ਨਾਲ ਭਰਿਆ ਤੇ ਬਾਹਰ ਨੂੰ ਤੁਰ ਪਿਆ।

ਮੁੜ ਆ ਕੇ ਪੰਜ ਇਸ਼ਨਾਨਾ ਕੀਤਾ, ਦਰਬਾਰ ਦਾ ਦਰਵਾਜ਼ਾ ਖੋਲ੍ਹਿਆ, ਮਹਾਰਾਜ ਦੀ ਬੀੜ ਦਾ ਪ੍ਰਕਾਸ਼ ਕੀਤਾ। ਪੰਜ ਪੌੜੀਆਂ ਜਪੁਜੀ ਦਾ ਪਾਠ ਕੀਤਾ ਤੇ ਉਠ ਖਲੋਤਾ। ਹੋਰ ਪੜ੍ਹਨ ਨੂੰ ਉਸ ਦਾ ਚਿੱਤ ਨਾ ਕੀਤਾ। ਕਮਰੇ ਵਿਚ ਨਿਗ੍ਹਾ ਮਾਰੀ, ਸਾਹਮਣਲੀ ਕੰਧ ਉਤੇ ਛੋਟੇ ਸਾਹਿਬਜ਼ਾਦਿਆਂ ਦੀ ਕੰਧ ਵਿਚ ਚਿਣੇ ਜਾਂਦਿਆਂ ਦੀ ਤਸਵੀਰ ਵਿਚ ਮਸੂਮੀਅਤ ਭਰੇ ਚਿਹਰਿਆਂ ਅਤੇ ਅੱਖਾਂ ਵਿਚੋਂ ਰੋਹ ਛਲਕ ਰਿਹਾ ਸੀ। ਤਸਵੀਰ ਉਤੇ ਮਿੱਟੀ-ਘੱਟੇ ਦੀ ਪੇਤਲੀ ਜਿਹੀ ਤਹਿ ਚੜ੍ਹੀ ਹੋਈ ਸੀ। ਸੱਜੇ ਹੱਥ ਦਸ ਗੁਰੂ ਸਾਹਿਬਾਨ ਦੀਆਂ ਫੋਟੋਆਂ ਵਾਲਾ ਕੈਲੰਡਰ ਹਵਾ ਨਾਲ ਕੰਧ ਵਿਚ ਵੱਜ-ਵੱਜ ਕੇ ਪਾਟੀ ਜਾਂਦਾ ਸੀ।

'ਸਫ਼ਾਈ ਹੋਣ ਵਾਲੀ ਐ। ਕਈ ਦਿਨ ਹੋ ਗਏ ਕੇਸਰੋ ਨੀ ਆਈ।'

ਗੁਰਮੇਜ ਸਿਹੁੰ ਨੇ ਮਹਾਰਾਜ ਦੀ ਤਾਬਿਆ ਵਿਚ ਮੱਥਾ ਟੇਕਿਆ, ਦੋ ਚਾਰ ਪਏ ਨੋਟ ਤੇ ਸਿੱਕੇ ਰੁਮਾਲੇ ਥੱਲੇ ਕੀਤੇ ਤੇ ਪੁੱਠੇ ਪੈਰੀਂ ਕਮਰੇ ਵਿਚੋਂ ਬਾਹਰ ਆ ਗਿਆ।

ਗੁਰਦੁਆਰੇ ਦੇ ਵਿਹੜੇ ਵਿਚ ਪਿੱਪਲ, ਬੋਹੜ ਤੇ ਨਿੰਮਾਂ ਦੇ ਦਰੱਖਤ ਰੁੰਡ-ਮਰੁੰਡ ਹੋਏ ਖੜ੍ਹੇ ਸਨ। ਸਿਰਫ਼ ਕਨੇਰ ਤੇ ਕਚਨਾਰ ਦੇ ਬੂਟਿਆਂ ਦੇ ਫੁੱਲ ਖਿੜੇ ਹੋਏ ਸਨ। ਪਤਝੜ ਨਾਲ ਪੀਲੇ ਖੜਸੁਕ ਹੋਏ ਪੱਤਿਆਂ ਨਾਲ ਵਿਹੜਾ ਭਰਿਆ ਹੋਇਆ ਸੀ।

"ਕਿੰਨੇ ਅਦਾਸ ਦਿਨ ਐ", ਆਖ ਕੇ ਗੁਰਮੇਜ ਸਿਹੁੰ ਟੁੱਟੇ ਜਿਹੇ ਸਿਉਂਕ ਖਾਧੇ ਤਖ਼ਤਪੋਸ਼

ਉਤੇ ਬੈਠ ਗਿਆ। ਬੈਠੇ-ਬੈਠੇ ਦੇ ਮਨ ਵਿਚ ਕੋਈ ਖਿਆਲ ਆਇਆ- 'ਤੂੰ ਹੀ ਐਂ ਸੱਚੇ ਪਾਤਸ਼ਾਹ, ਬਖ਼ਸ਼ ਲਵੀਂ। ਜੇ ਇਹ ਗੱਲ ਹੋ ਗਈ ਤਾਂ ਮੈਂ ਕਿਤੋਂ ਦਾ ਨਹੀਂ ਰਹਿਣਾ... ਪਰ ਦਿਸਦਾ ਐ, ਇਹ ਤਾਂ ਕਦੇ ਨਾ ਕਦੇ ਹੋ ਕੇ ਰਹੂਗੀ। ਵਾਖਰੂ!'

ਫੇਰ ਗੁਰਮੇਜ ਸਿਹੁੰ ਨੂੰ ਲੱਗਿਆ, ਜਿਵੇਂ ਹੁਣੇ ਪੰਚਾਇਤ ਆ ਕੇ ਉਸ ਦੇ ਸਿਰ ਉਤੇ ਚੜ੍ਹ ਜਾਵੇਗੀ, ਵਿਚ ਉਸ ਦਾ ਬਾਪ ਬਚਨ ਸਿਹੁੰ ਤੇ ਸ਼ਰੀਕ ਚਾਚੇ ਤਾਏ ਵੀ ਹੋਣਗੇ। ਉਨ੍ਹਾਂ ਸਾਰਿਆਂ ਦੇ ਸਾਹਮਣੇ ਉਸ ਨੂੰ ਜ਼ਲੀਲ ਕੀਤਾ ਜਾਵੇਗਾ। ਉਹੀ ਪੰਚ ਜਿਨ੍ਹਾਂ ਨੇ ਉਸ ਨੂੰ ਇਸ ਸੁੰਨੇ ਪਏ ਗੁਰਦੁਆਰੇ ਦਾ ਗ੍ਰੰਥੀ ਥਾਪਿਆ ਸੀ, ਉਸ ਦੇ ਸਿਰ ਉਤੇ ਪੱਗ ਬੰਨ੍ਹ ਕੇ ਕਿਹਾ ਸੀ- "ਲੈ ਭਾਈ ਗੁਰਮੇਜ ਸਿਹਾਂ, ਇਹ ਗੁਰੂ ਮਾਹਰਾਜ ਦਾ ਘਰ ਐ, ਅੱਜ ਤੋਂ ਤੇਰੇ ਹਵਾਲੇ। ਗੁਰੂ ਦਾ ਘਰ ਐ, ਬਥੇਰੀ ਬਰਕਤ ਹੋਊ। ਚੜ੍ਹਾਵਾ ਆਊ ਪਰ ਦੀਨ ਅਮਾਨ ਨਾਲ ਚੱਲੀਂ। ਕਿਤੇ ਪਹਿਲੇ ਭਾਈ ਜੀ ਵਾਲੀ ਨਾ ਕਰੀਂ।"

'ਪਰ ਮੈਂ ਤਾਂ ਗੁਰਦੁਆਰੇ ਦੀ ਕਮਾਈ ਦੀ ਕੋਈ ਲੁੱਟ ਨੀ ਮਚਾਈ, ਕੋਈ ਭਾਂਡਾ ਟੀਂਡਾ ਨੀ ਵੇਚਿਆ, ਕੋਈ ਲੀੜਾ ਕੱਪੜਾ ਨੀ ਏਧਰ ਓਧਰ ਕੀਤਾ, ਤੇ ਚੜ੍ਹਾਵਾ ਤਾਂ ਇਥੇ ਚੜ੍ਹਦਾ ਹੀ ਕਿਹੜਾ ਐ! ਨਾਸਤਕ ਲੋਕ ਸਾਰਾ ਦਿਨ ਖੁੰਢਾਂ 'ਤੇ ਬੈਠੇ ਤਾਸ਼ ਖੇਡੀ ਜਾਂਦੇ ਐ। ਰਹਿਰਾਸ ਵੇਲੇ ਢਾਣੀਆਂ ਬਣਾ ਕੇ ਦਾਰੂ ਨਾਲ ਡਕ ਲੈਂਦੇ ਐ। ਕੀ ਆਖਣਾ, ਕੋਈ ਬੁੱਢੀ ਠੇਰੀ ਆ ਕੇ ਵਿਚਾਰੀ ਸੁਖ ਲਾਹੁਣ ਦੀ ਅਰਦਾਸ ਕਰਵਾ ਜਾਂਦੀ ਐ। ਸਾਲ ਵਿਚ ਦੋ ਜਨਮ ਦਿਹਾੜਿਆਂ ਦੇ ਗੁਰਪੁਰਬ ਮਨਾਏ ਜਾਂਦੇ ਐ ਜਿਨ੍ਹਾਂ ਦਾ ਹਿਸਾਬ ਕਿਤਾਬ ਕਮੇਟੀ ਕੋਲ ਹੁੰਦਾ ਹੈ। ਸੰਗਰਾਂਦ ਦਾ 'ਕੱਠ-ਵੱਠ ਵੀ ਅੰਦਰਲੇ ਗੁਰਦੁਆਰੇ ਹੀ ਜ਼ਿਆਦਾ ਹੁੰਦਾ ਹੈ, ਫੇਰ ਵੀ ਪੰਚਾਇਤ ਕਮੇਟੀ ਉਸ ਉਤੇ ਲਾਹਨਤਾਂ ਪਾ ਸਕਦੀ ਹੈ ਕਿ ਗੁਰਦੁਆਰੇ ਦਾ ਭਾਈ ਹੋ ਕੇ, ਜੱਟਾਂ ਦਾ ਮੁੰਡਾ ਹੋ ਕੇ, ਉਹ ਕੇਸਰੋ ਚਮਿਆਰੀ ਨੂੰ ਆਨੇ-ਬਹਾਨੇ ਗੁਰਦੁਆਰੇ ਵਾੜੀ ਰੱਖਦਾ ਹੈ। ਇਸ ਤੋਂ ਵੱਡੀ ਸ਼ਰਮ ਵਾਲੀ ਗੱਲ ਹੋਰ ਕੀ ਹੋ ਸਕਦੀ ਐ। ਉਹੀ ਪੱਗ ਜਿਹੜੀ ਉਸ ਦਿਨ ਮਾਣ-ਇੱਜ਼ਤ ਨਾਲ ਗੁਰਮੇਜ ਸਿਹੁੰ ਦੇ ਸਿਰ ਉਤੇ ਬੱਝੀ ਸੀ, ਲਹਿ ਜਾਵੇਗੀ। ਗ਼ਰੀਬ ਨੂੰ ਯਾਰੋ ਕਿਤੇ ਢੋਈ ਨੀ ਮਿਲਦੀ, ਨਾ ਦੁਨੀਆਦਾਰੀ ਵਿਚ ਤੇ ਨਾ ਗੁਰੂਘਰ ਵਿਚ।'

'ਕੀ ਹੋ ਗਿਆ, ਜੇ ਕੇਸਰੋ ਦਾ ਤੇ ਮੇਰਾ ਮਨ ਮਿਲ ਗਿਆ। ਵਿਚਾਰੀ ਜੁਆਨ ਜਹਾਨ ਵਿਧਵਾ ਰੁਲਦੀ ਫਿਰਦੀ ਐ। ਘਰੋਂ-ਬਾਰੋਂ ਕੱਢੀ ਨੂੰ ਜੇ ਗੁਰੂਘਰ ਢੋਈ ਮਿਲ ਜਾਵੇ ਤਾਂ ਕੀ ਲੋਹੜਾ ਆ ਜਾਊ। ਪਰ ਇਨ੍ਹਾਂ ਗੱਲਾਂ ਨੂੰ ਕਿਸ ਨੇ ਗਉਲਣਾ ਐ, ਉਥੇ ਤਾਂ ਚੌਧਰੀ ਪੰਚਾਂ ਦੀ ਰਾਇ ਹੀ ਚੱਲੂ।'

ਸੋਚਾਂ ਸੋਚਦਾ ਗੁਰਮੇਜ ਸਿਹੁੰ ਹੋਰ ਉਦਾਸ ਹੋ ਗਿਆ। ਡਿੱਗੀ ਤੋਂ ਲੋਕ ਉਵੇਂ ਪਾਣੀ ਭਰ ਰਹੇ ਸਨ। ਕੁੜੀਆਂ, ਨਵੀਆਂ ਆਈਆਂ ਵਹੁਟੀਆਂ, ਕਿਸੇ-ਕਿਸੇ ਨਾਲ ਉਂਗਲਾਂ ਫੜੀ ਆਉਂਦੇ ਜਵਾਕ ਜਿਹੜੇ ਚਿੱਕੜ ਵਿਚ ਪੈਰ ਮਾਰ-ਮਾਰ ਖ਼ੁਸ਼ ਹੋ ਰਹੇ ਸਨ।

ਨਵੀਆਂ ਆਈਆਂ ਵਹੁਟੀਆਂ ਦੇ ਹੱਥਾਂ ਦੀ ਮਹਿੰਦੀ ਦਾ ਰੰਗ ਤੌੜਿਆਂ ਦੇ ਰੰਗ ਨਾਲੋਂ ਵੀ ਗੂੜ੍ਹਾ ਹੁੰਦਾ। ਰੱਸਾ ਖਿੱਚਣ ਵੇਲੇ ਚੂੜੀਆਂ ਦੀ ਛਣਕਾਰ ਦੀ ਮਿੱਠੀ-ਮਿੱਠੀ ਅਵਾਜ਼ ਆਉਂਦੀ। ਕਦੇ-ਕਦਾਈਂ ਕੋਈ ਕਨੱਖੀ ਜਿਹੀ ਗੁਰਮੇਜ ਸਿਹੁੰ ਵੱਲ ਝਾਕ ਕੇ ਜਦੋਂ ਮੁਸਕਰਾ ਪੈਂਦੀ ਤਾਂ ਇਸ ਦਾ ਉਹਦੇ ਮਨ 'ਤੇ ਦੂਹਰਾ ਪ੍ਰਭਾਵ ਪੈਂਦਾ। ਇਕ ਤਾਂ ਉਹ ਖ਼ੁਸ਼ ਹੁੰਦਾ ਕਿ ਉਹ ਵੀ ਕਿਸੇ ਦੀ ਖਿੱਚ ਦਾ ਪਾਤਰ ਹੈ, ਦੂਜਾ ਕਈ ਵਾਰੀ ਉਹ ਹੋਰ ਉਦਾਸ ਹੋ ਜਾਂਦਾ ਕਿ ਇਹ ਉਸ ਦੇ ਛੜੇ ਹੋਣ 'ਤੇ

ਮਸ਼ਕਰੀ ਕੱਸੀ ਗਈ ਹੈ।

ਪਿੰਡ ਦੇ ਅੰਦਰਲੇ ਵੱਡੇ ਗੁਰਦੁਆਰੇ ਵਿਚੋਂ 'ਆਸਾ ਦੀ ਵਾਰ' ਦੇ ਕੀਰਤਨ ਦੀ ਮਿੱਠੀ ਆਵਾਜ਼ ਆ ਰਹੀ ਸੀ, ਭਾਈ ਸੁਰਜਨ ਸਿਹੁੰ ਦੀ ਮਧੁਰ ਆਵਾਜ਼ ਵਿਚ ਵਾਰ ਦੀ ਭੰਡ ਵਾਲੀ ਪੌੜੀ ਦਾ ਗਾਇਨ ਹੋ ਰਿਹਾ ਸੀ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਤਖ਼ਤਪੋਸ਼ ਤੋਂ ਉਠ ਕੇ ਗੁਰਮੇਜ ਸਿਹੁੰ ਡਿੱਗੀ ਵੱਲ ਚੱਲ ਗਿਆ। ਪਾਣੀ ਭਰਨ ਆ ਰਹੇ ਝੁੰਡ ਵਿਚੋਂ ਉਸ ਨੂੰ ਕੇਸਰੋ ਦਾ ਝਾਉਲਾ ਪਿਆ। ਉਸ ਦਾ ਜੀਅ ਕੀਤਾ, ਰੁਕ ਜਾਵੇ, ਪੁੱਠਾ ਮੁੜ ਪਵੇ ਤੇ ਕੋਠੜੀ ਵਿਚ ਲੇਫ ਨੱਪ ਕੇ ਪੈ ਜਾਵੇ। ਪਰ ਮੁੜਨਾ ਮੁਹਾਲ ਜਾਪਿਆ ਤੇ ਉਹ ਡਿੱਗੀ ਦੇ ਇਕ ਸਿਰੇ 'ਤੇ ਆ ਕੇ ਖਲੋ ਗਿਆ। ਫੇਰ ਜੇਬ ਵਿਚੋਂ ਦੋ ਪਤਾਸੇ ਕੱਢ ਕੇ ਇਕ ਜੁਆਕ ਦੀ ਹਥੇਲੀ ਉਤੇ ਰੱਖ ਦਿੱਤੇ ਤੇ ਉਸ ਦੇ ਸਿਰ ਉਤੇ ਪੋਲਾ ਜਿਹਾ ਹੱਥ ਫੇਰਨ ਲੱਗ ਪਿਆ।

ਕੇਸਰੋ ਨੇ ਬਾਲਟੀ ਡਿੱਗੀ ਵਿਚ ਲਮਕਾਈ। ਦੋ-ਤਿੰਨ ਵਾਰ ਪਾਣੀ ਵਿਚ ਹਿਲੋਰਾ ਮਾਰਿਆ। ਬਾਲਟੀ ਪਾਣੀ ਵਿਚ ਡੁੱਬ ਗਈ ਤਾਂ ਕੇਸਰੋ ਨੇ ਬੋਚ-ਬੋਚ ਕੇ ਖਿੱਚਣਾ ਸ਼ੁਰੂ ਕੀਤਾ। ਅੱਧ ਵਿਚਕਾਰ ਆ ਕੇ ਰੱਸਾ ਖਿਸਕ ਕੇ ਬਾਲਟੀ ਦੇ ਕੁੰਡੇ ਦੇ ਇਕ ਪਾਸੇ ਜਾ ਲੱਗਿਆ ਤੇ ਬਾਲਟੀ ਉਲਟ ਕੇ ਸਾਰੀ ਦੀ ਸਾਰੀ ਪਾਣੀ ਵਿਚ ਮੁਧ ਗਈ।

ਗੁਰਮੇਜ ਸਿਹੁੰ ਨੂੰ ਲੱਗਿਆ, ਜਿਵੇਂ ਉਹ ਕੇਸਰੋ ਦੀ ਬਾਲਟੀ ਵਿਚਲਾ ਪਾਣੀ ਹੋਵੇ ਤੇ ਡਿੱਗੀ ਵਿਚਲਾ ਪਾਣੀ ਗੁਰਦੁਆਰੇ ਦੀ ਨਿੱਕੀ ਜਿਹੀ ਦੁਨੀਆ ਜਿਸ ਵਿਚ ਅੰਦਰੇ ਹੀ ਉਛਾਲ ਉਠ ਕੇ ਰਹਿ ਜਾਂਦੇ ਹਨ, ਬਾਹਰਲੀ ਦੁਨੀਆ ਤਾਂ ਇਸ ਤੋਂ ਬੇਖ਼ਬਰ ਹੈ। ਕੇਸਰੋ ਨੇ ਉਸ ਨੂੰ ਇਸ ਬੇਹਰਕਤ ਤੇ ਨੀਰਸ ਜ਼ਿੰਦਗੀ ਵਿਚੋਂ ਕੱਢਣ ਦਾ ਉਪਰਾਲਾ ਕੀਤਾ ਸੀ। ਪਰ ਕਿਸਮਤ ਨੂੰ ਸ਼ਾਇਦ ਮਨਜ਼ੂਰ ਨਹੀਂ ਸੀ।

"ਓ ਆ ਭਾਈ ਸਾਹਬ ਖੇਤਾਂ ਨੂੰ ਗੇੜਾ ਮਰਵਾ ਲਿਆਈਏ। ਸਾਰਾ ਦਿਨ ਐਥੇ ਬੱਝ ਕੇ ਬੈਠਾ ਰਹਿਨੈਂ। ਆ ਕਦੇ ਤੋਰਾ-ਫੇਰਾ ਵੀ ਕਰ ਲਿਆ ਕਰ। ਐਵੇਂ ਕੜਾਹ ਖਾ-ਖਾ ਕੇ ਢਿੱਡ ਵਧਾਈ ਜਾਨੈਂ।" ਹਰਨਾੜੀ ਕੀਤੇ ਹੋਏ ਬਲਦਾਂ ਨੂੰ ਪਾਣੀ ਪਿਆਉਂਦੇ ਹੋਏ ਸ਼ਰੀਕੇ ਵਿਚੋਂ ਵੱਡੇ ਭਰਾ ਦੀ ਥਾਂ ਲਗਦੇ ਲਾਭ ਸਿਹੁੰ ਨੇ ਕਿਹਾ।

"ਜੀਅ ਤਾਂ ਬਹੁਤ ਕਰਦੈ ਵੱਡੇ ਭਾਈ ਪਰ ਚੱਲ ਹੁਣ ਤੂੰ, ਕਦੇ ਫੇਰ ਚਲਾਂਗੇ। ਭੁਝੰਗੀ ਸਿੰਘ ਆਉਣ ਵਾਲਾ ਹੈ, ਉਹ ਨੂੰ ਗਜਾ ਵਾਸਤੇ ਡਾਲੀ ਦੇ ਕੇ ਤੋਰਨਾ ਹੈ।"

ਲਾਭ ਸਿਹੁੰ ਦੀ ਇਸ ਸਰਸਰੀ ਗੱਲ ਨੇ ਗੁਰਮੇਜ ਸਿਹੁੰ ਦਾ ਅੰਦਰ ਪੱਛ ਸੁੱਟਿਆ। ਨਿਗ੍ਹਾ ਉਚੀ ਕਰਕੇ ਗੁਰਦੁਆਰੇ ਦੇ ਪਿਛਵਾੜੇ ਛਪੜੀ ਉਤੋਂ ਦੀ ਛਿਪਦੇ ਵੱਲ ਵੇਖਿਆ। ਹਰੀਆਂ ਕਚੂਰ ਕਣਕਾਂ ਗਭੋਲੇ ਵਿਚ ਸਨ। ਸਰੋਂ ਪੀਲੇ ਫੁੱਲਾਂ ਨਾਲ ਲੱਦੀ ਜੋਬਨ ਉਤੇ ਸੀ। ਮੋਢਿਆਂ 'ਤੇ ਕਹੀਆਂ ਚੁੱਕੀ ਪਾਣੀ ਲਾਉਣ ਲਈ ਭੱਜ-ਨੱਠ ਕਰਦੇ ਵਾਹੀਵਾਨ। ਬਾਬੇ ਗੰਡੇ ਦਾ ਕਰੀਰਾਂ ਵਾਲੇ ਟਿੱਬੇ ਉਤੇ ਚਰਦਾ ਗਾਵਾਂ ਦਾ ਵੱਗ ਤੇ ਭੇਡਾਂ, ਬੱਕਰੀਆਂ ਦੇ ਇੱਜੜ ਤੇ ਨੀਲੇ ਅਸਮਾਨ ਵਿਚ ਤਰਦਾ ਦਹੀਂ ਦੀ ਫੁੱਟੀ ਵਰਗਾ ਬੱਦਲ।

ਕਿੰਨਾ ਚਿਰ ਹੋ ਗਿਆ ਬਚਪਨੇ ਦੀਆਂ ਉਨ੍ਹਾਂ ਗੱਲਾਂ ਨੂੰ, ਕਿਵੇਂ ਲਗਦੇ ਐ ਓਹੀ ਖੇਤ ਜਿਥੇ ਪਸ਼ੂ ਚਾਰੇ ਸੀ। ਬਾਜਰੇ ਦੀ ਰਾਖੀ ਕਰਦਿਆਂ ਤਲੀ 'ਤੇ ਮਰੋੜ ਕੇ ਸਿੱਟੀਆਂ ਵਿਚੋਂ ਨਿਕਲੇ ਦਾਣਿਆਂ ਨੂੰ ਗੁੜ ਦੇ ਭੋਰ ਵਿਚ ਰਲਾ ਕੇ ਖਾਧਾ ਸੀ। ਸਵਰਗ ਤਾਂ ਸ਼ਾਇਦ ਅਹੁ ਪਿਆ, ਗੁਰਦੁਆਰੇ ਵਿਚ ਖਿੰਡੇ ਪਏ ਪੱਤੇ ਕਿੰਨੇ ਓਪਰੇ ਲਗਦੇ ਐ।

ਅੰਦਰਲੀਆਂ ਸੋਚਾਂ ਦਾ ਕੜ ਪਾਟ ਗਿਆ ਤੇ ਉਹ ਲਾਵੇ ਵਾਂਗ ਫੁੱਟ ਨਿਕਲੀਆਂ। ਡਿੱਗੀ ਕੋਲ ਉਸ ਤੋਂ ਖੜ੍ਹਿਆ ਨਾ ਗਿਆ ਤੇ ਆ ਕੇ ਮੁੜ ਤਖ਼ਤਪੋਸ਼ 'ਤੇ ਲੱਤਾਂ ਲਮਕਾ ਕੇ ਬੈਠ ਗਿਆ। ਹਵਾ ਦਾ ਇਕ ਘਰੋਲਾ ਪਿਆ ਤੇ ਪੀਲੇ ਪੱਤੇ ਉੱਡ ਕੇ ਪੁੱਠੇ ਹੋ ਗਏ।

0 0 0

ਚਾਰ ਭਰਾ ਸਨ ਗੁਰਮੇਜ ਸਿਹੁੰ ਹੋਰੀਂ, ਦੋ ਉਸ ਤੋਂ ਵੱਡੇ ਤੇ ਇਕ ਛੋਟਾ। ਵੱਡੇ ਦੋਵੇਂ ਉਨ੍ਹਾਂ ਵੇਲਿਆਂ ਵਿਚ ਵਿਆਹੇ-ਵਰੇ ਗਏ ਸਨ ਅਤੇ ਪੰਜਾਬ ਦੀ ਹੱਦ ਤੋਂ ਥੋੜ੍ਹਾ 'ਗਾਂਹ ਬੀਕਾਨੇਰ ਦੀ ਹੱਦ ਅੰਦਰ ਕਿਸੇ ਚੱਕ ਵਿਚ ਵਸ ਗਏ ਸਨ ਜਿੱਥੇ ਪਹਿਲਾਂ ਹੀ ਉਨ੍ਹਾਂ ਦੇ ਰਿਸ਼ਤੇਦਾਰ ਰਹਿੰਦੇ ਸਨ।

ਬਚਨ ਸਿਹੁੰ ਪਿੰਡ ਵਿਚਲੀ ਪੰਜ ਘੁਮਾ ਨਹਿਰੀ ਬਰਾਨੀ ਜ਼ਮੀਨ ਦੇ ਸਹਾਰੇ ਆਵਦੇ ਦੋ ਪੁੱਤਾਂ ਗੁਰਮੇਜ ਤੇ ਗੁਰਤੇਜ ਨਾਲ ਆਵਦੀ ਕਬੀਲਦਾਰੀ ਦੀ ਖਿੱਚੋ-ਧੂਹ ਕਰ ਰਿਹਾ ਸੀ।

ਭੋਲਾ ਜਿਹਾ ਸੁਭਾਅ ਸੀ ਬਚਪਨ ਵਿਚ ਗੁਰਮੇਜੂ ਦਾ, ਗੋਰਾ ਚਿੱਟਾ ਰੰਗ, ਸੁਨੱਖੇ ਨੈਣ ਨਕਸ਼, ਲਸ ਲਸ ਕਰਦਾ ਪਿੰਡਾ। ਪਿੰਡ ਵਿਚ ਸਕੂਲ ਨਹੀਂ ਹੁੰਦਾ ਸੀ। ਪੜ੍ਹਾਈ ਅਤੇ ਮਾੜੇ ਮੋਟੇ ਕਿੱਤੇ ਦੀ ਸਿਖਲਾਈ ਅੰਦਰਲੇ ਗੁਰਦੁਆਰੇ ਵਿਚ ਹੀ ਹੁੰਦੀ ਸੀ। ਗੁਰਮੇਜ ਸਿਹੁੰ ਵੀ ਗੁਰਦੁਆਰੇ ਜਾਣ ਲੱਗ ਪਿਆ। ਪੜ੍ਹਨ ਵਿਚ ਉਹ ਹੁਸ਼ਿਆਰ ਨਿਕਲਿਆ। ਗੁਟਕਾ ਤੇ ਪੰਜ ਗ੍ਰੰਥੀ ਉਸ ਨੇ ਪਹਿਲੇ ਸਾਲ ਹੀ ਰਟ ਲਈ। ਅਗਲੇ ਸਾਲ ਦਸ ਗ੍ਰੰਥੀ ਤੇ ਭਾਈ ਗੁਰਦਾਸ ਦੀਆਂ ਵਾਰਾਂ ਦੀ ਮਹਾਰਤ ਹਾਸਲ ਕਰ ਲਈ ਤੇ ਫੇਰ ਮਹਾਰਾਜ ਦਾ ਸਟੀਕ ਪਾਠ ਕਰਨ ਲੱਗ ਪਿਆ। ਸਾਖੀਆਂ ਪੜ੍ਹਦਿਆਂ ਉਸ ਨੂੰ ਬੜਾ ਅਨੰਦ ਆਉਂਦਾ। ਕਦੇ ਗੁਰੂ ਨਾਨਕ ਪਹਾੜਾਂ 'ਤੇ ਜਾਂਦੇ, ਕਦੇ ਜੰਗਲਾਂ ਵਿਚ, ਕਦੇ ਸਮੁੰਦਰ ਦੇ ਕਿਨਾਰੇ। ਉਸ ਨੂੰ ਲਗਦਾ, ਜਿਵੇਂ ਉਹ ਗੁਰੂ ਸਾਹਿਬ ਦੇ ਨਾਲ-ਨਾਲ ਤੁਰ ਰਿਹਾ ਹੋਵੇ।

ਫਿਰ ਗੁਰਮੇਜ ਬਾਪ ਬਚਨ ਸਿਹੁੰ ਨਾਲ ਖੇਤ ਜਾਣ ਲੱਗ ਪਿਆ। ਸਵੇਰੇ ਗੁਰਦੁਆਰੇ ਜਾਂਦਾ, ਨਿਤਨੇਮ ਤੋਂ ਵਿਹਲਾ ਹੋ ਕੇ ਖੇਤ ਨੂੰ ਤੁਰ ਜਾਂਦਾ। ਪਿਉ ਹਲ ਵਾਹੁੰਦਾ, ਗੁਰਮੇਜ ਕਹੀ ਚੁੱਕ ਵੱਟ ਨਾਲੋਂ ਘਾਹ ਝਾੜਨ ਲੱਗ ਪੈਂਦਾ।

ਦਾਤੀ ਫੜ ਕੇ ਪੱਠੇ ਵੱਢਦਾ, ਮਹੀਆਂ ਚਾਰਦਾ। ਬਰਾਨੀ ਖੇਤ ਗੋਪੀਆ ਚਲਾ ਕੇ ਜਨੌਰਾਂ ਤੋਂ ਬਾਜਰੇ ਦੀ ਰਾਖੀ ਕਰਦਾ। ਪਾਣੀ ਦੀ ਵਾਰੀ ਵਾਲੇ ਦਿਨ ਉਸ ਨੂੰ ਚਾਅ ਚੜ੍ਹ ਜਾਂਦਾ। ਬਚਨ ਸਿਹੁੰ ਮੂੰਹੇਂ ਖੋਲ੍ਹਦਾ ਤੇ ਉਹ ਅੱਗਿਓਂ ਕਿਆਰਾ ਵੇਖ ਕੇ ਨੱਕਾ ਬੰਦਾ ਕਰਵਾਉਂਦਾ। ਪਰ ਬੱਤੀ ਮਿੰਟਾਂ ਦੀ ਵਾਰੀ ਝੱਟ ਖਤਮ ਹੋ ਜਾਂਦੀ ਤੇ ਕਈ ਵਾਰੀ ਜਦੋਂ ਕਿਆਰਾ ਪਾਣੀ ਨਾਲ ਲੱਗਣ ਵਾਲਾ ਰਹਿ ਜਾਂਦਾ ਤਾਂ ਬਚਨ ਸਿਹੁੰ ਅਗਲੀ ਵਾਰੀ ਵਾਲਿਆਂ ਤੋਂ ਦੋ-ਚਾਰ ਮਿੰਟ ਦੀ ਮੁਹਲਤ ਮੰਗਣ ਵਾਤੇ ਹੱਥ ਜੋੜਦਾ ਤਾਂ ਗੁਰਮੇਜ ਰੋਣ ਹੱਕਾ ਜਿਹਾ ਹੋ ਕੇ ਬੰਨ੍ਹ ਵੱਢਦਿਆਂ ਨੂੰ ਵੇਖਦਾ ਰਹਿੰਦਾ ਤੇ ਉਹਦਾ ਹਉਕਾ ਨਿਕਲ ਜਾਂਦਾ।

ਦਿਨ ਲੰਘਦੇ ਗਏ ਤੇ ਗੁਰਮੇਜ ਗੱਭਰੂ ਹੋ ਗਿਆ। ਛੋਟੇ ਭਰਾ ਨੂੰ ਉਹ ਮੱਲੋਜ਼ੋਰੀ ਗੁਰਦੁਆਰੇ

ਪੜ੍ਹਨ ਲਈ ਲਿਜਾਂਦਾ ਪਰ ਉਹ ਦਾਅ ਲਾ ਕੇ ਖੇਤ ਨੂੰ ਭੱਜ ਜਾਂਦਾ। ਗੁਰਤੇਜ ਹੌਲੀ-ਹੌਲੀ ਬਾਪੂ ਨਾਲ ਖੇਤ ਦੇ ਪੂਰੇ ਕੰਮਾਂ ਵਿਚ ਰੁੱਝ ਗਿਆ।

"ਮੈਂ ਖੇਤ ਕੀ ਕਰਨਾ ਐ? ਬਾਪੂ ਐ, ਤੇਜਾ ਐ।"

ਉਹ ਗੁਰਦੁਆਰੇ ਹੀ ਪਾਠ ਜਾਂ ਤਬਲੇ ਹਾਰਮੋਨੀਅਮ 'ਤੇ ਹੱਥ ਅਜ਼ਮਾਈ ਕਰਨ ਲੱਗ ਪਿਆ।

ਘਰ ਦੀ ਕਬੀਲਦਾਰੀ ਦੀ ਮੰਦੀ ਹਾਲਤ ਗੁਰਮੇਜ ਕੋਲੋਂ ਗੁੱਝੀ ਨਹੀਂ ਸੀ। ਕੁਝ ਫ਼ਸਲ ਖਾਣ-ਪੀਣ ਜੋਗੀ ਤੇ ਮਾੜਾ-ਮੋਟਾ ਨਰਮਾ-ਕਪਾਹ ਵੇਚਣ-ਵੱਟਣ ਵਾਸਤੇ ਹੋ ਜਾਂਦਾ। ਕੁਝ ਰਾਜਸਥਾਨ ਵਾਲੇ ਮੁੰਡੇ ਮੂੰਗੀ, ਛੋਲੇ ਆਦਿ ਭੇਜ ਦਿੰਦੇ ਸੀ। ਪਰ ਹੁਣ ਤਾਂ ਵੱਡੇ ਭਰਾਵਾਂ ਦੀ ਆਵਦੀ ਕਬੀਲਦਾਰੀ ਮਸਾਂ ਤੁਰਦੀ ਸੀ। ਉਹ ਆਪ ਤੰਗ ਸਨ। ਬਚਨ ਸਿਹੁੰ ਹੁਰਾਂ ਦਾ ਹੱਥ ਹੋਰ ਘੁੱਟਿਆ ਗਿਆ।

ਵੱਡੇ ਮਹੰਤ ਨੇ ਗੁਰਮੇਜ ਨੂੰ ਅਖੰਡ ਪਾਠਾਂ 'ਤੇ ਪਾਠੀ ਬਣਾ ਕੇ ਭੇਜਣਾ ਸ਼ੁਰੂ ਕਰ ਦਿੱਤਾ। ਪਾਠ ਦੀ ਮਾਇਕ ਸੇਵਾ ਉਸ ਨੂੰ ਮਿਲ ਜਾਣੀ। ਲੋਕਾਂ ਦੇ ਘਰਾਂ ਵਿਚ ਸਾਧਾਰਨ ਸਪਤਾਹਿਕ ਪਾਠ ਕਰਦਾ ਤਾਂ ਮਾਇਆ ਦੇ ਨਾਲ ਲੀੜੇ-ਕੱਪੜੇ ਤੇ ਜੋੜੇ-ਜੁੱਤੀ ਦੀ ਸੇਵਾ ਵੀ ਹੋ ਜਾਣੀ। ਉਸ ਦਾ ਪਿਓ ਬਚਨ ਸਿਹੁੰ ਉਸ ਦੇ ਕੰਮ 'ਤੇ ਖੁਸ਼ ਸੀ। ਸ਼ਰੀਕ ਤਾਹਨੇ ਮਾਰਦੇ ਕਿ ਗੁਰਦਵਾਰਿਆਂ ਵਿਚ ਲੰਝੇ-ਲੂਲੇ ਪਾਠੀ ਬਣਦੇ ਹੁੰਦੇ ਐ। ਗੱਭਰੂ ਸ਼ੈਲ ਪੁੱਤ ਹੈ, ਕਿਤੇ ਹੋਰ ਕੰਮ ਉਤੇ ਲਾ ਦੇ ਜਾਂ ਆਪ ਬੈਠ ਕੇ ਆਰਾਮ ਕਰ, ਵਾਹੀ ਮੁੰਡਿਆਂ ਨੂੰ ਕਰਨ ਦੇ। ਪਰ ਉਨ੍ਹਾਂ ਨੂੰ ਬਚਨੇ ਦੇ ਘਰ ਦੀ ਹਾਲਤ ਦਾ ਕੀ ਪਤਾ ਸੀ, ਕੀ ਫਿਕਰ ਸੀ!

ਹੌਲੀ-ਹੌਲੀ ਗੁਰਮੇਜ ਗੁਰਦੁਆਰੇ ਦੀ ਚਾਰ ਦੀਵਾਰੀ ਅਤੇ ਮਹਾਰਾਜ ਦੀ ਤਾਬਿਆ ਵਿਚ ਬੱਝ ਕੇ ਰਹਿ ਗਿਆ। ਮਨ ਮਾਰ ਕੇ ਆਪਣੇ ਆਪ ਨੂੰ ਪਾਠ ਵਿਚ ਲਾਈ ਰੱਖਦਾ। ਬਰਕਤ ਮੰਗਦਾ, ਸ਼ਾਂਤੀ ਮੰਗਦਾ ਪਰ ਕਦੇ ਏਦਾਂ ਵੀ ਬਰਕਤ ਤੇ ਸ਼ਾਂਤੀ ਮਿਲੀ ਹੈ? ਘਰੇ ਰੋਟੀ ਪੱਕਣ ਦਾ, ਕਬੀਲਦਾਰੀ ਤੋਰਨ ਦਾ ਫਿਕਰ ਹੋਵੇ, ਫੇਰ ਮਨ ਨੂੰ ਚੈਨ ਕਿਥੋਂ ਆਵੇ। ਉਸ ਨੂੰ ਆਪਾ ਘੁਟਿਆ ਘੁਟਿਆ ਜਾਪਣ ਲੱਗਿਆ ਪਰ ਕੋਈ ਵਾਹ ਨਾ ਜਾਂਦੀ।

ਪਿੰਡ ਦੇ ਬਾਹਰਲੇ ਡੇਰੇ ਵਾਲੇ ਗੁਰਦੁਆਰੇ ਨੂੰ ਸੰਭਾਲਣ ਵਾਲਾ ਕੋਈ ਨਹੀਂ ਸੀ। ਪਹਿਲਾ ਭਾਈ ਜੀ ਸਮਾਨ ਵੇਚ-ਵੱਟ ਕੇ ਭੱਜ ਗਿਆ ਸੀ। ਗੁਰਮੇਜ ਸਿਹੁੰ ਨੂੰ ਇਸ ਗੁਰਦੁਆਰੇ ਦਾ ਗ੍ਰੰਥੀ ਅਤੇ ਸੇਵਾਦਾਰ ਥਾਪ ਦਿੱਤਾ ਗਿਆ। ਪਰ ਗੁਰਦੁਆਰਾ 'ਕੱਲੇ ਗ੍ਰੰਥੀ ਦੇ ਆਉਣ ਨਾਲ ਤਾਂ ਨਹੀਂ ਸੁਧਰ ਜਾਣਾ ਸੀ। ਉਸ ਲਈ ਤਾਂ ਹੋਰ ਵੀ ਬਹੁਤ ਕੁਝ ਚਾਹੀਦਾ ਸੀ, ਖਾਸ ਕਰਕੇ ਸੰਗਤ ਦਾ ਸਹਿਯੋਗ।

ਹੁਣ ਉਸ ਦੀ ਉਮਰ ਚੌਤੀ ਦੇ ਲਗਭਗ ਹੋ ਚੁਕੀ ਸੀ। ਪਿਛਲੇ ਸੱਤਾਂ ਸਾਲਾਂ ਤੋਂ ਉਹ ਅਜਿਹੀ ਬੇਰੌਣਕ ਜ਼ਿੰਦਗੀ ਜਿਉ ਰਿਹਾ ਸੀ। ਸਵੇਰੇ ਉਠਣਾ, ਪਾਠ ਕਰਨਾ, ਰਾਜੇ ਸਿੱਖਾਂ ਦੇ ਭੁਚੰਗੀ ਸਿੰਘ ਤੋਂ ਦੁਪਹਿਰੇ ਰੋਟੀ ਦੀ, ਸ਼ਾਮ ਨੂੰ ਦੁਧ-ਰੋਟੀ ਦੀ ਗਜਾ ਕਰਕੇ ਉਸ ਨੇ ਖਾ ਪੀ ਕੇ ਘਰੇ ਤੁਰ ਜਾਣਾ। ਜੇ ਕੋਈ ਰਾਹੀ ਪਾਂਧੀ ਮੁਸਾਫ਼ਰ ਲੰਗਰ ਮੰਗਦਾ ਤਾਂ ਉਸ ਨੂੰ ਛਕਾ ਦੇਣਾ। ਬਾਕੀ ਬਚਦੀਆਂ ਰੋਟੀਆਂ, ਕੁੱਤਿਆਂ, ਕਾਵਾਂ, ਚਿੜੀਆਂ ਜਨੌਰਾਂ ਨੂੰ ਪਾ ਦੇਣੀਆਂ। ਕਦੇ ਕਿਸੇ ਦੇ ਘਰ ਪਾਠ ਕਰਨ ਚਲਿਆ ਜਾਣਾ। ਆਥਣੇ ਰਹਿਰਾਸ ਦਾ ਪਾਠ ਕਰਕੇ ਅਰਦਾਸ ਕਰਨੀ ਤੇ ਕੀਰਤਨ ਸੋਹਿਲਾ ਪੜ੍ਹ ਕੇ ਕੋਠੜੀ ਵਿਚ ਆ ਕੇ ਸੌਂ ਜਾਣਾ। ਪਰ ਇਸ ਸਾਧਾਰਨ ਨਿੱਤ ਕਰਮ ਦੀ

ਜ਼ਿੰਦਗੀ ਅੰਦਰ ਕੀ ਕੁਝ ਠਾਠਾਂ ਮਾਰਦਾ ਸੀ, ਕੌਣ ਜਾਣੇ? ਦੁਨੀਆ ਤਾਂ ਸਿਰਫ਼ ਇਨ੍ਹਾਂ ਨਾਲ ਹੀ ਸੰਤੁਸ਼ਟ ਸੀ ਕਿ ਚੰਗਾ ਵਿਹਲਾ ਬੈਠਾ ਰੋਟੀਆਂ ਪਾੜੀ ਜਾਂਦਾ ਐ। ਹੋਰ ਏਹਨੇ ਕੀ ਲੈਣਾ?

ਸਾਖੀਆਂ ਵਿਚ, ਬਾਣੀ ਵਿਚ, ਮਹੰਤਾਂ ਦੀਆਂ ਕਥਾਵਾਂ ਵਿਚ ਥਾਂ-ਥਾਂ ਆਉਂਦਾ ਕਿ ਸਿੱਖੀ ਗ੍ਰਹਿਸਤੀ ਜੀਵਨ ਵਿਚ ਵਿਸ਼ਵਾਸ ਕਰਦੀ ਹੈ। ਹਰ ਸਿੱਖ ਨੂੰ ਸੁਚੱਜਾ ਗ੍ਰਹਿਸਤੀ ਜੀਵਨ ਬਿਤਾਉਣਾ ਚਾਹਦਾ ਹੈ। ਗੁਰਮੇਜ ਸਿਹੁੰ ਆਪ ਕਿਸੇ ਵਿਆਹ ਵਾਲੇ ਘਰ, ਆਨੰਦ ਕਾਰਜ ਪਿਛੋਂ ਗ੍ਰਹਿਸਤੀ ਜੀਵਨ ਦੇ ਸਫਲੇ ਹੋਣ ਦੀਆਂ ਅਜਿਹੀਆਂ ਸਿਖਿਆਵਾਂ ਅਨੇਕਾਂ ਵਾਰ ਦੇ ਚੁੱਕਾ ਸੀ। ਪਰ ਉਸ ਨੂੰ ਆਪ ਨੂੰ ਅਜਿਹਾ ਗ੍ਰਹਿਸਤੀ ਜੀਵਨ ਨਸੀਬ ਨਾ ਹੋਇਆ। ਉਸ ਦੇ ਪਿਉ, ਭਰਾਵਾਂ-ਭਰਜਾਈਆਂ ਨੇ ਬਥੇਰਾ ਜ਼ੋਰ ਲਾਇਆ ਸੀ ਕਿ ਮੁੰਡਾ ਪਾਠੀ ਹੈ, ਨਿਰ-ਵੈਲ ਹੈ, ਚੰਗਾ ਕਮਾਉਂਦਾ ਹੈ, ਕਿਤੇ ਪ੍ਰਨਾਇਆ ਜਾਵੇ। ਪਰ ਉਨ੍ਹਾਂ ਦੀ ਸੱਧਰ ਪੂਰੀ ਨਾ ਹੋਈ। ਸਾਕ ਕਰਨ ਵਾਲੇ ਆਖਦੇ- 'ਜ਼ਮੀਨ ਦਾ ਤਾਂ ਸਵਾ ਕਿੱਲਾ ਆਉਂਦਾ ਐ ਤੇ ਗੁਰਦੁਆਰਾ ਕਿਹੜਾ ਤਲਵੰਡੀ ਵਾਲਾ ਐ। ਕੁੜੀ ਭੁਖੀ ਤਾਂ ਨੀ ਮਾਰਨੀ।'

ਪਿੰਡ ਵਿਚ ਗੱਲਾਂ ਉਡਦੀਆਂ, ਗਵਾਂਢੀ ਪਿੰਡ ਵਿਚੋਂ ਜੱਟ-ਜ਼ਿਮੀਦਾਰਾਂ ਦੀ ਤੀਵੀਂ ਕਿਸੇ ਨੀਚ ਜਾਤ ਦੇ ਬੰਦੇ ਨਾਲ ਜਵਾਕ-ਜੱਲਾ ਛੱਡ ਕੇ ਭੱਜ ਗਈ। ਪਿੰਡ ਦੀ ਫਲਾਣੀ ਜਨਾਨੀ ਬੂਟੇ ਕਸਾਈ ਨਾਲ ਘਿਉ ਖਿਚੜੀ ਹੈ। ਫਲਾਣੀ ਮੈਂਗਲ ਨਿਹੰਗ ਦੇ ਆਸਰੇ ਘਰ ਤੋਰਦੀ ਹੈ। ਗੁਰਮੇਜ ਸਿਹੁੰ ਨੂੰ ਕਈ ਵਾਰੀ ਇਹ ਗੱਲਾਂ ਸੁਣਨ ਨੂੰ ਚੰਗੀਆਂ ਲਗਦੀਆਂ ਤੇ ਮੈਂਗਲ ਨਿਹੰਗ ਵਰਗੇ ਛੜੇ ਦੀ ਗੱਲ ਸੁਣ ਕੇ ਉਸ ਨਾਲ ਹਮਦਰਦੀ ਵੀ ਜਾਗਦੀ।

ਕੇਸਰੋ ਦਾ ਆਦਮੀ ਫ਼ੌਤ ਹੋ ਗਿਆ ਸੀ। ਅਠਾਈ-ਤੀਹ ਵਰ੍ਹਿਆਂ ਦੀ ਕੱਚੇ ਦੁੱਧ ਦੀ ਝੱਗ ਵਰਗੀ ਭਰ ਜੁਆਨ ਵਿਧਵਾ ਹੋ ਗਈ। ਅਜੇ ਕੁੱਖ ਵੀ ਹਰੀ ਨਹੀਂ ਸੀ ਹੋਈ। ਕਹਿਰਾਂ ਦਾ ਰੂਪ ਸੀ ਕੇਸਰੋ 'ਤੇ ਜਿਵੇਂ ਕਿੱਸੇ ਵਿਚਲੀ ਲੂਣਾ ਦੀ ਭੈਣ ਹੋਵੇ। ਕੇਸਰੋ ਦਾ ਸ਼ਰਾਬੀ-ਕਬਾਬੀ ਜੇਠ ਜਿਹੜਾ ਜੁੱਤੀ ਸਿਉਂਣ ਤੋਂ ਪਹਿਲਾਂ ਪੈਸੇ ਲੈ ਕੇ ਖਾ ਜਾਂਦਾ ਸੀ, ਦੋ ਜੁਆਕਾਂ ਦਾ ਬਾਪ, ਵਿਆਹਿਆ ਵਰਿਆ, ਕੇਸਰੋ 'ਤੇ ਅੱਖ ਰੱਖੀ ਫਿਰਦਾ ਸੀ। ਕੇਸਰੋ ਦੀ ਜਿਠਾਣੀ ਵਿਚਾਰੀ ਤਾਂ ਉਸ ਦੇ ਪੈਰ ਵਰਗੀ ਵੀ ਨਹੀਂ ਸੀ। ਉਸ ਦੀ ਸੱਸ ਵੀ ਚਾਹੁੰਦੀ ਸੀ ਕਿ ਕਿਤੇ ਹੋਰ ਧੱਕੇ ਖਾਣ ਨਾਲੋਂ ਜੰਗੀਰ ਦੇ ਹੀ ਰਹਿ ਪਵੇ। ਪਰ ਕੇਸਰੋ ਨੂੰ ਇਹ ਗੱਲ ਕਿਵੇਂ ਵੀ ਮਨਜ਼ੂਰ ਨਹੀਂ ਸੀ। ਜੇਠ ਨੇ ਕੁੱਟ ਕੇ ਘਰੋਂ ਕੱਢ ਦਿੱਤੀ। ਉਹ ਨੂੰ ਸ਼ਰੀਕੇ ਵਿਚੋਂ ਲਗਦੀ ਵਿਧਵਾ, ਤਾਈ ਜਮੇਰੋ ਨੇ ਆਵਦੇ ਘਰੇ ਆਸਰਾ ਦਿੱਤਾ।

ਕੇਸਰੋ ਗੁਰਦੁਆਰੇ ਜਾ ਕੇ ਬਹੁਕਰ-ਬੁਹਾਰੀ, ਝਾੜ-ਪੂੰਝ ਦੀ ਸੇਵਾ ਕਰਨ ਲੱਗ ਪਈ। ਗੁਰਮੇਜ ਸਿਹੁੰ ਨੇ ਉਹਨੂੰ ਲੰਗਰ-ਪਾਣੀ ਛਕਾ ਦੇਣਾ। ਉਹ ਪਿੰਡ ਵਿਚ ਹੋਰ ਘਰਾਂ ਦਾ ਕੰਮ ਕਰਕੇ ਆਵਦਾ ਡੰਗ ਟਪਾਉਣ ਲੱਗ ਪਈ। ਪਰ ਗੁਰਮੇਜ ਸਿਹੁੰ ਨਾਲ ਉਸ ਦਾ ਤਿਹੁ ਵਧਦਾ ਗਿਆ ਤੇ ਰਿਸ਼ਤਾ ਦਿਨੋ-ਦਿਨ ਪੀਡਾ ਹੁੰਦਾ ਗਿਆ। ਬਹੁਤੀ ਵਾਰੀ ਗੁਰਮੇਜ ਸਿਹੁੰ ਨੂੰ ਮੈਂਗਲ ਨਿਹੰਗ ਵਾਲੀ ਗੱਲ ਵਾਂਗ ਆਵਦੀ ਗੱਲ ਵੀ ਪਿੰਡ ਦੇ ਹਰੇਕ ਘਰ 'ਚੋਂ ਧੂੰਏ ਵਾਂਗ ਉਠਦੀ ਮਹਿਸੂਸ ਹੁੰਦੀ ਪਰ ਉਸ ਦਾ ਮਨ ਉਸ ਦੇ ਅਖਤਿਆਰ ਵਿਚੋਂ ਬਾਹਰ ਹੋ ਜਾਂਦਾ। ਉਸ ਦੇ ਅੰਦਰ ਉਦਾਸੀ, ਨਮੋਸ਼ੀ ਤੇ ਬੇਵਸੀ ਦੀਆਂ ਲਹਿਰਾਂ ਉਠਦੀਆਂ ਰਹਿੰਦੀਆਂ।

0 0 0

ਮੌਜੇ-ਸਾਜ਼ ਜੰਗੀਰ ਨੇ ਆਵਦੀ ਕਾਰੀਗਰੀ ਦਾ ਪੂਰਾ ਜ਼ੋਰ ਲਾ ਕੇ ਗੋਕੇ ਚਮੜੇ ਉਤੇ, ਲਾਲ ਰੰਗ ਦੀ ਬੱਕਰੇ ਦੀ ਖੱਲ ਵਾਲਾ, ਪੂਰਾ ਕਢਾਈ ਕੀਤਾ ਹੋਇਆ ਪੰਦਰਾਂ ਉਂਗਲੇ ਦੁਖੱਲੇ

ਖੁੱਸੇ ਜੋੜੇ ਦਾ ਕਲਬੂਤ ਉਤਾਰਿਆ। ਰੰਬੀ ਨਾਲ ਤਲੇ ਦੀ ਕੰਨੀ 'ਤੇ ਕਢਾਈ ਦੇ ਧਾਗਿਆਂ ਵਗੈਰਾ ਦੀ ਕਾਂਟ-ਛਾਂਟ ਕੀਤੀ। ਦੋਹਾਂ ਪੈਰਾਂ ਨੂੰ ਹੱਥਾਂ ਵਿਚ ਤੋਲ ਕੇ, ਜੋਹ ਕੇ ਵੇਖਿਆ। ਫੇਰ ਸੰਦ ਇਕੱਠੇ ਕੀਤੇ, ਖੁੱਸੇ ਨੂੰ ਪੁਰਾਣੇ ਅਖ਼ਬਾਰ ਵਿਚ ਲਪੇਟ ਕੇ ਕੱਛ ਹੇਠ ਦਬਾਇਆ ਤੇ ਅੱਡੇ ਤੋਂ ਖੜ੍ਹਾ ਹੋ ਗਿਆ। ਸਾਹਮਣੇ ਕੰਧ 'ਤੇ ਲੱਗੇ ਛੋਟੇ ਜਿਹੇ ਸੀਸ਼ੇ ਵਿਚ ਮੂੰਹ ਵੇਖ ਕੇ ਇਕ ਹੱਥ ਨਾਲ ਕਾਸ਼ਨੀ ਪੱਗ ਦੇ ਪੇਚ ਸਵਾਰੇ, ਚਿੱਟੇ ਕੁੜਤੇ ਦਾ ਕਾਲਰ ਸਿੱਧਾ ਕੀਤਾ, ਤੇੜ ਬੱਝੇ ਚਾਦਰੇ ਨੂੰ ਝੰਜਕ ਕੇ ਸਿੱਧਾ ਕੀਤਾ, ਪੈਰਾਂ ਵਿਚ ਜੁੱਤੀ ਅੜਾਈ ਤੇ ਦੁਕਾਨ-ਨੁਮਾ ਦਰਵਾਜ਼ੀ ਵਿਚੋਂ ਬਹਰ ਆ ਗਿਆ।

ਉਹਦੇ ਘਰਵਾਲੀ ਗੁੱਡੋ ਚੌਂਕੇ ਦੀ ਗੁੱਠੇ ਭਾਂਡੇ ਮਾਂਜੀ ਜਾਂਦੀ ਸੀ।ਮੁੰਡਾ ਤੇ ਕੁੜੀ, ਦੋਵੇਂ ਜੁਆਕ ਆਵਦੀ ਦਾਦੀ ਦੇ ਮੰਜੇ ਕੋਲੇ ਵਿਹੜੇ ਵਿਚ ਖੁੱਤੀ ਪੁੱਟ ਕੇ ਬੰਟਿਆਂ ਨਾਲ ਪਿੱਲ-ਚੋਟ ਖੇਡੀ ਜਾਂਦੀ ਸਨ। ਠੰਢ ਕਰਕੇ ਉਨ੍ਹਾਂ ਦੇ ਹੱਥਾਂ ਪੈਰਾਂ ਤੇ ਗੱਲ੍ਹਾਂ ਦੀ ਚਮੜੀ ਖੁਸ਼ਕ ਹੋ ਕੇ ਪਾਟੀ ਪਈ ਸੀ।

ਜੁਆਕਾਂ ਦੀ ਦਾਦੀ ਆਪਣੀ ਮੋਟੇ ਗੋਲ ਸ਼ੀਸ਼ਿਆਂ ਵਾਲੀ ਘਸਮੈਲੀ ਜਿਹੀ ਐਨਕ ਵਿਚੋਂ ਵਿਹੜੇ ਦੇ ਧੁਰ ਦੂਜੇ ਖੂੰਜੇ ਵਿਚ ਕੇਸਰੋ ਦੀ ਬੰਦ ਪਈ ਕੋਠੜੀ ਦੇ ਕੁੰਡੇ-ਤਾਲੇ ਨੂੰ ਨੀਝ ਲਾ ਕੇ ਵੇਖੀ ਜਾਂਦੀ ਸੀ- "ਪਤਾ ਨੀ ਨਿਕੰਮੀ ਕਿੱਥੇ ਧੱਕੇ ਖਾਂਦੀ ਫਿਰਦੀ ਐ ਤੇ ਅਜੇ ਕਿਥੇ ਕਿਥੇ ਹੋਰ ਖਾਊ। ਡੁੱਬ ਜਾਣੀਏ, ਜੇ ਸਾਡੀ ਮੰਨ ਲਏ ਤਾਂ ਨਾਲੇ ਘਰ ਵਸਦਾ ਰਹੂ, ਨਾਲੇ ਟੁੱਕ ਦੀ ਬੁਰਕੀ ਦੀ ਚਿੰਤਾ ਮਿਟ ਜਾਊਗੀ।"

ਜੰਗੀਰ ਨੂੰ ਖੜ੍ਹਾ ਵੇਖ ਕੇ ਉਹਦੇ ਵੱਲ ਮੂੰਹ ਭੁਆ ਕੇ ਫੇਰ ਬੋਲੀ, "ਵੇ ਤੂੰ ਗਿਆ ਨੀ ਸਿਰ-ਪੈਂਅਚ ਕੋਲ?"

"ਜਾਊਂਗਾ ਮਾਂ ਹੁਣ, ਆਹ ਜੋੜਾ ਤਿਆਰ ਹੋ ਗਿਆ।"

"ਤੇ ਹੋਰ! ਉਹਨੂੰ ਸਮਝਾਵੇ, ਬਈ ਘਰ ਦੀ ਗੱਲ ਘਰ ਵਿਚ ਰਹਿ ਜਾਊ। ਆਹ ਸਿਧਰੀ ਗੁੱਡੋ ਕੰਮ ਕਰਨ ਨੂੰ ਬਥੇਰੀ ਤਕੜੀ ਐ। ਇਥੇ ਰਾਣੀ ਬਣ ਕੇ ਰਹੂ, ਹੈਂ! ਏਥੇ ਵਿਆਹ ਪ੍ਰਨਾਅ ਕੇ ਲਿਆਂਦੀ ਸੀ। ਮੈਂ ਤਾਂ ਆਵਦਾ ਜ਼ਮੀਨ ਦਾ ਹਿੱਸਾ ਬੀ ਨੀ ਰੱਖਿਆ, ਥੋਨੂੰ ਦੋਹਾਂ ਨੂੰ ਬਰੋਬਰ ਵੰਡ ਕੇ ਨਾਂ ਲਵਾਤੀ। ਐਵੇਂ ਹੁਣ ਅਵਾਰਾ ਗਾਂ ਵਾਂਗੂ ਤੁਰੀ ਫਿਰਦੀ ਐ ਖੇਹ ਉਡਾਉਂਦੀ। ਵਾਖਰੂ, ਜੇ ਕਿਤੇ ਸਮੱਤ ਆ ਜਾਵੇ।"

ਸਿਧ-ਪਧਰੀ ਗੁੱਡੋ ਨੇ ਸੱਸ ਵੱਲ ਤਿਉੜੀ ਪਾ ਕੇ ਵੇਖਿਆ, ਬੁੱਲ੍ਹ ਅਟੇਰੇ ਤੇ ਜਵਾਕਾਂ ਨੂੰ ਝਿੜਕਣ ਲੱਗ ਪਈ।

ਮਧਰਾ ਕੱਦ ਤੇ ਮੋਟੇ ਹੱਡ ਪੈਰ, ਮੋਟੀਆਂ ਅੱਖਾਂ ਜਿਨ੍ਹਾਂ ਵਿਚੋਂ ਇਕ ਨੂੰ ਫੋਲਾ ਪਿਆ ਹੋਇਆ ਸੀ। ਮੋਟੇ ਬੁੱਲ੍ਹਾਂ ਵਿਚਦੀ ਦਿਸਦੇ ਉਘੜ-ਦੁਘੜੇ ਬਘਿਆੜੀ ਦੰਦ।ਬਰੜ੍ਹੀ ਖ਼ਤ ਕੱਢੀ ਹੋਈ ਦਾੜ੍ਹੀ ਤੇ ਗਿੱਠ ਸਾਰੇ ਵਧੇ ਹੋਏ ਢਿੱਡਲ ਜੰਗੀਰ ਨੇ ਆਵਦੀ ਬੇਬੇ ਦੀ ਸਾਰੀ ਗੱਲ ਸਮਝੀ ਤੇ ਸਰਪੰਚ ਦੇ ਘਰ ਵੱਲ ਉਨਣ-ਗੁਨਣ ਕਰਦਾ ਤੁਰ ਪਿਆ।

ਸਰਪੰਚ ਕੋਸੀ ਧੁੱਪ ਵਿਚ ਕੁਰਸੀ ਉਤੇ ਬੈਠਾ ਚੌਕੀਦਾਰ ਨਾਲ ਗੱਲਾਂ ਮਾਰੀ ਜਾਂਦਾ ਸੀ। ਜੰਗੀਰੇ ਨੇ ਧਰਤੀ ਨੂੰ ਹੱਥ ਲਾ ਕੇ ਨਮਸਕਾਰ ਕੀਤੀ ਤੇ ਸਾਹਮਣੇ ਪਈ ਲੱਕੜ ਦੀ ਮੁੱਢੀ ਉਤੇ ਬੈਠ ਗਿਆ।

"ਤਕੜੈਂ ਜੰਗੀਰ ਸਿਆਂ?" ਚੌਕੀਦਾਰ ਨੇ ਹਾਲ-ਚਾਲ ਪੁੱਛਿਆ।

"ਮਿਹਰ ਐ ਬਾਈ ਜੀ, ਬਸ ਤਕੜੇ ਈ ਐਂ।"

"ਹੋਰ ਬਾਈ ਜੰਗੀਰ ਸਿਆਂ, ਫੇਰ ਕੀ ਬਣਿਆ ਥੋਡੇ ਰੌਲੇ ਰੱਪੇ ਦਾ?"

"ਉਹ ਤਾਂ ਦੱਸਦੈਂ, ਪਰ ਪਹਿਲਾਂ ਤੁਸੀਂ ਆਹ ਜੋੜਾ ਪਾ ਕੇ ਵੇਖੋ।" ਤੇ ਝਮ ਝਮ ਕਰਦਾ ਸੁਨਹਿਰੀ ਖੁੱਸਾ ਜੰਗੀਰ ਨੇ ਸਰਪੰਚ ਦੇ ਪੈਰਾਂ ਵਿਚ ਪੁਆ ਕੇ ਉਹਨੂੰ ਤੁਰ ਫਿਰ ਕੇ ਵੇਖਣ ਲਈ ਕਿਹਾ।

"ਜੀ ਕਿਤੋਂ ਪੈਰ ਘੁਟਦਾ ਤਾਂ ਨਹੀਂ? ਜੇ ਕਿਤੋਂ ਹੈ ਤਾਂ ਮੈ ਕਲਬੂਤ ਫੇਰ ਲਾ ਦੇਊਂਗਾ।"

"ਨਹੀਂ ਜਵਾਂ ਫਿਟ ਹੈ। ਇਹ ਤਾਂ ਤੂੰ ਕਮਾਲ ਕਰ ਦਿੱਤੀ। ਬਹੁਤ ਵਧੀਆ ਮੇਚ ਆਇਆ। ਏਹਦੀ ਕਿੰਨੀ ਕੁ ਰਕਮ ਤਾਰਨੀ ਪਊ?"

"ਮਾਹਰਾਜ ਤੁਸੀਂ ਖੁਸ਼ ਹੋ ਗਏ, ਸਮਝੋ ਰਕਮ ਤਰ ਗਈ। ਛੱਡੋ ਸਰਕਾਰੋ ਏਹਨਾਂ ਗੱਲਾਂ ਨੂੰ।"

ਚੌਕੀਦਾਰ ਮੁਸਕੜੀਏਂ ਹੱਸ ਕੇ ਬੋਲਿਆ, "ਫੇਰ ਹੁਣ ਸਰਪੈਂਚ ਸਾਹਬ ਤੁਸੀਂ ਵੀ ਕਮਾਲ ਕਰ ਦਿਓ। ਕਚਨਾਰ ਦੀ ਕਲੀ ਅਰਗੀ ਕੇਸਰੋ ਨੂੰ ਏਹਦੇ ਵਸਾ ਕੇ। ਐਵੇਂ ਮੂੜ ਮੱਤੀ ਗੁੱਡੋ ਨਾਲ ਵਿਚਾਰਾ ਮੱਥਾ ਮਾਰਦਾ ਫਿਰਦਾ ਐ। ਦੋਹਾਂ ਦੀ ਜੂਨ ਸੁਧਰ ਜਾਊਗੀ, ਘਰ ਦੀ ਗੱਲ ਘਰੇ ਰਹਿ ਜਾਊਗੀ। ਦਿਉਰ ਕੀ ਤੇ ਜੇਠ ਕੀ।"

"ਓ ਭਾਈ ਆਪਾਂ ਨੂੰ ਕੀ ਅਤਰਾਜ ਐ, ਜੇ ਉਹ ਮੰਨ ਜਾਏ ਤਾਂ ਵਧੀਆ ਰਹੂਗੀ।"

"ਪੰਚਾਇਤ ਤੇ ਥੋਡੇ ਆਖੇ ਮੰਨੂ ਕਿਵੇਂ ਨਾ ਜੀ?" ਜੰਗੀਰ ਨੇ ਫੋਲੇ ਵਾਲੀ ਅੱਖ ਘੁਮਾ ਕੇ ਕਿਹਾ।

ਸਰਪੰਚ ਨੇ ਨਵੇਂ ਪਾਏ ਖੁੱਸੇ ਨਾਲ ਪੈਰ ਨੂੰ ਧਰਤੀ 'ਤੇ ਥਪਥਪਾਉਂਦੇ ਹੋਏ ਕਿਹਾ, "ਐਂ ਕਰ ਜੰਗੀਰਿਆ, ਮੈਂ ਤਾਂ ਤੇਰੇ ਨਾਲ ਹੀ ਆ। ਤੂੰ ਥੋਡਾ ਰਮਦਾਸੀਆ ਦਾ ਮੈਂਬਰ ਤੇ ਪ੍ਰਭਾਤੀ ਵਰਗੇ ਦੋ ਚਾਰ ਹੋਰ ਬੁੜ੍ਹੇ ਠੇਰੇ 'ਕੱਠੇ ਕਰਕੇ ਉਨ੍ਹਾਂ ਨੂੰ ਖੁਆ ਪਿਆ ਦੇਈਂ ਤੇ ਪਰਸੋਂ ਪੰਚਾਇਤ ਸੱਦ ਲੈ ਛੱਪੜ ਵਾਲੀ ਸੱਥ ਵਿਚ। ਚੌਕੀਦਾਰ ਆਪਣਾ ਹੈਗਾ ਈ ਐ, ਇਕ ਲੱਕ-ਮਾਰਵੀਂ ਜੁੱਤੀ ਏਹਦੇ ਪੈਰੀਂ ਪੁਆ ਦੇਈਂ। ਇਹ ਸਾਰਿਆਂ ਨੂੰ ਇਤਲਾਹ ਕਰ ਦੇਊਗਾ। ਪਰ ਹੁਣ ਉਹ ਰਹਿੰਦੀ ਕਿਥੇ ਐ?"

"ਉਹ ਜੀ ਕੇਰਾਂ ਤਾਂ ਤਾਈ ਜਮੇਰੋ ਕੇ ਘਰੇ ਬੈਠੀ ਐ। ਕਿਲੇ ਵਾਲਿਆਂ ਦਾ ਲੀੜਾ ਕੱਪੜਾ ਧੋ ਕੇ ਫੇਰ ਛੋਟੇ ਗੁਰਦੁਆਰੇ ਜਾ ਵੜਦੀ ਐ। ਉਥੇ ਬਹੁਕਰ ਬੁਹਾਰੀ ਕਰਕੇ ਭਾਈ ਜੀ ਤੋਂ ਰੋਟੀਆਂ ਲੈ ਕੇ ਤਾਈ ਜਮੇਰੋ ਕੋਲ ਜਾ ਬਹਿੰਦੀ ਐ। ਦੋਵੇਂ ਜਣੀਆਂ ਖਾਅ ਪੀ ਛਡਦੀਆਂ।"

"ਚੱਲ ਠੀਕ ਐ। ਤੂੰ ਚੌਕੀਦਾਰਾ ਕੇਸਰੋ ਨੂੰ ਇਤਲਾਹ ਕਰ ਆਵੀਂ ਪਰਸੋਂ ਐਤਵਾਰ ਨੂੰ ਦਸ ਵਜਦੇ ਦੀ। ਤੇ ਤੂੰ ਭਾਈ ਆਵਦੇ ਮੈਂਬਰ ਮੁਸਾਹਿਬਾਂ ਨਾਲ ਪੱਕ ਠੱਕ ਕਰ ਲੈ। ਮੈਂ ਕੇਰਾਂ ਮੰਡੀ ਠਾਣੇ ਜਾ ਕੇ ਆਉਣਾ ਹੈ, ਲੇਟ ਹੁੰਦਾ ਹਾਂ; ਪਰਸੋਂ ਤੇਰਾ ਕੰਮ ਕਰਾਂਗੇ।"

"ਚਲੋ ਸਾਬਾਸ਼ੇ ਜੀ, ਨਾਲੇ ਵਿਚੇ ਗੁਰਦੁਆਰੇ ਵਾਲੀ ਗੱਲ ਠੱਪੀ ਜਾਊ।" ਚੌਕੀਦਾਰ ਨੇ ਖੜ੍ਹੇ ਹੁੰਦੇ ਨੇ ਜੰਗੀਰ ਨੂੰ ਨਾਲ ਤੋਰ ਲਿਆ ਤੇ ਰਾਹ ਵਿਚ ਸਮਝੌਤੀਆਂ ਦਿੰਦਾ ਗਿਆ।

ਐਤਵਾਰ ਨੂੰ ਕਿਲੇ ਵਾਲਿਆਂ ਦਾ ਕੰਮ ਸੰਦੇਹਾਂ ਨਬੇੜ ਕੇ ਕੇਸਰੋ ਗੁਰਦੁਆਰੇ ਨਾ ਗਈ। ਭਾਈ ਜੀ ਦਾ ਮੱਥਾ ਠਣਕਿਆ, ਸਰੀਰ ਨੂੰ ਝੁਣਝੁਣੀ ਆਈ, ਹਥੇਲੀਆਂ ਮੁੜ੍ਹਕੇ ਨਾਲ ਤਰ ਹੋ ਗਈਆਂ।

'ਬੇਸ਼ਕ ਮੈਨੂੰ ਜਾਂ ਘਰੇ ਕੋਈ ਅਤਲਾਹ ਤਾਂ ਨੀ ਹੋਈ, ਪਰ ਜਿਹੜੀ ਬਿੜਕ ਆਈ ਐ,

ਉਹਤੋਂ ਲਗਦੈ ਬਈ 'ਕੱਠ ਤਾਂ ਹੋਊਗਾ। ਚਲੋ ਵੇਖੀ ਜਾਊ, ਬੱਚੇ ਪਾਤਸ਼ਾਹ ਮਿਹਰ ਕਰੀਂ।'

ਤੇ ਭਾਈ ਜੀ ਗੁਰਮੇਜ ਸਿਹੁੰ ਖਿੰਡੇ ਪਏ ਪੀਲੇ ਪੱਤਿਆਂ ਨੂੰ ਪੈਰਾਂ ਹੇਠ ਦਰੜਦਾ ਰਿਹਾ। ਨਿਗ੍ਹਾ ਉਹਦੀ ਡਿੱਗੀ ਉਤੋਂ ਦੀ ਵੱਡੇ ਛੱਪੜ ਵਾਲੀ ਗਲੀ ਉਤੇ ਟਿਕੀ ਰਹੀ। ਰਮਦਾਸੀਆਂ ਵਾਲੀ ਗਲੀ ਵਿਚੋਂ ਕੇਸਰੋ ਤੇ ਜਮੇਰੋ ਸੜਕ ਦੀ ਚੜ੍ਹਾਈ ਚੜ੍ਹ ਕੇ ਛੱਪੜ ਵਾਲੀ ਗਲੀ ਵਿਚ ਉੱਤਰ ਗਈਆਂ। ਸੜਕ ਦੇ ਚੜ੍ਹਦੇ ਵਾਲੇ ਪਾਸਿਓਂ ਸਰਪੰਚ, ਚੌਕੀਦਾਰ, ਜੰਗੀਰ, ਪ੍ਰਭਾਤੀ, ਸੋਟੀਆਂ ਦਾ ਸਹਾਰਾ ਲਈ ਬੁੜ੍ਹਾ ਮਿਹਰ ਸਿਹੁੰ ਤੇ ਮੁਕੰਦ ਮੈਂਬਰ, ਉਹ ਸਾਰੇ ਵੀ ਛੱਪੜ ਵਾਲੀ ਗਲੀ ਵੱਲ ਮੁੜ ਗਏ।

ਭਾਈ ਜੀ ਗੁਰਮੇਜ ਸਿਹੁੰ ਨੂੰ ਇਕ ਤ੍ਰੇਲੀ ਹੋਰ ਆਈ, 'ਬਾਪੂ ਐਸ ਵੇਲੇ ਸੱਥ ਵਿਚ ਬੈਠਾ ਹੁੰਦਾ ਐ।'

ਵੱਡੇ ਛੱਪੜ ਦੇ ਕਿਨਾਰੇ ਬੋਹੜ, ਨਿੰਮ ਤੇ ਪਿੱਪਲਾਂ ਦੀ ਤ੍ਰਿਵੈਣੀ ਥੱਲੇ ਵੱਡਾ ਸਾਰਾ ਤਖ਼ਤਪੋਸ਼ ਡੱਠਾ ਹੋਇਆ ਸੀ ਜਿਸ ਦੇ ਚਾਰੇ ਕੋਨਿਆਂ ਤੋਂ ਐਂਗਲ-ਆਇਰਨ ਦੇ ਉਚੇ ਪਾਵੇ ਚੁੱਕ ਕੇ ਮੀਂਹ ਕਣੀ ਤੇ ਜਨੌਰਾਂ ਦੀਆਂ ਬਿੱਠਾਂ ਤੋਂ ਬਚਾਅ ਲਈ ਛੱਤ ਪਾਈ ਹੋਈ ਸੀ। ਤਖ਼ਤ ਦੇ ਆਸੇ-ਪਾਸੇ ਪੁੱਟੇ ਹੋਏ ਦਰੱਖਤਾਂ ਦੀਆਂ ਜੜ੍ਹਾਂ ਦੇ ਪੱਧਰੇ ਮੁਢ, ਮੁਢੀਆਂ ਤੇ ਇੱਟਾਂ ਦੀਆਂ ਦੋ ਕੁ ਚੌਂਕੜੀਆਂ ਬਣੀਆਂ ਹੋਈਆਂ ਸਨ ਜਿਨ੍ਹਾਂ ਉਤੇ ਬੈਠੇ ਕਈ ਲੋਕ ਸਣ ਦੇ ਗਰਨਿਆਂ ਦੀਆਂ ਸੀਖਾਂ ਭੰਨੀ ਜਾਂਦੇ ਸਨ, ਕੋਈ ਖੇਸ ਲੋਈ ਦੇ ਬੰਬਲ ਵੱਟੀ ਜਾਂਦਾ ਸੀ ਤੇ ਕਈ ਫਸਲਵਾੜੀ ਦੀਆਂ ਗੱਲਾਂ ਵਿਚ ਰੁਝੇ ਹੋਏ ਸਨ।

ਕੇਸਰੋ ਤੇ ਜਮੇਰੋ ਸੱਥ ਤੋਂ ਪਰ੍ਹੇ, ਢਿਲਵਾਂ ਦੇ ਦਰਵਾਜ਼ੇ ਦੇ ਕੌਲੇ ਕੋਲ ਧੁੱਪੇ ਖੜ੍ਹੀਆਂ ਹੋ ਗਈਆਂ। ਗੂੜ੍ਹੇ ਨਸਵਾਰੀ ਸੂਟ ਤੇ ਦੁਪੱਟੇ ਦੀ ਬੁਕਲ ਵਿਚੋਂ ਕੇਸਰੋ ਦਾ ਮਤਾਬੀ ਭਖਦਾ ਚਿਹਰਾ, ਸਿਉਂ ਦੀ ਫਾੜੀ ਵਰਗੀਆਂ ਮੋਟੀਆਂ ਕਾਲੀਆਂ ਅੱਖਾਂ, ਸੱਥ ਦੇ ਤਖਤਪੋਸ਼ ਉਤੇ ਟਿਕੀਆਂ ਹੋਈਆਂ ਸਨ। ਜਮੇਰੋ ਤਾਈ ਆਵਦੇ ਛੋਟੇ ਜਿਹੇ ਝੁਰੜੀਆਂ ਭਰੇ ਗੋਲ ਚਿਹਰੇ ਤੇ ਨਿਕੀਆਂ ਅੱਖਾਂ ਦੀ ਕੁੜਤਣ ਭਰੀ ਤੱਕਣੀ ਤੇ ਮੱਥੇ ਦੀਆਂ ਤਿਉੜੀਆਂ ਨੂੰ ਹੋਰ ਡੂੰਘ ਕਰਦੀ ਹੋਈ, ਮਨ ਹੀ ਮਨ ਬੁੜ-ਬੜਾਈ ਜਾਂਦੀ ਸੀ।

ਜਦੋਂ ਤਖ਼ਤਪੋਸ਼ ਉਤੇ ਪੰਚਾਇਤ ਜੁੜ ਬੈਠੀ ਤੇ ਜੰਗੀਰ ਦੇ ਨਾਲ ਆਏ ਹਮਾਇਤੀ ਆਪਣੇ ਦਰਜੇ-ਬ-ਦਰਜੇ ਮੁਤਾਬਕ ਖੁੰਢਾਂ ਉਤੇ ਸਜ ਗਏ ਤਾਂ ਚੌਕੀਦਾਰ ਨੇ ਖੰਘੂਰਾ ਮਾਰ ਕੇ ਗਲਾ ਸਾਫ਼ ਕੀਤਾ ਤੇ ਉਚੀ ਆਵਾਜ਼ ਵਿਚ ਕਿਹਾ, "ਆ ਜੋ ਭਾਈ ਤਾਈ ਤੇ ਬੀਬੀ ਕੇਸਰੋ ਨਿਬੇੜੀਏ ਗੱਲ ਨੂੰ।"

ਕੇਸਰੋ ਤੇ ਜਮੇਰੋ ਤਖ਼ਤਪੋਸ਼ ਦੇ ਸਾਹਮਣੇ ਆ ਕੇ ਖਲੋ ਗਈਆਂ। ਬੇਸ਼ਕ ਕੇਸਰੋ ਦੇ ਵੱਡੇ ਥਾਂ ਲਗਦੇ ਉਥੇ ਬਥੇਰੇ ਬੰਦੇ ਬੈਠੇ ਸਨ। ਪਰ ਉਹਨੇ ਘੁੰਡ ਨਹੀਂ ਕੱਢਿਆ ਸੀ ਤੇ ਜਮੇਰੋ ਤਾਈ ਤਾਂ ਸੀ ਹੀ ਪੱਕੀ ਉਮਰ ਦੀ। ਪ੍ਰਭਾਤੀ ਨੇ ਕਮਾਨ ਸੰਭਾਲੀ ਤੇ ਆਪਣੇ ਸਫ਼ਾਚੱਟ ਫੁਲੇ ਹੋਏ ਚਿਹਰੇ 'ਤੇ ਕੰਨਾਂ ਤੱਕ ਲੰਮੀਆਂ ਮੁੱਛਾਂ ਉਤੇ ਹੱਥ ਫੇਰਦਾ ਹੋਇਆ ਬੋਲਿਆ, "ਦੇਖੋ ਸਿਰਪੈਂਚ ਸਾਹਬ, ਸਾਡੀ ਗ਼ਰੀਬ ਗੁਰਬਿਆਂ ਦੀ ਤਾਂ ਏਹੋ ਫਰਿਆਦ ਐ ਬਈ ਹੋਈ ਤਾਂ ਵਿਚਾਰੀ ਗ਼ਰੀਬਣੀ ਨਾਲ ਜੱਗੋਂ ਤੇਹਰਵੀਂ; ਜੇ ਵਜ਼ੀਰ ਦੀ ਜ਼ਿੰਦਗੀ ਬਚ ਜਾਂਦੀ ਤਾਂ ਆਹ ਦਿਨ ਕਿਉਂ ਦੇਖਣੇ ਪੈਂਦੇ ਪਰ ਭਗਵਾਨ ਦੀ ਕਰਨੀ ਨੂੰ ਕੌਣ ਮੋੜੇ। ਮੁਕਦੀ ਗੱਲ ਇਹੋ ਐ ਜੀ ਸਾਡੀ ਬਿਰਾਦਰੀ ਦਾ ਪੰਚਾਇਤ ਤੇ ਮੋਹਤਬਰ ਸੱਜਣਾਂ ਅੱਗੇ ਏਹੀ ਮਸ਼ਵਰਾ ਸਲਾਹ ਜਾਂ ਕਹਿ ਲਓ ਫਰਿਆਦ ਐ, ਕਿ ਇਸ ਵਿਚਾਰੀ

ਨੂੰ ਜੰਗੀਰ ਦੇ ਘਰੇ ਬਹਾ ਦਿਓ। ਘਰ ਕੀ ਬਾਤ ਘਰ ਮਹਿ ਰਹਿ ਜਾਏਗੀ। ਕੋਈ ਝਗੜਾ ਨੀ ਬਖੇੜਾ ਨੀ, ਵੰਡ ਨੀ ਵੰਡੇਰਾ ਨੀ। ਜੰਗੀਰ ਦਾ ਜੋੜੇ ਜੁੱਤੀ ਦਾ ਵਧੀਆ ਕੰਮ ਚਲਦਾ ਹੈ। ਬੁਢੜੀ ਮਾਂ ਦੀ ਸੇਵਾ ਹੋ ਜਾਊ। ਗੁੱਡੋ ਵਿਚਾਰੀ ਸਿੱਧੀ ਐ। ਕੇਸਰੋ ਹੁਣ ਵੀ ਕਮਾਉਂਦੀ ਹੈ, ਫੇਰ ਵੀ ਕਮਾਊ, ਘਰ ਦੀ ਛੱਤ ਮਿਲਜੂ; ਥਾਂ-ਥਾਂ ਧੱਕੇ ਖਾਣ ਨਾਲੋਂ ਟਿਕਾਣਾ ਪੱਕਾ ਬਣ ਜਾਊ। ਬਾਕੀ ਤੁਸੀਂ ਸਾਰੇ ਮੋਹਤਬਰ ਬੰਦੇ ਸਾਡੇ ਨਾਲੋਂ ਕਿਤੇ ਸਿਆਣੇ ਹੋ। ਹੁਕਮ ਸਾਦਰ ਕਰੋ।”

ਮਿਹਰ ਸਿਹੁੰ, ਮੁਕੰਦ ਮੈਂਬਰ ਤੇ ਇਕ ਦੋ ਹੋਰਾਂ ਨੇ ਪ੍ਰਭਾਤੀ ਦੇ ਬਿਆਨ ਦੀ ਪ੍ਰਸ਼ੰਸਾ ਕੀਤੀ।

“ਵੇਖੋ ਗੱਲ ਤਾਂ ਪ੍ਰਭਾਤੀ ਸ਼ਾਹ ਨੇ ਖਰੀਓ ਕੀਤੀ ਐ ਜੀ, ਏਹ ਕਿਹੜਾ ਪਹਿਲੀ ਵਾਰੀ ਹੋਈ ਐ, ਸਦਾ ਹੀ ਇਉਂ ਹੁੰਦੀ ਆਈ ਐ। ਬੀਬੀ ਕੇਸਰੋ ਨੂੰ ਪੁੱਛ ਕੇ ਗਵਾਹੀ ਪਾਓ ਤੇ ਨਬੇੜੋ ਕੰਮ।”

ਕਤਲ ਦੇ ਕੇਸ ਵਿਚੋਂ ਰਿਹਾਅ ਹੋ ਕੇ ਆਇਆ ਸ਼ਿੰਦਰ ਕੈਰੋਂ, ਭਾਈ ਜੀ ਗੁਰਮੇਜ ਸਿਹੁੰ ਦੇ ਪਿਉ ਬਚਨ ਸਿਹੁੰ ਜੋ ਖੇਸ ਦਾ ਝੁੰਗਲਮਾਟਾ ਮਾਰੀ ਖੂੰਢ ਉਤੇ ਬੈਠਾ ਸੀ, ਦੇ ਅਗਿਓਂ ਲੰਘ ਕੇ ਤਖ਼ਤਪੋਸ਼ ਦੀ ਬਾਹੀ ਉਤੇ ਆ ਬੈਠਿਆ ਤੇ ਆਵਦੀਆਂ ਲਾਲ ਝਰੰਗ ਅੱਖਾਂ ਥੱਲੇ ਹਿਸਾਰੀ ਬਲਦ ਦੇ ਸਿੰਗਾਂ ਵਰਗੀਆਂ ਉਤਾਹ ਨੂੰ ਤਾਅ ਦੇ ਕੇ ਮਰੋੜੀਆਂ ਮੁੱਛਾਂ ਉਤੇ ਹੱਥ ਫੇਰਨ ਲੱਗ ਪਿਆ।

“ਕਿਉਂ ਭਾਈ ਕੇਸਰੋ? ਆਹ ਜੋ ਜੰਗੀਰ ਸਿੰਹੁ ਨੇ ਪੰਚਾਇਤ ਵਿਚ ਤਜਵੀਜ਼ ਰੱਖੀ ਐ, ਪ੍ਰਭਾਤੀ ਸ਼ਾਹ ਤੇ ਥੋਡੀ ਬਿਰਾਦਰੀ ਦੇ ਬਜ਼ੁਰਗਾਂ ਨੇ ਸੱਚ ਕਰਕੇ ਮੰਨੀ ਹੈ, ਜੇ ਤੈਨੂੰ ਕੋਈ ਉਜਰ ਹੈ ਤਾਂ ਦੱਸ?”

ਸਰਪੰਚ ਦੇ ਪੁੱਛੇ ਸਵਾਲ ‘ਤੇ ਕੇਸਰੋ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਜੰਗੀਰ ਬੋਲ ਪਿਆ, “ਏਹਨੂੰ ਸਰਦਾਰੋ ਕੀ ਉਜਰ ਅਤਰਾਜ ਹੋ ਸਕਦੈ, ਅਸੀਂ ਵਿਆਹ ਵਰ ਕੇ ਵਜ਼ੀਰ ਦੇ ਘਰੇ ਲਿਆਂਦੀ ਐ, ਚਲੋ ਉਹਦੀ ਕਿਸਮਤ ਧੋਖਾ ਦੇ ਗਈ। ਹੁਣ ਮੇਰੀ ਮਾਂ ਤੇ ਮੇਰੇ ਘਰਵਾਲੀ ਦੀ ਇਕ ਰੈਅ ਐ, ਬਈ ਏਹ ਘਰੋਂ ਕਿਉਂ ਕਿਤੇ ਜਾਵੇ। ਅਸੀਂ ਨੰਦ ਪੜ੍ਹਾ ਕੇ ਲਿਆਂਦੀ ਐ, ਕੋਈ ਉਧਾਲ ਕੇ ਨ੍ਹੀਂ ਲਿਆਂਦੀ। ਬਸ਼ੱਕ ਏਹਦੇ ਮਾਂ ਪਿਉ ਭਾਈਆਂ ਨੂੰ ਪੁੱਛ ਲਓ।”

ਜਮੇਰੋ ਦਾ ਚਿਹਰਾ ਤਪ ਕੇ ਸੁਰਖ ਹੋ ਗਿਆ। ਅੱਖਾਂ ਵਿਚੋਂ ਰੋਹ ਚੋਣ ਲੱਗ ਪਿਆ।

“ਨੰਦ ਰੁੜ੍ਹ ਜਾਣਿਆਂ ਤੂੰ ਪੜ੍ਹਾਏ ਸੀ ਕਿ ਵਜ਼ੀਰ ਨੇ, ਬੇਸ਼ਰਮਾ ਹਯਾ ਕਰ ਕੁਛ। ਘਰੇ ਤੇਰੇ ਗਰੀਬਣੀ ਤੀਵੀਂ ਐ, ਸੁੱਖ ਨਾਲ ਦੋ ਜਵਾਕ ਐ, ਉਹਨਾਂ ਦੇ ਢਿੱਡ ਵਿਚ ਲੱਤ ਮਾਰ ਕੇ ਕਿਹੜਾ ਵੇ ਤੂੰ ਪੁੰਨ ਖੱਟਣ ਲਗਿਐਂ, ਤੇ ਘਰ ਦੀ ਇੱਜਤ ਬਚਾਉਣ ਲਗਿਐਂ, ਕਾਂ ਡੋਡ ਕਿਤੋਂ ਦਾ।”

“ਤੇਰਾ ਤਾਈ ਸਾਡੀ ਘਰ ਦੀ ਗੱਲ ਵਿਚ ਦਖ਼ਲ ਦਾ ਕੋਈ ਕੰਮ ਨਹੀਂ। ਚੁੱਪ ਕਰ ਜਾ, ਨਹੀਂ ਫੇਰ ਐਵੇਂ ਨਾ ਆਖੀ ਕਿ ਜੰਗੀਰ ਮੰਦਾ ਚੰਗਾ ਬੋਲਿਆ। ਹਾਂਅ, ਕਿਤੇ ਐਵੇਂ ਨਾ ਆਵਦਾ ਭੱਤਾ ਭਨਾ ਬੈਠੀਂ।”

ਸੱਥ ਵਿਚ ਬੈਠੇ ਲੋਕਾਂ ਦੀ ਆਪਸ ਵਿਚ ਘੁਸਰ ਮੁਸਰ ਹੋਈ; ਕੋਈ ਬੋਲਿਆ, “ਗੱਲ ਤਾਂ ਸੱਚੀ ਐ। ਜਦੋਂ ਇਹਦਾ ਆਵਦਾ ਵਸਦਾ ਰਸਦਾ ਘਰ ਐ, ਫੇਰ ਏਹਦੀ ਕੋਈ ਬਦਨੀਤ ਐ।” ਕੋਈ ਆਖੇ, “ਨਾਲੇ ਸਾਲਾ ਖੁੰਬ ਅਰਗੀ ਤੀਵੀਂ ‘ਤੇ ਮਰਦੈ, ਨਾਲੇ ਵਜ਼ੀਰ ਵਾਲੇ ਹਿੱਸੇ ਦੀ

ਜ਼ਮੀਨ ਭਾਲਦੈ। ਵੇਖ ਕਿਵੇਂ ਫੋਲੇ ਵਾਲੀ ਅੱਖ ਦਾ ਚੱਕਰ-ਚੂੰਡਾ ਬਣਾਉਂਦਾ ਐ, ਵਧੀ ਰਗ ਵਾਲਾ।"

ਜਮੇਰੋ ਤਾਈ ਨੂੰ ਬੋਲੇ ਜੰਗੀਰ ਦੇ ਸ਼ਬਦ ਬਾਣਾਂ ਦਾ ਫੇਰ ਕੇਸਰੋ ਦੇ ਤਪੇ ਹੋਏ ਚਿਹਰੇ, ਅੱਖਾਂ ਵਿਚੋਂ ਬਰਸਦੇ ਰੋਹ, ਗੁੱਸੇ ਵਿਚ ਫਰਕਦੇ ਬੁੱਲ੍ਹਾਂ ਤੇ ਫੁੰਕਾਰਦੀਆਂ ਹੋਇਆਂ ਨਾਸਾਂ, ਉਲਰਦੇ ਹੋਏ ਹੱਥਾਂ ਤੇ ਵੱਟੇ ਹੋਏ ਮੁੱਕਿਆਂ ਨੇ ਜਵਾਬ ਦਿੱਤਾ।

"ਵੇਖੋ ਸਿਰਪੈਂਚ ਸਾਹਬ, ਨਾਲੇ ਸੱਥ ਵਿਚ ਜੁੜੇ ਮੁਹਤਵਰ ਵੱਡੇ, ਥਾਂ ਲਗਦੇ ਸਰਦਾਰੋ; ਬਾਬਾ ਜੀ ਪ੍ਰਭਾਤੀ, ਮਿਹਰ ਸਿਹੁੰ ਤੇ ਮਿੰਬਰ ਸਾਹਬ ਜੀ ਤੇ ਨਾਲੇ ਤੂੰ ਚੌਕੀਦਾਰਾ! ਨੰਦ ਪੜ੍ਹਾ ਕੇ ਆਈ ਸਾਂ ਮੈਂ ਆਵਦੇ ਖ਼ਸਮ ਵਜ਼ੀਰ ਨਾਲ, ਏਸ ਮੁਸ਼ਟੰਡੇ ਨਾਲ ਨਹੀਂ। ਸਕੂਲ ਵਿਚ ਉਹ ਸੇਵਾਦਾਰ ਲੱਗਿਆ ਸੀ। ਭਾਵੇਂ ਅਜੇ ਪੱਕਾ ਨੀ ਹੋਇਆ ਸੀ। ਸੱਚਾ ਸੁੱਚਾ ਸੀ। ਕੋਈ ਵਲ ਫੇਰ ਨੀ ਸੀ। ਕੋਈ ਐਬ ਨੀ ਸੀ, ਨਸ਼ੇ ਪੱਤੇ ਤੋਂ ਰਹਿਤ ਸੀ। ਉਸ ਨੇ ਦੱਸ'ਤਾ ਸੀ, ਬਈ ਭਾਗਮਾਨੇ ਖੰਘ ਦੀ ਸ਼ਕੈਤ ਤਾਂ ਮੈਨੂੰ ਕਾਫ਼ੀ ਚਿਰ ਦੀ ਹੈ। ਅਲਾਜ ਵੀ ਚਲਦਾ ਸੀ ਪਰ ਸਾਰੇ ਕਹਿੰਦੇ ਸੀ, ਬਈ ਟੀ.ਪੀ. ਦਾ ਅਲਾਜ ਹੈਗਾ, ਤਕੜਾ ਹੋ ਜਾਏਗਾ। ਹਬੋਰੋ ਦਵਾਈ ਚਲਦੀ ਸੀ। ਭਲਿਓ ਮੇਰੀ ਕਿਸਮਤ। ਪਿਉ ਮੇਰਾ ਸੀ ਅੰਮ੍ਰਿਤਧਾਰੀ ਸਿੱਖ; ਜਾਹ, ਜਾ ਕੇ ਪੁੱਛ ਲਵੋ, ਦਮਦਮੇ ਗੁਰਦੁਆਰੇ ਸਾਹਬ, ਬਈ ਗੁਰਬਖਸੇ 'ਕਾਲੀ ਨੇ ਇਥੇ ਕਿੰਨੇ ਸਾਲ ਸੇਵਾ ਕੀਤੀ ਐ। ਚਲੋ! ਬਾਹਲਾ ਰੇੜਕਾ ਕੀ ਪਾਉਣਾ ਐ ਤੇ ਕੀ ਦੱਸਾਂ। ਪਿਉ ਨੇ ਅੱਠ ਪੜ੍ਹੇ ਮੁੰਡੇ ਤੇ ਛੀ ਕਨਾਲਾਂ ਆਉਂਦੀ ਜ਼ਮੀਨ ਦੇ ਲਾਲਚ ਵਿਚ ਏਥੇ ਵਿਆਹ ਦਿੱਤੀ। ਪਿਉ ਦਾ ਕੀਤਾ ਸਿਰ ਮੱਥੇ।"

ਕੇਸਰੋ ਨੇ ਬਿੰਦ ਦੀ ਬਿੰਦ ਚੁੱਪ ਹੋ ਕੇ ਪੰਚਾਇਤ ਵਿਚ ਬੈਠੇ ਲੋਕਾਂ ਉਤੋਂ ਨਿਗ੍ਹਾ ਘੁਮਾਈ, ਖਿਸਕ ਆਈ ਚੁੰਨੀ ਦਾ ਪੱਲਾ ਠੀਕ ਕਰਕੇ ਸਿਰ ਢਕਿਆ ਤੇ ਫੇਰ ਮੁਖਾਤਬ ਹੋਈ, "ਪੰਚੈਤੇ, ਹੁਣ ਮੈਂ ਏਹਦੇ ਕਿਉਂ ਬੈਠਾ? ਕਿਉਂ ਇਹਨੂੰ ਸਿਰ ਧਰਾਂ? ਕਿਉਂ ਮੈਂ ਆਵਦੀ ਸਿਧੀ ਸਾਊ ਜਠਾਣੀ ਤੇ ਉਹਦੇ ਜੁਆਕਾਂ ਦੇ ਢਿੱਡ ਵਿਚ ਲੱਤ ਮਾਰਾਂ। ਮੇਰਾ ਸਾਈਂ ਸੀ ਨਿਰਵੈਲ ਤੇ ਲੋਕੋ ਥੋਨੂੰ ਪਤਾ ਨ੍ਹੀਂ? ਹੈਂਅ! ਕਿਹੜਾ ਵੈਲ ਐ ਜੋ ਇਹਦੇ ਵਿਚ ਨ੍ਹੀਂ। ਮੈਂ ਏਸ ਦੇਹ ਨੂੰ ਅਗਨ ਭੇਂਟ ਨਾ ਕਰ ਦਿਆਂ, ਬਜਾਇ ਇਸ ਦੇ ਨਰਕ 'ਚ ਗਰਕਣ ਨਾਲੋਂ। ਪੰਚੈਤੇ ਨਿਆਂ ਕਰੋ। ਜ਼ਿੰਦਗੀ ਮੇਰੀ, ਜੋ ਰੱਬ ਨੇ ਕਰਤੀ ਸੋ ਕਰਤੀ। ਮੇਰਾ ਬੰਦਾ ਮੈਥੋਂ ਖੋਹ ਲਿਆ ਸੋ ਖੋਹ ਲਿਆ ਪਰ ਹੁਣ ਤੁਸੀਂ ਤਾਂ ਬਖਸ਼ੋ। ਮੈਨੂੰ ਪਿੰਡੋਂ ਦੇਸ਼ ਨਿਕਾਲਾ ਦੇਣਾ ਹੈ, ਬਸ਼ੱਕ ਦੇ ਦਿਓ, ਮੰਜ਼ੂਰ ਐ ਪਰ ਏਹ ਤਾਂ ਸੋਚੋ, ਬਈ ਏਹ ਮੇਰੀ ਦੇਹ ਹੰਢਾਉਣ ਨੂੰ ਤੇ ਮੇਰੇ ਹਿੱਸੇ ਦੀ ਪੈਲੀ ਨੂੰ ਮਰਦਾ ਹੈ। ਹੋਰ ਇਹ ਕਿਹੜੀ ਘਰ ਦੀ ਇੱਜ਼ਤ ਨੂੰ ਸੰਭਾਲਦਾ ਫਿਰਦੈ। ਰੱਬ ਅਰਗੀ ਪੰਚੈਤੇ, ਮੈਂ ਗੁਰਬਖ਼ਸ...ਸੇਅ 'ਕਾਲੀ ਸਿੱਖ ਦੀ ਧੀ ਹਾਂ, ਨਾ ਏਸ ਐਬੀ ਕਪਟੀ ਦੇ ਅੱਜ ਵਸਾਂ ਨਾ ਕੱਲ੍ਹ।"

ਇਕ ਵਾਰੀ ਸਾਰੀ ਸੱਥ ਕੇਸਰੋ ਦਾ ਬਿਆਨ ਸੁਣ ਕੇ ਚੁੱਪ ਹੋ ਗਈ। ਸੁੰਨ ਪਸਰ ਗਈ। ਫੇਰ ਖੰਗੂਰਾ ਮਾਰ ਕੇ ਮੁਕੰਦ ਮੈਂਬਰ ਨੇ ਆਵਦੀਆਂ ਤਿੱਖੀਆਂ, ਚੂਹੇ ਦੀ ਪੂਛ ਵਰਗੀਆਂ ਮੁੱਛਾਂ ਨੂੰ ਪੁੱਠੀਆਂ ਉਂਗਲਾਂ ਨਾਲ ਪਲੋਸਿਆ ਤੇ ਖਰ੍ਹਵੀਂ ਜਿਹੀ ਜ਼ਬਾਨ ਵਿਚ ਬੋਲਿਆ, "ਕੀ ਜੰਗੀਰਿਆ, ਏਹੋ ਜੀ ਮੂੰਹ ਚੜ੍ਹੀ ਤੀਵੀਂ ਨੂੰ ਘਰੇ ਵਸਾਉਣਾ ਉਏ, ਜਿਹਨੂੰ ਪੰਚੈਤ ਪਰੋਂ ਦੀ ਮਰਯਾਦਾ ਦਾ ਈ ਪਤਾ ਨ੍ਹੀਂ। ਦਫ਼ਾ ਹੋਵੇ ਪਰਾਂ।"

ਸਰਪੰਚ ਨਿਰਉਤਰ ਹੋਇਆ ਬੈਠਾ, ਖਿਸਕਣ ਲਈ ਤਿਆਰ ਹੋ ਰਿਹਾ ਸੀ। ਜਦੋਂ ਸ਼ਿੰਦੇ ਕੈਰੋਂ ਨੇ ਹੱਥ ਵਿਚ ਤੂਤ ਦੀ, ਅੱਗ ਵਿਚ ਪਲਸੋਈ ਹੋਈ ਚਿੱਟੀ ਸੋਟੀ ਨੂੰ ਜ਼ਮੀਨ 'ਤੇ ਠਕੋਰ ਕੇ

ਕਿਹਾ, "ਗੱਲ ਸੁਣ ਓਏ ਡੂੰਡਿਆ, ਠਡਰਾ, ਭੈਂਗਿਆ, ਆਹ ਕੀ ਆਖਿਆ ਐ ਕੇਸਰੋ ਨੇ? ਆਈ ਤੇਰੇ ਸਮਝ, ਭਾਲਦੈ ਸਾਲਾ ਲਟੈਣ ਅਰਗੀ ਤੀਮੀਂ ਤੇ ਛੀ ਕਨਾਲਾਂ ਜ਼ਮੀਨ। ਢੇਕਿਆ! ਪਹਿਲਾਂ ਗੁਡੋ ਨੂੰ ਦਿੱਤਾ ਐ ਤਲਾਕ। ਕਦੇ ਵੇਖੇ ਐ ਵਕੀਲਾਂ ਦੇ ਕਾਲੇ ਕੋਟ। ਐਵੇਂ ਨੀ ਮੈਂ ਕਤਲਾਂ ਵਿਚੋਂ ਬਰੀ ਹੋ ਕੇ ਆ ਗਿਆ। ਕਾਨੂੰਨ ਦਾ ਊੜਾ ਆੜਾ ਨ੍ਹੀਂ ਆਉਂਦਾ ਤੇ ਕਰੀ ਬੈਠਾ ਐ ਪੰਚੈਤ। ਜੇ ਕੇਸਰੋ ਨੇ ਦਰਖ਼ਾਸਤ ਦੇ ਕੇ ਕੇਸ ਪਾ'ਤਾ, ਥੋਡਾ ਵੱਡੇ ਵਕੀਲੋ, ਕਿਸੇ ਦਾ ਖਹਿੜਾ ਨ੍ਹੀਂ ਛੁੱਟਣਾ। ਓਏ ਪ੍ਰਭਾਤੀਆ, ਜਾਹ ਜਾ ਕੇ ਟੁੱਟੇ ਛਿੱਤਰ ਗੰਢ। ਉਠਦਾ ਏਂ ਐਥੋਂ ਕਿ ਮੈਂ 'ਠਾਵਾਂ। ਆ ਗਏ ਕਾਵਾਂ ਦੀ ਬੰਨ੍ਹ ਕੇ ਪੰਚੈਤ।"

ਸ਼ਿੰਦੇ ਕੈਰੋਂ ਦੀ ਤਾੜਨਾ ਸੁਣ ਕੇ ਜੰਗੀਰੇ ਦੀ ਧਿਰ ਮਸੋਸੀ ਗਈ। ਤਾਈ ਜਮੇਰੋ ਦੇ ਮੂੰਹੋਂ 'ਸ਼ਾਬਾਸ਼ੇ' ਨਿਕਲਿਆ ਤੇ ਸੱਥ ਵਿਚ ਬੈਠੇ ਕਈ ਲੋਕਾਂ ਨੇ ਮਾਣ ਨਾਲ ਧੌਣਾਂ ਹਿਲਾਈਆਂ।

"ਜਾਹ ਭਾਈ ਤਾਈ ਜਮੇਰੋ, ਲੈ ਜਾ ਏਹਨੂੰ ਕੇਸਰੋ ਨੂੰ ਏਥੋਂ। ਤੇਰੇ ਕੋਲ ਰਹੇ ਜਾਂ ਪੇਕੀਂ ਰਹੇ ਜਾਂ ਪੇਕੇ ਕਿਤੇ ਹੋਰ ਵਸੇਬਾ ਕਰਨ, ਉਨ੍ਹਾਂ ਦੀ ਮਰਜ਼ੀ।" ਸ਼ਿੰਦੇ ਨੇ ਤੂਤ ਦੀ ਸੋਟੀ ਨਾਲ ਖੜ੍ਹੇ ਹੋ ਕੇ ਜੰਗੀਰੇ ਦੇ ਸਾਹਮਣੇ ਧਰਤੀ 'ਤੇ ਲੀਕ ਵਾਹ ਦਿੱਤੀ, "ਲਿਜਾਣੀ ਐ ਕੇਸਰੋ ਤਾਂ ਟੱਪ ਏਧਰ, ਵੇਖਾਂ ਤੈਨੂੰ ਵੱਡੇ ਮਿਰਜ਼ੇ ਨੂੰ ਤੇ ਸਰਪੰਚਾ, ਯਾਰ ਚੰਗਾ-ਭਲਾ ਪੜ੍ਹਿਆ-ਲਿਖਿਆ ਐਂ। ਤੇਰਾ ਯਾਰ ਦਿਮਾਗ ਕੇਹੋ ਜੇਹਾ ਹੁੰਦਾ ਜਾਂਦਾ? ਹੈ ਕੋਈ ਇਨ੍ਹਾਂ ਦਾ ਮੇਲ।"

"ਓਹ ਬਾਈ ਜੀ ਹੁਣ ਮੈਂ ਕੀ ਕਰਾਂ, ਮੈਂ ਤਾਂ ਸਾਂਝਾ ਬੰਦਾ ਹਾਂ। ਇਹ ਪੰਚਾਇਤ ਕਰਨ ਨੂੰ ਆਂਹਦੇ ਸੀ, ਮੈਂ ਆ ਗਿਆ। ਹੁਣ ਜਿਵੇਂ ਤੇਰੀ, ਥੋਡੀ ਸਾਰਿਆਂ ਦੀ ਮਰਜ਼ੀ ਐ, ਓਵੇਂ ਮੈਂ ਵੀ ਸਹਿਮਤ ਹਾਂ।"

"ਤੇ ਮੈਂਬਰਾ ਮਕੰਦ ਸਿਆਂ, ਤੁਸੀਂ ਜੰਗੀਰੇ ਭੂੰਡ ਨਾਲ ਆਉਣ ਵੇਲੇ ਇਹ ਨਾ ਸੋਚਿਆ, ਬਈ ਇਹ ਦੂਹਰੀ ਕਬੀਲਦਾਰੀ ਸੰਭਾਲੂ ਕਿਮੇਂ। ਜੋੜੇ ਜੁੱਤੀਆਂ ਦੀ ਸਾਈ ਫੜ ਕੇ ਪਹਿਲਾਂ ਈ ਨਸ਼ੇ ਪੱਤੇ ਵਿਚ ਉਡਾ ਦਿੰਦਾ ਐ, ਅਗਲੇ ਮਗਰ ਮਗਰ ਫਿਰਦੇ ਰਹਿੰਦੇ ਐ। ਸ਼ਰਮ ਆਉਣੀ ਚਾਹੀਦੀ ਐ ਯਾਰ, ਹੈਂਅ, ਚਟਾਲੇ ਵਿਚ ਅੱਧ ਐ ਏਹਦਾ। ਬਈ ਦੋ ਟੱਬਰ ਰੱਖ ਲਊ।" ਸ਼ਿੰਦਾ ਕੈਰੋਂ ਰਮਦਾਸੀਏ ਮੈਂਬਰ ਨੂੰ ਸਿੱਧਾ ਹੋਇਆ।

"ਸਾਨੂੰ ਤਾਂ ਜੀ ਮਿੰਬਰ ਹੋਣ ਕਰਕੇ ਆਉਣਾ ਈ ਪੈਂਦਾ ਐ।"

ਮਿਹਰ ਸਿਹੁੰ ਬੁੜ੍ਹਾ ਬੋਲਿਆ, "ਚੱਲ ਉਠ ਭਾਈ ਜੰਗੀਰਿਆ, ਜਾਂ ਤਾਂ ਗੁੱਡੋ ਤੇ ਕੇਸਰੋ ਦੋਹਾਂ ਨੂੰ ਮਨਾ ਲੈ ਸਾਊ, ਏਹ ਤਾਂ ਚਿੱਤ ਮੰਨੇ ਦੀ ਗੱਲ ਐ, ਅਖੇ ਮਨ ਜੀਤੇ ਜੱਗ ਜੀਤ। ਨਹੀਂ ਭਾਈ ਸਬਰ ਕਰ।"

ਧੁੱਪ ਤਿੱਖੀ ਹੋ ਚਲੀ ਸੀ। ਹਵਾ ਤੇਜ਼ ਚੱਲਣ ਲੱਗ ਪਈ ਸੀ। ਰੋਟੀ-ਟੁੱਕ ਦਾ ਵੇਲਾ ਹੋ ਗਿਆ ਸੀ। ਲੋਕ ਸੱਥ ਵਿਚੋਂ ਹੌਲੀ-ਹੌਲੀ ਘੁਸਰ-ਮੁਸਰ ਕਰਦੇ ਘਰਾਂ ਨੂੰ ਤੁਰਨ ਲੱਗ ਪਏ ਸਨ। ਸ਼ਿੰਦਾ ਕੈਰੋਂ ਤੇ ਬਚਨ ਸਿਹੁੰ ਵੀ ਗੱਲਾਂ ਕਰਦੇ ਆਪਣੇ ਘਰਾਂ ਵਾਲੀ ਬੀਹੀ ਵਿਚ ਦਾਖ਼ਲ ਹੋ ਗਏ।

ਘਰ ਨੂੰ ਮੁੜੇ ਜਾਂਦੇ, ਜ਼ਖ਼ਮੀ ਸਪੋਲੀਏ ਵਾਂਗ ਵਿਹੁ ਘੋਲਦੇ ਜੰਗੀਰ ਨੇ ਮੈਂਬਰ ਤੇ ਚੌਕੀਦਾਰ ਤੋਂ ਪੁੱਛਿਆ, "ਠਾਣੇ ਜਾਂ ਕਚੈਹਰੀ ਵਿਚ ਦਰਖ਼ਾਸਤ ਦੇ ਕੇ ਕੋਈ ਫਹੁ ਪੈ ਸਕਦੈ ਕਿ ਨਹੀਂ? ਭਾਵੇਂ ਚਾਰ ਕਨਾਲਾਂ ਉਤੇ ਲੱਗ ਜਾਣ।"

"ਮੂਰਖਾ, ਹੁਣ 'ਕੱਲੀ ਕੇਸਰੋ ਦੀ ਰਜ਼ਾਮੰਦੀ ਹੀ ਨਹੀਂ ਚਾਹੀਦੀ, ਗੁੱਡੋ ਦੀ ਹਾਂ ਵੀ ਹੋਣੀ ਚਾਹੀਦੀ ਹੈ, ਦੜ੍ਹ ਵੱਟ ਜਾ 'ਕੇਰਾਂ।"

"ਵੇਖ ਭਾਈ, ਹੁਣ ਜਦੋਂ ਏਨਾ ਉੱਧਮੂਲ ਜੰਗੀਰੇ ਭੂੰਡ ਨੇ ਪਿੰਡ ਵਿਚ ਠਾਅ ਦਿੱਤਾ ਤਾਂ ਹੁਣ ਚੁੱਪ ਕਰਕੇ ਬਹਿਣ ਦਾ ਵੇਲਾ ਨ੍ਹੀਂ। ਗੱਲ ਕਿਸੇ ਤਣ ਪੱਤਣ ਲਾਉਣੀ ਪਊ। ਆਹ ਮੱਸਿਆ ਲੰਘ ਲੈਣ ਦੇ, ਮੈਂ ਚਲੂੰ ਤੇਰੇ ਨਾਲ ਤੇਰੇ ਪੇਕੀਂ।" ਤਾਈ ਜਮੇਰੋ ਨੇ ਕੇਸਰੋ ਨੂੰ ਮਠਾਰ ਕੇ ਸੁਮੱਤ ਦਿੱਤੀ।

ਕੁਛ ਦਿਨਾਂ ਵਿਚ ਹਵਾ ਹਵਾਈ ਮੱਠੀ ਪੈ ਗਈ। ਕੇਸਰੋ ਆਵਦੇ ਕੰਮ ਲੱਗ ਗਈ। ਗੁਰਦੁਆਰੇ ਸੇਵਾ ਕਰ ਆਉਂਦੀ। ਰਸਦ ਰੋਟੀ ਲੈ ਆਉਂਦੀ ਪਰ ਉਥੇ ਬਹੁਤਾ ਚਿਰ ਨਾ ਲਾਉਂਦੀ। ਚਿੱਤ ਵਿਚ ਕੋਈ ਡਰ ਬੈਠ ਗਿਆ ਲਗਦਾ ਸੀ।

ਫੇਰ ਇਕ ਦਿਨ ਲੋਕਾਂ ਨੇ ਤਾਈ ਜਮੇਰੋ ਗੁਰਦੁਆਰੇ ਵਿਚੋਂ ਖਾਸਾ ਚਿਰ ਲਾ ਕੇ ਨਿਕਲੀ ਜਾਂਦੀ ਵੇਖੀ।

ਚੇਤ ਮਹੀਨੇ ਦਾ ਪਿਛਲਾ ਪੱਖ ਚੱਲ ਰਿਹਾ ਸੀ। ਹਵਾ ਵਿਚ ਗਰਮਾਇਸ਼ ਆਉਣ ਲੱਗ ਪਈ ਸੀ। ਫ਼ਸਲਾਂ ਤੇ ਬਨਸਪਤੀ ਦੀ ਹਰਿਆਵਲ ਆਵਦੇ ਜੋਬਨ ਦੀ ਚਰਮ ਸੀਮਾ ਪਾਰ ਕਰ ਚੁੱਕੀ ਸੀ। ਸਰੋਂ ਦੀਆਂ ਫ਼ਲੀਆਂ ਵਿਚ ਛੋਲਿਆਂ ਦੀਆਂ ਟਾਂਟਾਂ ਵਿਚ ਦਾਣਾ ਪੱਕ ਰਿਹਾ ਸੀ। ਕਣਕ ਦੇ ਸਿੱਟੇ ਰੰਗ ਵਟਾਉਣ ਲੱਗ ਪਏ ਸਨ। ਜਦੋਂ ਇਕ ਦਿਨ ਭਾਈ ਜੀ ਗੁਰਮੇਜ ਸਿਹੁੰ ਨੇ ਘਰੇ ਗੱਲ ਤੋਰੀ ਕਿ ਮੈਂ ਤਾਂ ਵੱਡੇ ਬਾਈ ਹੁਰਾਂ ਕੋਲ 'ਰਾਜ' ਵਿਚ ਜਾ ਕੇ ਆਉਂਦਾ ਹਾਂ, ਚਿੱਤ ਜਾਅ ਉਠਿਆ ਪਿਆ।

"ਵੇਖ ਲੈ ਸਾਊ, ਓਥੇ ਤਾਂ ਹੁਣ ਸਰੋਂ ਨੂੰ ਸੈਂਤ ਦਾਤੀ ਪੈ ਚੱਲੀ ਹੋਊ ਪਰ ਗੁਰਦੁਆਰੇ ਕੀਹਨੂੰ ਛੱਡ ਕੇ ਜਾਮੇਂਗਾ?"

"ਵੱਡੇ ਗੁਰਦੁਆਰੇ ਮਹੰਤਾਂ ਕੋਲ ਬਖੇਰੇ ਗ੍ਰੰਥੀ ਸਿੰਘ ਐ, ਲਾ ਦੇਣਗੇ ਕਿਸੇ ਦੀ ਡਿਊਟੀ ਜ਼ਿੰਮੇਵਾਰੀ।"

ਗੁਰਦੁਆਰੇ ਦੀ ਸਾਂਭ-ਸੰਭਾਲ ਕਰਕੇ, ਮਹੰਤਾਂ ਨੂੰ ਕੁੰਜੀਆਂ ਫੜਾ ਕੇ ਗੁਰਮੇਜ ਸਿਹੁੰ ਆਵਦੇ ਭਰਾਵਾਂ ਕੋਲ ਰਾਜਸਥਾਨ ਚਲਾ ਗਿਆ।

ਕੁਝ ਦਿਨਾਂ ਪਿਛੋਂ ਪਤਾ ਲੱਗਿਆ, ਬਈ ਤਾਈ ਜਮੇਰੋ ਕੇਸਰੋ ਨੂੰ ਓਹਦੇ ਪੇਕੀ ਛੱਡਣ ਗਈ ਐ।

ਪਿੰਡ ਦੇ ਘੁਣਤਰੀਆਂ ਨੇ ਬਥੇਰੇ ਟੇਵੇ ਲਾਏ ਕਿ ਭਾਈ ਜੀ ਰਾਜਸਥਾਨ ਵਿਚ ਆਵਦੇ ਭਰਾਵਾਂ ਕੋਲ ਗਿਆ ਐ, ਕਿ ਕੇਸਰੋ ਤਾਈ ਜਮੇਰੋ ਨਾਲ ਸਾਬੋ ਵਿਚ ਆਵਦੇ ਪੇਕੀ ਮਿਲਣ ਗਈ ਐ; ਗੱਲ ਕੀ ਬਣੀ? ਬਚਨ ਸਿਹੁ ਦਾ ਵੱਡਾ ਪੁੱਤ ਗਜਮੇਰ ਸੇਂਅ ਵੀ ਦੋ ਦਿਨ ਪਿੰਡ ਲਾ ਕੇ ਮੁੜ ਗਿਆ ਪਰ ਕਿਸੇ ਝੀਤ ਮੋਰੀ ਵਿਚੋਂ ਕੋਈ ਭਾਖਿਆ ਦੀ ਕਿਰਨ ਨਹੀਂ ਨਿਕਲੀ।

ਭਾਖਿਆ ਫੇਰ ਵੀ ਨਹੀਂ ਨਿਕਲੀ, ਜਦੋਂ ਜਮੇਰੋ ਤਾਈ ਕੇਸਰੋ ਦੇ ਪੇਕਿਆਂ ਤੋਂ ਕਈ ਦਿਨਾਂ ਬਾਅਦ ਕੇਸਰੋ ਦੇ ਮਾਪਿਆਂ ਨੂੰ ਨਾਲ ਨਿਜਾ ਕੇ ਸੰਗ੍ਰੀਏ ਮੰਡੀ ਦੇ ਗੁਰਦੁਆਰੇ ਵਿਚ ਗੁਰਮੇਜ ਸਿਹੁੰ ਭਾਈ ਜੀ ਦੇ ਭਰਾਵਾਂ ਦੀ ਹਾਜ਼ਰੀ ਵਿਚ ਕੇਸਰੋ ਤੇ ਗੁਰਮੇਜ ਸਿਹੁੰ ਦੇ ਨੰਦ ਕਾਰਜ ਕਰਵਾ ਆਈ। ਜਿਵੇਂ ਟਿਕੀ ਹਵਾ ਵਿਚ ਛੱਪੜ ਦਾ ਪਾਣੀ ਸ਼ਾਂਤ ਹੋ ਜਾਂਦਾ ਐ, ਲਹਿਰਾ ਛੱਲਾਂ ਮਾਰਨੋ ਹਟ ਜਾਂਦੀਆਂ, ਓਵੇਂ ਹੀ ਪਿੰਡ ਦੇ ਲੋਕ ਹਾੜ੍ਹੀਆਂ ਵਿਚ ਰੁਝ ਗਏ, ਕੰਮੀਂ-ਧੰਦੀਂ ਲੱਗ ਗਏ। ਗੁਰਦੁਆਰੇ ਵਿਚ ਪਾਠ ਵੀ ਰੋਜ਼ ਵਾਂਗ ਹੁੰਦਾ ਰਿਹਾ, ਗਜਾ ਵੀ ਨਵੇਂ ਭਾਈ ਜੀ ਦੀ

ਸਪੁਰਦਗੀ ਵਿਚ ਭੁਝੰਗੀ ਕਰਦਾ ਰਿਹਾ। ਫਸਲ ਦੀ ਸਾਂਭ ਸੰਭਾਈ ਦਾ ਜ਼ੋਰ, ਕਿਹੜਾ ਕਿਸੇ ਦੇ ਪੋਤੜੇ ਫਰੋਲਦਾ ਫਿਰੇ!

ਹਾੜ੍ਹੀਆਂ ਪਿਛੋਂ ਬਚਨ ਸਿਹੁੰ ਨੇ ਆਪ ਹੀ ਸੱਥ ਵਿਚ ਦੱਸ ਦਿੱਤਾ, ਬਈ ਗੁਰਮੇਜ ਸਿਹੁੰ ਤਾਂ ਹੁਣ ਪੀਲੀਆਂ ਬੰਗਾ ਵਾਲਾ ਗੁਰਦੁਆਰਾ ਸੰਭਾਲਦਾ ਐ। ਸਾਡਾ ਮੁੰਡਾ ਬੰਤ 'ਰਾਜ' ਵਿਚੋਂ ਆਇਆ ਸੀ, ਉਹ ਦੱਸਦਾ ਸੀ, ਬਈ ਉਥੇ ਤਾਂ ਸੰਗਤ, ਬਾਪੂ ਮੁਕਸਰ ਦੇ ਗੁਰਦੁਆਰੇ ਵਾਂਗੂ ਜੁੜਦੀ ਐ। ਬਹੁਤ ਤਕੜਾ ਕੰਮ ਐ। ਕਥਾ ਕੀਰਤਨ ਬਹੁਤ ਹੁੰਦੇ ਐ। ਰਹਿਣ ਸਹਿਣ ਦਾ ਸਰਾਂ ਵਿਚ ਪੂਰਾ ਇੰਤਜ਼ਾਮ ਐ। ਨਾਲੇ ਤਨਖ਼ਾਹ ਬਹੁਤ ਦਿੰਦੇ ਐ।

"ਆਹੋ ਜੀ ਮੰਡੀ ਸ਼ਹਿਰ ਵਾਲੇ ਗੁਰਦੁਆਰਿਆਂ 'ਚ ਲੋਕਾਂ ਦੀ ਬਹੁਤ ਸ਼ਰਧਾ ਹੁੰਦੀ ਐ ਤੇ ਜੇ ਕੋਈ ਇਤਿਹਾਸ ਜੁੜਿਆ ਹੋਵੇ, ਫੇਰ ਤਾਂ ਪੁੱਛਣਾ ਈ ਕੀ ਐ।" ਲੋਕ ਉਹਦੀ ਗੱਲ ਸੁਣ ਕੇ ਆਖਦੇ।

ਭਾਈ ਸਾਹਬ ਭਾਈ ਗੁਰਮੇਜ ਸਿਹੁੰ ਤੇ ਕੇਸਰ ਕੌਰ ਦੀ ਨਵੀਂ ਗ੍ਰਹਿਸਤੀ ਜ਼ਿੰਦਗੀ, ਤਪਦੀ ਦੁਪਹਿਰ ਵਿਚ ਠੰਢੀ ਕੂਲ ਵਾਂਗ ਵਹਿਣ ਲੱਗ ਪਈ। ਲੰਘੇ-ਬੀਤੇ ਦੇ ਔਖ-ਸੌਖ ਦੁੱਖ-ਦਰਦ, ਗੁਰਬਾਣੀ ਦੇ ਸੰਗੀਤ ਤੇ ਕਥਾ ਦੇ ਸੰਵਾਦ ਵਿਚ ਭੁੱਲ ਗਏ। ਦੂਜੇ ਵਰ੍ਹੇ ਉਨ੍ਹਾਂ ਦੇ ਘਰ ਪੁੱਤ ਨੇ ਜਨਮ ਲਿਆ ਜਿਸ ਦਾ ਨਾਂ ਉਨ੍ਹਾਂ ਨੇ ਜਗਸੀਰ ਰੱਖਿਆ।

"ਲੈ ਕੇਸਰੀਏ! ਲੋਹੜਿਆਂ ਦੇ ਕਸ਼ਟਾਂ, ਬਦਨਾਮੀਆਂ, ਤਾਹਨੇ-ਮਿਹਣਿਆਂ ਪਿਛੋਂ ਅਖੀਰ ਵਿਚ ਆਪਣੀ ਵੀ ਇਸ ਜੱਗ ਨਾਲ ਸਾਂਝ ਪੈ ਗਈ।" ਅੱਖਾਂ ਬੰਦ ਕਰਕੇ ਸਿਮਰਤੀ ਨੂੰ ਇਕਾਗਰ ਕਰਕੇ ਕਈ ਵਾਰੀ ਗੁਰਮੇਜ ਸਿਹੁੰ ਕਹਿੰਦਾ।

ਹੌਲੀ ਹੌਲੀ ਪਿਛਲੇ ਪਿੰਡ ਵਿਚ ਗੱਲ ਨਸ਼ਰ ਹੋ ਗਈ ਪਰ ਕਿਸੇ ਨੇ ਕੋਈ ਬਹੁਤਾ ਗਉਗਾ ਨਾ ਕੀਤਾ। ਬਚਨ ਸਿਹੁੰ ਨੇ ਪੋਤਰੇ ਦੀ ਖੁਸ਼ੀ ਵੀ ਆਂਢ-ਗੁਆਂਢ ਵਿਚ ਮੁੜ ਪਤਾਸੇ ਵੰਡ ਕੇ ਪੂਰੀ ਕਰ ਦਿੱਤੀ। ਗੁਰਮੇਜ ਸਿਹੁੰ ਦੀ ਮਾਂ ਨੂੰ ਵਧਾਈਆਂ ਮਿਲਣ ਲੱਗ ਪਈਆਂ...।

0 0 0

ਗੁਰਮੇਜ ਸਿਹੁੰ ਤੋਂ ਛੋਟਾ ਗੁਰਤੇਜ ਤੇ ਬਚਨ ਸਿਹੁੰ ਖੇਤ ਦਾ ਕੰਮ ਸੰਭਾਲਦੇ ਰਹੇ ਪਰ ਏਨੀ ਥੋੜ੍ਹੀ ਪੈਲੀ ਵਿਚ ਕੜੀ ਵਰਗੇ ਚੋਬਰ ਦਾ ਮਨ ਉਚਾਟ ਹੋਣ ਲੱਗ ਪਿਆ।

"ਬਾਪੂ ਯਾਰ! ਕਿੰਨਾ ਕੁ ਕੰਮ ਐ ਆਪਣੀ ਵਾਹੀ ਖੇਤੀ ਦਾ, ਐਵੇਂ ਦੋਹੇ ਜਣੇ ਖਪੀ ਜਾਂਦੇ ਹਾਂ। ਇਹ ਕੰਮ ਤਾਂ ਤੇਰੇ ਖੱਬੇ ਹੱਥ ਦੀ ਖੇਡ ਐ, ਮੈਂ ਤਾਂ ਆਵਦਾ ਕੋਈ ਹੋਰ ਕਿੱਤਾ ਤੋਰ ਕੇ ਵੇਂਹਦਾਂ।"

"ਸਾਊ! ਜਿਹੋ ਜਿਹਾ ਤੈਨੂੰ ਰੱਬ ਨੇ ਸਰੀਰ ਦਿੱਤਾ, ਜੇ ਕਿਤੇ ਚਾਰ ਜਮਾਤਾਂ ਪੜ੍ਹ ਜਾਂਦਾ ਤਾਂ ਅੱਜ ਨੂੰ ਭਾਮੇਂ ਛੋਟਾ ਠਾਣੇਦਾਰ ਲੱਗਿਆ ਹੁੰਦਾ।"

ਠਾਣੇ ਠੂਣੀਦਾਰੀ ਤਾਂ ਹੁਣ ਗਈ ਭਾੜ 'ਚ। ਹੁਣ ਤਾਂ ਮੇਰੀ ਸਲਾਹ ਐ, ਬਈ ਡਰੈਵਰੀ 'ਤੇ ਹੱਥ ਅਜਮਾ ਕੇ ਵੇਖੀਏ। ਰਾਜੇ ਸਿੱਖਾਂ ਦਾ ਜੈਬਾ, ਵੇਖ ਲੈ ਮੰਡੀ ਟਰੱਕ 'ਤੇ ਲੱਗਿਆ ਸੀ। ਹੁਣ ਨਾਲੇ ਤਾਂ ਆਵਦੇ ਦੋ ਟਰੱਕ ਚੱਲਦੇ ਐ, ਨਾਲੇ ਬਿਹਾਰ ਬਹੂਰ ਵਿਚ ਟਰੱਕਾਂ ਦੀ ਵਰਕਸ਼ਾਪ ਬਣਾਈ ਬੈਠਾ ਐ। ਪੈਲੀ ਦੇ ਵੀ ਦੋ ਢਾਈ ਕਿੱਲੇ ਬਣਾ ਲਏ।"

"ਸਾਊ! ਬਾਹਰ ਦੀ ਸਾਰੀ ਨਾਲੋਂ ਘਰ ਦੀ ਅੱਧੀ ਚੰਗੀ। 'ਗਾਂਹ ਭਾਈ ਤੇਰੀ ਮਰਜੀ ਐ।

ਕਮਾਈ ਵਿਚ ਬਰਕਤ ਹੋਵੇ, ਬਣ ਤਾਂ ਸਭ ਕੁਝ ਜਾਂਦਾ ਐ, ਬੱਸ ਬੰਦੇ ਦੀ ਨੀਤ ਸਾਫ਼ ਹੋਣੀ ਚਾਹੀਦੀ ਐ।"

"ਨੀਤ ਤਾਂ ਬਾਪੂ ਤੈਨੂੰ ਪਤਾ ਈ ਐ, ਆਪਣੀ ਗੰਗਾ ਦੇ ਪਾਣੀ ਅਰਗੀ ਐ, ਕੋਈ ਨਸ਼ਾ ਨ੍ਹੀਂ, ਐਬ ਨ੍ਹੀਂ। ਚੱਲ, ਮੈਂ ਬੇਬੇ ਨਾਲ ਸਲਾਹ ਕਰਕੇ ਵੇਖਦਾਂ।"

ਤੇ ਤੇਜ ਇਕ ਦਿਨ ਝੋਲੇ ਵਿਚ ਲੀੜਾ-ਲੱਤਾ ਪਾ ਕੇ, ਰਾਜੇ ਸਿੱਖਾਂ ਦੇ ਜੈਬ ਨਾਲ ਟਰੱਕ 'ਤੇ ਚੜ੍ਹ ਗਿਆ।

ਬਚਨ ਸਿੰਹੁ ਤੇ ਗੁਰਨਾਮ ਕੁਰ, ਘਰ ਦੇ ਖੁੱਲ੍ਹੇ ਵਿਹੜੇ ਵਿਚ ਨਿੰਮ ਦੀ ਛਾਵੇਂ ਬੈਠੇ, ਪ੍ਰਦੇਸਾਂ 'ਚ ਵਸਦੇ ਕਮਾਈ ਕਰਦੇ ਆਵਦੇ ਪੁੱਤਾਂ ਨੂੰ ਯਾਦ ਕਰਕੇ ਕਦੇ ਉਦਾਸ ਹੋ ਜਾਂਦੇ, ਕਦੇ ਉਨ੍ਹਾਂ ਦੀ ਕਮਾਈ ਨਾਲ ਸ਼ਰੀਕੇ ਵਿਚ ਬਰੋਬਰ ਖੜ੍ਹੇ ਹੋਣ ਦੇ, ਪੁੱਤ ਪੋਤਰਿਆਂ ਦੇ ਸੁਪਨੇ ਵੇਖਦੇ ਰਹਿੰਦੇ।

ਗੁਰਤੇਜ ਕਦੇ ਪੰਦਰੀਂ ਦਿਨੀਂ, ਕਦੇ ਮਹੀਨੇ ਤਾਈਂ, ਕਦੇ ਇਸ ਤੋਂ ਵੀ ਵੱਧ ਚਿਰ ਪਿਛੋਂ ਘਰੇ ਗੇੜਾ ਮਾਰਦਾ।ਬਚਨ ਸਿਹੁੰ ਵਾਸਤੇ ਕਲਕੱਤਿਓਂ ਸਿਰ 'ਤੇ ਬੰਨ੍ਹਣ ਵਾਸਤੇ ਚੀਰੇ, ਮਾਂ ਲਈ ਲੀੜਾ ਕੱਪੜਾ, ਗਿਰੀਆਂ-ਛੁਹਾਰੇ, ਕਿੰਨਾ ਹੀ ਲਕਾ-ਤੁਕਾ ਲੈ ਕੇ ਮੁੜਦਾ। ਪੈਸੇ ਮਾਂ ਦੀ ਜੇਬ ਵਿਚ ਮੱਲੋ -ਮੱਲੀ ਪਾਉਂਦਾ, ਬਚਨ ਸਿਹੁੰ ਨੂੰ ਫਸਲ ਦੇ ਖਰਚੇ ਲਈ ਜ਼ਰੂਰਤ ਵੇਲੇ ਦਿੰਦਾ। ਕਦੇ ਕਦਾਈਂ ਉਹਨੂੰ ਅੰਗਰੇਜ਼ੀ ਦਾਰੂ ਦੀ ਬੋਤਲ ਜਾਂ ਬੰਗਾਲ ਤੋਂ ਲਿਆਂਦਾ ਫੀਮ ਦਾ ਮਾਵਾ ਦੇ ਕੇ ਆਖਦਾ, "ਉਥੇ ਬਾਪੂ ਬੰਗਾਲ ਵਿਚ ਪੱਕੀ ਕੰਚ ਵਰਗੀ ਮਿਲਦੀ ਐ। ਘਰੇ ਥੋੜ੍ਹੀ ਬਹੁਤੀ ਰੱਖਣੀ ਚਾਹੀਦੀ ਹੈ, ਕਿਉਂ? ਜੇ ਕਿਤੇ ਕੋਈ ਅਧਰੰਗ ਵਗੈਰਾ ਦੀ ਸ਼ਕੈਤ ਲੱਗੇ ਤਾਂ ਫੱਟ ਦੇਣੇ ਖਾ ਲਈਏ, ਬੰਦਾ ਅੰਗ ਮਾਰਨ ਤੋਂ ਬਚ ਜਾਂਦਾ ਹੈ।"

"ਵੇ ਪੁੱਤ, ਤੂੰ ਹੁਣ ਬਥੇਰੀ ਕਮਾਈ ਕਰ ਲੀ, ਕੋਈ ਭਾਲੀਏ ਸਾਕ ਤੇਰੇ ਆਸਤੇ। ਉਮਰ ਲੰਘਦੀ ਜਾਂਦੀ ਐ ਤੇਰੀ ਵੀ ਤੇ ਸਾਡੀ ਵੀ।"

"ਕੋਈ ਨ੍ਹੀਂ ਮਾਂ, 'ਕੇਰਾਂ ਘਰ ਦਾ ਮੂੰਹ-ਮੱਥਾ ਸਵਾਰ ਲਈਏ। ਹੁਣ ਸਾਕ ਭੱਜ ਕੇ ਕਿਥੇ ਜਾਊ? ਜਿਦੇ ਕਹੇਂਗੀ, ਪੈਰਾਂ ਵਿਚ ਲਿਆ ਬਠਾਊਂ।"

"ਐਵੇਂ ਪੁੱਤ ਲਾਰੇ ਈ ਲਾਉਂਦਾ ਰਹਿਨੈਂ।"

ਫੇਰ ਜਦੋਂ ਗੁਰਤੇਜ ਇਕ ਵਾਰੀ ਟਰੱਕ ਚੜ੍ਹਿਆ, ਸਾਢੇ ਤਿੰਨ ਮਹੀਨੇ ਨਾ ਮੁੜਿਆ ਤੇ ਬਚਨ ਸਿਹੁੰ ਪਾਣੀ ਝਾਰੇ ਨਾਲ ਬੀਮਾਰ ਪੈ ਗਿਆ ਤਾਂ ਗੁਰਨਾਮ ਕੁਰ ਡਿਗਦੀ ਢਹਿੰਦੀ ਰਾਜੇ-ਸਿੱਖਾਂ ਦੇ ਘਰ ਗਈ, ਬਈ ਮੁੰਡੇ ਬਹੁੜੇ ਕਿਉਂ ਨਹੀਂ? ਪਰ ਜੈਬਾ ਤਾਂ ਘਰੇ ਬੈਠਾ ਮਿਲ ਗਿਆ।

"ਤੂੰ ਤਾਂ ਭਾਈ ਜੈਬ ਸਿੰਹਾਂ ਆਇਆ ਬੈਠਾ ਐਂ ਤੇ ਦੇਹ ਗੱਲ ਤੇਜ ਦੀ?"

"ਉਹ ਤਾਂ ਅੰਮਾਂ ਸਾਡੀ ਬੇਗੂਸਰਾਏ ਵਾਲੀ ਵਰਕਸ਼ਾਪ 'ਤੇ ਸੀ, ਓਥੋਂ ਫੇਰ ਕਲਕੱਤੇ ਨੂੰ ਬਗ ਗਿਆ।ਮੈਂ ਤਾਂ ਕਿਹਾ ਸੀ, ਚੱਲ ਹੁਣ ਪਿੰਡ ਗੇੜਾ ਮਾਰ ਆਈਏ। ਕਹਿੰਦਾ ਐਤਕੀਂ ਤੂੰ ਜਾ ਆ, ਅਗਲੇ ਗੇੜੇ 'ਕੱਠੇ ਚਲਾਂਗੇ।ਮੈਂ ਤੈਨੂੰ ਅੰਮਾਂ ਕੱਲ੍ਹ ਨੂੰ ਮੰਡੀਓਂ ਫੋਨ ਕਰ ਕੇ ਦਸੂੰਗਾ, ਨਾਲੇ ਤੇਜ ਨੂੰ ਦਸੂੰਗਾ, ਬਈ ਬਾਬਾ ਬਿਮਾਰ ਐ ਪਿੰਡ ਆ ਜਾ।"

"ਚੱਲ ਚੰਗਾ ਸ਼ਾਬਾਸ਼ੇ ਪੁੱਤ, ਪਰ ਤੂੰ ਸਾਰੀ ਗੱਲ ਸਾਡੇ ਘਰੇ ਦੱਸ ਕੇ ਆਈਂ। ਮੈਥੋਂ ਏਨੀ ਵਾਟ, ਪਿੰਡ ਦੇ ਦੂਜੇ ਪਾਸੇ ਹੁਣ ਤੁਰ ਕੇ ਨੀ ਆਇਆ ਜਾਂਦਾ, ਚੰਦਰੇ ਹੱਡ ਗੋਡੇ ਜਵਾਬ ਦੇਈ

ਜਾਂਦੇ ਐ।"

"ਕੋਈ ਨ੍ਹੀਂ ਕੋਈ ਨ੍ਹੀਂ, ਮੈਂ ਆਪ ਆਊਂਗਾ। ਨਾਲੇ ਸੱਚ ਜੇ ਕਿਸੇ ਚੀਜ਼ ਵਸਤ ਦੀ ਲੋੜ ਐ ਜਾਂ ਪੈਸਾ ਧੇਲਾ ਚਾਹੀਦਾ ਹੈ ਤਾਂ ਮੈਂ ਕੱਲ੍ਹ ਨੂੰ ਥੋਡੇ ਘਰੇ ਆਪ ਫੜਾ ਆਊਂਗਾ।"

"ਨਹੀਂ ਪੁੱਤ ਤੂੰ ਕੇਰਾਂ ਓਸੇ ਨੂੰ ਇਥੇ ਸਦਾ ਲੈ। ਪੈਸਾ ਧੇਲਾ ਤਾਂ ਗੁਰਮੇਜ ਸਿਹੁੰ ਆਇਆ ਸੀ ਪੀਲੀ ਬੰਗਾਂ ਤੋਂ ਨਾਲੇ ਬਹੂ ਨਾਲੇ ਪੋਤਰਾ ਜਗਸੀਰ, ਉਹ ਦੇ ਗਏ ਸੀ। ਨਾਲੇ ਤੇਰੇ ਬਾਬੇ ਦੀ ਦਵਾਈ ਬੂਟੀ ਵੀ ਕਰਵਾ ਗਏ ਸੀ।"

ਦੂਜੇ ਦਿਨ ਜੈਬ ਮੰਡੀਓਂ ਸਿੱਧਾ ਤੇਜ ਕੇ ਘਰੇ ਗਿਆ। ਬਾਬੇ ਬਚਨ ਸਿਹੁੰ ਦੀ ਬਿਮਾਰੀ ਦਾ ਹਾਲ ਚਾਲ ਪੁਛਿਆ ਤੇ ਉਨ੍ਹਾਂ ਨੂੰ ਦਾਸਿਆ ਬਈ ਗਰਤੇਜ ਤਾਂ 'ਕੇਰਾਂ ਕਲਕੱਤੇ ਐ। ਮੈਂ ਬਾਬੇ ਦੇ ਬਿਮਾਰ ਹੋਣ ਦਾ ਵੀ ਦੱਸਿਆ ਸੀ। ਕਹਿੰਦਾ ਸੀ, ਮੈਂ ਵੀ ਥੋੜ੍ਹਾ ਜਿਹਾ ਢਿਲਾ ਮੱਠਾ ਸੀ। ਮਾੜਾ ਜਾ ਤਕੜਾ ਹੋ ਜਾਵਾਂ, ਫੇਰ ਸਿੱਧਾ, ਹਾਵੜਾ ਮੇਲ 'ਤੇ ਪਿੰਡ ਹੀ ਆ ਜਾਊਂਗਾ।

"ਵਾਖਰੂ ਵੇ ਪੁੱਤ, ਇਕ ਏਹ ਮੰਜੇ 'ਤੇ ਪਿਆ, ਦੂਜਾ ਉਹਦਾ ਝੋਰਾ ਹੋ ਗਿਆ।"

"ਕੋਈ ਨੀ ਬਾਬਾ ਪ੍ਰਦੇਸ ਵਿਚ ਕਈ ਵਾਰੀ ਅਲੱਮ-ਗਲੱਮ ਖਾਧਾ ਪੀਤਾ ਜਾਂਦਾ ਐ, ਉਹਦੇ ਕਰਕੇ ਐ, ਐਵੇਂ ਨਾ ਫ਼ਿਕਰ ਕਰੋ।"

ਬਚਨ ਸਿਹੁੰ ਨੂੰ ਪਾਣੀ-ਝਾਰੇ ਨੇ ਨਿਢਾਲ ਕਰਕੇ ਰੱਖ'ਤਾ ਸੀ। ਆਹ ਗਰਤੇਜ ਦੀ ਗੱਲ ਸੁਣ ਕੇ ਉਹ ਸਿਰ ਉਤੋਂ ਦੀ ਖੇਸ ਨੱਪ ਕੇ ਪੈ ਗਿਆ।

ਵੀਹਾਂ ਕੁ ਦਿਨਾਂ ਪਿਛੋਂ ਜਦੋਂ ਗੁਰਤੇਜ ਹਾਵੜਾ ਮੇਲ ਤੋਂ ਉਤਰ ਕੇ ਪਿੰਡ ਅੱਪੜਿਆ ਤਾਂ ਲੋਕਾਂ ਦੀ ਸਿਆਣ ਵਿਚ ਹੀ ਨਹੀਂ ਆਇਆ। ਏਹੋ ਜਿਹੀ ਕਿਹੜੀ ਬਿਮਾਰੀ ਐ ਯਾਰ, ਜਿਹੜੀ ਕਲਕੱਤੇ ਵਰਗੇ ਸ਼ਹਿਰ ਵਿਚੋਂ ਨ੍ਹੀਂ ਠੀਕ ਹੋਈ। ਘੌਲੀ ਐ, ਊਈਂ ਤੁਰਿਆ ਫ਼ਿਰਦਾ ਹੋਊ ਟਰੱਕਾਂ 'ਤੇ ਕਮਾਈਆਂ ਕਰਦਾ, ਨਹੀਂ ਤਾਂ ਅਰਾਮ ਕੀ ਨਾ ਆਵੇ। ਊਂਅ, ਵੇਖ ਲਓ ਯਾਰ ਰੇਲ ਦੇ ਇੰਜਨ ਵਰਗਾ ਸਰੀਰ ਸੀ ਜਵਾਨ ਦਾ ਤੇ ਹੁਣ ਟੁੱਟੇ ਲੋਗੜ ਵਾਲੀ ਰਜਾਈ ਵਰਗਾ ਹੋਇਆ ਫ਼ਿਰਦਾ।

ਗੁਰਨਾਮ ਕੁਰ ਤੇ ਬਚਨ ਸਿੰਹੁ ਦੇ ਤਾਂ ਹਸਾਨ ਹੀ ਮਾਰੇ ਗਏ।

"ਸਾਊ ਤੈਨੂੰ ਕਿਹਾ ਸੀ ਨਾ, ਘਰ ਦੀ ਅੱਧੀ ਚੰਗੀ ਹੁੰਦੀ ਐ। ਪਰ ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ।"

ਕੁਝ ਚਿਰ ਚੁਪ ਪਸਰੀ ਰਹੀ ਫੇਰ ਬਚਨ ਸਿਹੁੰ ਨੇ ਬੈਠੀ ਜਿਹੀ ਆਵਾਜ਼ ਕਰੜੀ ਕਰਕੇ ਕਿਹਾ, "ਤੂੰ ਗੁਰਨਾਮ ਕੁਰੇ, ਸੁਨੇਹਾ ਘੱਲ ਬੰਤ ਕੋਲ 'ਰਾਜ' ਵਿਚ, ਉਹਦੇ ਦੋ ਲਵੇਰੇ ਐ, ਬਈ ਇਕ ਐਥੇ ਛੱਡ ਜਾਵੇ। ਦੁਧ ਘਿਉ ਹੀ ਅਲਾਜ ਹੈ ਏਹਦਾ, ਪਤਾ ਨਹੀਂ ਉਥੇ ਕਲਕੱਤੇ ਕੀ ਅੱਗ-ਸਵਾਹ ਖਾਂਦਾ ਫਿਰਿਆ ਹੋਊ।"

'ਰਾਜ' 'ਚੋਂ ਬੰਤ ਲਵੇਰਾ ਵੀ ਛੱਡ ਗਿਆ, ਦੋ ਸੇਰ ਤਾਜ਼ਾ ਘਿਉ ਵੀ ਦੇ ਗਿਆ। ਨਾਲ ਜਾ ਕੇ ਮੰਡੀ, ਪੁਰਾਣੇ ਰਾਮ ਲਾਲ ਵੈਦ ਨੂੰ ਵੀ ਵਿਖਾ ਲਿਆਇਆ। ਬਚਨ ਸਿਹੁੰ ਦੇ ਵੀ ਟੀਕਾ ਟੱਪਾ ਕਰਵਾ ਗਿਆ।

ਪਰ ਨਾ ਦੁਧ ਨਾਲ ਨਾ ਘਿਉ ਨਾਲ, ਨਾ ਵੈਦ ਦੀ ਦਵਾਈ ਨਾਲ, ਕੋਈ ਖ਼ਾਸ ਮੋੜ ਨਾ ਪਿਆ। ਦਵਾਈ ਚਾਰ ਕੁ ਦਿਨ ਅਸਰ ਕਰਦੀ, ਮਾੜੀ ਜਿਹੀ ਚਿਹਰੇ 'ਤੇ ਰੌਣਕ ਆਉਂਦੀ, ਫੇਰ

ਕਦੇ ਖੰਘ ਕਦੇ ਜ਼ੁਕਾਮ ਕਦੇ ਤਾਪ, ਕੁਛ ਨਾ ਕੁਛ ਹੋਇਆ ਰਹਿੰਦਾ।

ਫੇਰ ਡਿਗਦੀ ਢਹਿੰਦੀ ਗੁਰਨਾਮ ਕੌਰ ਜੈਬ ਸਿੰਹੁ ਨੂੰ ਸੱਦ ਕੇ ਲਿਆਈ, "ਬੱਚਾ, ਇਹਨੂੰ ਤੂੰ ਬਠਿੰਡੇ ਵਿਖਾ ਕੇ ਲਿਆ, ਰਾਮ ਲਾਲ ਵੈਦ ਦੀਆਂ ਪੁੜੀਆਂ ਨ੍ਹੀਂ ਕਾਟ ਕਰਦੀਆਂ।"

ਅਗਲੇ ਦਿਨ ਬਠਿੰਡੇ ਗੁਰਤੇਜ ਤੇ ਜੈਬ ਜਦੋਂ ਡਾ. ਗਰਗ ਦੇ ਪ੍ਰਾਈਵੇਟ ਹਸਪਤਾਲ ਵਿਚ ਗਏ ਤਾਂ ਉਹਨੇ ਸਾਰੀ ਵਿਥਿਆ ਸੁਣ ਕੇ ਬਿਮਾਰੀ ਦੇ ਲੱਛਣ ਜਾਣ ਕੇ ਸਰੀਰ ਦੇ ਅੰਗਾਂ ਨੂੰ ਟੋਹ-ਟਾਹ ਕੇ ਆਖਿਆ, "ਮੈਂ ਟੈਲੀਫੂਨ ਕਰਦਾ ਹਾਂ ਡਾਕਟਰ ਨੂੰ, ਤੁਸੀਂ ਸਰਕਾਰੀ ਹਸਪਤਾਲ ਵਿਚ ਜਾਓ। ਓਥੇ ਟੈਸਟ ਕਰਕੇ ਰੋਗ ਦੀ ਜੜ੍ਹ ਬੁੱਝੀ ਜਾਊਗੀ।"

ਸਰਕਾਰੀ ਹਸਪਤਾਲ ਦੇ ਡਾਕਟਰ ਨੇ ਡਾ. ਗਰਗ ਦੀ ਸਿਫ਼ਾਰਸ਼ 'ਤੇ ਬਿਮਾਰੀ ਦੇ ਲੱਛਣਾਂ ਦੇ ਹਿਸਾਬ ਨਾਲ ਟੈਸਟ ਲਿਖ ਦਿੱਤੇ ਤੇ ਹਸਪਤਾਲ ਦੇ ਬਹਾਨੇ ਪਾਸੇ ਬਣੇ ਦੋ ਕਮਰਿਆਂ ਦੀ ਕਲੀਨਿਕ ਵਿਚ ਭੇਜ ਦਿੱਤਾ।ਉਥੇ ਤੇਜ ਦਾ ਖ਼ੂਨ, ਬਲਗਮ ਤੇ ਪਿਸ਼ਾਬ ਟੈਸਟ ਲਈ ਲਏ ਤੇ ਉਨ੍ਹਾਂ ਨੂੰ ਤੀਜੇ ਦਿਨ ਆਉਣ ਲਈ ਕਿਹਾ।

ਤੀਸਰੇ ਦਿਨ ਰਿਪੋਰਟ ਵੇਖ ਕੇ ਡਾਕਟਰ ਨੇ ਧੱਕੇ ਨਾਲ ਆਪਣੇ ਚਿਹਰੇ ਉਤੇ ਖੁਸ਼ੀ ਦਾ ਰੌਂਅ ਲਿਆਉਣ ਦਾ ਯਤਨ ਕੀਤਾ। ਤੇਜ ਨਾਲ ਲੰਬੀ ਗਲਬਾਤ ਕੀਤੀ, ਕਲਕੱਤੇ ਦੀਆਂ ਗੱਲਾਂ ਸੁਣੀਆਂ। ਹੋਰ ਅੱਧਾ ਘੰਟਾ ਲੈਕਚਰ ਹੁੰਦਾ ਰਿਹਾ।

"ਕਈ ਦੁੱਖ ਤਕਲੀਫ਼ਾਂ ਲੰਮੀਆਂ ਹੋ ਜਾਂਦੀਆਂ, ਘਬਰਾਉਣਾ ਨਹੀਂ, ਰੱਬ ਭਲਾ ਕਰਦਾ, ਸੋਚ ਉਸਾਰੂ ਰੱਖੀਦੀ ਐ। ਹੌਂਸਲਾ ਕਦੇ ਟੁੱਟਣ ਨਹੀਂ ਦੇਣਾ ਚਾਹੀਦਾ", ਵਗੈਰਾ-ਵਗੈਰਾ।

"ਦਵਾਈ ਤੈਨੂੰ ਇਥੋਂ ਹੀ ਲਿਜਾਣੀ ਪਿਆ ਕਰੂ, ਮਹੀਨੇ ਦੀ ਮਿਲ ਜਾਇਆ ਕਰੂ। ਸੱਟ ਫੇਟ ਤੋਂ ਬਚਣ ਤੇ ਖ਼ੂਨ ਨਿਕਲਣ ਵਗਣ ਤੋਂ ਹਮੇਸ਼ਾ ਬਚ ਕੇ ਰਹੀਂ।" ਕਈ ਪ੍ਰਹੇਜ਼ ਵੀ ਦੱਸੇ।

ਜਦੋਂ ਤੇਜ ਡਾਕਟਰ ਕੋਲੋਂ ਉਠ ਕੇ ਤੁਰ ਪਿਆ ਤੇ ਜੈਬ ਉਹਦੇ ਮਗਰ ਚੱਲ ਪਿਆ। ਵਰਾਂਡੇ ਵਿਚੋਂ ਮੁੜ ਡਾਕਟਰ ਨੇ ਜੈਬ ਨੂੰ 'ਵਾਜ ਮਾਰੀ ਤੇ ਕੋਲ ਆਉਣ ਲਈ ਕਿਹਾ, "ਗੱਲ ਸੁਣ, ਇਹ ਕਲਕੱਤੇ ਕੋਠਿਆਂ ਤੋਂ ਭੈੜੀ ਬਿਮਾਰੀ ਲੁਆ ਲਿਆਇਆ। ਕਿਸੇ ਕੋਲ ਜ਼ਿਕਰ ਨਹੀਂ ਕਰਨਾ। ਰਿਪੋਰਟ ਕਿਸੇ ਪ੍ਰਾਈਵੇਟ ਡਾਕਟਰ ਨੂੰ ਵਿਖਾਉਣ ਦੀ ਜ਼ਰੂਰਤ ਨਹੀਂ। ਦਵਾਈ ਮੁਫ਼ਤ ਮਿਲੂ, ਖਾਈ ਜਾਵੇ। ਰੱਬ ਦੀ ਰਜ਼ਾ, ਭਲਾ ਹੀ ਕਰੂ ਪਰ ਜੋ ਤੈਨੂੰ ਕਿਹਾ, ਤੇਰੇ ਕੋਲ ਹੀ ਰਹੇ। ਨਹੀਂ ਤਾਂ ਮਰੀਜ਼ ਵਿਚਾਰਾ ਪਹਿਲਾਂ ਹੀ ਤੰਗ ਹੁੰਦਾ ਹੈ ਤੇ ਜੱਗ ਦੁਨੀਆ ਹੋਰ ਤੰਗ ਕਰਦੀ ਐ। ਚੱਲ ਜਾਹ ਸ਼ਾਬਾਸ਼ੇ।"

ਏਡਜ਼ ਵਰਗੀ ਗੰਭੀਰ ਨਾਮੁਰਾਦ ਬਿਮਾਰੀ ਤੇ ਉਹ ਵੀ ਸਿਖਰਲੀ ਸਟੇਜ 'ਤੇ ਆਈ ਹੋਈ ਦਾ ਮੋੜ ਕੀ ਪੈਣਾ ਸੀ! ਪੁੱਤ ਦੀ ਨਿੱਘਰਦੀ ਹਾਲਤ ਵੇਖ ਕੇ ਮਾਂ ਨੇ ਦੂਜੇ ਤਿੰਨਾਂ ਪੁੱਤਾਂ ਨੂੰ ਵਾਰੋ-ਵਾਰੀ ਸਦਾਇਆ। ਸਾਰੇ ਪਤਾ-ਸੁਤਾ ਲੈ ਕੇ ਜਿੰਨੀ ਕਿਸੇ ਤੋਂ ਮਦਦ ਹੋ ਸਕਦੀ ਸੀ, ਕਰ ਕੇ ਮੁੜ ਜਾਂਦੇ।

ਅਖੀਰ ਪਹਿਲਾਂ ਬਚਨ ਸਿੰਹੁ ਸਰੀਰ ਤਿਆਗ ਗਿਆ, ਹੋਰ ਛੇਆਂ ਮਹੀਨਿਆਂ ਬਾਅਦ ਹੱਡੀਆਂ ਦੀ ਮੁੱਠ ਬਣਿਆ, ਮੰਜੇ ਨਾਲ ਮੰਜਾ ਹੋਏ ਗੁਰਤੇਜ ਨੇ ਰੱਬ ਕੋਲੋਂ ਹਾੜੇ ਕੱਢ-ਕੱਢ ਮੌਤ ਮੰਗੀ ਤੇ ਬਚਨ ਸਿਹੁੰ ਗੁਰਨਾਮ ਕੁਰ ਤੇ ਤੇਜ ਦੇ ਘਰ ਦਾ ਮੂੰਹ-ਮੱਥਾ ਸੰਵਾਰਨ ਤੇ ਡੋਲਾ ਲਿਆਉਣ ਦਾ ਸੁਪਨਾ ਚਕਨਾਚੂਰ ਹੋ ਗਿਆ।

0 0 0

ਭਾਈ ਸਾਹਬ ਭਾਈ ਗੁਰਮੇਜ ਸਿਹੁੰ ਤਿਮਾਹੀ ਛਿਮਾਹੀ ਪਿੰਡ ਗੇੜਾ ਮਾਰਦਾ ਸੀ। ਪੀਲੀ ਬੰਗਾ ਵਿਚ ਉਹ ਗੁਰਦੁਆਰੇ ਦਾ ਵੱਡਾ ਮਹੰਤ ਬਣ ਗਿਆ ਸੀ। ਦੂਰ-ਦੂਰ ਤਕ ਕਥਾ ਕੀਰਤਨ ਕਰਨ ਜਾਣ ਲੱਗ ਪਿਆ ਸੀ। ਚੰਗੀ ਆਮਦਨ ਸੀ। ਕੇਸਰ ਕੌਰ ਉਰਫ਼ ਕੇਸਰੋ ਦਾ ਪੁੱਤ ਜਗਸੀਰ ਤਕੜਾ ਗੱਭਰੂ ਹੋ ਗਿਆ ਸੀ। ਸੁਖ ਨਾਲ ਵਿਆਉਣ ਜੋਗਾ ਸੀ। ਕੇਸਰੋ ਦੇ ਹਿੱਸੇ ਆਉਂਦੀ ਛੇ ਕਨਾਲਾਂ ਜ਼ਮੀਨ ਕਾਨੂੰਨਗੋ ਪਟਵਾਰੀਆਂ ਨੂੰ ਮਿਲ-ਮਿਲਾ ਕੇ ਜੰਗੀਰ ਤੋਂ ਕਬਜ਼ਾ ਛੁਡਾ ਕੇ ਤੇ ਤਬਾਦਲਾ ਕਰਕੇ ਆਪਣੇ ਖੇਤ ਨਾਲ ਲਾ ਲਾਈ ਸੀ। ਜਿੰਨਾ ਚਿਰ ਗੁਰਨਾਮ ਕੁਰ ਜਿਊਂਦੀ ਰਹੀ, ਉਨਾ ਚਿਰ ਉਹ ਹਿੱਸਾ ਠੇਕਾ ਲੈਂਦੀ ਰਹੀ।

ਜਗਸੀਰ ਦੇ ਵਿਆਹ ਪਿਛੋਂ ਉਹਦਾ ਪੁੱਤ ਵੀ ਸਕੂਲ ਜਾਣ ਲੱਗ ਪਿਆ ਸੀ। ਸਮਾਂ ਛਪਾ-ਛਪ ਬੀਤ ਰਿਹਾ ਸੀ...।

"ਜਾਹ ਪੁੱਤ, ਬੇਬੇ ਤਾਂ ਹੁਣ ਢਾਹੇ 'ਤੇ ਖੜੀ ਟਾਹਲੀ ਐ, ਪਤਾ ਨਹੀ ਕਦੋਂ ਡਿੱਗ ਪਏ। ਜਾਹ ਜਾ ਕੇ ਆਪਣੀ ਜੱਦੀ ਜੈਦਾਤ ਪੈਲੀ ਸੰਭਾਲ। ਪੈਲੀ ਵਾਹੁੰਦਿਆਂ ਦੀ, ਘਰ ਵਸਦਿਆਂ ਦੇ। ਬਗਾਨੇ ਹੱਥ ਖੇਤੀ ਕਦੇ ਹੁੰਦੇ ਨਹੀਂ ਬੱਤੀਓਂ ਤੇਤੀ। ਮੈਂ ਆਪ ਹੁਣ ਸੱਤਰਿਆ ਬਹੱਤਰਿਆ ਗਿਆਂ। 'ਕੇਰਾਂ ਤੂੰ ਆਪਣੀ ਮਾਂ ਨੂੰ ਨਾਲ ਲੈ ਜਾ, ਮੈਂ ਵੀ ਗੇੜਾ ਮਾਰਿਆ ਕਰੂ।"

ਪਿੰਡ ਵਿਚ ਆ ਕੇ ਅੰਮ੍ਰਿਤਧਾਰੀ, ਗਾਤਰਾ ਪਾਈ ਕੇਸਰੋ ਨੇ ਆਪਣੇ ਸ਼ਰੀਕੇ ਕਬੀਲੇ ਨਾਲ ਸਰਦੀ ਬਣਦੀ ਸਾਂਝ ਵਧਾਈ। ਨਿਤਨੇਮ ਗੁਰਦੁਆਰੇ ਜਾਂਦੀ। ਉਹੀ ਗੁਰਦੁਆਰਾ ਭਿੰਡਰਾਂਵਾਲਿਆਂ ਦੀ ਲਹਿਰ ਦੇ ਪ੍ਰਚਾਰ ਕਰਕੇ ਨਵਾਂ ਰੰਗ ਰੂਪ ਲੈ ਚੁਕਿਆ ਸੀ। ਸੱਠ ਫੁੱਟਾ ਨਿਸ਼ਾਨ ਸਾਹਬ, ਲੰਗਰ-ਕਮ-ਦੀਵਾਨ ਹਾਲ, ਦਰਬਾਰ ਦੇ ਤਿੰਨੇ ਪਾਸੇ ਬਰਾਂਡੇ ਤੇ ਕਿੰਨੇ ਕੁਝ ਹੋਰ। ਡਿੱਗੀ ਬੰਦ ਕਰਕੇ, ਭਰਕੇ ਉਥੇ ਗੁਰਦੁਆਰੇ ਦੀ ਆਮਦਨ ਲਈ ਦੁਕਾਨਾਂ ਬਣਾ ਦਿੱਤੀਆਂ ਸਨ।

ਗੁਰਦੁਆਰੇ ਮੱਥਾ ਟੇਕਣ ਜਾਂਦੀ ਨੂੰ ਹੀ ਇਕ ਦਿਨ ਸੋਟੀ ਦੇ ਸਹਾਰੇ, ਕੁੱਬੀ ਹੋਈ ਤੁਰੀ ਜਾਂਦੀ ਗੁੱਡੋ ਮਿਲ ਪਈ। ਕੇਸਰੋ ਨੇ ਮੱਥਾ ਟੇਕਿਆ ਤੇ ਪੁੱਛਿਆ, "ਤਕੜੀ ਐ ਜਿਠਾਣੀਏ, ਦੇਅ ਗੱਲ ਜੁਆਕਾਂ ਦੀ। ਬੇਬੇ ਤੇ ਜੇਠ ਦੇ ਮੁੱਕਣ ਦਾ ਤਾਂ ਪਤਾ ਲੱਗ ਗਿਆ ਸੀ।"

"ਭਲੀ ਕੀਤੀ ਕੇਸਰੀਏ ਤੂੰ, ਨਹੀਂ ਤਾਂ ਮੇਰੇ ਜੁਆਕ ਤਾਂ ਤੇਰੇ ਜੇਠ ਨੇ ਰੋਲ ਕੇ ਰੱਖ ਦੇਣੇ ਸੀ। ਹੁਣ ਮੁੰਡਾ ਸੁੱਖ ਨਾਲ ਫੌਜ ਵਿਚ ਐ, ਵਿਆਹਿਆ ਵਰਿਆ ਗਿਆ, ਮੌਜਾਂ ਕਰਦੈ। ਕੁੜੀ ਮੰਡੀ ਆਲੇ ਜੋੜੇ ਜੁੱਤੀਆਂ ਦੇ ਕਾਰੋਬਾਰੀਆਂ ਦੇ ਵਿਆਹੀ ਵੀ ਐ, ਦੁਕਾਨ ਦਾ ਚੰਗਾ ਕੰਮ ਚਲਦੈ। ਜੇ ਤੇਰੇ ਜੇਠ ਦੀ ਪੁੱਗ ਜਾਂਦੀ ਤਾਂ ਆਪਾਂ ਦੋਵੇਂ ਰੁਲ ਜਾਂਦੀਆਂ।"

"ਮਹਾਰਾਜ! ਸੱਚਾ ਪਾਤਸ਼ਾਹ ਸਭ ਕਰਨ ਵਾਲਾ ਐ ਭੈਣੇ। ਚੱਲ ਦੋਹੇ ਵਸਦੀਆਂ ਰਹਿ ਗਈਆਂ।"

ਜਗਸੀਰ ਨੇ ਦੋਂਹ-ਚਹੁੰ ਸਾਲਾ ਵਿਚ ਘਰ ਦਾ ਮੂੰਹ-ਮੱਥਾ ਸੰਵਾਰ ਲਿਆ। ਸਵਾਤ ਢਾਹ ਕੇ ਦੋ ਕਮਰੇ ਪਿਛਲੀ ਕੰਧ ਨਾਲ ਤੇ ਗਲੀ ਉਤੇ ਪੱਕੀ ਕੰਧ ਕੱਢ ਕੇ ਨਵਾਂ ਗੇਟ ਬਣਾ ਲਿਆ ਤੇ ਇਕ ਨੁੱਕਰ ਵਿਚ ਬੈਠਕ ਪਾ ਲਈ। ਇਕ ਮੱਝ ਰੱਖ ਲਈ ਪਰ ਬਲਦਾਂ ਦਾ ਹਲ ਨਾ ਬਣਾਇਆ। ਲੋੜ ਅਨੁਸਾਰ ਪੈਲੀ ਮੁੱਲ 'ਤੇ ਵਹਾ ਲੈਂਦਾ।ਜੇ ਬਲਦਾਂ ਦੇ ਹਲ ਦੀ ਲੋੜ ਪੈਂਦੀ ਤਾਂ

ਉਹ ਵੀ ਲਿਹਾਜ਼ਦਾਰੀ ਵਿਚੋਂ ਪੂਰੀ ਕਰ ਲੈਂਦਾ। ਬੱਸ ਇਕੋ ਗੱਲ ਉਹਨੂੰ ਰੜਕਦੀ ਸੀ, ਉਹ ਪਿੰਡ ਵਿਚ ਕੇਸਰੋ ਦਾ ਮੁੰਡਾ ਹੀ ਰਿਹਾ। ਉਸ ਨੂੰ ਗੁਰਮੇਜ ਸਿੰਹੁ ਦਾ ਪੁੱਤ ਜਾਂ ਬਚਨ ਸਿੰਹੁ ਦਾ ਪੋਤਰਾ ਕਰਕੇ ਘੱਟ ਹੀ ਜਾਣਿਆ ਜਾਂਦਾ ਸੀ।

"ਵੇਖੋ ਯਾਰੋ ਕੇਸਰੋ ਦਾ ਮੁੰਡਾ ਕਿੱਡਾ ਜਵਾਨ ਤੇ ਹਿੰਮਤੀ ਨਿਕਲਿਆ ਐ, ਕੰਜਰ ਕੰਮ ਨੂੰ ਗੇੜਾ ਨਹੀਂ ਖਾਣ ਦਿੰਦਾ। ਜਦੋਂ ਵੇਖੋ, ਕੰਮ ਨਬੇੜ ਕੇ ਵਿਹਲੇ ਦਾ ਵਿਹਲਾ।"

"ਓ ਮੂਰਖਾ ਨਸਲ ਬਦਲਗੀ, ਆਹ ਹਾਈਬ੍ਰਿਡ ਬੀਅ ਹੋਰ ਕੀ ਹੁੰਦੇ ਐ। ਤੇ ਨਾਲੇ ਹੋਰ 'ਗਾਂਹ ਨੂੰ ਵੇਖੀਂ। ਜਗਸੀਰ ਤੈਨੂੰ ਪਤਾ, ਲਹੌਰੀਏ ਮਾਝੇ ਵਾਲਿਆਂ ਦੇ ਵਿਆਹਿਆ, ਜਗਸੀਰ ਖੱਚਰਾ ਤਾਂ ਉਹਦਾ ਮੁੰਡਾ ਅਸਤਰ ਨਿਕਲੂ।"

ਪਿੰਡ ਵਿਚ ਇਹੋ ਜਿਹੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਪੈਸੇ ਕੰਨੀਓਂ ਹੱਥ ਸੁਖਾਲਾ ਹੋਣ ਕਰਕੇ ਜਗਸੀਰ ਨੇ ਆਪਣੀ ਪੈਲੀ ਵਿਚੋਂ ਚੰਗੀ ਕਮਾਈ ਕੀਤੀ। ਪਾਣੀ ਦੀ ਕਮੀ ਦੂਰ ਕਰਨ ਲਈ ਤਿੰਨ ਇੰਚ ਦੇ ਪਾਣੀ ਵਾਲੀ 'ਬੰਬੀ' ਲਾ ਲਈ, ਜਦੋਂਕਿ ਦਸਾਂ-ਪੰਦਰਾਂ ਕਿੱਲਿਆਂ ਵਾਲਿਆਂ ਕੋਲੋਂ ਵੀ ਇਹ ਕੰਮ ਨਹੀਂ ਹੋ ਸਕਿਆ ਸੀ। ਮੰਡੀ ਨੂੰ ਜਾਂਦੇ ਸਵਾਰੀਆਂ ਢੋਣ ਵਾਲੇ ਟੈਂਪੂ ਵਿਚ ਹਿੱਸਾ ਪਾ ਲਿਆ ਸੀ।

ਕੇਸਰੋ ਤੇ ਗੁਰਮੇਜ ਸਿਹੁੰ ਜਿਸ ਨੂੰ ਹੁਣ ਦੁਨੀਆ ਨੇ ਭਾਈ ਸਾਹਬ ਤੋਂ ਬਾਬਾ ਜੀ ਦੀ ਉਪਾਧੀ ਦੇ ਦਿੱਤੀ ਸੀ, ਆਪਣਾ ਬੁਢਾਪਾ ਪੀਲੀ ਬੰਗਾਂ ਹੀ ਕੱਟਦੇ ਰਹੇ। ਕਦੇ ਕਦਾਈਂ ਹੀ ਪਿੰਡ ਗੇੜਾ ਮਾਰਦੇ ਸਨ ਸਗੋਂ ਜਗਸੀਰ ਜਾਂ ਉਹਦੇ ਘਰਵਾਲੀ ਉਨ੍ਹਾਂ ਦੀ ਤਾਮੀਰਦਾਰੀ ਕਰਨ ਲਈ ਉਥੇ ਚਲੇ ਜਾਂਦੇ ਸਨ।

ਜਗਸੀਰ ਦਾ ਮੁੰਡਾ ਗੁਰਲਾਭ ਹੁਣ ਦਸਵੀਂ ਪਾਸ ਕਰ ਗਿਆ ਸੀ ਤੇ ਜਗਸੀਰ ਦੀ ਗੈਰਹਾਜ਼ਰੀ ਵਿਚ ਪਸ਼ੂ ਡੰਗਰ ਤੇ ਵੇਲੇ-ਕੁਵੇਲੇ ਖੇਤ ਵੀ ਸੰਭਾਲ ਲੈਂਦਾ।

ਮਹੰਤ ਬਾਬਾ ਗੁਰਮੇਜ ਸਿਹੁੰ ਤੇ ਮਾਤਾ ਕੇਸਰ ਕੌਰ ਨੇ ਆਪਣੇ ਅੰਤਿਮ ਸਵਾਸ ਪੀਲੀ ਬੰਗਾਂ ਵਿਚ ਹੀ ਲਏ। ਭਤੀਜਿਆਂ ਨੇ ਉਨ੍ਹਾਂ ਨੂੰ ਪਿੰਡ ਜਨਮ ਭੂਮੀ ਲਿਜਾਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਆਖਿਆ, "ਭਾਈ ਇਹ ਸਾਡੀ ਕਰਮ ਭੂਮੀ ਐ, ਅਸੀਂ ਹੁਣ ਸਰੀਰ ਇਥੇ ਹੀ ਤਿਆਗ ਕੇ ਬ੍ਰਹਮ ਲੋਕ ਜਾਵਾਂਗੇ।"

ਜਗਸੀਰ ਤੇ ਉਹਦੇ ਸ਼ਰੀਕੇ ਵਿਚੋਂ ਤੇ ਸਕੇ ਸਬੰਧੀ ਤਾਏ ਦੇ ਪੁੱਤਾਂ ਨੇ ਉਥੇ ਉਸ ਦੇ ਵੱਡੇ ਸਮਾਗਮ ਵਿਚ ਹਾਜ਼ਰੀ ਭਰੀ। ਸਮਾਗਮ ਮੰਡੀ ਤੇ ਇਲਾਕੇ ਦੇ ਲੋਕਾਂ ਨੇ ਕਰਵਾਇਆ, ਕਥਾ ਕੀਰਤਨ ਤੇ ਸ਼ਰਧਾਜਲੀਆਂ ਦਾ ਪ੍ਰਵਾਹ ਚੱਲਿਆ। ਭੋਗ ਤੋਂ ਕੁਝ ਦਿਨਾਂ ਬਾਅਦ ਗੁਰਮੇਜ ਸਿਹੁੰ ਬਾਬਾ ਜੀ ਦੀ ਪਿੰਡ ਲਿਆਉਣ ਵਾਲੀ ਚੀਜ਼ ਵਸਤ ਤੇ ਪੂੰਜੀ ਰਕਮ ਵਗੈਰਾ ਦਾ ਹਿਸਾਬ ਕਿਤਾਬ ਨਬੇੜ ਕੇ ਪਿੰਡ ਆ ਗਏ। ਮਗਰੋਂ ਹਰ ਸਾਲ ਮਹੰਤਾਂ ਦੀ ਬਰਸੀ ਮਨਾਈ ਜਾਂਦੀ ਰਹੀ ਤੇ ਪਰਿਵਾਰ ਗੁਰਦੁਆਰੇ ਪੀਲੀ ਬੰਗਾਂ ਹਾਜ਼ਰੀ ਲਵਾਉਂਦਾ ਰਿਹਾ।

ਬਚਨ ਸਿਹੁੰ ਦੇ ਵੇਲੇ ਦੀ ਖੇਤ ਦੀ ਇਕ ਨੁਕਰ ਵਿਚ ਖੜ੍ਹੀ ਭਾਰੀ ਬੇਰੀ ਖੜ-ਸੁੱਕ ਹੋਣ ਲੱਗ ਪਈ ਸੀ। ਬੇਰੀ ਥੱਲੇ ਪੁਰਖਿਆਂ ਦੀ ਮੜ੍ਹੀ ਬਣੀ ਹੋਈ ਸੀ ਜਿਥੇ ਬਚਨ ਸਿੰਹੁ ਤੇ ਗੁਰਨਾਮ ਕੁਰ ਆਈ ਮੱਸਿਆ ਲੱਸੀ ਪਾਉਂਦੇ ਸਨ।

"ਬਾਈ ਜਗਸੀਰ ਸਿੰਹਾਂ, ਬੇਰੀ ਖੜ-ਸੁੱਕ ਹੋ ਚੱਲੀ, ਖਤਮ ਹੋ ਜੂ'ਗੀ, ਪੈਸੇ ਵੱਟ ਲੈ।"

ਦਰਖ਼ਤਾਂ ਦੇ ਵਪਾਰੀ ਸਲਾਹ ਦਿੰਦੇ।

"ਕੀ ਕਰਾਉਣਾ ਬੇਰੀ ਤੋਂ ਭਾਪਾ ਵੇਚ ਪਰ੍ਹੇ।" ਗੁਰਲਾਭ ਵੀ ਸਲਾਹ ਦਿੰਦਾ।

"ਓ ਮੂਰਖਾ, ਬੇਰੀ ਪੁੱਟਣ ਤੋਂ ਪਹਿਲਾਂ ਕੋਈ ਹੋਰ ਦਰਖ਼ਤ ਤਾਂ ਲਾਈਏ, ਮੜ੍ਹੀ ਨੂੰ ਛਾਂ ਰਹੂਗੀ।"

ਨਾਲੇ ਫੇਰ ਆਪਾਂ ਇਹ ਆਰੇ ਵਾਲੇ ਕਸਾਈਆਂ ਨੂੰ ਵੇਚਣੀ ਐ ਕਿਤੇ? ਪੁਟਾ ਕੇ, ਵੱਢ–ਸਵਾਰ ਕੇ ਘਰੇ ਰੱਖਾਂਗੇ। ਵਢਾਂਗ ਦਾ ਬਾਲਣ ਬਣ ਜਾਊ। ਪੇਡੇ ਦੇ ਫੱਟ ਚਿਰਾ ਕੇ ਰੱਖ ਲਵਾਂਗੇ, ਜਦੋਂ ਕਦੇ ਤੂੰ ਹੋਰ ਨਵੇਂ ਕਮਰੇ ਪਾਵੇਂਗਾ, ਉਨ੍ਹਾਂ ਦੇ ਜੋੜੀਆਂ ਲਵਾ ਲਵੀਂ, ਤੇ ਬਾਕੀ ਬਚਦੇ ਮੋਟੇ ਟਾਹਣੇ ਤੇ ਪੇਡੇ ਦਾ ਆਸਾ ਪਾਸਾ ਸਾਂਭ ਕੇ ਰੱਖ ਲਵਾਂਗੇ। ਮੇਰੇ ਵੱਡੇ ਵੇਲੇ ਦੇ ਕੰਮ ਆ ਜਾਊਗਾ। ਮੌਕੇ 'ਤੇ ਸੁੱਕੀ ਲੱਕੜ ਨਹੀਂ ਮਿਲਦੀ ਤੇ ਨਾਲੇ ਬੇਰੀ ਦੀ ਲੱਕੜ ਵਿਚ ਸਸਕਾਰ ਕੀਤਾ ਚੰਗਾ ਗਿਣਿਆ ਜਾਂਦਾ।"

ਜਗਸੀਰ ਨੇ ਸਕੀਮ ਨਾਲ ਬੇਰੀ ਪੁਟਾ ਕੇ ਵਿਉਂਤ ਕੇ ਘਰੇ ਰੱਖ ਲਈ ਗਈ। ਮੜ੍ਹੀ ਉਤੇ ਗੁਰਲਾਭ ਨੇ ਨਿੰਮ, ਸਫੈਦਾ ਤੇ ਪਾਪੂਲਰ ਦੇ ਬੂਟੇ ਲਾ ਦਿੱਤੇ ਸਨ।

ਮੱਘਰ ਦਾ ਮਹੀਨਾ ਲੰਘ ਗਿਆ ਸੀ। ਬਹੁਤੇ ਲੋਕ ਕਣਕ ਦੀ ਬਿਜਾਈ ਤੋਂ ਸੁਰਖ਼ਰੂ ਹੋ ਕੇ, ਪਿੰਡ ਦੇ ਚੌਂਹਟਿਆਂ, ਚੌਂਕਾਂ, ਸੱਥਾਂ, ਗਲੀਆਂ ਦੇ ਮੋੜਾਂ ਉੱਤੇ ਵਿਹਲ ਵਿੱਚ ਕਦੇ ਧੁੱਪ ਕਦੇ ਛਾਂ ਦਾ ਆਨੰਦ ਮਾਣਦੇ ਹੋਏ, ਕਦੇ ਅਕਾਲੀ ਸਰਕਾਰ ਕਦੇ ਸੈਂਟਰ ਸਰਕਾਰ ਤੇ ਕਦੇ ਕਿਸਾਨ ਮੋਰਚੇ ਦੀ ਚੜ੍ਹਤ ਦੇ ਬਹਿਸ–ਮੁਬੈਸਿਆਂ ਵਿੱਚ ਉਲਝੇ ਰਹਿੰਦੇ। ਵੇਚੀ ਗਈ ਫਸਲ ਦੀ ਵੱਟਤ ਤੇ ਆਉਣ ਵਾਲੀ ਫ਼ਸਲ ਦੇ ਬੀਜਾਂ.....ਝਾੜ ਤੇ ਮਿਲਣ ਵਾਲੇ ਭਾਅ ਦੇ ਅੰਦਾਜ਼ੇ ਲਗਾਉਂਦੇ ਰਹਿੰਦੇ।

ਕਣਕ ਦੀ ਕੋਰ ਭਿੱਜਣ ਤੋਂ ਪਹਿਲਾਂ ਹੀ ਠੰਡ–ਠਾਰੀ 'ਚ ਸੁੰਗੜ ਕੇ ਛੋਟੇ ਹੁੰਦੇ ਜਾਂਦੇ ਦਿਨਾਂ ਵਿੱਚ ਐਤਕੀ ਪਿੰਡ ਦਾ ਮਾਹੌਲ ਗਰਮਾਇਸ਼ ਭਰਿਆ ਸੀ।

ਸਿਆਲ 'ਚ ਦੁਪਹਿਰਾ ਢਲਣ ਨੂੰ ਕੀ ਚਿਰ ਲਗਦੈ, ਥੋੜ੍ਹਾ ਜ੍ਹਾ ਸੂਰਜ ਟੇਢਾ ਹੋਇਆ ਨ੍ਹੀਂ ਕਿ ਹਨੇਰਾ ਗਰਕ ਦੇਣੇ ਇਉਂ ਉਤਰ ਆਉਂਦੇ ਜਿਵੇਂ ਬਿੱਲੀ ਅਛੋਪਲੇ ਜਿਹੇ ਕੰਧ ਤੋਂ ਛਾਲ ਮਾਰ ਕੇ ਉਤਰ ਆਉਂਦੀ ਹੈ। ਕਸ਼ਮੀਰ ਕੁਰ ਪੱਕੀ ਬਣੀ ਨਵੀਂ ਰਸੋਈ ਦੇ ਬਾਹਰਵਾਰ, ਇੱਟਾਂ ਦੀ ਵਲਗਣ ਤੇ ਫ਼ਰਸ਼ ਨੂੰ, ਸ਼ੌਕ ਅਤੇ ਸਚਿਆਰਪੁਣੇ ਨਾਲ ਮਿੱਟੀ ਦੀ ਲਿਪਾਈ ਕੀਤੇ, ਲਿਪੇ–ਪੋਚੇ ਚੁੱਲ੍ਹੇ ਚੌਂਕੇ ਵਿੱਚ ਬੈਠੀ....ਸਾਗ ਨੂੰ ਲਾਉਣ ਵਾਸਤੇ ਤੜਕਾ ਕੱਟ ਰਹੀ ਸੀ। ਚੁੱਲ੍ਹੇ ਉੱਤੇ ਭਰਤ ਦੇ ਭਾਰੀ ਸਗਲੇ ਵਿੱਚ, ਦੇਸੀ ਸਰ੍ਹੋਂ ਦੀਆਂ ਕੱਚੀਆਂ ਗੰਦਲਾਂ ਦਾ ਸਾਗ, ਬੇਰੀ ਦੀ ਖੜਪਾੜ ਦੀ ਮੱਠੀ–ਮੱਠੀ ਅੱਗ ਉੱਤੇ ਦੁਪਹਿਰ ਤੋਂ ਰਿੱਝ ਰਿਹਾ ਸੀ। ਸਗਲੇ ਉੱਤੇ ਮੂਧੇ ਮਾਰੇ ਹੋਏ ਚੱਪਣ ਦੀਆਂ ਵਿਰਲਾਂ ਵਿੱਚੋਂ ਖ਼ੁਸ਼ਬੂਦਾਰ ਭਾਫ਼ ਦੇ ਬੁਲਬੁਲੇ ਸੁਰਰ–ਸੁਰਰ ਕਰਦੇ ਹੋਏ ਬਾਹਰ ਨਿਕਲ ਕੁਛ ਫ਼ਿਜ਼ਾ ਵਿੱਚ ਤੇ ਬਾਕੀ ਸਗਲੇ ਦੇ ਤਪੇ ਹੋਏ ਜਿਸਮ ਉੱਤੇ ਘਰਾਲਾ ਬਣ ਕੇ ਸੜ ਰਹੇ ਸਨ।

ਦੁੱਧ ਵਾਲੇ ਹਾਰੇ ਵਿੱਚ ਧੂੰਆਂ ਸ਼ਾਂਤ ਹੋ ਕੇ ਸੌਂ ਗਿਆ ਸੀ। ਕਾੜ੍ਹਣੀ ਥੱਲਿਉਂ ਪਾਥੀਆਂ ਦੀ ਅੱਗ ਬੁਝ ਗਈ ਸੀ। ਕੜ੍ਹ ਕੇ ਲਾਲ ਹੋਏ ਦੁੱਧ ਉੱਤੇ ਮਲਾਈ ਦੀ ਮੋਟੀ ਪਰਤ ਨਿੱਘੇ ਦੁੱਧ ਨੂੰ ਕੱਜੀ ਬੈਠੀ ਸੀ। ਕੋਲ ਹੀ ਨੇਹੀਂ ਉੱਤੇ ਕੂਚ ਸਵਾਰ ਕੇ, ਧੁੱਪ ਵੱਲ ਟੇਢਾ ਮੂੰਹ ਕਰਕੇ, ਦੁੱਧ ਜਮਾਉਣ ਲਈ ਰਿੜਕਣਾ ਰੱਖਿਆ ਪਿਆ ਸੀ। ਤੇ ਆਥਣ ਨੂੰ ਮੱਝ ਦੀ ਧਾਰ ਕੱਢਣ ਵਾਸਤੇ

ਪਿੱਤਲ ਦੀ ਬਾਲਟੀ, ਕੰਧੋਲੀ ਉੱਤੇ ਰੱਖੀ ਹੋਈ, ਢਲਦੇ ਸੂਰਜ ਦੀ ਲਾਲੀ ਵਿੱਚ ਲਿਸ਼ਕ ਰਹੀ ਸੀ। ਦੋ ਪੀਹੜੀਆਂ ਕੰਧੋਲੀ ਨਾਲ ਖੜੀਆਂ ਸਨ ਤੇ ਇੱਕ ਛੋਟਾ ਮੂਹੜਾ ਤੇ ਲੋਹੇ ਦੀ ਤਿਪਾਈ ਚੁੱਲ੍ਹੇ ਦੇ ਵੱਟੇ ਕੋਲ ਪਏ ਸਨ।

ਕਸ਼ਮੀਰ ਕੌਰ ਨੇ ਉੱਠ ਕੇ, ਕੋਨੇ ਵਿੱਚ ਮਾਂਜੇ-ਸਵਾਰੇ ਭਾਂਡਿਆਂ ਵਾਲੇ ਟੋਕਰੇ ਵਿੱਚੋਂ ਇੱਕ ਛੰਨੀ ਚੁੱਕ ਕੇ, ਘੜਵੰਜੀ ਉੱਤੇ ਪਏ ਘੜੇ ਵਿੱਚੋਂ ਪਾਣੀ ਲੈ ਕੇ ਧੋਤੀ ਤੇ ਕਾੜ੍ਹਣੀਂ ਵਿੱਚੋਂ ਪੱਲੇ ਨਾਲ ਦੁੱਧ ਪਾ ਕੇ, ਪੀਹੜੀ ਉੱਤੇ ਬੈਠ ਕੇ ਸੁੜਕਣ ਲੱਗ ਪਈ। ਨਾਲੇ ਸੋਚੀ ਜਾਵੇ, "ਜੇ ਗੁਰਲਾਭ ਆ ਜਾਂਦਾ ਤਾਂ ਉਹ ਵੀ ਸ਼ੱਕਰ ਪਾ ਕੇ ਘੁੱਟ ਪੀ ਲੈਂਦਾ।"

ਗੁਰਲਾਭ ਕਾਲਜੋਂ ਆ ਕੇ, ਚਾਹ-ਪੰਜੀਰੀ ਖਾ ਕੇ ਪਿੰਡ ਵਿੱਚ ਗੇੜਾ ਲਾਉਣ ਗਿਆ ਹੋਇਆ ਸੀ। ਮੁੜ ਘਰ ਆ ਕੇ ਉਸ ਨੇ ਕਾੜ੍ਹਣੀ ਦਾ ਦੁੱਧ ਤਾਂ ਨਾ ਪੀਤਾ, ਪਰ ਮੂਹੜੇ ਉੱਤੇ ਆਵਦੀ ਬੀਬੀ ਕੋਲ ਬੈਠ ਕੇ, ਚਿਮਟੇ ਨਾਲ ਚੁੱਲ੍ਹੇ 'ਚ ਬਲਦੀ ਲੱਕੜ ਨੂੰ ਠਕੋਰਣ ਲੱਗ ਪਿਆ। ਖੜਪਾੜ ਵਿੱਚੋਂ ਚਿੰਗਾਰੀਆਂ ਦਾ ਫੁਹਾਰਾ ਫੁੱਟਿਆ ਤੇ ਲਾਟ ਵੀ ਤੇਜ਼ ਹੋ ਗਈ।

"ਵੇਖੀਂ ਪੁੱਤ, ਅੱਗ ਕਿਤੇ ਬਾਹਲੀ ਤੇਜ਼ ਨਾ ਹੋ ਜਾਵੇ....ਸਾਗ ਥੱਲੇ ਨਾ ਲੱਗ ਜਾਵੇ....ਬੇ-ਸੁਆਦਾ ਹੋ ਜਾਊਗਾ।"

"ਕਾਹਦਾ ਬੀਬੀ ਸਾਗ ਦਾ ਸਵਾਦ? ਦੇਸ਼ ਦੁਨੀਆਂ ਦਾ ਤਾਂ ਕੋਈ ਹਾਲ ਨ੍ਹੀਂ। ਕਿੰਨੀ ਖਲਕਤ ਕਦੋਂ ਦੀ ਕਹਿਰ ਦੀ ਠੰਡ ਵਿੱਚ ਦਿੱਲੀ ਮੋਰਚੇ ਲਾਈ ਬੈਠੀ ਐ। ਐਥੇ ਜੇ ਇੱਕ ਰਾਤ ਨੂੰ ਪਾਣੀ ਲਾਉਣਾ ਪੈ ਜਾਏ ਤਾਂ ਭਾਅ ਦੀ ਬਣ ਜਾਂਦੀ ਐ....ਅਗਲੇ ਦਿਨ ਉੱਠਿਆ ਨ੍ਹੀਂ ਜਾਂਦਾ। ਪਰ ਮਾਂ ਲੋਕਾਂ ਦਾ ਸਿਦਕ ਵੇਖ, ਜਿੰਦ-ਜਾਨ ਤਲੀ 'ਤੇ ਧਰ ਕੇ ਘੇਰਾ ਪਾਈ ਬੈਠੇ ਐ।"

"ਪਤਾ ਨ੍ਹੀਂ ਭਾਈ ਲਾਭਿਆ! ਐਹੋ ਜੇਹੀ ਤਾਂ ਕਦੇ ਸੁਣੀ ਵੇਖੀ ਨਹੀਂ....ਬਈ ਸਰਕਾਰ ਦੇ ਕੰਨ ਉੱਤੇ ਜੂੰਅ ਤੱਕ ਨ੍ਹੀਂ ਸਰਕਦੀ। ਹੈਂ...ਜੇ ਸਿੱਖਾਂ ਦੇ ਗਲਾਂ ਵਿੱਚ ਟੈਰ ਪਾਉਣੀ ਸਰਕਾਰ ਤੋਂ ਖਹਿੜਾ ਛੁੱਟਿਆ ਤੇ ਹੁਣ ਇਹ ਓਦੂੰ ਵੀ ਚੰਦਰੀ ਆ ਗਈ....ਕਦੇ ਨੋਟਬੰਦੀ ਕਰਕੇ ਦੁਨੀਆਂ ਭੁੱਖੀ ਮਾਰਤੀ, ਕਦੇ ਕਰੋਨਾ 'ਚ ਖਲਕਤ ਅਣ-ਆਈ ਮੌਤੇ ਮਰ-ਮੁਰਗੀ। ਕਦੇ ਐਥੇ ਦੰਗੇ...ਔਥੇ ਫਸਾਦ....ਕਦੇ ਮੁਸਲਮਾਨਾਂ ਦੀਆਂ ਬੁੜ੍ਹੀਆਂ-ਜਵਾਕਾਂ ਦੇ ਕੜਾਕੇ ਦੀ ਠੰਡ 'ਚ ਧਰਨੇ...ਕਦੇ ਹਿੰਦੂਆਂ ਦੇ ਜਲਸੇ-ਜਲੂਸ। ਦੁਨੀਆਂ ਦਾ ਕੋਈ ਮੂੰਹ-ਸਿਰ ਹੀ ਨ੍ਹੀਂ ਰਿਹਾ....ਪਤਾ ਨ੍ਹੀਂ ਭਾਈ ਪਿਛਲੀ ਹੋਈ ਬੀਤੀ ਭੁੱਲ ਜਾਂਦੀ ਐ....ਨਵੀਂ ਰੜਕਦੀ ਰਹਿੰਦੀ ਐ। ਪੁੱਤ ਲੋਕਾਂ ਦੀ ਅਣਖ-ਜ਼ਮੀਰ ਓਦੋਂ ਵੀ ਨਿੱਘਰ....ਮਰ-ਮੁੱਕਗੀ ਸੀ, ਜਦੋਂ ਅਸੀਂ ਉਜੜੇ ਪੁਜੜੇ ਏਧਰ ਆਏ ਸਾਂ....ਮੇਰਾ ਨਾਨਾ ਦਸਦਾ ਹੁੰਦਾ....ਬਈ ਪਹਿਲਾਂ ਏਧਰੋਂ ਜਾ ਕੇ ਓਧਰ ਬਾਰਾਂ 'ਚ ਦੁਨੀਆਂ ਵਸਾਈ....ਤੇ ਫੇਰ ਆਜ਼ਾਦੀ ਨੇ ਓਧਰੋਂ ਪੁੱਟ ਕੇ ਏਥੇ ਧੱਕੇ ਖਾਣ ਨੂੰ ਲਿਆ ਸੁੱਟੇ....ਹੁਮ ਜੇ ਏਥੇ ਰੋਟੀ ਖਾਣ ਜੋਗੇ ਪੈਰ ਲੱਗੇ ਐ, ਤਾਂ ਫੇਰ ਨਵੇਂ ਸਿੜ੍ਹੀ ਸਿਆਪੀ ਖੜ੍ਹੇ ਐ।"

"ਓਹ ਬੀਬੀ, ਏਹ ਤਾਂ ਸਮੇਂ ਦੇ ਗੇੜ ਦੀਆਂ ਘੁੰਮਣ-ਘੇਰੀਆਂ ਐਂ, ਖ਼ਲਕਤ ਫਸਦੀ ਵੀ ਰਹਿੰਦੀ ਐ....ਹਿੰਮਤ ਨਾਲ ਜੋਰ ਮਾਰ ਕੇ ਨਿਕਲਦੀ ਵੀ ਰਹਿੰਦੀ ਐ।" ਗੁਰਲਾਭ ਨੇ ਚਿਮਟਾ ਲੱਕੜ ਦੇ ਧੁਖਦੇ ਸਿਰੇ 'ਤੇ ਮਾਰ ਕੇ ਫੇਰ ਲਾਟ ਬਾਲ ਲਈ।

"ਤੇਰਾ ਦਾਦਾ....ਵਾਹਿਗੁਰੂ....ਸੁਰਗਾਂ 'ਚ ਵਾਸਾ ਹੋਵੇ ਓਹਦਾ....ਬਾਬਾ ਜੀ ਗੁਰਮੇਜ ਸਿਹੁੰ ਕਥਾ ਕਰਦਾ ਹੁੰਦਾ ਸੀ ਬਈ ਕਿੰਨੇ ਮੋਰਚੇ ਜੁਲਮਾਂ ਦੇ ਖਿਲਾਫ਼ ਲੱਗੇ ਸਨ, ਕਿਵੇਂ ਸਿੱਖ ਕੌਮ

ਜੁਲਮਾਂ ਦੇ ਖਿਲਾਫ਼ ਡਟ ਕੇ ਖੜੀ ਹੋ ਜਾਂਦੀ ਸੀ। ਲੋੜ ਪੈਣ ਉੱਤੇ ਜੰਗ-ਯੁੱਧ ਵੀ ਕਰਦੀ ਸੀ....ਬਹੁਤਾ ਤਾਂ ਸ਼ਾਂਤ ਰਹਿ ਕੇ....ਕੁਰਬਾਨੀਆਂ ਦੇ ਕੇ ਹੀ ਜੁਲਮ-ਜਬਰ ਨੂੰ ਢਾਹ ਲੈਂਦੀ ਸੀ। ਪਰ ਹੁਣ ਤਾਂ ਪੁੱਤ ਮਾਰ ਲਈ ਦੁਨੀਆਂ ਆਹ ਵੋਟਾਂ ਦੇ ਰਾਜ ਨੇ....।"

"ਹਾਂ ਬੀਬੀਏ, ਵੋਟਾਂ ਦਾ ਰਾਜ ਬਣਿਆ ਤਾਂ ਮੁਲਕ ਦੇ ਆਮ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਨੂੰ ਸੀ....ਦੀਨ ਦੁਨੀਆਂ....ਪਰਜਾ ਨੇ ਰਾਜ ਕਰਨਾ ਸੀ। ਪਰ ਹੋ ਗਿਆ ਉਲਟ-ਪੁਲਟ...ਹੁਣ ਵੀ ਸਕਤੇ ਦੇ ਹੱਥ ਓਹੀ ਬਾਹਾਂ....ਓਹੀ ਕੁਹਾੜੀ...। ਕਿਸੇ ਨੂੰ ਕੀ ਆਖੀਏ! ਆਪਣੇ ਵਿੱਚੋਂ ਹੀ ਜਿਹੜੇ ਲੁੱਟ-ਖਸੁੱਟ ਕਰਕੇ ਅਮੀਰ ਹੋ ਕੇ ਲੀਡਰ ਬਣਗੇ....ਓਹੀ ਹਕੂਮਤ ਦਾ ਹਿੱਸਾ ਬਣਗੇ....ਕੁਰਬਾਨੀਆਂ ਵਾਲਿਆਂ ਨੂੰ ਕੌਣ ਸਰਕਾਰ ਦਾ ਹਿੱਸਾ ਬਣਨ ਦਿੰਦਾ? ਨਾ ਏਹੋ ਜੇਹੀ ਹਕੂਮਤ ਉਨ੍ਹਾਂ ਦੇ ਰਾਸ ਆਵੇ, ਓਹ ਤਾਂ ਅਨਿਆਂ ਦੇ ਖ਼ਿਲਾਫ਼ ਮੋਰਚੇ ਲਾਉਣ ਜਾਣਦੇ ਐ....ਹੁਣ ਵੀ ਲਾ ਲੈਣਗੇ....।"

"ਤੇਰੀ ਦਾਦੀ....ਮਾਂ ਜੀ ਕੇਸਰ ਕੌਰ ਗੱਲ ਸੁਣਾਉਂਦੀ ਹੁੰਦੀ ਸੀ....ਬਈ ਅੱਗੇ ਤਾਂ ਕੋਈ ਮੋਹਤਬਰ...ਸੋਟੀ ਦੀ ਲਕੀਰ ਖਿੱਚ ਕੇ ਵੀ ਮਜ਼ਲੂਮ ਨੂੰ ਪਰ੍ਹੇ ਪੰਚੈਤ ਵਿੱਚ ਅਨਸਾਫ਼ ਦਿਵਾ ਦਿੰਦਾ ਸੀ।"

"ਨਿਆਂ? ਨਿਆਂ ਤਾਂ ਮਾਤਾ ਨਾ ਤੁਹਾਨੂੰ ਸੰਤਾਲੀ ਵਾਲਿਆਂ ਨੂੰ ਮਿਲਿਆ, ਨਾ ਚੁਰਾਸੀ ਵਾਲਿਆਂ ਨੂੰ ਮਿਲਿਆ, ਆਹ ਜਿਹੜਾ ਹੁਣ ਨਵਾਂ ਉਧਮੂਲ ਉਠ ਖੜ੍ਹਿਆ.....ਵੇਖੋ ਜੇ ਕਿਸਾਨਾਂ ਨੂੰ ਇਨਸਾਫ਼ ਮਿਲਜੇ ਤਾਂ....ਹੁਣ ਤਾਂ ਅਦਾਲਤਾਂ ਵੀ ਬਸ ਨਾਂ ਦੀਆਂ ਹੀ ਬਣ ਕੇ ਰਹਿ ਗਈਆਂ ਲਗਦੀਆਂ....।"

"ਮੈਂ ਤਾਂ ਰੋਜ਼ ਕਾਲਜੋਂ-ਮੰਡੀਓਂ ਅੱਡੇ ਤੋਂ ਏਹੀ ਸੁਣ ਕੇ ਆਉਂਦਾ ਹਾਂ ਕਿ....ਬਈ ਆਹ ਜਿਹੜੇ ਨਵੇਂ ਖੇਤੀ ਕਾਨੂੰਨ ਐ, ਇਹ ਮਿੱਠੇ ਜ਼ਹਿਰ ਦੀ ਪੁੜੀ ਐ....ਜੀਹਦੇ ਅਸਰ ਨਾਲ ਛੋਟੀ ਜਿਮੀਂਦਾਰੀ ਨਾਲ ਜੁੜੇ ਲੋਕ ਹੌਲੀ-ਹੌਲੀ ਜ਼ਮੀਨ-ਜਾਇਦਾਦ ਤੋਂ ਨਿਹੱਥੇ ਹੋ ਜਾਣਗੇ....ਅਮੀਰ ਵਪਾਰੀਆਂ ਦੇ ਤੰਦੂਏ ਜਾਲ ਵਿੱਚ ਫਸ ਕੇ ਪੈਲੀਆਂ ਵਿਕ-ਵੱਟ ਜਾਣਗੀਆਂ....।"

"ਪੁੱਤ ਤੇਰੇ ਚਿੱਤ ਵਿੱਚ ਐ ਬਈ ਅਦਾਨੀ-ਅੰਬਾਨੀ ਜ਼ਮੀਨਾਂ ਖੋਹ ਲੈਣਗੇ....।"

"ਚਲ ਛੱਡ ਮਾਂ....ਘੋਟ ਲੈ ਸਾਗ....ਲਾ ਲੈਅ ਤੜਕਾ....ਭਾਪਾ ਵੀ ਆਉਣ ਵਾਲਾ ਹੀ ਹੋਣਾ ਹੈ।"

ਚੁੱਪ-ਚੁਪੀਤੇ ਖੁਰਲੀ ਉੱਤੇ, ਪੈਰਾਂ ਭਾਰ ਬੈਠਾ ਜਗਸੀਰ....ਮਾਂ-ਪੁੱਤ ਦੀ ਸਾਰੀ ਕਥਾ ਵਾਰਤਾ ਨੂੰ ਸੁਣਦਾ ਰਿਹਾ ਤੇ ਵਿਹੁ ਘੋਲਦਾ ਰਿਹਾ। ਪਿੰਡ 'ਚੋਂ ਉਠਦੀਆਂ ਅਫ਼ਵਾਹਾਂ-ਕਹਾਣੀਆਂ ਸੁਣ ਕੇ ਆਇਆ, ਓਹ ਵੀ ਤਪਿਆ ਬੈਠਾ ਸੀ। ਜਦੋਂ ਕਸ਼ਮੀਰ ਕੌਰ ਨੂੰ ਜਗਸੀਰ ਦੀ ਬਿੜਕ ਪਈ ਤਾਂ ਓਹਨੇ ਗੱਲ ਬਦਲ ਦਿੱਤੀ ਤੇ ਪਰ੍ਹੇ ਬੈਠੇ ਜਗਸੀਰ ਨੂੰ 'ਵਾਜ ਦਿੱਤੀ....'ਮਖਿਆ....ਰੋਟੀ ਤੋਂ ਪਹਿਲਾਂ....ਪਲਾ ਦੁੱਧ ਦਾ ਪੀ ਲੈਂਦੇ....।'

"ਪਿਆਰੀ ਜਾਂਦੇ ਹੋ ਦੋਵੇਂ ਮਾਂ-ਪੁੱਤ ਮੈਨੂੰ ਦੁੱਧ....ਮਿਸਰੀ ਪਾ ਕੇ....ਵੱਡਾ...ਪੜ੍ਹਿਆ-ਲਿਖਿਆ....ਅਖੇ ਜ਼ਮੀਨਾਂ ਖੁੱਸ ਜਾਣਗੀਆਂ....ਆੜ੍ਹਤ ਖਤਮ ਹੋ ਜਾਊ....! ਬਾਹਲੇ ਸਿਆਣੇ ਨਾ ਹੋਣ ਕਿਤੇ...।" ਮਾਂ ਦੀ ਅਦਾਨੀਆਂ ਅੰਬਾਨੀਆਂ ਦੀ...।

" ... ਮਾਂ ਦੀ ਅਦਾਨੀਆਂ ਦੀ, ਨਾਲੇ ਬਾਨੀਆਂ ਦੀ... ਖੋਹ ਲੈਣਗੇ ਜੱਦੀ ਪੁਸ਼ਤੀ

ਜ਼ਮੀਨਾਂ ਨੂੰ। ਨਾ ਭੌਂਕ। ਬਹਿ ਜਾ ਚੁੱਪ ਕਰਕੇ। ਕਿਉਂ ਮੈਨੂੰ ਹਰਖ ਚੜ੍ਹਾਉਨੈਂ। ਐਵੇਂ ਮੇਰਾ ਬਲੱਡ ਵਧਾਈ ਜਾਨੈਂ।"

ਜਗਸੀਰ ਖੁਰਲੀ ਤੋਂ ਉਠ ਕੇ ਬਾਹਰ ਗਲੀ ਵਿਚ ਨਿਕਲ ਗਿਆ।

"ਪੁੱਤ ਆਹ ਜਿੱਦੇ ਦੀਆਂ ਦਿੱਲੀ ਨੂੰ ਟਰਾਲੀਆਂ ਜਾਣ ਲੱਗੀਆਂ, ਨਾ ਉਦੇ ਦਾ ਤੇਰਾ ਭਾਪਾ ਹੋਰੂੰ ਤੋਰੂੰ ਜਾ ਹੋਇਆ ਫਿਰਦਾ ਐ, ਐਮੇ ਇਹਦੀ ਗੱਲ ਚਿੱਤ ਨੂੰ ਨਾ ਲਾਈਂ ਮੇਰਾ ਸ਼ੇਰ।"

"ਨਹੀਂ ਬੀਬੀ, ਮੈਂ ਕਿਹੜਾ ਕਮਲਾ ਆਂ, ਪਤਾ ਐ ਮੈਨੂੰ ਸਾਰੀ ਗੱਲ ਦਾ। ਸਾਰੀ ਦੁਨੀਆ 'ਚ ਤਾਂ ਖਲਬਲੀ ਮੱਚੀ ਪਈ ਐ। ਆਪਣੇ ਪਿੰਡ 'ਚੋਂ ਵੀ ਕੱਲ੍ਹ ਨੂੰ ਰਾਸ਼ਨ ਤੇ ਲੱਕੜ-ਬਾਲਣ 'ਕੱਠਾ ਕਰਨ ਲੱਗਣਗੇ। ਅਗਲੇ ਜੱਥੇ ਨਾਲ ਮੈਂ ਤਾਂ ਆਪ ਜਾਊਂਗਾ।"

"ਜਦੋਂ ਪੁੱਤਾ ਸਾਰੀ ਦੁਨੀਆ ਤੁਰੀ ਜਾਂਦੀ ਐ, ਤੂੰ ਜਾਂ ਤੇਰਾ ਭਾਪਾ ਵੀ ਜਾ ਕੇ ਆਇਓ। ਮੈਂ ਆਪੇ ਕੰਮ ਸੰਭਾਲ ਲਊਂਗੀ।"

ਜਗਸੀਰ ਨੇ ਘਰੋਂ ਨਿਕਲ ਕੇ ਮਿਸਤਰੀਆਂ ਦੇ ਹਾਤੇ ਵਿਚੋਂ ਮੂੰਹ ਚੰਡ ਕੇ ਤਿੱਖਾ ਕਰਨ ਲਈ ਰੱਖੀ ਹੋਈ ਕਹੀ ਚੁੱਕੀ ਤੇ ਖੇਤ ਵੱਲ ਚੱਲ ਪਿਆ। ਖੇਤ ਅੱਪੜ ਕੇ ਵੱਟ ਘੜਨ ਲੱਗ ਪਿਆ ਪਰ ਜੀਅ ਨਾ ਕੀਤਾ ਤੇ ਦੋ ਕੁ ਕਰਮਾਂ ਵੱਟ ਘੜ ਕੇ ਵੱਟ ਉਤੇ ਹੀ ਕਹੀ ਵਾਹਣ ਵਿਚ ਨੀਵੇਂ ਥਾਂ ਰੱਖ ਕੇ ਉਹਦੇ ਦਸਤੇ ਉਤੇ ਠੋਡੀ ਟਿਕਾ ਕੇ ਬੈਠ ਗਿਆ। ਸੋਚਾਂ ਵਿਚ ਡੁੱਬੇ ਹੋਏ ਦੇ ਆਪਮੁਹਾਰੇ ਹੀ ਬੋਲ ਨਿਕਲੀ ਜਾਣ, "ਯਾਰੋ ਐਂ ਕਿਵੇਂ ਜ਼ਮੀਨਾਂ ਖੁੱਸ ਜਾਣਗੀਆਂ, ਸਾਲੇ ਲਗਦੇ ਐ ਕਾਰਪੋਰੇਟ। ਐਂ ਧੱਕੇ ਨਾਲ ਕਿਵੇਂ ਆਪਣੀ ਮਰਜ਼ੀ ਦੀ ਫਸਲ ਬਿਜਾ ਕੇ ਜੱਟ ਨੂੰ ਬੇਚਣ ਆਸਤੇ ਮਜਬੂਰ ਕਰ ਦੇਣਗੇ। ਅਖੇ, ਮੰਡੀ ਖ਼ਤਮ ਹੋ ਜਾਊ, ਆੜ੍ਹਤ ਮਾਰੀ ਜਾਊ...।" ਸਿਰ ਨੂੰ ਝੁੰਜਲਾ ਕੇ ਕਹੀ ਤੋਂ ਠੋਡੀ ਚੁੱਕ ਕੇ ਚੁਫੇਰੇ ਨਜ਼ਰ ਮਾਰੀ। ਗੁਆਂਢੀ ਖੇਤ ਵਿਚ ਸੀਰੀ ਬਰਸੀਮ ਵੱਢੀ ਜਾਂਦਾ ਸੀ। ਚਿੱਟਾ ਕੁੜਤਾ ਪਜਾਮਾ ਪਾਈ, ਮਾਲਕਾਂ ਦਾ ਮੁੰਡਾ ਉਹਦੇ ਕੋਲ ਖੜ੍ਹਾ, ਧੋਤੀ ਸੰਵਾਰੀ ਗਾਜਰ ਖਾਈ ਜਾਂਦਾ ਸੀ।

"ਓ ਸੁਣਾ ਭਤੀਜ, ਹੈਥੇ ਖੜ੍ਹਾ ਗਾਜਰਾਂ ਚੱਬੀ ਜਾਨੈ, ਉਰੇ ਆ ਯਾਰ, ਮੇਰੀ ਬੀ ਦੁਬਿਧਾ ਦੂਰ ਕਰ।"

"ਆਉਂਦਾ ਤਾਇਆ, ਗੇਲੂ ਨੂੰ ਪੰਡ ਚੁਕਾ ਆਵਾਂ, ਤੂੰ ਕਿਹੜੀ ਦੁਬਿਧਾ ਵਿਚ ਫਸ ਗਿਐਂ।"

"ਲੈ ਆ ਜਾ ਬਹਿ ਜਾ।" ਜਗਸੀਰ ਨੇ ਮੂਕਾ ਵੱਟ ਉਤੇ ਵਿਛਾ ਕੇ ਗੁਰਜੀਤ ਨੂੰ ਕੋਲ ਬਿਠਾ ਲਿਆ।

"ਆ ਭਤੀਜ, ਜਿਹੜੀ ਕਾਲੇ ਕਾਨੂੰਨਾਂ ਦੀ ਅੱਗ ਲੱਗੀ ਫਿਰਦੀ ਐ, ਇਹਦੀ ਗੱਲ ਕਰਦੈਂ... ਬੀ ਐਂ ਕਿਮੇਂ...?"

"ਇਹ ਤਾਇਆ ਇਉਂ ਐ, ਬਈ ਅੱਗੇ ਆਪਾਂ ਫਸਲ ਮੰਡੀ ਲਿਜਾ ਕੇ ਵੇਚਦੇ ਸਾਂ। ਆੜ੍ਹਤੀਏ ਦੇ ਫੜ੍ਹ 'ਤੇ ਦਸ ਵਪਾਰੀ ਬੋਲੀ ਲਾਉਂਦੇ ਸੀ। ਤੋਲ-ਵੱਟ ਕੇ ਘਰੇ ਮੁੜ ਆਉਂਦੇ ਸੀ। ਹੁਣ ਜਿਵੇਂ ਬੀਜ ਆਲੀਆਂ ਕੰਪਨੀਆਂ ਨ੍ਹੀਂ ਆਹ, ਮਨਸੈਂਟੋ, ਬਾਥਰ ਵਰਗੀਆਂ। ਆਪਾਂ ਨੂੰ ਆਪਣੇ ਬੀਅ ਦੇ ਕੇ ਲਿਖਤ ਕਰ ਲੈਂਦੇ ਐ, ਬਈ ਫਸਲ ਦਾ ਸਰਕਾਰੀ ਭਾਅ ਐਨਾ ਹੈ, ਅਸੀਂ ਥੋਨੂੰ ਉਸ ਤੋਂ ਐਨੇ ਪੈਸੇ ਵੱਧ ਦੇ ਕੇ ਜਿਣਸ ਥੋਡੇ ਘਰੋਂ ਚੁੱਕ ਲਵਾਂਗੇ। ਪਰ ਫੇਰ ਵੀ ਆਪਾਂ ਰਕਮ

ਦੀ ਗਰੰਟੀ ਲਈ, ਆੜ੍ਹਤੀਏ ਨੂੰ ਵਿਚ ਪਾ ਲੈਂਦੇ ਹਾਂ, ਭਾਮੇਂ ਆੜ੍ਹਤ ਪੱਲਿਓਂ ਦੇਣੀ ਪੈ ਜਾਏ।"

"ਹੁਣ ਸੁਣ, ਅਗਲੀ ਗੱਲ ਧਿਆਨ ਨਾਲ, ਨਵੇਂ ਕਾਨੂੰਨਾਂ ਮੁਤਾਬਕ ਆਂਹਦੇ ਬਾਹਰਲਾ ਵਪਾਰੀ ਆੜ੍ਹਤੀਏ ਤੋਂ ਬਾਹਰ ਆਪਣੇ ਨਾਲ ਸਿੱਧਾ ਸੌਦਾ ਕਰੂ। ਮਾਰਕੀਟ ਫੀਸ ਉਹਨੂੰ ਕੋਈ ਦੇਣੀ ਨਹੀਂ ਪੈਣੀ। ਉਸੇ ਬਚਦੀ ਮਾਰਕੀਟ ਫੀਸ ਵਿਚੋਂ ਅੱਧ-ਪਚੱਧ ਆਪਾਂ ਨੂੰ ਘੱਟੋ-ਘੱਟ ਮੁਲ ਤੋਂ ਵੱਧ ਦੇ ਦੇਊ। ਨਾਲੇ ਆਖੂ, ਬਈ ਤੁਹਾਨੂੰ ਆੜ੍ਹਤੀਏ ਦੇ ਚੁੰਗਲ 'ਚੋਂ ਛੁਡਾ ਦਿੱਤਾ। ਰਕਮ ਦੇਊ ਬੈਂਕ ਰਾਹੀਂ, ਜੇ ਵਪਾਰੀ ਨਾਲ ਕੋਈ ਰੌਲਾ ਪੈ ਗਿਆ ਤਾਂ ਕੋਰਟ ਕਚਹਿਰੀ ਦੀ ਲੋੜ ਨਹੀਂ ਪੈਣੀ, ਐਸ.ਡੀ.ਐਮ. ਜਾਂ ਡੀ.ਸੀ. ਨਿਪਟਾਰਾ ਕਰੂ। ਖਾਂਦੇ ਫਿਰਾਂਗੇ ਧੱਕੇ।"

ਜਗਸੀਰ ਸਿਰ ਸੁੱਟ ਕੇ ਹੁੰਗਾਰਾ ਭਰੀ ਗਿਆ।

"ਬੱਸ ਆਗੀ ਸਮਝ ਕੇ ਹੋਰ ਉਧੇੜਾਂ ਥਾਨ ਨੂੰ?"

"ਉਧੇੜ-ਉਧੇੜ ਖੋਲ੍ਹ ਘੁੰਡੀ ਨੂੰ ਹੋਰ, ਸੰਗ ਨਾ।"

"ਵੇਖ ਤਾਇਆ, 'ਕੇਰਾਂ ਤਾਂ ਆਪਾਂ ਨੂੰ ਚੰਗਾ ਲੱਗੂ, ਬਈ ਮੰਡੀ ਧੱਕੇ ਨ੍ਹੀਂ ਖਾਣੇ ਪੈਂਦੇ, ਘਰੋਂ ਅੰਦਰੋਂ ਚੁਕਾਈ ਤੁਲਾਈ ਚੀਜ਼ ਵਿਚ ਤੋਲ ਦੀ ਵੀ ਬਰਕਤ ਹੁੰਦੀ ਐ ਪਰ ਹੌਲੀ-ਹੌਲੀ ਜਦੋਂ ਮੰਡੀ ਤੇ ਆੜ੍ਹਤੀਆ ਖ਼ਤਮ ਹੋ ਗਿਆ, ਫੇਰ ਵਪਾਰੀ ਕਰੂ ਆਪਣੀ ਮਰਜ਼ੀ। ਜਿਣਸ ਵਿਚ ਨੁਕਸ ਕੱਢ ਕੇ ਭਾਅ ਵਿਚ ਜਾਂ ਤੋਲ ਵਿਚ ਵੱਟਾ ਲਾ ਦੇਊ। ਨਹੀਂ ਆਖੂ, ਬਈ ਜਿਥੇ ਮਰਜ਼ੀ ਵੇਚ ਲਓ, ਭਾਵੇਂ ਕਲਕੱਤੇ ਲੈ ਜਾਓ। ਕੀ ਕਰ ਲਾਂਗੇ?

ਨਾਲੇ ਆੜ੍ਹਤੀਆ ਆਪਾਂ ਨੂੰ ਬਮਾਰੀ-ਠਮਾਰੀ ਵੇਲੇ, ਮਰਨੇ-ਧਰਨੇ ਵੇਲੇ, ਵਿਆਹ-ਸਾਹੇ ਵੇਲੇ ਮਦਦ ਦਿੰਦਾ ਐ। ਹੁਣ ਸਰਕਾਰ ਆਖੂ, ਬੈਂਕ ਤੋਂ ਕਰਜ਼ਾ ਲੈ ਲਵੋ, ਲਿਮਟਾਂ ਬਣਾ ਲਵੋ। ਜ਼ਮੀਨ ਬੈਂਕ ਵਿਚ ਗਹਿਣੇ ਹੋ ਜਾਊ, ਫਸਲ ਮਰ'ਗੀ ਤਾਂ ਕਿਸ਼ਤ ਟੁੱਟ ਜਾਊ। ਫੇਰ ਤੂੰ ਕਿਹੜਾ ਵੇਖਦਾ ਨਹੀਂ, ਬੈਂਕਾਂ ਆਲੇ ਕੀ ਕਰਦੇ ਐ ਤੇ ਜੱਟ ਪਾਣੀ ਸਿਰੋਂ ਲੰਘੇ ਤੋਂ ਕੀ ਕਰਦੇ ਐ? ਆਈ ਸਮਝ।"

"ਪਰ ਭਤੀਜ ਆਹ ਚੁੱਘਿਆਂ ਵੰਨੀ, ਰੇਲ ਦੀ ਲੀਹ ਦੇ ਨਾਲ-ਨਾਲ ਜਦੋਂ ਆਪਾਂ ਬਠਿੰਡੇ ਨੂੰ ਜਾਂਦੇ ਆਂ, ਵੇਖ ਸੈਂਕੜੇ ਏਕੜ ਵਿਚ, ਜੱਟਾਂ ਤੋਂ ਠੇਕੇ ਉਤੇ ਕੰਪਨੀ ਨੇ ਜ਼ਮੀਨ ਲੈ ਕੇ ਪੱਚੀ ਸਾਲਾਂ ਲਈ ਸੂਰਜੀ ਬਿਜਲੀ ਦੇ ਪਲਾਂਟ ਲਾ ਦਿੱਤੇ ਐ। ਉਥੇ ਤਾਂ ਆਂਹਦੇ ਜ਼ਿੰਮੀਦਾਰ ਕੱਛਾਂ ਵਜਾਉਂਦੇ ਫਿਰਦੇ ਐ, ਅਖੇ ਬੈਂਕ ਵਿਚ ਠੇਕਾ ਜਮ੍ਹਾਂ ਹੋ ਜਾਂਦਾ ਹੈ। ਕਢਾ ਲਈਦੇ ਐ ਤੇ ਖਾ ਲਈਦੇ ਐ। ਨਾ ਕਹੀ ਚੱਕਣੀ ਪਏ, ਨਾ ਕੁਹਾੜੀ।"

"ਓ ਤਾਇਆ! ਓ ਤਾਇਆ, ਜਿਹੜੇ ਤੂੰ ਉਹ ਸੋਲਰ ਪੈਨਲ ਦੇ ਫੱਟੇ, ਬੁਰਜੀਆਂ ਉਤੇ ਵਾਹਣਾਂ 'ਚ ਲੱਗੇ ਵੇਖਦੈਂ, ਉਹ ਅੱਠ-ਅੱਠ ਫੁੱਟ ਡੂੰਘੇ ਬਜਰੀ ਸੀਮੈਂਟ ਤੇ ਲੋਹੇ ਦੇ ਪਿੱਲਰਾਂ 'ਤੇ ਖੜ੍ਹੇ ਐ। ਲੈ ਜੇ ਪੱਚੀ ਸਾਲਾਂ ਬਾਅਦ ਕੰਪਨੀ ਕਰਾਰਨਾਮਾ ਤੋੜ ਕੇ ਭੱਜ ਜਾਵੇ, ਫੇਰ ਤੇਰੀ ਤਾਂ ਅਗਲੀ ਪੀੜ੍ਹੀ ਤੋਂ ਉਹ ਬੁਰਜੀਆਂ ਦਾ ਮਲਬਾ ਹੀ ਨਹੀਂ ਨਿਕਲਣਾ ਵਾਹਣ ਵਿਚੋਂ ਤੇ ਉਦੋਂ ਤਾਈਂ ਕਹੀ ਕੁਹਾੜੀ ਘਰੋਂ ਗਾਇਬ ਹੋ ਜਾਊ, ਨਵੀਂ ਬਣਨੀ ਨਹੀਂ।"

"ਹੂੰਅ! ਤਾਂ ਹਾਅ ਯੱਭ ਐ।"

"ਹਾਂ ਇਹੀ ਯੱਭ ਐ। ਹੌਲੀ-ਹੌਲੀ ਸਰਕਾਰ ਨੇ ਵੱਡੇ ਘਰਾਣਿਆਂ ਦੇ ਹੱਥ ਵਿਚ ਸਾਰਾ ਕੁਝ ਦੇ ਦੇਣਾ ਐ। ਨਾਲੇ ਕਹਿੰਦੇ ਆ ਤਾਇਆ ਕਿ ਜੱਟ ਤਾਂ ਅਮਰੀਕਾ, ਇੰਗਲੈਂਡ ਦੇ ਨੰਗ ਹੋਏ

ਫਿਰਦੇ ਐ, ਆਪਾਂ ਪੰਜ ਦਸ ਕਿੱਲਿਆਂ ਵਾਲੇ ਕਿਹੜੇ ਬਾਗ਼ ਦੀ ਮੂਲੀ ਆਂ?"

"ਤੇ ਫੇਰ ਭਤੀਜ ਕਿਵੇਂ ਕਰੀਏ?"

'ਕਰਨਾ ਕੀ ਐ, ਹਜ਼ਾਰਾਂ ਲੋਕ ਦਿੱਲੀ ਨੂੰ ਘੇਰਾ ਪਾਈ ਬੈਠੇ ਐ, ਜੇ ਕਿਤੇ ਕਾਨੂੰਨ ਰੱਦ ਹੋ ਗਏ ਤਾਂ ਬਚ ਰਹਾਂਗੇ। ਨਹੀਂ ਜੇ ਪੌਂ ਬਾਰਾਂ ਨਹੀਂ ਤਾਂ ਫੇਰ ਤਿੰਨ ਕਾਣੇ ਤਾਂ ਕਿਤੇ ਗਏ ਨਹੀਂ। ਇਹ ਤਾਂ ਤਾਇਆ ਹੁਣ ਸਾਰਾ ਮੁਲਖ ਓਥੇ 'ਕੱਠਾ ਹੋਈ ਜਾਂਦਾ ਐ। ਰਾਸ਼ਨ-ਪਾਣੀ, ਰਹਿਣ-ਸਹਿਣ ਦਾ ਇੰਤਜ਼ਾਮ, ਠੰਢ-ਠਾਰੀ ਤੋਂ ਲੱਕੜ ਬਾਲਣ ਦਾ ਇੰਤਜ਼ਾਮ, ਪਿੱਛੋਂ ਪਿੰਡ 'ਕੱਠ ਜਾ ਹੋਈ ਜਾਂਦੈ ਤੇ ਦਿੱਲੀ ਨੂੰ ਵਹੀਰਾਂ ਘੱਤ ਕੇ ਤੁਰਿਆ ਜਾਂਦਾ ਹੈ। ਚੱਲ ਹੁਣ ਆਪਾਂ ਵੀ ਚਲੀਏ।"

"ਹੂੰਅ! ਠੀਕ ਠੀਕ, ਤਾਹੀਓਂ ਸਾਡਾ ਗੁਰਲਾਭ ਇਹ ਕਹਾਣੀ ਪਾਉਂਦਾ ਸੀ। ਮੁੰਡਾ ਸਮਝਦਾਰ ਐ। ਮੈਂ ਤਾਂ ਸੋਚਿਆ, ਕਿਤੇ ਊਈਂ ਵਰਗਲਾ ਕੇ ਰਜਿਸਟਰੀ ਕਰਵਾ ਕੇ ਜ਼ਮੀਨ ਖੋਹ ਲੈਣਗੇ।"

"ਚੰਗਾ ਤਾਇਆ, ਪਰਸੋਂ ਆਪਣੇ ਪਿੰਡ ਵਿਚੋਂ ਚਾਰ ਪਿੰਡਾਂ ਦੀਆਂ ਟਰਾਲੀਆਂ ਚੱਲਣਗੀਆਂ, ਜੇ ਜਾਣਾ ਐ ਤਾਂ ਬੰਨ੍ਹ ਲੈ ਬੋਰੀ ਬਿਸਤਰਾ।"

ਅਗਲੇ ਦਿਨ ਜਗਸੀਰ ਦਿੱਲੀ ਜਾਣ ਤੋਂ ਪਹਿਲਾਂ ਕਾਫ਼ੀ ਸਾਰਾ ਬਰਸੀਮ ਵੱਢ ਕੇ ਘਰੇ ਰੱਖਣ ਲਈ ਤੇ ਖੇਤ ਦੇ ਪਾਣੀ ਧਾਣੀ ਦਾ ਜਾਇਜ਼ਾ ਲੈ ਕੇ ਗੁਆਂਢੀ, ਗੁਰਜੀਤ ਕੇ ਸੀਰੀ ਨੂੰ, ਗੁਰਲਾਭ ਨਾਲ ਪਾਣੀ ਲਾਉਣ ਤੇ ਰੇਹ ਦਾ ਛੱਟਾ ਦੇਣ ਦਾ ਕੰਮ ਸਮਝਾ ਰਿਹਾ ਸੀ।

"ਦੋਵੇਂ ਜਣੇ ਰਲ-ਮਿਲ ਕੇ ਕੰਮ ਚਲਾ ਲਿਓ, ਦੋਵੇਂ ਯਾਰ ਚੋਬਰ ਹੋ। ਤੁਸੀਂ ਕੀ ਕੰਮ ਨੂੰ ਜਾਣਦੇ ਹੋ।"

"ਬੇਫ਼ਿਕਰ ਹੋ ਜੋ ਬਾਬਾ ਜੀ।"

ਅਜੇ ਗੇਲੂ ਨੇ ਏਨੀ ਗੱਲ ਆਖੀ ਹੀ ਸੀ, ਜਦੋਂ ਜਗਸੀਰ ਦੇ ਗੀਝੇ ਵਿਚ ਪਿਆ ਉਹਦਾ ਮੋਬਾਈਲ ਟੂੰ-ਟੈਂਅ ਕਰਨ ਲੱਗ ਪਿਆ। ਉਹਨੇ ਕੱਢ ਕੇ ਜਦੋਂ ਕੰਨ ਨਾਲ ਲਾਇਆ ਤਾਂ ਅੱਗੋਂ ਗੁਰਲਾਭ ਬੋਲਿਆ, "ਭਾਪਾ ਜੀ, ਕਿਸਾਨ ਪੰਚੈਤ ਆਈ ਐ, ਰਾਸ਼ਨ 'ਕੱਠਾ ਕਰਦੇ ਐ ਟਰਾਲੀਆਂ ਵਿਚ, ਬੀਬੀ ਨੇ ਆਟੇ ਤੇ ਚੌਲਾਂ ਦਾ ਗੱਟਾ ਤਾਂ ਚੁਕਾ ਦਿੱਤਾ, ਹੁਣ ਇਨ੍ਹਾਂ ਨੇ ਖੂੰਜੇ ਵਿਚ ਪਈਆਂ ਬੇਰੀ ਦੀਆਂ ਲੱਕੜਾਂ ਵੇਖ ਲਈਆਂ; ਕਹਿੰਦੇ, ਇਹ ਵੀ ਲਿਜਾਣੀਆਂ. ਮੈਂ ਕਿਹਾ, ਏਹ ਤਾਂ ਭਾਪੇ ਨੇ ਆਪਣੇ 'ਵੱਡੇ ਵੇਲੇ' ਵਾਸਤੇ ਰੱਖੀਆਂ ਐ, ਤੁਸੀਂ ਕਿਤੋ ਹੋਰ ਇੰਤਜ਼ਾਮ ਕਰ ਲਓ' ਪਰ ਮੰਨਦੇ ਈ ਨ੍ਹੀਂ। ਫੇਰ ਮੈਂ ਕਿਹਾ, ਚੱਲ ਮੈਨੂੰ 'ਕੇਰਾਂ ਭਾਪੇ ਤੋਂ ਪੁੱਛ ਲੈਣ ਦਿਓ, ਨਾਲੇ ਪੁੱਛਦੇ ਐ ਕਿ ਕੱਲ੍ਹ ਨੂੰ ਥੋਡੇ ਵਿਚੋਂ ਕੋਣ ਜਾਊਗਾ?"

"ਪੁੱਤ ਗੱਲ ਸੁਣ ਤੂੰ ਮੇਰੀ ਕੰਨ ਲਾ ਕੇ, ਦਿੱਲੀ ਤਾਂ ਜਾਊਂਗਾ ਐਤਕੀ ਮੈਂ ਹੀ ਤੇ ਦੂਜਾ ਤੂੰ ਸ਼ੇਰ ਬੱਗਿਆ, ਹਾਅ ਲੱਕੜਾਂ ਸਾਰੀਆਂ ਚੁਕਾ ਦੇ ਇਹਨਾਂ ਨੂੰ। ਪੁੱਤ ਮੇਰੇ 'ਵੱਡੇ ਵੇਲੇ' ਨਾਲੋਂ ਆਹ ਦਿੱਲੀ ਵਾਲਾ ਮੋਰਚਾ ਕਿਤੇ 'ਵੱਡਾ ਵੇਲਾ' ਹੈ, ਕੁਛ ਨ੍ਹੀਂ ਹੁੰਦਾ, ਨਾਲੇ ਜੇ ਕੁਛ ਹੋ ਵੀ ਗਿਆ ਤਾਂ ਆਪੇ ਯੂਨੀਅਨ ਦੇ ਝੰਡੇ ਵਿਚ ਲਵ੍ਹੇਟ ਦੇਣਗੇ। ਤਕੜਾ ਹੋ ਕੇ ਲੱਕੜਾਂ ਲਦਾ ਦੇ ਟਰਾਲੀ ਵਿਚ। ਅੱਗ ਲੱਗੀ ਤੋਂ ਮਸ਼ਕਾਂ ਦਾ ਭਾਅ ਨਾ ਪੁੱਛ ਹੁਣ। ਨਾਲੇ ਤੇਰੀ ਬੀਬੀ ਨੂੰ ਆਖ ਮੇਰੇ ਮੋਰਚੇ ਵਿਚ ਜਾਣ ਦੀ ਤਿਆਰੀ ਕਰ ਦੇ।"

ਕਹਾਣੀ

# The Pink Cake - ਦ ਪਿੰਕ ਕੇਕ

**-ਅਰਵਿੰਦਰ ਕੌਰ ਧਾਲੀਵਾਲ**

ਲੋਹਾ ਚੁਗਦੇ ਹੱਥ ਕੂੜੇ ਵਿਚੋਂ ਅਚਾਨਕ ਲਿਸ਼ਕੇ ਕਾਲੇ ਲਿਫ਼ਾਫ਼ੇ ਦੀ ਛੋਹ ਨਾਲ ਠਿਠਕ ਗਏ। ਹਿਰਦਾ ਠਠੰਬਰ ਗਿਆ। 'ਕੋਈ ਬੰਬ ਨਾ ਹੋਏ' ਸੋਚ ਸੱਜਾ ਹੱਥ ਆਪਣੇ ਆਪ ਪਿੱਠ ਪਿੱਛੇ ਜਾ ਲੱਗਿਆ। ਰਜਨੀ ਨੇ ਚੁੰਬਕ ਲੱਗੀ ਸੋਟੀ ਨਾਲ ਲਿਫ਼ਾਫ਼ਾ ਠਕੋਰਦੇ ਹੋਏ ਨਿਗਾਹ ਚਾਰੇ ਪਾਸੇ ਘੁਮਾਈ।

ਰੌਂਟੀ, ਉਸਦਾ ਛੋਟਾ ਭਰਾ ਉਹਨਾਂ ਮੁੰਡਿਆਂ ਦੀ ਟੋਲੀ ਕੋਲ ਦੂਰ ਜਾ ਖਲੋਤਾ ਸੀ ਜਿਹੜੇ ਕੂੜੇ ਵਿਚੋਂ ਕੁਝ ਲੱਭ ਪਿਆ ਹੋਣ ਕਰਕੇ ਆਪਸ ਵਿਚ ਖਹਿਬੜ ਰਹੇ ਸਨ। ਸ਼ੰਕਰ ਜਿਹਨੂੰ ਉਹ ਦੋਵੇਂ ਭੈਣ ਭਰਾ ਚਾਚਾ ਕਹਿੰਦੇ ਹਨ, ਜੇ. ਸੀ. ਬੀ. ਦੇ ਡਰਾਈਵਰ ਨਾਲ ਗੱਲਾਂ ਕਰਨ ਵਿਚ ਰੁੱਝਿਆ ਹੋਇਆ ਸੀ। 'ਉਹ ਕੂੜੇ ਵਿਚੋਂ ਵੱਖ ਕੀਤਾ ਗਿਆ ਪਲਾਸਟਿਕ ਇਕੱਠਾ ਕਰ ਲਏਗਾ ਤੇ ਸ਼ਾਮ ਨੂੰ ਆਉਣ ਵਾਲੇ ਕਬਾੜੀ ਨੂੰ ਵੇਚ ਦੇਏਗਾ,' ਰਜਨੀ ਨੇ ਅੰਦਾਜ਼ਾ ਲਾਇਆ।

ਪੁਰਾਣੇ ਕੂੜੇ ਦੇ ਢੇਰਾਂ ਉੱਤੇ ਕਾਗਜ਼ ਅਤੇ ਲੋਹਾ ਛਾਂਟਣ ਵਾਲੇ ਨਵੇਂ ਆਏ ਕੂੜਾਬੀਨਾਂ ਦਾ ਕੋਈ ਅਧਿਕਾਰ ਨਹੀਂ ਹੁੰਦਾ ਸਗੋਂ ਉਨ੍ਹਾਂ ਨੂੰ ਤਾਂ ਪੁਰਾਣੇ ਪਹਾੜਾਂ ਦੇ ਨੇੜੇ ਫਟਕਣ ਵੀ ਨਹੀਂ ਦਿੱਤਾ ਜਾਂਦਾ। ਰਜਨੀ ਹੁਰੀਂ ਇੱਥੇ ਨਵੇਂ ਨਹੀਂ ਹਨ ਇਸ ਲਈ ਉਨ੍ਹਾਂ ਨੂੰ ਇੱਥੋਂ ਲੋਹਾ ਇਕੱਠਾ ਕਰਨ ਦੀ ਇਜਾਜ਼ਤ ਹੈ। ਉਸ ਨੇ ਲਿਸ਼ਕਦੇ ਕਾਲੇ ਲਿਫ਼ਾਫ਼ੇ ਵੱਲ ਧਿਆਨ ਦਿੱਤਾ। ਤੇਲ, ਘਿਉ, ਸਬਜ਼ੀਆਂ ਤੇ ਚਾਹ ਪੱਤੀ ਦੀ ਰਹਿੰਦ-ਖੂੰਹਦ ਜਿਹੜੀ ਉਸਦੇ ਸੱਜੇ ਹੱਥ 'ਤੇ ਵੀ ਚਿੰਬੜ ਗਈ ਸੀ, ਨੂੰ ਉਸਨੇ ਦੂਜੇ ਹੱਥ ਨਾਲ ਸਾਫ਼ ਕੀਤਾ। ਹੱਥ ਲਾਇਆਂ ਲਿਫ਼ਾਫ਼ੇ ਵਿਚ ਕੋਈ ਡੱਬਾਨੁਮਾ ਸ਼ੈਅ ਪ੍ਰਤੀਤ ਹੋਈ ਸੀ। ਉਸਦੇ ਮਨ ਵਿਚ ਵਿਚਾਰ ਲਿਸ਼ਕਿਆ, 'ਹੋਵੇ ਨਾ! ਕੋਈ ਸੁਹਣੀ ਚੀਜ਼ ਹੋਵੇ ਇਸ ਵਿਚ।' ਪਰ ਉੱਤੇ-ਉੱਤੇ ਕੁਝ ਕਾਗਜ਼ ਜਿਹੇ ਤੁੰਨੇ ਹੋਏ ਜਾਪਦੇ ਸਨ। ਚੰਗੀ ਤਰ੍ਹਾਂ ਟੋਹਿਆਂ ਲਿਫ਼ਾਫ਼ੇ ਅੰਦਰ ਵੀ ਕਈ ਲਿਫ਼ਾਫ਼ੇ ਪ੍ਰਤੀਤ ਹੋਏ ਜਿਨ੍ਹਾਂ ਨੂੰ ਕਈ ਪੀਡੀਆਂ ਗੰਢਾਂ ਦਿੱਤੀਆਂ ਹੋਈਆਂ ਸਨ। 'ਕੀ ਪਤਾ ਕੋਈ ਚੂੜੀਆਂ, ਕੋਈ ਮੇਕਅੱਪ ਦਾ ਸਮਾਨ ਹੋਵੇ' ਮਨ ਅੰਦਰਲੀ ਜਿਗਿਆਸਾ ਨੂੰ ਸ਼ਾਂਤ ਕਰਨ ਖਾਤਰ ਉਸਨੇ ਲਿਫ਼ਾਫ਼ਾ ਝਾੜ ਪੂੰਝ ਕੇ ਬ਼ਗਲੀ ਵਿਚ ਪਾ ਲਿਆ।

ਪਿੱਛੇ ਝਾਤੀ ਮਾਰੀ, ਰੌਂਟੀ ਅਜੇ ਵੀ ਮਗਰਲੀ ਟੋਲੀ ਵਿਚ ਮਗਨ ਸੀ। 'ਲਿਫ਼ਾਫ਼ੇ ਅੰਦਰ ਕੀ ਸੀ?' ਇਹਦੀ ਧੁਕਧੁਕੀ ਲੱਗ ਗਈ।

ਉਡੂੰ-ਉਡੂੰ ਕਰਦੇ ਬੇਚੈਨ ਦਿਲ ਦੀ ਤੇਜ਼ੀ ਉਸਦੇ ਕਦਮਾਂ ਨੇ ਫੜੀ ਤੇ ਉਹ ਆਪਣੀ ਬਸਤੀ ਵੱਲ ਹੋ ਤੁਰੇ। 'ਇਹ ਨਾ ਹੋਵੇ ਕਿ ਲਿਫ਼ਾਫ਼ੇ ਵਿਚ ਕੋਈ ਵਿਸਫ਼ੋਟਕ ਸਮਾਨ, ਕੋਈ ਬੰਬ ਪਟਾਕਾ ਹੋਵੇ ਜੋ ਉਸਦੀ ਵੱਖੀ ਨਾਲ ਲੱਗਿਆ ਹੀ ਫਟ ਜਾਵੇ ਤੇ ਉਹਦੇ ਚਿਥੜੇ ਉੱਡ ਜਾਣ' ਮਨ ਵਿਚ ਕੁਝ ਸਾਲ ਪਹਿਲਾਂ ਲੋਕਲ ਸਟੇਸ਼ਨ ਦੇ ਬਾਹਰ ਫਟੇ ਬੰਬ ਦਾ ਦ੍ਰਿਸ਼ ਸਾਕਾਰ ਹੋ ਗਿਆ ਤਾਂ ਕਦਮ ਆਪ ਮੁਹਾਰੇ ਹੋਰ ਤੇਜ਼ ਹੋ ਗਏ।

ਬੰਬ ਫਟਣ ਤੋਂ ਕੁਝ ਸਮਾਂ ਪਹਿਲਾਂ ਹੀ ਉਸਨੂੰ ਇਕ ਸਾਹਿਬ ਕੋਲੋਂ ਉਥੇ ਪਲੇਟਫਾਰਮ 'ਤੇ

ਗੁਲਾਬੀ ਰੰਗ ਦਾ ਕੂਲਾ-ਕੂਲਾ ਸਵਾਦਲਾ ਕੇਕ ਖਾਣ ਨੂੰ ਮਿਲਿਆ ਸੀ ਜਿਸਦੇ ਡੱਬੇ ਨੂੰ ਸ਼ਾਇਦ ਉਸਦੀ ਗਰਲਫਰੈਂਡ ਲੱਗਦੀ ਕੁੜੀ ਸਾਹਿਬ ਦੇ ਮੂੰਹ 'ਤੇ ਚਲਾਤਾ ਮਾਰ ਕੇ ਲੰਬੀ ਹੀਲ ਵਾਲੀ ਜੁੱਤੀ ਦੀ ਟਿਕ ਟਿਕ ਕਰਦੀ ਗੁੱਸੇ ਵਿਚ ਉਥੋਂ ਚਲੀ ਗਈ ਸੀ। ਰਜਨੀ ਰੌਂਟੀ ਨੂੰ ਆਪਣੀ ਢਾਕ 'ਤੇ ਚੁੱਕੀ ਲਾਗੇ ਖੜੀ ਸੀ। ਉਹ ਸਾਹਿਬ ਕਾਹਲੀ ਵਿਚ ਕੇਕ ਵਾਲਾ ਡੱਬਾ ਰਜਨੀ ਵੱਲ ਉਲਾਰਦਾ ਉਸ ਸਹੇਲੀ ਪਿੱਛੇ ਨੱਸ ਗਿਆ ਸੀ।

ਰਜਨੀ ਨੇ ਜਦੋਂ ਡੱਬਾ ਖੋਲ੍ਹਿਆ ਤਾਂ ਵਿਚ ਠਿੱਬਾ ਹੋ ਗਿਆ ਗਜ਼ਬ ਦਾ ਕੇਕ ਸੀ। ਪਹਿਲੀ ਵਾਰ ਰਜਨੀ ਨੇ ਅਜਿਹਾ ਕੇਕ ਵੇਖਿਆ ਸੀ। ਉਹ ਦੋਵੇਂ ਭੈਣ-ਭਰਾ ਹਾਬੜਿਆਂ ਵਾਂਗ ਕੇਕ 'ਤੇ ਟੁੱਟ ਕੇ ਪਏ ਸਨ, ਕਿਉਂ ਜੋ ਕੇਕ ਦਾ ਗੁਲਾਬੀ ਰੰਗ ਤੇ ਉਸ ਵਿਚੋਂ ਆ ਰਹੀ ਮਣਾਂ-ਮੂੰਹੀ ਖੁਸ਼ਬੂ ਕਿੱਥੇ ਜੇਰਾ ਕਰਨ ਦਿੰਦੀ। ਕੇਕ ਦੀਆਂ ਪਰਤਾਂ ਵਿਚ ਮਿੱਠੀ ਕਿਰਕ ਵਰਗਾ ਲਾਲ-ਲਾਲ ਸਟਰਾਬੇਰੀਆਂ ਦਾ ਸਵਾਦ ਅੱਜ ਵੀ ਜ਼ੁਬਾਨ 'ਤੇ ਘੁਲ ਗਿਆ ਜਾਪਦਾ ਸੀ।

ਕੇਕ ਨੂੰ ਚੇਤੇ ਕਰਦਿਆਂ ਸਵਾਦ-ਸਵਾਦ ਹੋ ਗਈ ਰਜਨੀ ਆਪਣੀ ਝੁੱਗੀ ਦੇ ਬੂਹੇ ਅੱਗੇ ਜਾ ਪਹੁੰਚੀ।

ਝੁੱਗੀ ਦੇ ਟੀਨ ਵਾਲੇ ਬੂਹੇ ਦੀ ਤਾਰ ਖੋਲ੍ਹ ਕੇ ਉਹਨੂੰ ਅੰਦਰ ਵੜਦੀ ਨੂੰ ਸਾਹਮਣੀ ਝੁੱਗੀ ਵਾਲੀ ਨੰਦਨੀ ਤਾਈ ਨੇ ਆਵਾਜ਼ ਦਿੱਤੀ, "ਛੋਰੀ ਇੱਤੀ ਜਲਦੀ! ਤੂੰ ਠੀਕ ਤੋ ਹੈ?"

ਪਹਿਲਾਂ 'ਹਾਂ' ਫਿਰ 'ਨਾਂਹ' ਵਿਚ ਸਿਰ ਹਿਲਾਉਂਦੀ ਉਹ ਛੱਪਰ ਅੰਦਰ ਵੜ ਗਈ। ਟੀਨ ਦੇ ਬੂਹੇ ਨੂੰ ਵਾਪਸ ਲਾਇਆ। ਧਕ-ਧਕ ਕਰਦੇ ਦਿਲ ਨਾਲ ਤਖਤਪੋਸ਼ਨੁਮਾ ਮੰਜੇ ਦੇ ਨੇੜੇ ਜ਼ਮੀਨ 'ਤੇ ਬੈਠ ਗਈ। ਫਟੀ ਪੁਰਾਣੀ ਚਾਦਰ ਠੀਕ ਕੀਤੀ। ਕਾਹਲੀ ਨਾਲ ਲਿਫ਼ਾਫ਼ਾ ਬਗ਼ਲੀ 'ਚੋਂ ਕੱਢ ਕੇ ਮੰਜੇ ਤੇ ਰੱਖਿਆ। ਹੌਂਸਲਾ ਕਰਕੇ ਕੰਨ ਨੇੜੇ ਕੀਤਾ ਅਤੇ ਕੋਈ ਆਵਾਜ਼ ਤਾਂ ਨਹੀਂ ਸੀ ਆ ਰਹੀ। ਰਹਿੰਦ-ਖੂੰਹਦ ਨੂੰ ਲੀਰ ਨਾਲ ਸਾਫ਼ ਕੀਤਾ। ਚਾਕੂ ਨਾਲ ਗੰਢਾਂ ਕੱਟੀਆਂ। ਲਿਫ਼ਾਫ਼ੇ ਅੰਦਰੋਂ ਤਿੰਨ ਹੋਰ ਲਿਫ਼ਾਫ਼ੇ ਨਿਕਲਦੇ ਆਏ। ਇਕ-ਦੋ-ਤਿੰਨ-ਚਾਰ ... ਉਤਸੁਕਤਾ ਨਾਲ ਉਸਨੂੰ ਆਪਣੇ ਦਿਲ ਦੀ ਧੜਕਣ ਸਾਫ਼ ਸੁਣਾਈ ਦੇਣ ਲੱਗੀ ਸੀ। ਉਹ ਤ੍ਰਭਕ ਕੇ ਉੱਠੀ ਜਿਵੇਂ ਵਿਚੋਂ ਕਿਸੇ ਬਿੱਛੂ ਨੇ ਡੰਗ ਮਾਰਿਆ ਹੋਵੇ। ਅੱਖਾਂ ਮਲ਼ੀਆਂ, ਫਿਰ ਵੇਖਿਆ। ਅੰਦਰ ਜੋ ਕੁਝ ਸੀ, ਉਸਦਾ ਕਿਆਸ ਤਾਂ ਉਸਨੇ ਸੁਪਨੇ ਵਿਚ ਵੀ ਨਹੀਂ ਕੀਤਾ ਸੀ। ਫਿਰ ਹੌਂਸਲਾ ਕਰਕੇ ਲਾਗੇ ਬੈਠੀ। ਉਸਦੇ ਦੋਵੇਂ ਹੱਥ ਲਿਫ਼ਾਫ਼ੇ ਵਿਚੋਂ ਪੰਜ-ਪੰਜ ਸੌ ਦੇ ਨੋਟਾਂ ਦੀਆਂ ਗੱਡੀਆਂ ਕੱਢ ਕੇ ਬਾਹਰ ਰੱਖਣ ਲੱਗੇ।

ਇੱਕ-ਦੋ-ਪੰਜ-ਅੱਠ-ਦੱਸ। ਫਿਰ ਤੋਂ ਗਿਣਤੀ ਕੀਤੀ। ਉਸਨੂੰ ਨਾ ਤਾਂ ਆਪਣੀਆਂ ਅੱਖਾਂ 'ਤੇ ਵਿਸ਼ਵਾਸ ਆ ਰਿਹਾ ਸੀ ਨਾ ਕਿਸਮਤ 'ਤੇ। ਬਿਸਤਰੇ 'ਤੇ ਰੱਖੀਆਂ ਨੋਟਾਂ ਦੀਆਂ ਗੱਡੀਆਂ ਨੂੰ ਉਂਗਲਾਂ ਰੱਖ ਕੇ ਫਿਰ ਤੋਂ ਗਿਣਿਆ। ਦੱਸ ਗੱਡੀਆਂ ਸਨ। ਹਰੇ-ਹਰੇ ਰੰਗ ਦੇ ਨੋਟਾਂ ਦੀਆਂ ਇਹਨਾਂ ਗੱਡੀਆਂ ਵਿਚ ਕੁਲ ਕਿੰਨੇ ਰੁਪਈਏ ਹੋਣਗੇ, ਇਤਨੀ ਗਿਣਤੀ ਉਸਨੂੰ ਨਹੀਂ ਸੀ ਆਉਂਦੀ। ਉਹ ਵਾਰ-ਵਾਰ ਕਦੇ ਨੋਟਾਂ ਨੂੰ ਹੱਥ ਲਾਉਂਦੀ , ਕਦੀ ਆਪਣੇ-ਆਪ ਨੂੰ ਚੂੰਢੀਆਂ ਵੱਢ ਕੇ ਵੇਖਦੀ। ਉਸਨੇ ਰੌਂਟੀ ਦੀ ਤਲਾਈ ਜੋ ਪਿਛਲੇ ਸਾਲ ਉਨ੍ਹਾਂ ਨੂੰ ਕੂੜੇ ਤੋਂ ਹੀ ਲੱਭੀ ਸੀ, ਨੁੱਕਰੋਂ ਚੁੱਕ ਕੇ ਨੋਟਾਂ 'ਤੇ ਲਿਆ ਵਿਛਾਈ ਅਤੇ ਆਪ ਉਨ੍ਹਾਂ ਉਤੇ ਲੰਮੇ ਪੈ ਗਈ।

ਕੁਝ ਧਿਆਨ 'ਚ ਲਿਸ਼ਕਿਆ ਤੇ ਉੱਠ ਕੇ ਤਲਾਈ ਦੀ ਨੁੱਕਰ ਚੁੱਕ ਦਿੱਤੀ। ਪੰਜ-ਪੰਜ ਸੌ ਦੇ ਹਰੇ ਰੰਗ ਦੇ ਉਹੀ ਨੋਟ ਸਨ ਜੋ ਅੱਜਕੱਲ੍ਹ ਚੱਲ ਰਹੇ ਸਨ। ਵਰਨਾ ਨੋਟਬੰਦੀ ਤੋਂ ਬਾਅਦ ਤਾਂ

ਸ਼ੰਕਰ ਨੂੰ ਕਈ ਵਾਰ ਰਾਤੋਂ ਰਾਤ ਪੁਰਾਣੇ ਆਖ ਦਿੱਤੇ ਗਏ ਨੋਟਾਂ ਦੇ ਝੋਲਿਆਂ ਦੇ ਝੋਲੇ ਕੂੜੇ ਵਿਚੋਂ ਲੱਭਦੇ ਰਹੇ ਸਨ। ਉਨ੍ਹਾਂ ਨੂੰ ਸ਼ੰਕਰ ਚਾਚਾ ਨੇ ਕਈ ਥਾਈਂ ਬਦਲਾਉਣ ਲਈ ਹੱਥ-ਪੈਰ ਮਾਰੇ ਸਨ ਪਰ ਸਫਲ ਨਹੀਂ ਸੀ ਹੋ ਸਕਿਆ। ਹਾਰ ਕੇ ਉਨ੍ਹਾਂ ਨੂੰ ਉਹ ਪੰਜ-ਪੰਜ ਸੌ ਤੇ ਹਜ਼ਾਰ-ਹਜ਼ਾਰ ਦੇ ਨੋਟ ਚੁੱਲ੍ਹੇ ਦੀ ਅੱਗ ਵਿਚ ਮਚਾ ਕੇ ਮੁਕਾਉਣੇ ਪਏ।

ਰਜਨੀ ਨੇ ਗੱਡੀ ਵਿਚੋਂ ਇੱਕ ਨੋਟ ਬਾਹਰ ਕੱਢਿਆ, ਵੇਖਿਆ। ਇਸ ਪੰਜ ਸੌ ਰੁਪਏ ਦੇ ਹਰੇ ਨੋਟ ਉੱਤੇ ਮਹਾਤਮਾ ਗਾਂਧੀ ਦੀ ਮੂਰਤ ਛਪੀ ਹੋਈ ਸੀ। ਗਾਂਧੀ ਦੇ ਮੂੰਹ ਅੱਗੇ ਹਰੀਆਂ ਚਮਕਦਾਰ ਛੇ ਡੱਬੀਆ ਜੜੀਆਂ ਹੋਈਆਂ ਸਨ। ਝੀਥ ਵਿਚੋਂ ਬਾਹਰੋਂ ਆ ਰਹੀ ਰੌਸ਼ਨੀ ਵਿਚ ਉਸਨੇ ਨੋਟ ਉਲਟਾ-ਪਲਟਾ ਕੇ ਵੇਖਿਆ। ਗਾਂਧੀ ਦੀ ਪਿੱਠ ਪਿੱਛੇ ਇਹ ਲਾਲ ਕਿਲ੍ਹਾ ਉਸਦੇ ਸਕੂਲੇ ਪੜ੍ਹਨ ਸਮੇਂ ਦੀ ਸਮਾਜਿਕ ਦੀ ਕਿਤਾਬ ਵਿਚ ਵੀ ਹੁੰਦਾ ਸੀ। ਗਾਂਧੀ ਦੀ ਐਨਕ ਉੱਤੇ 'ਸਵੱਛ ਭਾਰਤ' ਵੀ ਲਿਖਿਆ ਹੋਇਆ ਸੀ। ਇਤਨਾ ਕੁ ਤਾਂ ਉਸਨੇ ਮਿਊਨਸਪੈਲਟੀ ਦੇ ਸਕੂਲ ਤੋਂ ਪੜ੍ਹਨਾ ਸਿੱਖਿਆ ਹੀ ਸੀ। ਇਹ ਸੋਚ ਕੇ ਉਸਨੂੰ ਝੁਣਝੁਣੀ ਆ ਗਈ ਕਿ ਕੂੜੇ ਦੇ ਢੇਰ ਵਿਚੋਂ 'ਸਵੱਛ ਭਾਰਤ' ਵਾਲੇ ਨੋਟ ਸ਼ਾਇਦ ਉਸਨੂੰ ਬਾਪੂ ਗਾਂਧੀ ਦੀ ਕਿਰਪਾ ਨਾਲ ਮਿਲੇ ਸਨ।

ਉਸਨੇ ਗਾਂਧੀ ਦੀ ਫੋਟੋ ਨੂੰ ਚੁੰਮਿਆ 'ਬਾਪੂ ਗਾਂਧੀ ਕੀ ਜੈ' ਆਖ ਛੱਪਰ ਦੀ ਛੱਤ ਵੱਲ ਨੂੰ ਲੱਗੀ ਬੰਨੀ 'ਤੇ ਪਈ ਗਣੇਸ਼ ਭਗਵਾਨ ਦੀ ਮੂਰਤੀ ਵੱਲ ਵੇਖਿਆ। ਇਹ ਉਹ ਮੂਰਤੀ ਸੀ ਜੋ ਗਣੇਸ਼ ਵਿਸਰਜਨ ਵਾਲੇ ਦਿਨ ਸਮੁੰਦਰ ਵਿਚ ਡੁੱਬਣੋਂ ਇਨਕਾਰ ਕਰ ਗਈ ਸੀ। ਰਜਨੀ ਨੂੰ ਉਥੋਂ ਲੱਭੀ ਇਹ ਮੂਰਤੀ ਆਪਣੀ ਕਿਸਮਤ ਦਾ ਗਣੇਸ਼ ਭਗਵਾਨ ਲੱਗਦੀ ਸੀ। ਉਸਨੇ ਨੋਟ ਦੋਹਰੀ ਤਹਿ ਕਰਕੇ ਗਣੇਸ਼ ਦੀ ਮੂਰਤੀ ਥੱਲੇ ਰੱਖ ਦਿੱਤਾ ਤੇ ਸਿਰ ਹਲਕਾ ਜਿਹਾ ਨਿਵਾਇਆ।

'ਉਹ ਇਹਨਾਂ ਪੈਸਿਆਂ ਨਾਲ ਕੀ-ਕੀ ਕਰ ਸਕਦੀ ਸੀ' ਇਹਨਾਂ ਭੰਬਲਭੂਸਿਆਂ 'ਚ ਪਈ ਉਹ ਬਿਸਤਰੇ 'ਤੇ ਆਣ ਪਈ। 'ਪਰ ਉਹ ਰੌਂਟੀ ਦਾ ਕੀ ਕਰੇ ... ਉਸਨੂੰ ਦੱਸੇ ਜਾਂ ਨਾ ਦੱਸੇ, ਉਹ ਤਾਂ ਨਿਰਾ ਭੌਂਕਾ ਹੀ ਹੈ' ਵਿਚਾਰ ਉਸਨੂੰ ਪਰੇਸ਼ਾਨ ਕਰਨ ਲੱਗਾ। ਰੌਂਟੀ ਤਾਂ ਸ਼ੰਕਰ ਚਾਚਾ ਤੋਂ ਕੋਈ ਗੱਲ ਨਹੀਂ ਸੀ ਲੁਕੋਂਦਾ। ਆਖਰ ਉਸਤਾਦ ਨੇ ਹੀ ਤਾਂ ਦੋਵੇਂ ਭੈਣ-ਭਰਾ ਨੂੰ ਪਾਲਿਆ ਸੀ। ਪਰ ਚਾਚੇ ਨੂੰ ਤਾਂ ਬਿਲਕੁਲ ਨਹੀਂ ਦੱਸਣਾ ਸੀ। ਉਹਨੇ ਆਪਣੇ ਆਪ ਨਾਲ ਪੱਕ ਕੀਤੀ।

ਫਿਰ ਅਚਾਨਕ ਉਹ ਦੁਬਾਰਾ ਉੱਠੀ ਤੇ ਆਪਣੀ ਕਮੀਜ਼ ਦੇ ਪਿਛਲੇ ਘੇਰੇ ਨੂੰ ਅਗਾਂਹ ਲਿਆ ਕੇ ਜਾਂਚਣ ਲੱਗੀ। ਮਹੀਨੇ ਦੇ ਭਿੱਜੇ ਦਿਨ ਚੱਲ ਰਹੇ ਸਨ, ਨੋਟਾਂ 'ਤੇ ਕਿਤੇ ਕੋਈ ਦਾਗ਼ ਹੀ ਨਾ ਲੱਗ ਜਾਏ। ਨਜ਼ਰ ਸਾਹਮਣੀ ਤਰਪਾਲ ਨਾਲ ਚਿਪਕੇ ਟੁੱਟੇ ਸ਼ੀਸ਼ੇ ਵਿਚ ਆਪਣੇ ਆਪ ਨਾਲ ਜਾ ਮਿਲੀ। ਉਹ ਮੁਸਕਰਾ ਪਈ। ਚੇਤੇ ਕਰਕੇ ਕਿ ਜਦੋਂ ਉਸਨੂੰ ਪਿਛਲੀ ਦਿਵਾਲੀ 'ਤੇ ਪਹਿਲੀ ਵਾਰ ਮਾਹਵਾਰੀ ਆਈ ਸੀ ਤਾਂ ਉਸਦੇ ਸੁੱਤੀ ਪਈ ਦੇ ਕੱਪੜੇ ਲਹੂ ਨਾਲ ਭਰ ਗਏ ਸਨ। ਬਿਸਤਰ 'ਤੇ ਇਤਨਾ ਖ਼ੂਨ ਦੇਖ ਕੇ ਰੌਂਟੀ 'ਲਹੂ-ਲਹੂ' ਚੀਕ ਉੱਠਿਆ ਸੀ। ਰੱਬੋਂ ਹੀ ਸ਼ੰਕਰ ਚਾਚਾ ਬਾਹਰ ਗਿਆ ਹੋਇਆ ਸੀ। ਸਾਹਮਣੀ ਨੰਦਨੀ ਤਾਈ, ਜਿਸਦਾ ਸ਼ੰਕਰ ਨਾਲ ਟਾਂਕਾ ਵੀ ਸੀ ਉਸਨੇ ਰੌਂਟੀ ਨੂੰ ਦਬਕਾ ਮਾਰ ਕੇ ਚੁੱਪ ਕਰਾਉਂਦਿਆਂ ਮੌਕਾ ਸੰਭਾਲ ਲਿਆ ਸੀ। ਕਿੰਨਾ ਚਲਾਕ ਹੈ ਸ਼ੰਕਰ। ਚਾਚਾ ਕਹਿਣ ਨੂੰ ਉਹਦਾ ਜੀਅ ਨਹੀਂ ਕੀਤਾ। ਉਹ ਬੁੜਬੁੜਾਈ, 'ਆਪਨੀ ਲੜਕੀ ਹੋਤੀ ਤੋ ਕਿਆ ਐਸੇ ਰੱਖਤਾ'। ਜਿਸ ਤਰ੍ਹਾਂ ਸ਼ੰਕਰ ਉਸਤੋਂ ਰੋਜ਼ ਲੋਹਾ ਵੇਚਣ ਦੀ ਕਮਾਈ ਖੋਹ ਲੈਂਦਾ ਸੀ, ਮਨ ਵਿਚ ਉਸ ਲਈ ਰੰਜ ਜਾਗ ਉੱਠਿਆ।

'ਸਾਲਾ!' ਕਹਿਕੇ ਉਸਨੇ ਥੁੱਕਿਆ।

ਇੰਨੇ ਚਿਰ 'ਚ ਰੌਂਟੀ ਧੁੱਸ ਦੇ ਕੇ ਛਾਲਾਂ ਮਾਰਦਾ ਅੰਦਰ ਵੜਿਆ। ਰਜਨੀ ਦੇ ਕੁਝ ਬੋਲਣ ਤੋਂ ਪਹਿਲਾਂ ਉਹ ਟਪੂਸੀ ਮਾਰ ਕੇ ਮੰਜੇ 'ਤੇ ਆ ਚੜ੍ਹਿਆ।

"ਇੱਤੀ ਜਲਦੀ ਕਿਉਂ ਆ ਗਈ !" ਸਵਾਲ ਵਰਗੀ ਹੈਰਾਨੀ ਰੌਂਟੀ ਦੇ ਬੋਲਾਂ ਵਿਚ ਸੀ।

" ਫਿਰ ਬੁਖ਼ਾਰ ਹੋ ਗਯਾ ਥਾ, ਧੂਪ ਮੇਂ ਸਿਰ ਘੂਮਨੇ ਲਗਾ ਤੋ ਚਲੀ ਆਈ," ਬੇਦਿਲੀ ਨਾਲ ਰਜਨੀ ਬੋਲੀ।

"ਸ਼ੰਕਰ ਚਾਚਾ ਲਾ ਰਹਾ ਹੈ ਖਾਨਾ ਅਭੀ ਹੋਟਲ ਵਾਲੀ ਗਾੜੀ ਆਈ ਥੀ, ਬਹੁਤ ਕੁਛ ਹੈ ਉਸ ਮੇਂ," ਕਹਿੰਦਿਆਂ ਰੌਂਟੀ ਦੇ ਮੂੰਹ ਦੀ ਲਾਰ ਵਗ ਤੁਰੀ। ਉਸਦੇ ਹੱਥਾਂ ਵਿਚ ਰੰਗ-ਬੰਰਗੀਆਂ ਡੱਬੀਆਂ ਵਾਲਾ ਟੁੱਟਾ -ਭੱਜਾ ਪਲਾਸਟਿਕ ਦਾ ਰੂਬਿਕ ਕਿਊਬ ਸੀ। ਉਹ ਦੋਵੇਂ ਹੱਥਾਂ ਨਾਲ ਉਹਦੇ ਜੋੜ-ਤੋੜ ਬਣਾਉਂਦਾ ਗੁਣਗੁਣਾਉਣ ਵਿਚ ਮਸਤ ਸੀ।

ਹੋਟਲਾਂ ਦਾ ਵਧਿਆ ਹੋਇਆ ਖਾਣਾ ਅਕਸਰ ਇਨ੍ਹਾਂ ਕੂੜਾਬੀਨਾਂ ਦਾ ਭੋਜਨ ਹੋਇਆ ਕਰਦਾ ਹੈ। ਕਦੇ-ਕਦੇ ਲੋਹਾ ਜਾਂ ਪਲਾਸਟਿਕ ਵੇਚ ਕੇ ਚਾਰ ਪੈਸੇ ਬਣ ਜਾਣ ਤਾਂ ਉਹ ਖਾਣਾ ਪਕਾਉਣ ਦਾ ਸਮਾਨ ਵੀ ਲੈ ਆਇਆ ਕਰਦੇ।

ਘਸਮੈਲੀ ਸ਼ਾਮ ਰਾਤ ਵਿਚ ਵੱਟ ਰਹੀ ਸੀ। ਰਜਨੀ ਦੁਚਿੱਤੀ ਵਿਚ ਬਿਸਤਰੇ 'ਤੇ ਪਾਸੇ ਪਰਤ ਰਹੀ ਸੀ। ਸ਼ੰਕਰ ਚਾਚਾ ਰੋਟੀ ਲਿਆਇਆ ਤਾਂ ਤਲਾਈ ਦੀ ਬੇਵਿਸਾਹੀ ਕਰਕੇ ਉਹ ਬੁਖ਼ਾਰ ਦਾ ਬਹਾਨਾ ਲਾ ਉਂਜ ਹੀ ਪਈ ਰਹੀ। ਸ਼ੰਕਰ ਤੇ ਰੌਂਟੀ ਨੇ ਰੋਟੀ ਖਾ ਲਈ ਪਰ ਉਹ ਟੱਸ ਤੋਂ ਮੱਸ ਨਾ ਹੋਈ। ਮਨ ਵਿਚ ਚੂਹੇ ਕੁਤਰਨ ਲੱਗੀ ਹੋਈ ਸੀ ਕਿ ਰੌਂਟੀ ਨੂੰ ਉਹ ਕਿਵੇਂ ਦੱਸੇ ਕਿ ਉਹ ਕਿੰਨੇ ਅਮੀਰ ਹੋ ਗਏ ਸਨ। ਸ਼ੰਕਰ ਨੂੰ ਉਹ ਬਿਲਕੁਲ ਪਤਾ ਨਹੀਂ ਸੀ ਲੱਗਣ ਦੇਣਾ ਚਾਹੁੰਦੀ।

ਦੂਰ ਕਿਤੇ ਗੀਤ ਦਾ ਸੁਰ ਉੱਭਰਿਆ, "ਅਪਨਾ ਟਾਈਮ ਆਏਗਾ ... ਅਪਨਾ ਟਾਈਮ ਆਏਗਾ ..." ਰਜਨੀ ਨੂੰ ਪ੍ਰਤੀਤ ਹੋਇਆ ਕਿ ਉਸਦੀ ਕਿਸਮਤ ਦੇ ਗਣੇਸ਼ਾ ਨੇ ਉਸਦੀ ਖ਼ੁਸ਼ਨਸੀਬੀ ਦੇ ਦਵਾਰ ਖੋਲ੍ਹ ਦਿੱਤੇ ਸਨ। ਉਹ ਖਿਆਲਾਂ ਵਿਚ ਤੈਰਨ ਲੱਗੀ- ਉਸਦਾ 'ਆਪਣਾ ਘਰ' ਹੋਏਗਾ। ਉਹ ਰੌਂਟੀ ਨੂੰ ਚੰਗੇ ਸਕੂਲ ਭੇਜੇਗੀ। ਰੌਂਟੀ ਨੂੰ ਉਹ ਰੋਜ਼ ਸਵੇਰੇ ਸਕੂਲ ਦੀ ਬੱਸ 'ਤੇ ਚੜ੍ਹਾ ਕੇ ਆਇਆ ਕਰੇਗੀ। ਉਸਦੇ ਘਰ ਦੇ ਬਗੀਚੇ ਵਿਚ ਲਾਲ ਗੁਲਾਬ ਦੇ ਫੁੱਲ ਲੱਗਣਗੇ। ਉਸਦੀਆਂ ਨਾਸਾਂ ਨੂੰ ਫੁੱਲਾਂ ਦੀ ਮਹਿਕ ਦਾ ਨਸ਼ਾ ਚੜ੍ਹਨ ਲੱਗਿਆ। ਖਿਆਲਾਂ ਵਿਚ ਨੌਕਰ-ਚਾਕਰ, ਕਾਰਾਂ, ਬੰਗਲੇ ਸਾਕਾਰ ਹੋਣ ਲੱਗੇ। ਉਹ ਆਪ ਲਿਸ਼ਕਦੀ ਲੰਬੀ ਕਾਲੀ ਕਾਰ ਵਿਚੋਂ ਸੁਨਹਿਰੀ ਲੰਬੀ ਹੀਲ ਵਾਲੀ ਜੁੱਤੀ ਪਹਿਨੀ ਉੱਤਰੀ। ਉਸਦੇ ਗੁਲਾਬੀ ਗਾਊਨ ਵਿਚੋਂ ਗੁਲਾਬਾਂ ਦੀ ਮਹਿਕ ਦੀਆਂ ਲਪਟਾਂ ਉੱਠ ਰਹੀਆਂ ਸਨ। ਉਸਦਾ ਗਾਊਨ ਅਚਨਚੇਤ ਉਸਦੀ ਆਪਣੀ ਜੁੱਤੀ ਦੀ ਹੀਲ ਵਿਚ ਅਟਕਿਆ ਤਾਂ ਉਸਨੂੰ ਡਿੱਗਦੀ-ਡਿੱਗਦੀ ਨੂੰ ਕਿਸੇ ਫ਼ਿਲਮੀ ਹੀਰੋਨੁਮਾ ਆਦਮੀ ਨੇ ਬੋਚ ਲਿਆ। ਬੇਮਿਸਾਲ ਹੁਸਨ ਲਾਜਵਾਬ ਇਸ਼ਕ ਦੀਆਂ ਬਾਹਵਾਂ ਵਿਚ ਸੀ। ਕਿਸੇ ਹੀਰੋ-ਹੀਰੋਇਨ ਵਾਂਗ ਦੋਵਾਂ ਉੱਤੇ ਕੈਮਰਿਆਂ ਦੀਆਂ ਫ਼ਲੈਸ਼ਾਂ ਦੀ ਟਿੱਕ-ਟਿੱਕ ਹੋ ਰਹੀ ਸੀ। ਉਹ ਆਪਣੇ ਮਰਦ-ਸਾਥੀ ਦੀਆਂ ਅੱਖਾਂ ਵਿਚੋਂ ਪ੍ਰੇਮ-ਨਿਵੇਦਨ ਪੜ੍ਹ ਰਹੀ ਸੀ। ਉਸਨੇ ਮਰਦ-ਸਾਥੀ ਦੀਆਂ ਬਾਹਵਾਂ ਵਿਚ ਆਪਣੇ ਆਪ ਨੂੰ ਕਿੰਨਾ ਸੁਰੱਖਿਅਤ ਮਹਿਸੂਸ ਕੀਤਾ ਸੀ। ਦੋਵਾਂ ਨੇ ਇਸ ਪ੍ਰੇਮ-ਪਲ ਨੂੰ ਮੂਕ ਅੱਖਾਂ ਨਾਲ ਸਵੀਕਾਰ ਕਰ ਲਿਆ ਸੀ। ਦੋਵਾਂ ਦੇ ਚਿਹਰੇ ਇਤਨੇ ਨਜ਼ਦੀਕ ਆ ਗਏ ਕਿ ਉਹਨਾਂ ਨੂੰ ਇੱਕ ਦੂਜੇ ਦੀ ਤੇਜ਼ ਹੋਈ ਧੜਕਣ ਸੁਣਾਈ ਦੇ ਰਹੀ ਸੀ। ਰਜਨੀ ਦੇ ਸਾਹ ਧੌਂਕਣੀ ਵਾਂਗ ਚੱਲਣ ਲੱਗੇ। ਉਸਨੇ ਨਾਲ ਪਿਆ ਬਿੱਲੀ ਦਾ ਲੀਰੋ-ਲੀਰ ਖਿਡੌਣਾ ਫੜ ਕੇ

ਛਾਤੀ ’ਤੇ ਕੱਸ ਲਿਆ।

‘ਪੈਸੇ-ਪੈਸੇ-ਪੈਸੇ’ ਦਾ ਸ਼ੋਰ ਸੁਣ ਉਹ ਫੁਰਤੀ ਨਾਲ ਉੱਠੀ।

ਸਵੇਰ ਚੜ੍ਹ ਆਈ ਸੀ। ਸ਼ੰਕਰ ਬਾਹਰ ਚਲਿਆ ਗਿਆ ਹੋਇਆ ਸੀ। ਰੌਂਟੀ ਦੇ ਇੱਕ ਹੱਥ ਵਿਚ ਪੰਜ ਸੌ ਦਾ ਨੋਟ ਲਹਿਰਾ ਰਿਹਾ ਸੀ। ਦੂਜੇ ਹੱਥ ਵਿਚ ਗਣੇਸ਼ ਦੀ ਮੂਰਤੀ ਫੜੀ ਹੋਈ ਸੀ। ਝੱਟਪਟ ਉਸਨੇ ਰੌਂਟੀ ਦੇ ਹੱਥੋਂ ਗਣੇਸ਼ ਦੀ ਮੂਰਤੀ ਤੇ ਨੋਟ ਖੋਹਿਆ ਤੇ ਤਲਾਈ ਦੀ ਇੱਕ ਨੁੱਕਰ ਚੁੱਕ ਦਿੱਤੀ। ਰੌਂਟੀ ਦੀਆਂ ਅੱਖਾਂ ਫਟੀਆਂ ਹੋਈਆਂ ਰਹਿ ਗਈਆਂ। ਮੂੰਹ ਖੁੱਲ੍ਹਾ ਦਾ ਖੁੱਲ੍ਹਾ ਰਹਿ ਗਿਆ। ਰਜਨੀ ਨੇ ਆਪਣੇ ਖੱਬੇ ਹੱਥ ’ਚ ਫੜੀ ਗਣੇਸ਼ ਮੂਰਤੀ ਨਾਲ ਰੌਂਟੀ ਦਾ ਠੋਡੀ ਤੋਂ ਧੱਕ ਕੇ ਮੂੰਹ ਬੰਦ ਕੀਤਾ। ਰੌਂਟੀ ਡੌਰ-ਭੌਰ ਝਾਕ ਰਿਹਾ ਸੀ।

ਰਜਨੀ ਨੇ ਉਸਨੂੰ ਸਹਿਜ ਨਾਲ ਕੋਲ ਬਿਠਾਇਆ। ਕੱਲ੍ਹ ਸ਼ਾਮੀਂ ਛੇਤੀ ਮੁੜ ਆਉਣ ਦਾ ਕਾਰਨ ਦੱਸਿਆ। ਨਾਲ ਹੀ ਆਪਣੀ ਕਸਮ ਦਿੱਤੀ ਕਿ ਉਹ ਹੋਰ ਰੌਲ਼ਾ ਨਹੀਂ ਪਾਵੇਗਾ।

ਰਜਨੀ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਹੁਣ ਉਥੇ ਰੁਕਣਾ ਖ਼ਤਰੇ ਤੋਂ ਖਾਲੀ ਨਾ ਹੋਵੇਗਾ।

ਉਸਦੇ ਹੱਥ ਉਸਦੇ ਦਿਮਾਗ ਤੋਂ ਵੀ ਤੇਜ਼ ਚੱਲਣ ਲੱਗੇ। ਨੋਟਾਂ ਦੀਆਂ ਸਾਰੀਆਂ ਗੱਡੀਆਂ ਇਕੱਠੀਆਂ ਕੀਤੀਆਂ। ਉਸੇ ਕਾਲੇ ਲਿਫ਼ਾਫ਼ੇ ਨੂੰ ਨੋਟਾਂ ਥੱਲਿਉਂ ਕੱਢ ਕੇ ਉਸ ਵਿਚ ਗੱਡੀਆਂ ਚਿਣ ਦਿੱਤੀਆਂ। ਲਿਫ਼ਾਫ਼ਾ ਬਗ਼ਲੀ ਵਿਚ ਤੁੰਨਿਆ। ਉਸ ਉੱਤੇ ਆਪਣੇ ਭਰਾ ਦੇ ਮਾੜੇ-ਮੋਟੇ ਕੱਪੜੇ ਨੱਪ ਕੇ ਪਾ ਲਏ। ਉਸਨੇ ਰੌਂਟੀ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਤੇ ਉਸਦਾ ਸੱਜਾ ਹੱਥ ਫੜ ਕੇ ਬਾਹਰ ਵੱਲ ਤੁਰ ਪਈ। ਟੀਨ ਦਾ ਬੂਹਾ ਭੇੜਨ ਤੋਂ ਪਹਿਲਾਂ ਉਸਨੇ ਸਰਸਰੀ ਨਿਗਾਹ ਝੁੱਗੀ ਅੰਦਰ ਘੁਮਾਈ। ਸਿਰ ਨੂੰ ਇੱਕ ਵਾਰ ਸੇਕ ਜਿਹਾ ਚੜ੍ਹਦਾ ਜਾਪਿਆ। ਅਗਲੇ ਹੀ ਪਲ ਚਾਰੇ ਪੈਰ ਰਵਾਂ-ਰਵੀਂ ਬਾਹਰ ਸੜਕਾਂ ਮਾਪ ਰਹੇ ਸਨ। ਉਹ ਹਰ ਕਦਮ ਫੂਕ-ਫੂਕ ਕੇ ਰੱਖ ਰਹੇ ਸਨ। ਇਸ ਆਸ ਨਾਲ ਕਿ ਉਹ ਉੱਥੇ ਕਦੀ ਵਾਪਸ ਨਹੀਂ ਪਰਤਣਗੇ। ਪੈਰਾਂ ਦੀ ਰਫ਼ਤਾਰ ਤਾਂ ਮੋਟਰ ਗੱਡੀਆਂ ਨੂੰ ਵੀ ਮਾਤ ਪਾ ਰਹੀ ਸੀ।

ਜਾਣੀਆਂ-ਪਛਾਣੀਆਂ ਸੜਕਾਂ ਕੱਛਦੇ ਇਹ ਚਾਰੇ ਪੈਰ ਰੇਲਵੇ ਸਟੇਸ਼ਨ ਨੇੜੇ ਜਾ ਪਹੁੰਚੇ। ਸਟੇਸ਼ਨ ਦੇ ਬਾਹਰ ਫੁਕਰਾ ਹੌਲਦਾਰ ਮੱਥੇ ਲੱਗਿਆ। ‘ਮਨਹੂਸ! ਦਿਹਾੜੀ ਬਰਬਾਦ ਕਰੇਗਾ,’ ਰਜਨੀ ਦੀ ਪਾਰਖੂ ਨਜ਼ਰ ਨੇ ਭਾਂਪਦਿਆਂ ਖੱਬੇ ਪਾਸੇ ਵੱਲ ਮੋੜ ਕੱਟ ਲਿਆ। ਉਹ ਫੁਕਰੇ ਦੀਆਂ ਅੱਖਾਂ ਦੀ ਭੁੱਖ ਪਛਾਣਦੀ ਸੀ।

ਧੁੱਪ ਤਿੱਖੀ ਹੋ ਰਹੀ ਸੀ ਤੇ ਢਿੱਡ ਦੀ ਭੁੱਖ ਵੀ। ਸਾਰਾ ਰਸਤਾ ਉਹ ਰੌਂਟੀ ਨੂੰ ਸਮਝੌਤੀਆਂ ਦਿੰਦੀ ਆਈ ਸੀ ਕਿ ਕਿਸੇ ਵੀ ਜਾਣੇ-ਅਣਜਾਣੇ ਆਦਮੀ ਨੂੰ ਭੋਰਾ ਸ਼ੱਕ ਨਾ ਹੋਏ, ਆਪਾਂ ਹਰ ਕਦਮ ਸੋਚ-ਸਮਝ ਕੇ ਰੱਖਣਾ ਹੈ।

ਆਖਰ ਕਦਮ ਇੱਕ ਬੇਕਰੀ ਦੇ ਬਾਹਰ ਆ ਕੇ ਰੁਕੇ। ਰਜਨੀ ਨੇ ਆਦਮਕੱਦ ਸ਼ੀਸ਼ੇ ਦੇ ਬੂਹੇ ਵੱਲ ਉੱਤੋਂ ਲੈ ਕੇ ਥੱਲੇ ਤੱਕ ਤੱਕਿਆ। ਉਸ ਉੱਤੇ ਵੱਡੇ ਸਾਰੇ ਕੇਕ ਦੀ ਮੂਰਤ ਜੜੀ ਹੋਈ ਸੀ।

ਉਸ ਨੇ ਰੌਂਟੀ ਨੂੰ ਉੱਥੇ ਬਾਹਰ ਹੀ ਖੜ੍ਹਾ ਰਹਿਣ ਦੀ ਨਸੀਹਤ ਕੀਤੀ। ਆਪਣਾ ਸਾਰਾ ਆਤਮਵਿਸ਼ਵਾਸ ਇਕੱਠਾ ਕਰਕੇ ਉਸਨੇ ਸ਼ੀਸ਼ੇ ਦਾ ਬੂਹਾ ਅੰਦਰ ਵੱਲ ਧੱਕਿਆ। ਅੰਦਰ ਵੜਦਿਆਂ ਮੁੱਠ ਵਿਚ ਘੁੱਟੇ ਹੋਏ ਨੋਟ ਨੂੰ ਹੋਰ ਘੁੱਟ ਲਿਆ। ਮਿੱਠੀ-ਮਿੱਠੀ ਹਵਾੜ ਨਾਸਾਂ ਨਾਲ ਟਕਰਾਈ। ਉਸਨੇ ਲੰਮਾ ਸਾਹ ਖਿੱਚਿਆ ਤਾਂ ਜੋ ਸਾਰੀ ਮਿੱਠੀ ਖੁਸ਼ਬੂ ਨੂੰ ਆਪਣੇ ਅੰਦਰ ਜੀਰ ਲਵੇ। ਵੰਨਸੁਵੰਨੇ

ਕੇਕਾਂ, ਬਿਸਕੁਟਾਂ ਤੇ ਰੰਗ ਬਿਰੰਗੇ ਲਿਫ਼ਾਫ਼ਿਆਂ ਦਾ ਚਾਰੇ ਪਾਸੇ ਅੰਬਾਰ ਲੱਗਿਆ ਹੋਇਆ ਸੀ। ਮਹਿਕਾਂ ਤੇ ਰੰਗਾਂ ਨੇ ਮਿਲ ਕੇ ਬਾਹਰਲੀ ਹਵਾ ਤੇ ਰੌਸ਼ਨੀ ਲਈ ਕੋਈ ਥਾਂ ਨਹੀਂ ਸੀ ਰਹਿਣ ਦਿੱਤੀ।

ਫਰੀਜ਼ਰ ਕੈਂਡੀਆਂ ਪਿੱਛੇ ਖੜ੍ਹੇ ਸੇਲਜ਼ਮੈਨਾਂ ਨੇ ਇਸ ਨਵੇਂ ਗਾਹਕ ਵੱਲ ਹੈਰਾਨੀ ਨਾਲ ਵੇਖਿਆ। ਰਜਨੀ ਨੇ ਝਕਦਿਆਂ-ਝਕਦਿਆਂ ਸ਼ੀਸ਼ੇ ਅੰਦਰ ਸਜਾ ਕੇ ਰੱਖੇ ਗਏ ਨਿੱਕੇ ਜਿਹੇ ਗੁਲਾਬੀ ਰੰਗ ਦੇ ਕੇਕ ਉੱਤੇ ਪਹਿਲੀ ਉਂਗਲੀ ਦਾ ਪੋਟਾ ਦਬਾਇਆ। 'ਚਾਰ ਸੌ' ਕਹਿੰਦਿਆਂ ਸੇਲਜ਼ਮੈਨ ਦੇ ਤਣੇ ਹੋਏ ਭਰਵੱਟਿਆਂ ਵਿਚਲੀ ਤਿਊੜੀ ਹੋਰ ਕੱਸੀ ਗਈ। ਨਵੇਂ ਗਾਹਕ ਦੀਆਂ ਅੱਖਾਂ ਵਿਚ ਤਰਲੇ ਤੇ ਡਰ ਦਾ ਭਾਵ ਪੜ੍ਹਿਆ ਜਾ ਚੁੱਕਾ ਸੀ।

ਰਜਨੀ ਨੇ ਜੱਕੋਤੱਕੀ ਵਿਚ ਸਿਰ ਹਿਲਾ ਕੇ ਹਾਮੀ ਭਰੀ। ਕੱਸੇ ਭਰਵੱਟਿਆਂ ਨੇ ਕੈਸ਼-ਕਾਊਂਟਰ ਵੱਲ ਇਸ਼ਾਰਾ ਕੀਤਾ। ਰਜਨੀ ਨੇ ਮੁੱਠੀ ਵਿਚ ਮੀਟੇ ਹੋਏ ਮੁੜੇ-ਤੁੜੇ ਹਰੇ ਨੋਟ ਨੂੰ ਸੈਨਤ ਨਾਲ ਕੈਸ਼-ਕਾਊਂਟਰ ਵਾਲੇ ਨੂੰ ਵਿਖਾਇਆ। ਕੈਸ਼-ਕਾਊਂਟਰ ਵੱਲੋਂ ਪੇਮੈਂਟ ਕਰਨ ਦਾ ਇਸ਼ਾਰਾ ਹੋਇਆ। ਕੈਸ਼-ਕਾਊਂਟਰ ਤੇ ਕੱਸੇ ਭਰਵੱਟਿਆਂ ਦੀਆਂ ਆਪਸ ਵਿਚ ਨਜ਼ਰਾਂ ਚਾਰ ਹੋਈਆਂ। ਦੋਵਾਂ ਵਿਚ ਸ਼ਰਾਰਤ ਦੇ ਭਾਵ ਦਾ ਸੰਚਾਰ ਹੋਇਆ।

ਕੈਸ਼ੀਅਰ ਤੱਕ ਚਾਰ ਕਦਮਾਂ ਦੀ ਦੂਰੀ ਤੈਅ ਕਰਨਾ ਨਵੇਂ ਗਾਹਕ ਨੂੰ ਔਖਾ ਹੋ ਰਿਹਾ ਸੀ। ਕਈ ਤਰ੍ਹਾਂ ਦੇ ਖਿਆਲਾਂ ਨੇ ਦੁਬਿਧਾ ਪਾਈ ਹੋਈ ਸੀ। ਕੁਝ ਮਿੰਟਾਂ ਬਾਅਦ ਬਾਹਰ ਬੈਠ ਕੇ ਖਾਧੇ ਜਾਣ ਵਾਲੇ ਕੇਕ ਤੋਂ ਲੈ ਕੇ ਜ਼ਿੰਦਗੀ ਵਿਚ ਆਉਣ ਵਾਲੇ ਚੰਗੇ ਦਿਨਾਂ ਦੇ ਸੁਪਨਿਆਂ ਨੇ ਹਲਚਲ ਮਚਾ ਰੱਖੀ ਸੀ।

ਨਵੇਂ ਗਾਹਕ ਦਾ ਖੱਬਾ ਹੱਥ ਝੱਕਦਿਆਂ-ਝੱਕਦਿਆਂ ਕੈਸ਼ ਕਾਊਂਟਰ 'ਤੇ ਨੋਟ ਫੜਾਉਣ ਲਈ ਅੱਗੇ ਵਧਿਆ। ਸੱਜਾ ਹੱਥ ਕੇਕ ਦਾ ਡੱਬਾ ਫੜਨ ਲਈ ਅਗਾਂਹ ਹੋਇਆ।

ਕੈਸ਼ੀਅਰ ਅੱਖਾਂ ਵਿਚ ਫੌਰਨ ਚਲਾਕੀ ਖੇਡ ਗਈ।

ਅਚਾਨਕ ਜਿਵੇਂ ਕੋਈ ਵਿਸਫ਼ੋਟ ਹੋਇਆ।

ਕੈਸ਼ੀਅਰ ਚੀਕਿਆ, "ਏ ਛੋਰੀ! ਸੁਬ੍ਹਾ-ਸੁਬ੍ਹਾ ਧੰਦਾ ਖੋਟੀ ਕਰਤੀ ਹੈ ... ਰੁਕ ਜ਼ਰਾ ... ਰੁਕ ਸਾਲੀ! ਜਾਲ੍ਹੀ ਨੋਟ ਦੇਤੀ ਹੈ!"

ਕੈਸ਼ੀਅਰ ਝਈਆਂ ਲੈ ਕੇ ਪਿਆ।

ਰਜਨੀ ਅੱਖ ਦੇ ਫੋਰ ਵਿਚ ਬਾਹਰ ਸੀ। 'ਜਾਲ੍ਹੀ ... ਜਾਲ੍ਹੀ ... ਜਾਲ੍ਹੀ ...' ਤੋਂ ਬਿਨਾਂ ਉਸਨੂੰ ਕੁਝ ਸੁਣਾਈ ਨਾ ਦਿੱਤਾ।

ਕੈਸ਼-ਕਾਊਂਟਰ ਅਤੇ ਕੱਸੇ ਹੋਏ ਭਰਵੱਟਿਆਂ ਵਿਚਲੀਆਂ ਅੱਖਾਂ ਫਿਰ ਮਿਲੀਆਂ। ਕਟੀਲੀ ਮੁਸਕਾਨ ਦੋਵ੍ਹਾਂ ਨੇ ਸਾਂਝੀ ਕੀਤੀ ਤੇ ਚੰਗਾ ਭਲਾ ਪੰਜ ਸੌ ਦਾ ਨੋਟ ਕੈਸ਼ੀਅਰ ਨੇ ਗੱਲੇ ਦੀ ਬਜਾਇ ਆਪਣੀ ਜੇਬ ਵਿਚ ਪਾ ਲਿਆ।

ਇਧਰ ਰਜਨੀ ਨੇ ਬਿਨਾ ਸਮਾਂ ਗਵਾਇਆਂ ਰੌਂਟੀ ਦਾ ਗੁੱਟ ਫੜ ਕੇ ਉਸਨੂੰ ਆਪਣੇ ਨਾਲ ਧਰੂਹ ਲਿਆ ਸੀ। ਦੋਵੇਂ ਭੈਣ ਭਰਾ ਵਾਪਸ ਕੂੜਾ ਡੰਪ ਤੱਕ ਬਿਨਾਂ ਰੁਕੇ ਭੱਜੇ ਆਏ। ਨਵੇਂ ਕੂੜੇ ਦੇ ਛੋਟੇ ਪਹਾੜ ਕੋਲ ਪਹੁੰਚ ਕੇ ਉਨ੍ਹਾਂ ਦਮ ਲਿਆ। ਕੇਵਲ ਗਿੱਲੇ ਚਿਪਚਿਪੇ ਕੂੜੇ ਤੋਂ ਬਿਨਾਂ ਇੱਥੇ ਆਸੇ-ਪਾਸੇ ਹੋਰ ਕੋਈ ਨਹੀਂ ਸੀ।

ਰਜਨੀ ਨੇ ਬੇਕਰੀ ਵਿਚ ਹੋਈ ਬੀਤੀ ਰੌਂਟੀ ਨੂੰ ਕਹਿ ਸੁਣਾਈ।


ਨਿਰਾਸ਼ਾ ਦੇ ਭਾਵ ਨਾਲ ਉਦਾਸ ਰੌਂਟੀ ਦਾ ਮੂੰਹ ਲਟਕ ਗਿਆ। ਪਹਾੜ ਵੱਲ ਸੱਜਰੇ ਕੂੜੇ ਦਾ ਵੱਡਾ ਟਰੱਕ ਆ ਲੱਗਿਆ ਸੀ। ਟਰੱਕ ਵਿਚੋਂ ਨਾਚ-ਸੰਗੀਤ ਦੀ ਧੁਨ ਉਭਰੀ। ਰਜਨੀ ਨੇ ਬਗ਼ਲੀ ਵਿਚ ਲੁਕਾ ਕੇ ਰੱਖੇ ਨੋਟ ਬਾਹਰ ਕੱਢੇ। ਦੋਵੇਂ ਭੈਣ-ਭਰਾ ਨੇ ਗੱਡੀਆਂ ਉਤੋਂ ਲੱਗੀਆਂ ਚਿੱਟੀਆਂ ਕਾਗਜ਼ੀ ਪੱਟੀਆਂ ਪੁੱਟ ਸੁੱਟੀਆਂ। ਸੰਗੀਤ ਧੁਨ 'ਤੇ ਥਿਰਕਦੇ ਉਹ ਇੱਕ-ਦੂਜੇ ਉੱਤੇ ਅਸਲੀ ਨੋਟਾਂ ਦੀ ਵਰਖਾ ਇੰਜ ਕਰਨ ਲੱਗੇ, ਜਿਵੇਂ ਕਿਸੇ ਬਰਾਤ ਵਿਚ ਜਾਂਞੀ ਨੱਚਦੇ ਹੋਣ। ਨੋਟ ਪੈਰਾਂ ਹੇਠ ਚਿਕੜੀ ਵਿਚ ਮਧੋਲੇ ਜਾਂਦੇ ਰਹੇ। ਉਨ੍ਹਾਂ ਦੇ ਹਾਸੇ ਦੀ ਗੁੰਜਾਰ ਡੰਪ ਦੀਆਂ ਪਾਰਲੀਆਂ ਪਹਾੜੀਆਂ ਤੱਕ ਸੁਣਾਈ ਦਿੰਦੀ ਰਹੀ।


ਉਹ ਘੜੀ ਪਲ ਲਈ ਉਦਾਸ ਹੋਏ ਸਨ, ਨਿਰਾਸ਼ ਨਹੀਂ।


ਉਧਰ ਗੁਲਾਬੀ ਕੇਕ ਵਾਪਸ ਆਪਣੀ ਠੰਡੀ ਕੈਂਡੀ ਵਿਚ ਜਾ ਟਿਕਿਆ ਸੀ।


ਰਜਨੀ ਤੇ ਰੌਂਟੀ ਉਨਾ ਚਿਰ ਨੱਚਦੇ ਰਹੇ ਜਦੋਂ ਤੱਕ ਬਗ਼ਲੀ 'ਚ ਪਏ ਸਾਰੇ ਨੋਟ ਉਡਾ ਕੇ ਖ਼ਤਮ ਨਾ ਕਰ ਲਏ ਗਏ। ਵਿਹਲੇ ਹੋ ਕੇ ਉਹ ਉਸ ਪਾਸੇ ਤੁਰ ਪਏ, ਜਿਸ ਪਾਸੇ ਹੋਟਲ ਵਾਲੀ ਗੱਡੀ ਨੇ ਥੋੜ੍ਹੀ ਦੇਰ ਤੱਕ ਹੋਟਲ ਦਾ ਪਿਛਲੀ ਰਾਤ ਦਾ ਵਧਿਆ ਭੋਜਨ ਲੈ ਕੇ ਆਉਣਾ ਸੀ।


## ਬਲਬੀਰ ਪਰਵਾਨਾ ਦਾ ਨਾਵਲੀ ਸੰਸਾਰ













ਬਲਬੀਰ ਪਰਵਾਨਾ ਪੰਜਾਬੀ ਨਾਵਲ ਸਿਰਜਣਕਾਰੀ ਦੇ ਖੇਤਰ ਵਿਚ ਇਕ ਅਜਿਹਾ ਨਾਵਲਕਾਰ ਹੈ ਜਿਹੜਾ ਵਿਧਾਗਤ ਪਰਿਵਰਤਨ ਦਾ ਵਾਹਕ ਰਿਹਾ ਹੈ। ਗਲਪਕਾਰੀ ਦੇ ਖੇਤਰ ਵਿਚ ਉਹ ਮਿੰਨੀ ਕਹਾਣੀ ਤੋਂ ਸ਼ੁਰੂ ਕਰਕੇ ਕਹਾਣੀ ਅਤੇ ਨਾਵਲਿਟ ਰਾਹੀਂ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਪੰਜਾਬੀ ਸਮਾਜ ਦੀ ਹਰੇ ਇਨਕਲਾਬ ਤੋਂ ਬਾਅਦ ਦੀ ਵਾਸਤਵਿਕਤਾ ਨੂੰ ਨਾਵਲਕਾਰੀ ਦਾ ਅਧਾਰ ਬਣਾਉਂਦਾ ਹੈ। ਅਜਿਹਾ ਕਰਦੇ ਹੋਏ ਉਸ ਦੀ ਸਿਰਜਣਕਾਰੀ ਦਾ ਕੇਂਦਰ ਮਨੁੱਖੀ ਵਿਹਾਰ ਬਣਦਾ ਹੈ। ਇਸ ਵਿਹਾਰ ਵਿਚੋਂ ਅਜੋਕੇ ਸਮਾਜ ਦੀ ਜੀਵਨ-ਜਾਚ ਦਾ ਵਿਹਾਰਕ ਮਾਡਲ ਸਾਹਮਣੇ ਆਉਂਦਾ ਹੈ। ਇਸ ਮਾਡਲ ਵਿਚੋਂ ਜਿਹੜਾ ਪੰਜਾਬੀ ਮਨੁੱਖ ਸਾਹਮਣੇ ਆਉਂਦਾ ਹੈ ਉਹ ਰਿਸ਼ਤਿਆਂ ਵਿਚਲੇ ਹਰ ਆਦਰਸ਼ ਤੋਂ ਮੁਕਤ ਹੈ। ਉਹ ਜਿਸ ਇਲਾਕਾਈ ਪਰਿਵੇਸ਼ ਨੂੰ ਚੁਣਦਾ ਹੈ ਉਸ ਰਾਹੀਂ ਸਮੁੱਚੇ ਪੰਜਾਬੀ ਸਭਿਆਚਾਰਕ ਵਿਹਾਰ ਨੂੰ ਸੰਬੋਧਿਤ ਹੁੰਦਾ ਹੈ। ਉਸ ਦੇ ਸਿਰਜਣੀ ਵਰਤਾਰੇ ਨੂੰ 'ਬਹੁਤ ਸਾਰੇ ਚੁਰਸਤੇ' ਤੋਂ ਲੈ ਕੇ 'ਸ਼ੋਅ-ਰੂਮ' ਤਕ ਦੇ ਸਫ਼ਰ ਰਾਹੀਂ ਸਮਝਿਆ ਜਾ ਸਕਦਾ ਹੈ। **-ਰਜਨੀਸ਼ ਬਹਾਦਰ ਸਿੰਘ**

ਕਹਾਣੀ

# ਸੁਆਂਤੀ ਬੂੰਦ

**-ਆਗਾਜ਼ਬੀਰ**

ਅੱਜ ਤਾਂ ਫ਼ੈਸਲਾ ਹੋ ਹੀ ਜਾਣੈ।

ਇਹ ਦਿਨ ਉਡੀਕਦਿਆਂ-ਉਡੀਕਦਿਆਂ ਅੱਖਾਂ ਪੱਕ ਗਈਆ ਤੇ ਕੰਨ ਤਰਸੇ ਪਏ ਨੇ। ਹੁਣ ਤਾ ਐਂਹ ਲੱਗਿਆ ਪਿਐ; ਕਦ ਜੱਜ ਫ਼ੈਸਲਾ ਸੁਣਾਵੇ ਤੇ ਕਦ ਕਚਹਿਰੀਆਂ ਤੋਂ ਖਹਿੜਾ ਛੁੱਟੇ।

ਮੈਂ ਤਾਂ ਵੇਖ ਲਿਆ; ਕੋਰਟਾਂ 'ਚ ਇਨਸਾਫ਼ ਥੋੜ੍ਹਾ ਮਿਲਦੈ। ਬੰਦਾ ਤਾਂ ਏਥੇ ਸੁੱਕ ਕੇ ਤੀਲਾ ਹੋ ਜਾਂਦੈ। ਘਰ ਦੀ ਸਾਰੀ ਪੂੰਜੀ ਲਾ ਬਹਿੰਦੈ। ਵਕੀਲਾਂ ਦੀ ਗੋਗੜ ਫਿਰ ਵੀ ਨ੍ਹੀਂ ਭਰਦੀ। ਹਰ ਵਾਰੀ ਇੱਕੋ-ਇੱਕ ਘੜਿਆ-ਘੜਾਇਆ ਜਵਾਬ, "ਭੈਣ ਜੀ ! ਅਗਲ਼ੀ ਤਾਰੀਖ਼ ਦੋ ਮਹੀਨਿਆ 'ਤੇ ਪੈਗੀ।"

ਓ ਭਾਈ ! ਦੋ ਮਹੀਨੇ, ਦੋ ਮਹੀਨੇ ਸੁਣਦਿਆਂ ਤੇਰਾਂ ਸਾਲ ਹੋਗੇ। ਏਥੇ ਕਦੇ ਜੱਜ ਨ੍ਹੀਂ ਬਹਿੰਦਾ; ਕਦੇ ਦੂਜਾ ਵਕੀਲ ਪਹਿਲਾਂ ਹੀ ਤਾਰੀਖ ਲੈ ਜਾਂਦੈ। ਹੋਰ ਤਾਂ ਹੋਰ ਮੁੱਦਈ ਹੋ ਕੇ ਵੀ ਗਵਾਹੀਆਂ ਮੁਜਰਿਮਾਂ ਵਾਂਗ ਭੁਗਤਾਈਆਂ। ਪੁਲਿਸ, ਇਨਕੁਆਰੀ ਅਫ਼ਸਰ ਤੇ ਦਫ਼ਤਰੀ ਅਮਲ ਦੇ ਰੰਗ-ਢੰਗ ਵੇਖ-ਵੇਖ ਅੱਕੀ ਪਈਆਂ। ਅੰਨ੍ਹਾਂ ਕਾਨੂੰਨ ਆ ਆਪਣਾ। ਡੈਡੀ ਵੀ ਅੱਕ ਕੇ ਆਖਦੈ, "ਤੂੰ ਰਹਿਣ ਦੇ... ਨੌਕਰੀ ਕਰੀ ਜਾਨੀਂ ਐਂ... ਕਰੀ ਚੱਲ। ਹੁਣ ਤੱਕ ਤਾਂ ਤੂੰ ਆਪਣਾ ਘਰ ਬਣਾ ਲੈਂਦੀ। ਅਦਾਲਤਾਂ ਨ੍ਹੀਂ ਨਿਬੇੜਦੀਆਂ ਹੁੰਦੀਆਂ... ਜਦੋਂ ਨਬੇੜੇ ਹੋਏ ਤਾਂ ਬਾਹਰ ਹੀ ਹੋਣਗੇ।

ਓ ਭਾਈ ! ਜੀਅ ਤਾਂ ਮੇਰਾ ਵੀ ਕਰਦਾ; ਸਮਝੌਤਾ ਕਰ ਪਾਸੇ ਹੋ ਜਾਵਾਂ। ਉਹ ਤਾਂ ਮੂੰਹੋਂ-ਮੂੰਹ ਕਈ ਵਾਰ ਕਹਿ ਚੁੱਕੇ ਨੇ। ਏਧਰ ਮੇਰਾ ਹੀ ਮਨ ਨ੍ਹੀਂ ਮੰਨਦਾ। ਜਦ ਵੀ 'ਕੱਲੀ ਬੈਠੀ ਹੁੰਨੀਆਂ। ਉਦੋਂ ਹਰਸ਼ ਦਾ ਚਿਹਰਾ ਅੱਖਾਂ ਸਾਹਵੇਂ ਆਣ ਖਲੋਂਦਾ। ਪੀਲਾ-ਭੂਕ ਚਿਹਰਾ। ਉਦਾਸ ਅੱਖਾਂ ਨਾਲ ਮੈਨੂੰ ਵੇਖਦਾ। ਉਹ ਲਚਾਰਗੀ ਭਰੀ ਆਵਾਜ਼ 'ਚ ਕਹਿੰਦਾ ਮੈਨੂੰ ਸਾਫ਼ ਸੁਣਦਾ, " ਅੰਜੂ... ਜਿਵੇਂ ਮੈਂ ਲਮਕਿਆ; ਉਵੇਂ ਹੀ ਲਮਕਾਈ। ਵੇਖੀ, ਕਿਸੇ ਨੂੰ ਛੱਡੀਨਾ... ਮੇਰੇ ਹਿੱਸੇ ਦੀ ਲੜਾਈ ਲੜਦੀ ਰਹੀਂ... ਲੜਦੀ ਰਹੀਂ।" ਹਰਸ਼ ਦਾ ਚਿਹਰਾ ਧੁੰਦਲਾ ਹੋ ਜਾਂਦੈ। ਮੈਂ ਉਸ ਦੇ ਬੋਲਾਂ ਨੂੰ ਪੁਗਾਉਂਦੀ, ਜੁਟੀ ਪਈ ਆਂ।

ਓ ਭਾਈ ! ਤੁਸੀਂ ਜਵਾਂ ਸਹੀ ਕਹਿੰਨੇਓ। ਔਰਤਾਂ ਕੋਰਟਾਂ ਵਿਚ ਗੁੱਤਾਂ ਹਿਲਾਉਂਦੀਆਂ ਸੋਹਣੀਆਂ ਨ੍ਹੀਂ ਲੱਗਦੀਆਂ। ਇਹ ਗੱਲਾਂ ਮੈਂ ਕੰਨੀ ਸੁਣੀਆਂ ਨੇ, "ਦੇਖਾਂਗੇ, ਕਿੱਥੇ ਕੁ ਤੀਕ ਜਾਊ? ਗਵਾਹ ਵੀ ਸਾਡੇ... ਪੁਲਸ ਵੀ ਸਾਡੀ। ਅਦਾਲਤਾਂ ਤਾਂ ਫੇਰ ਹੋਣਗੀਆ ਹੀ। " ਅਜਿਹੇ ਬੋਲ ਬਾਣ ਵਾਂਗ ਬਿੰਨ੍ਹ ਜ਼ਰੂਰ ਦਿੰਦੇ ਨੇ ਪਰ ਮੇਰੇ ਸਰੀਰ ਨੂੰ ਇਕ ਅਜੀਬ ਜਿਹੀ ਸ਼ਕਤੀ ਖਿੱਚੀ ਫਿਰਦੀ ਰਹੀਐ।

ਇਸੇ ਸ਼ਕਤੀ ਨੇ ਮੈਨੂੰ ਨਵੇਂ ਰਾਹ ਦਿਖਾਏ। ਮੈਂ ਈ.ਟੀ.ਟੀ. ਅਧਿਆਪਕਾ ਤੋਂ ਸੈਂਟਰ ਹੈਡ ਟੀਚਰ ਬਣਗੀ। ਦੋ ਚਹੁੰ-ਸਾਲਾਂ ਨੂੰ ਬਲਾਕ ਸਿੱਖਿਆ ਅਫ਼ਸਰ ਬਣ ਜਾਣੈ। ਔਰਤਾਂ ਤਾ ਘਰਬਾਰ

ਨੂੰ ਵੇਖ ਪ੍ਰਮੋਸ਼ਨਾਂ ਨ੍ਹੀਂ ਲੈਂਦੀਆਂ। ਮੈਂ ਡਰੀ ਨ੍ਹੀਂ। ਥੱਕੀ ਨ੍ਹੀਂ ।ਸਗੋਂ ਬੇਆਸ ਨੂੰ ਆਸ ਵਿਚ ਬਦਲਣ ਲਈ ਪੂਰਾ ਤਾਣ ਲਾ ਰਹੀ ਆਂ।

ਓ ਭਾਈ! ਕਹਿਣ ਵਾਲੇ ਨੇ ਤਾਂ ਬਥੇਰਾ ਕੁੱਝ ਕਹੀ ਜਾਣੈ। ਮਾਧਵ ਦੇ ਜ਼ਹਿਰੀ ਬੋਲ ਲੜਦੇ ਨੇ, ਪਿੰਡੇ ਤੇ, "ਤੂੰ ਤਾਂ ਰੰਡੀ ਹੋ ਕੇ ਦੋ-ਦੋ ਪ੍ਰਮੋਸ਼ਨਾ ਕੁੱਟਗੀ... ਤਈਨੂੰ ਟੱਟੂ ਦਾ ਦੁੱਖ ਆ? ... ਭਰਾ ਤਾਂ ਸਾਡਾ ਗਿਆ ਤੇ ਦੁੱਖ ਵੀ ਸਾਨੂੰ ਐਂ।" ਸੱਸ ਆਪਣਾ ਰਾਗ ਅਲਾਪਦੀ, "ਮੇਰਾ ਪੁੱਤ ਗਿਆ... ਤੇਰਾ ਤਾਂ ਕੁਸ਼ ਨ੍ਹੀਂ ਗਿਆ।"। ਮੈਂ ਜ਼ਿਹਨ 'ਚ ਚੱਲਦੇ ਬੋਲਾਂ ਨੂੰ ਡੱਕ ਲੈਂਦੀ। ਮੈਂ ਜਵਾਬ ਦੇਣਾ ਚਾਹੁੰਦੀ ਸਾਂ, "ਵਿਧਵਾ ਦੇ ਦੁੱਖ ਉਹੀ ਦੱਸ ਸਕਦੀ ਐ... ਜਿਹੜੀ ਹੋਈ ਐ।" ਲਾਡੋ ਤਾਨੀਆ ਮੇਰੇ ਚਿਹਰੇ ਦੀ ਪੜ੍ਹਤ ਨੂੰ ਬਾਖ਼ੂਬੀ ਸਮਝਦੀ ਐ। ਅਣਭੋਲ ਤਾਂ ਹੁਣ ਉਹ ਵੀ ਹੈਨੀ। ਉਹ ਵੀ ਮੇਰੇ ਥੱਕੇ ਚਿਹਰੇ ਨੂੰ ਵੇਖ ਆਖਦੀ, " ਮੰਮਾ ! ਛੱਡੋ ਪਰ੍ਹਾਂ... ਬਹੁਤ ਵੇਖ ਲਿਆ।" ਉਹ ਨਿੱਕੇ-ਨਿੱਕੇ ਹੱਥਾਂ ਨਾਲ ਮੱਥਾ ਘੁੱਟਦੀ ਐ। ਮੈਨੂੰ ਤਾਨੀਆ ਦੀਆਂ ਗੱਲਾਂ ਤੇ ਪਿਆਰ ਆਉਂਦੈ। ਡੈਡ ਵਾਲਾ ਪਿਆਰ ਨ੍ਹੀਂ ਮਿਲਿਆ ਏਹਨੂੰ ਤੇ ਮਾਂ ਵਾਲਾ ਦੇ ਹੀ ਨਾ ਸਕੀ। ਮੈਂ ਬੱਚਿਆਂ ਦੇ ਉਦਾਸ ਚਿਹਰੇ ਪੜ੍ਹੇ ਨੇ । ਜਦੋਂ ਦੋਵੇਂ ਮੇਨਗੇਟ ਵੱਲ ਦੇਖ ਆਖਦੇ ਸੀ, "ਮੰਮਾ ! ਡੈਡ ਕਦੋਂ ਘਰ ਆਉਣਗੇ?" ਇਹ ਸਵਾਲਾਂ ਦੇ ਉੱਤਰ ਵਿਧਵਾ ਔਰਤ ਹੀ ਚੰਗੀ ਤਰ੍ਹਾਂ ਦੱਸ ਸਕਦੀ ਐ।

ਓ ਭਾਈ! ਮੈਨੂੰ ਮਹਿਸੂਸ ਹੁੰਦੈ : ਜਦੋਂ ਤਾਨੀਆ ਨੇ ਆਪਣੀ ਦਿਲ ਦੀ ਨੁੱਕਰੇ ਸਾਂਭ ਕੇ ਰੱਖੀ ਗੱਲ ਕਹਿ ਛੱਡੀ, " ਮੰਮਾ ! ਜੇ ਅੱਜ ਡੈਡ ਹੁੰਦੇ। ਉਹਨਾਂ ਕਦੇ ਵੀ ਮਈਨੂੰ ਇਸ ਉਮਰੇ ਘਰੋਂ ਨ੍ਹੀ ਸੀ ਤੋਰਨਾ।" ਸੁਣ ਸਾਹ ਰੁਕ ਜਾਂਦੇ ਨੇ। ਤਾਨੀਆਂ ਤੇ ਲਵਕੁਸ਼ ਮੈਨੂੰ ਜੱਫ਼ੀ ਪਾ ਖ਼ੁਦ ਰੋਣ ਲੱਗੇ। ਮੈਂ ਆਪਣੇ ਆਪ ਨੂੰ ਬੱਚੀ ਦੇ ਅਰਮਾਨਾਂ ਦੀ ਕਾਤਲ਼ ਸਮਝਦੀ ਆਂ। ਮੈਂ ਤਾਨੀਆਂ ਦੇ ਵਿਆਹ ਵਾਲਾ ਫ਼ੈਸਲਾ 'ਬੰਦਾ' ਬਣਕੇ ਹੀ ਲਿਆ। ਅਜਿਹੇ ਪਲ ਅਲੇਹੇ ਵਾਂਗ ਚਿੰਬੜੇ ਤੰਗ ਕਰਦੇ ਨੇ।

ਓ ਭਾਈ! ਜੀਹਦੇ ਪਿੱਛੇ ਰੋ ਰਹੀ ਆਂ, ਤੜਫ਼ ਰਹੀ ਆਂ। ਉਹ ਤਾਂ ਸੁਭਾਅ ਦਾ ਫ਼ੱਕਰ ਸੀ, ਬਣਿਆ-ਤਣਿਆ ਦੂਜਾ ਰੱਬ। ਉਹਦੀ ਪਰਖ ਤਾਂ ਜੌਹਰੀਆਂ ਨੂੰ ਵੀ ਨਾ ਆਈ। ਉਸਨੇ ਆਪਣਾ ਆਪ ਗਵਾ ਲਿਆ, ਪਿੱਛੇ ਨ੍ਹੀਂ ਹਟਿਆ।

ਓ ਭਾਈ! ਉਹ ਬੰਦਾ ਤਾਂ ਕਰਜ਼ਾ ਉਤਾਰਨ ਆਇਆ ਸੀ, ਉਤਾਰ ਤੁਰ ਗਿਆ। ਹਰਸ਼ ਬਾਰੇ ਜਦੋਂ ਵੀ ਧਿਆਨ ਧਰਦੀਆਂ ਤਾਂ ਕਿੰਨੇ ਹੀ ਸੀਨ ਅੱਖਾਂ ਮੂਹਰੇ ਆ ਘੁੰਮੀ ਜਾਂਦੇ ਨੇ। ਜਦੋਂ ਮੈਂ ਹਰਸ਼ ਲੜ ਲੱਗੀ; ਉਹ ਪੜ੍ਹਨੋ ਹਟ ਘਰ ਦੇ ਨਿੱਕੇ ਮੋਟੇ ਕੰਮ ਕਰਦਾ ਸੀ। ਪਿਤਾ-ਪੁਰਖੀ ਕਿੱਤਾ ਸੁਨਿਆਰਾ ਕਰਨਾ ਲੋਚਦੈ। ਕਸਬੇ ਵਿਚ ਦੁਕਾਨ ਸੀ ਆਵਦੀ, ਪੱਚਤਰ ਫੁੱਟੀ। ਲੰਮੀ ਤੇ ਪੰਦਰਾਂ ਫੁੱਟ ਚੋੜੀ ।ਸਹੁਰੇ ਦੀ ਮੌਤ ਤੋਂ ਬਾਅਦ ਮਾਧਵ ਹੀ ਦੁਕਾਨ 'ਤੇ ਬਹਿੰਦਾ । ਮੈਂ ਹਰਸ਼ ਤੋਂ ਪੁੱਛਿਆ, "ਤੁਸੀਂ ਮਾਧਵ ਤੋਂ ਕੰਮ ਕਿਉਂ ਨ੍ਹੀਂ ਸਿੱਖਦੇ ?" ਉਹਨੇ ਮੋੜਵਾ ਜਵਾਬ ਦਿੱਤਾ, "ਅੰਜੂ, ਦੁਕਾਨ ਭਰਾ ਦੇ ਹਿੱਸੇ ਆਉਂਦੀ ਐ... ਉਹ ਪੰਜ ਕਰੇ ਚਾਹੇ ਪੰਜਾਹ। ਨਾਲੇ ਲੁਧਿਆਣੇ ਦੀ ਕਾਰੀਗਰੀ ਪੂਰੀ ਦੁਨੀਆਂ 'ਚ ਮੰਨੀ ਜਾਂਦੀ ਐ... ਇੱਥੋਂ ਸਿੱਖਿਆ ਬੰਦਾ, ਸਾਰੀ ਉਮਰ ਮਾਰ ਨ੍ਹੀਂ ਖਾਂਦੈ।" ਉਹ ਸਵਖਤੇ ਜਾਂਦਾ ਤੇ ਹਨੇਰੇ ਹੋਏ ਘਰ ਪਰਤਦਾ। ਇਹ ਕੰਮ ਸਿੱਖਣ ਲਈ ਤਿੰਨ-ਚਾਰ ਸਾਲ ਲੱਗਣੇ ਸਨ। ਮੈਂ ਘਰ ਰਹਿ ਕੇ ਅੱਕ ਗਈ। 'ਹਾਊਸ-ਵਾਈਫ' ਵਾਲਾ ਟੈਗ ਲਾਹ ਕੇ ਸੁੱਟਣਾ ਚਾਹੁੰਦੀ ਸਾਂ। ਹਰਸ਼ ਤੋਂ ਜੇ.ਬੀ.ਟੀ ਕਰਨ ਲਈ ਪਰਮਿਸ਼ਨ ਲੈ ਲਈ। ਸੱਸ ਕੁੜ-ਕੁੜ

ਕਰਦੀ ਰਹੀ।

ਓ ਭਾਈ! ਸਾਡੀ ਮਿਹਨਤ ਰੰਗ ਲਿਆਈ। ਮੈਂ ਜੇ.ਬੀ.ਟੀ ਕਰ ਟੀਚਰ ਬਣਗੀ ਤੇ ਹਰਸ਼ ਸੁਨਿਆਰੇ ਦੀ ਪੱਕੀ ਮੋਹਰ ਲਗਵਾ ਆਇਆ। ਤਾਨੀਆ ਤੇ ਲਵਕੁਸ਼ ਦੀਆਂ ਕਿਲਕਾਰੀਆਂ ਵੀ ਉਦੋਂ ਹੀ ਗੂੰਜੀਆਂ। ਮੈਂ ਹਰਸ਼ ਨੂੰ ਜਦ ਵੀ ਦੁਕਾਨ ਕਰਨ ਬਾਬਤ ਟੋਹਿਆ ਤਾਂ ਉਹ ਹੌਸਲੇਨਾਲ ਆਖਦਾ, " ਅੰਜੂ, ਆਪਣੇ ਕਸਬੇ 'ਚ ਹੀ ਦੁਕਾਨ ਕਰੂੰ। ਤੂੰ ਫ਼ਿਕਰ ਨਾ ਕਰ। ਮੈਂ ਜਲਦੀ ਸਕੀਮ ਲੜਾਉਨਾਂ।"

ਓ ਭਾਈ! ਉਹ ਸਕੀਮ ਇਹਦੀ ਮਨ ਦੀ ਮਨ 'ਚ ਰਹਿਗੀ, ਨਾ ਮਾਂ ਦੀ ਖ਼ੁਦਮੁਖਤਿਆਰੀ ਟੁੱਟੀ ਤੇ ਨਾ ਹੀ ਮਾਧਵ ਨੇ ਦੁਕਾਨ ਦੇ ਥੜ੍ਹੇ-ਥੂਹ ਚੜ੍ਹਨ ਦਿੱਤਾ। ਮਾਧਵ ਛੋਟਾ ਭਰਾ ਹੋ ਕੇ ਵੀ ਵੱਡਾ ਬਣ ਹੁਕਮ ਚਲਾਉਂਦਾ। ਹਰਸ਼ ਉਸਦਾ ਕਿਹਾ ਨਾ ਮੋੜਦਾ। ਮਾਂ ਤੋਂ ਬੱਚਿਆਂ ਵਾਂਗ ਝਿੜਕਾਂ ਖਾਂਦਾ। ਦੁਕਾਨ ਵੱਲ ਜਾਣ ਦਾ ਮੂੰਹ ਨਾ ਕਰਦਾ। ਹਰਸ਼ ਕਦੇ ਨਿਰਾਸ਼ ਨਾ ਹੁੰਦਾ, ਚੰਗੇ ਦਿਨ ਆਉਣ ਦੀਆਂ ਸਲਾਹਾਂ ਦਿੰਦਾ। ਮੈਂ ਉਸਦਾ ਨਿੰਮੋਝੂਣਾ ਹੋਏ ਦਾ ਮੂੰਹ ਵੇਖਦੀ ਰਹੀ।

ਓ ਭਾਈ! ਹਰਸ਼ ਅੰਦਰੋਂ-ਅੰਦਰੀ ਬਹੁਤ ਕੁੱਝ ਜਰੀ ਗਿਐ। ਮਾਂ ਤੇ ਭਰਾ ਅੱਗੇ ਭਿੱਜੀ ਬਿੱਲੀ ਬਣ ਜਾਂਦਾ । ਹਰਸ਼ ਮਾਧਵ ਨਾਲੋ ਚੰਗਾ ਕਾਰੀਗਰ ਸੀ, ਪਰ ਹਿੱਕ ਹਮੇਸ਼ਾ ਮਾਧਵ ਹੀ ਥਾਪੜਦਾ। ਹਰਸ਼ ਵਰਗੇ ਭੋਲ਼ੇ ਮੋਰ ਬਾਰੇ ਮਾਧਵ ਮੱਤ ਰੱਖਦਾ, " ਕਾਰੀਗਰੀ ਤਾਂ ਮਿੱਠੂ ਝਿਓਰ ਦਾ ਮੁੰਡਾ ਵੀ ਸਿੱਖਜੂ ਪਰ ਦੁਕਾਨ ਪਾਉਣੀ ਤੇ ਚਲਾਉਣੀ ਲੰਡੀ ਬੂਚੀ ਦਾ ਕੰਮ ਨ੍ਹੀ।" ਮਾਂ-ਪੁੱਤ ਦੀਆਂ ਘਾੜਤਾਂ ਹਰਸ਼ ਨੂੰ ਨਾ ਦਿਸਦੀਆ। ਉਹ ਵੀ ਚੰਗੀ ਤਰ੍ਹਾਂ ਜਾਣਦਾ ਸੀ ਕਿ ਚਾਲੀ ਪੰਜਾਹ ਲੱਖ ਨਾਲ ਤਾਂ ਦੁਕਾਨ ਖੜ੍ਹੀ ਹੋਣੀ ਐ ਤੇ ਤਿੰਨ-ਚਾਰ ਸਾਲ ਗਾਹਕ ਨੂੰ ਭਰੋਸੇ ਵਿਚ ਲੈਣ ਤੇ ਲੱਗਣਗੇ।

ਓ ਭਾਈ! ਹਰਸ਼ ਨੇ ਪਰਿਵਾਰ ਨਾਲ ਆਢਾ ਨਾ ਲਾਇਆ। ਫਿਰ ਉਹੀ ਹੋਇਆ; ਜਿਸਨੂੰ ਮੈਂ ਵੇਖ ਰਹੀ ਸਾਂ। ਉਹ ਪੈਸੇ ਕਮਾਉਣ ਲਈ ਦੇਹਲ਼ੀ ਟੱਪ ਗਿਆ। ਮੈਂ ਜਾਂਦੇ ਹਰਸ਼ ਨੂੰ ਵੇਖਦੀ ਰਹੀ। ਮਾਧਵ ਮਾਂ ਕੋਲ ਤਾੜੀਆਂ ਮਾਰ ਹੱਸਦਾ ਰਿਹਾ। ਉਦੋਂ ਮੈਂ ਭਾਰਤੀ ਔਰਤਾਂ ਵਾਂਗ ਚੁੱਪ ਰਹਿਣ ਵਿਚ ਹੀ ਆਪਣੀ ਭਲਾਈ ਸਮਝਦੀ ਰਹੀ।

ਓ ਭਾਈ! ਹੁਣ ਮੈਂ ਚੁੱਪ ਨ੍ਹੀਂ ਰਹਿ ਸਕਦੀ। ਖ਼ੂਹ 'ਚ ਜਾਣ ਰਿਸ਼ਤੇ-ਨਾਤੇ । ਬਥੇਰਾ ਦਸੌਂਦਾ ਕੱਟ ਲਿਆ। ਜਦ ਲੋਕ ਤਹਾਨੂੰ 'ਸੀਲ ਗਊ' ਵਾਂਗੂੰ ਸਮਝਣ ਲੱਗ ਜਾਣ। ਫੇਰ ਤੁਸੀ ਚੁੱਪ ਰਹਿ ਨ੍ਹੀਂ ਸਕਦੇ। ਮੈਂ ਹੁਣ ਤੱਕ ਚੁੱਪ ਨੂੰ ਦਬਾਇਆ ਨ੍ਹੀਂ। ਪੁਲਿਸ ਨਾਲ ਆਢਾ ਲਾਇਆ। ਮੈਂ ਡਰੀ ਨ੍ਹੀਂ । ਮੈਂ ਧਾਰ ਲਈ ਸੀ, ਪਿੱਛੇ ਨ੍ਹੀਂ ਮੁੜਨਾ, ਨਤੀਜਾ ਕੋਈ ਵੀ ਹੋਵੇ। ਉਸੇ ਨਤੀਜੇ ਨੂੰ ਉਡੀਕਦੀ ਪਈ ਹਾਂ ਅੱਜ।

ਮੈਂ ਵਕੀਲ ਨੂੰ ਸੁਭਾਇਕੀ ਪੁੱਛ ਬੈਠੀ "ਜੱਜ ਥੋੜੇ ਹਿਸਾਬ ਨਾਲ ਕਿੰਨੇ ਕੁ ਸਾਲ ਦੀ ਸਜ਼ਾ ਸੁਣਾ ਸਕਦੈ?" ਵਕੀਲ ਵਕੀਲੀ ਅੰਦਾਜ਼ 'ਚ ਬੋਲਿਆ "ਭੈਣ ਜੀ, ਸੱਤ ਸਾਲ ਤਾਂ ਕਿਧਰੇ ਗਏ ਨ੍ਹੀਂ... ਬਾਕੀ ਜੱਜ ਦੀ ਮਰਜ਼ੀ ... ਹਰਜ਼ਾਨਾ ਵੱਖਰਾ ਮਿਲੂ।" ਮੈਂ ਅੱਖਾਂ ਮੁੰਦ ਲੰਮਾ ਸਾਹ ਭਰਦੀ ਆਂ।

ਓ ਭਾਈ! ਕਚਹਿਰੀਆਂ 'ਚ ਇਨਸਾਫ਼ ਦੀ ਮੰਗ ਕਰਦਿਆਂ ਸਿਰ ਦੇ ਵਾਲ ਚਿੱਟੇ ਹੋਗੇ, ਬੱਚੇ ਬਚਪਨ ਤੋਂ ਜਵਾਨੀ 'ਚ ਆਣ ਖਲੋਏ ਨੇ। ਤਾਨੀਆ ਦਾ ਤਾ ਅਗਲੇ ਮਹੀਨੇ ਪੱਚੀ

ਤਾਰੀਖ ਨੂੰ ਵਿਆਹ ਐ। ਸੋਚਦੀ ਆਂ; ਇਧਰੋਂ ਸੁਰਖ਼ਰੂ ਹੋਵਾਂ, ਵਿਆਹ ਵਾਲੇ ਪਾਸੇ ਸੁਰਤੀ ਲਾਵਾਂ। ਮੈਂ ਤਾਂ ਤਾਨੀਆਂ ਦੇ ਸਹੁਰਿਆਂ ਅੱਗੇ ਵੀ ਕੋਈ ਲੁੱਕ-ਲੁਕਾਅ ਨ੍ਹੀਂ ਰੱਖਿਆ। ਬੰਦਿਆਂ ਵਾਂਗੂੰ ਸਪੱਸ਼ਟ ਦੱਸਤਾ, "ਮੈਂ ਤਾਂ ਇਨਸਾਫ਼ ਦੀ ਲੜਾਈ ਲੜੀ ਐ... ਕਲ੍ਹ ਨੂੰ ਤੁਸੀਂ ਐਂਹ ਕਹਿਣਾ; ਬਈ ਦੱਸਿਆ ਨ੍ਹੀਂ।" ਉਹ ਸਿਰ ਉਪਰ-ਥੱਲੇ ਮਾਰਕੇ ਹਾਮੀ ਭਰਦੇ ਰਹੇ।

ਓ ਭਾਈ! ਬਥੇਰੇ ਰਿਸ਼ਤੇਦਾਰਾਂ ਤੇ ਦੋਸਤਾਂ ਨੇ ਜ਼ੋਰ ਪਾਇਆ, " ਸਮਝੌਤਾ ਕਰਲੈ... ਤਾਨੀਆ ਦੇ ਵਿਆਹ ਜੋਗਰੇ ਖ਼ਰਚਾ ਦਿਵਾ ਦਿੰਨੇ ਆਂ।" ਮੈਂ ਸ਼ੀਹਣੀ ਬਣ ਜਵਾਬ ਦਿੰਦੀ, "ਰੁਪਏ ਦੇ ਬਦਲੇ ਰੁਪਏ ਤਾਂ ਮੋੜ ਦਿਓਗੇ ਪਰ ਉਹਦੇ ਹਿੱਸੇ ਦਾ ਆਉਂਦਾ ਪਿਆਰ ਕਿਹੜਾ ਖਾਤੇ ਪਾਓਗੇ ਤੁਸੀ? ਮੇਰੇ ਤੀਆਂ ਵਰਗੇ ਦਿਨਾਂ ਨੂੰ ਮੱਸਿਆ ਬਣਾ ਦਿੱਤੇ... ਪਲ-ਪਲ 'ਤੇ ਵਿਧਵਾ ਹੋਣ ਦਾ ਅਹਿਸਾਸ ਕਰਵਾਇਆ ਗਿਐ। ਉਹ ਔਰਤ ਕਦੇ ਵੀ ਸਮਝੌਤਾ ਨ੍ਹੀਂ ਕਰ ਸਕਦੀ"।

ਓ ਭਾਈ! ਇਸ ਲੜਾਈ ਦੇ ਮੈਦਾਨ 'ਚ ਕਸੂਰ ਕਿਸੇ ਦਾ ਵੀ ਹੋਵੇ। ਉਹਨਾਂ ਨੂੰ ਕਦਾਚਿਤ ਮੁਆਫ਼ ਨ੍ਹੀਂ ਕਰ ਸਕਦੀ ਮੈਂ। ਮੈਂ ਤਾਂ ਪਿਆਸੇ ਬੰਬੀਹੇ ਵਾਂਗੂੰ ਕਣੀਆਂ ਦਾ ਇੰਤਜ਼ਾਰ ਕੀਤੈ। ਹੁਣ ਇਸਦਾ ਆਨੰਦ ਮੈਂ ਹੀ ਲੈਣਾ।

ਓ ਭਾਈ ! ਹਰਸ਼ ਤਾਂ ਦੂਹਰੀ ਮੌਤ ਮਰਦਾ ਗਿਐ। ਸੋਨੇ ਦੀ ਭਰੀ ਭੁਚੱਕੀ ਦੁਕਾਨ ਛੱਡ, ਉਹ ਬਠਿੰਡੇ ਕਾਲਜ 'ਚ ਲੈਬ ਟੈਕਨੀਸ਼ਨ ਦੀ ਜੌਬ ਕਰਨ ਲੱਗਾ। ਇੱਥੇ ਰੁਤਬਾ ਮਿਲਿਆ। ਆਪਣੇ ਕੰਮ ਦਾ ਲੋਹਾ ਮੰਨਵਾਇਆ। ਇਹ ਪਹਿਚਾਣ ਹਰਸ਼ ਤੋਂ ਹਰਸ਼ਵਰਧਨ ਤੱਕ ਹੋਈ। ਉਸਨੇ ਮੋਹ ਭਰੀ ਆਵਾਜ਼ ਮੈਨੂੰ ਵੀ ਮਾਰੀ। ਮੈਂ ਬੀਨ 'ਤੇ ਸੱਪਣੀ ਵਾਂਗ ਮੇਲਦੀ ਆਈ। ਸੱਸ ਤੜਫਦੀ ਰਹੀ। ਕੰਨਾਂ 'ਚ ਤੇਲ ਪਾ ਲਿਆ ਤਾਂ ਜੋ ਕੌੜੇ ਬੋਲ ਨਾ ਸੁਣਨ, " ਲੈ ਕੇ ਨਿਕਲਗੀ ਖ਼ਸਮ ਨੂੰ ... ਆਹੀ ਤਾਂ ਚਾਹੁੰਦੀ ਸੀ।"

ਓ ਭਾਈ ! ਰਾਹ ਤਾ ਹਰਸ਼ ਨੂੰ ਮਿਲੇ ਬਹੁਤ ਪਰ ਟਿਕ ਕੇ ਕੰਮ ਨਾ ਕਰਨ ਦਾ ਸਰਾਪ ਜੋ ਲੱਗਿਆ ਹੋਇਆ ਸੀ ਉਸਨੂੰ। ਉਹ ਸਿਰੇ ਦਾ ਅਲਮਸਤ ਬੰਦਾ, ਜਦੋਂ ਜੀਅ ਕਰਦਾ, ਜੌਬ ਛੱਡ ਦਿੰਦਾ, ਨਵੀਂ ਫੜ੍ਹ ਲੈਂਦਾ। ਅਜਿਹੇ ਤਾਂ ਉਸ ਬੰਦੇ ਦੇ ਕੰਮ ਸੀ।

"ਅੰਜੂ ... ਮੈਨੂੰ ਨਵੀਂ ਜੌਬ ਦੀ ਔਫਰ ਆ । ਚੰਗਾ ਪੈਕੇਜ ਦਿੰਦੇ ਐ ... ਸੌਖੇ ਹੋ ਜਵਾਂਗੇ।" ਲੈਬ ਟੈਕਨੀਸ਼ਨ ਦਾ ਕੰਮ ਛੱਡ 'ਸੇਲ ਮੈਨੇਜਰ' ਬਣ ਗਿਆ। ਜਲਦ ਹੀ ਮੁੜ ਆਇਆ। ਲਿੰਕ ਰੋਡ 'ਤੇ ਲੈਬ ਦੀ ਦੁਕਾਨ ਕਰ ਲਈ। ਪਤਾ ਨ੍ਹੀਂ ਲੱਗਾ, ਕਦ ਚਾਬੀਆਂ ਕਿਸੇ ਹੋਰ ਨੂੰ ਫੜ੍ਹਾ ਘਰੇ ਆ ਗਿਆ। ਮੈਨੂੰ ਖ਼ਬਰ ਦਿੱਤੀ ਕਿ ਉਹ 'ਕੰਪੋਡਰ' ਬਣੇਗਾ। ਮਸ਼ਹੂਰ ਡਾਕਟਰ ਨੇ ਉਸਦੀ ਕਾਬਲੀਅਤ ਪਛਾਣ ਹਾਮੀ ਭਰੀ। ਇਸਦੇ ਚਿਹਰੇ ਦਾ ਰੰਗ ਟਮਾਟਰ ਵਾਂਗੂੰ ਲਾਲ ਭਾਅ ਮਾਰਨ ਲੱਗਾ। ਸਾਡੀ ਜ਼ਿੰਦਗੀ ਲੀਹ 'ਤੇ ਆ ਗਈ।

ਓ ਭਾਈ! ਜ਼ਿੰਦਗੀ ਦੀ ਸੜਕ ਸਿੱਧੀ ਨ੍ਹੀਂ ਹੁੰਦੀ। ਉਤਰਾਅ-ਚੜ੍ਹਾਅ ਇਹਦਾ ਹਿੱਸਾ ਰਿਹੈ। ਉਸ ਰਾਤ ਜਦ ਮੈਂ ਹਰਸ਼ ਲਈ ਬੂਹਾ ਖੋਲ੍ਹਿਆ ਤਾਂ ਮਾਧਵ ਨੇ ਮੇਰੇ ਗੋਡੀ ਹੱਥ ਲਾਏ। ਮੈਂ ਦਿਓਰ ਦਾ ਇਹ ਰੂਪ ਦੇਖ ਦੰਗ ਰਹਿ ਗਈ ਉਹ 'ਭਾਬੀ-ਭਾਬੀ ਤੇ ਬਾਈ-ਬਾਈ' ਕਹਿ ਠਹਾਕੇ ਤੇ ਠਹਾਕੇ ਲਾਉਂਦਾ ਰਿਹਾ। ਮੈਂ ਤੇ ਹਰਸ਼ ਅਤੀਤ ਦੇ ਬੁਰੇ ਪਲਾਂ ਨੂੰ ਮਿੰਟਾਂ 'ਚ ਹੀ ਸਾਫ਼ ਕਰ ਬੈਠੇ। ਭਰਾਵਾਂ ਦਾ ਪਿਆਰ ਦੇਖ ਨਫ਼ਰਤ ਦੀਆਂ ਕਈ ਕੰਧਾਂ ਮੈਂ ਢਾਹ ਦਿੱਤੀਆ। ਇਹ ਪਲ ਮੇਰੇ ਲਈ

ਉਵੇਂ ਸਨ ਜਿਵੇਂ ਇਕ ਦੁੱਧ ਪੀਣ ਵਾਲਾ ਬੱਚਾ ਦੁੱਧ ਪੀਂਦਾ ਤਾਂ ਜਾਵੇ ਪਰ ਖੁਸ਼ੀ ਬੋਲ ਕੇ ਦੱਸ ਨਾ ਸਕੇ।

ਦੋਵੇਂ ਅੱਧੀ ਰਾਤ ਤੱਕ ਜਾਮ ਨਾਲ ਜਾਮ ਟਕਰਾਉਂਦੇ ਰਹੇ। ਬੋਤਲ਼ ਊਣੀ ਤੋ ਖਾਲ਼ੀ ਹੋ ਗਈ। ਭੂਤ ਵੇਲਾ ਸ਼ੁਰੂ ਹੋ ਗਿਆ। ਇਹਨਾਂ ਦੀਆਂ ਗੱਲਾਂ ਨ੍ਹੀਂ ਮੁੱਕੀਆ।

ਓ ਬਾਈ! ਜਦ ਮੈਂ ਮਾਧਵ ਦੀ ਫੇਰੀ ਦੀ ਕੰਨਸੋਅ ਲਈ ਤਾਂ ਹਰਸ਼ ਹੁਲਾਸ ਨਾਲ ਬੋਲਿਆ, "ਅੰਜੂ, ਮਾਧਵ ਨੂੰ ਦੁਕਾਨ 'ਚ ਘਾਟਾ ਪੈ ਗਿਆ। ਦੁਕਾਨ ਵੇਚ ਵੱਟ ਦਿੱਤੀ ਐ। ਇਹ ਹੁਣ ਫ਼ੈਕਟਰੀ ਲਾਉਣ ਨੂੰ ਫਿਰਦੈ ਗੁੜਗਾਵਾਂ... ਕਹਿੰਦਾ ਸੀ, ਕਾਰਾਂ ਦੇ ਏ.ਸੀ. ਪਾਰਟਸ ਬਣਾਉਣ ਲੱਗਣੈ... ਮੋਟੀ ਕਮਾਈ ਐ ਏਹਦੇ 'ਚ, ਦਸ ਲੱਖ ਦੀ ਹਿੱਸੇਦਾਰੀ ਮੰਗਦੈ ...ਮਈਥੋਂ ਨਾ ਨ੍ਹੀਂ ਕੀਤੀ ਗਈ... ਮੈਂ ਚੰਗਾ ਕੀਤਾ ਹੈ ਨਾ।" ਮੇਰੇ ਅੰਦਰੋਂ ਕਿੰਨਾ-ਕੁੱਝ ਟੁੱਟਿਆ। ਤਰਦੀਆਂ ਪਨਡੁੱਬੀਆਂ ਡੁੱਬਣ ਲੱਗੀਆ। ਰੋਣ-ਕੁਰਲਾਉਣ ਦੀਆਂ ਅਵਾਜਾਂ ਸੁਣੀਆਂ। ਸਿਆਣਪ ਮਿੱਟੀ ਵਿਚ ਮੱਧਣੀ ਪਈ। ਮੈਂ ਨਾ ਚਾਹੁੰਦਿਆਂ ਹੋਇਆ ਵੀ ਰੋਕ ਨਾ ਸਕੀ। ਦਸ ਲੱਖ ਤਾਂ ਡੀਕਰੀ ਇਕੱਠੀ ਨ੍ਹੀਂ ਹੁੰਦੀ ਸੀ, ਅਸੀਂ ਰੁਪਏ ਜੋੜਨ ਲੱਗੇ ਤੇ ਜੋੜ ਮਾਧਵ ਦੀ ਝੋਲੀ ਪਾ ਆਏ।

ਓ ਭਾਈ !ਮਾਧਵ ਨੇ ਫੈਕਟਰੀ 'ਚੋਂ ਆਮਦਨ ਤਾਂ ਕੀ ਦਿਖਾਉਣੀ ਸੀ ਸਗੋਂ ਦੋ ਤਿੰਨ ਮਹੀਨਿਆਂ ਬਾਅਦ ਰੁਪਏ ਦੀ ਡਿਮਾਂਡ ਕਰੀ ਰੱਖ੍ਹਦੈ। ਬਿਜ਼ਨਿਸ ਵਧਾਉਣ ਦੀ ਗੱਲ ਤੋਰਦਾ। ਮਾਲ ਸਪਲਾਈ ਨੂੰ ਦੱਖਣ ਤੱਕ ਜੋੜਨ ਦਾ ਫਾਰਮੂਲ਼ਾ ਸਮਝਾਉਂਦਾ। ਏਜੰਟਾਂ ਦੇ ਗੁਣ ਗਾਉਂਦਾ। ਹਰਸ਼ ਮੱਥੇ ਵੱਟ ਨਾ ਪਾਉਂਦਾ। ਰੁਪਏ ਜਾਂਦੇ ਰਹੇ। ਮੇਰੀ ਤਨਖ਼ਾਹ ਵੀ ਇਸੇ ਲੇਖੇ ਲੱਗਦੀ ਰਹੀ।

ਓ ਭਾਈ! ਸੱਚ ਤੇ ਪਰਦਾ ਲੰਮਾ ਸਮਾਂ ਨ੍ਹੀਂ ਪਾਇਆ ਜਾ ਸਕਦਾ। ਇੱਕ ਅਣਜਾਣ ਨੰਬਰ ਤੋਂ ਫੋਨ ਆਇਆ, ਸੁਣ ਅੱਖਾਂ ਖੁੱਲ੍ਹ ਗਈਆਂ। ਪਤਾ ਲੱਗਿਆ, ਕਾਮਿਆਂ ਨੂੰ ਤਨਖ਼ਾਹ ਨਹੀਂ ਮਿਲੀ। ਬਣਿਆ ਮਾਲ ਖ਼ਰਾਬ ਹੋਈ ਜਾਂਦੈ। ਮਾਧਵ ਨੇ ਫ਼ੈਕਟਰੀ ਨੂੰ ਕੰਗਾਲ਼ੀ ਦੀ ਕੰਗਾਰ 'ਤੇ ਲਿਆ ਖੜ੍ਹਾ ਦਿੱਤੈ।

ਓ ਭਾਈ! ਹਰਸ਼ ਨੇ 'ਕਸੀਸ' ਨਾ ਵੱਟੀ। ਉਸਨੂੰ ਉਮੀਦ ਸੀ ਡਿੱਗਦੀ-ਢਹਿੰਦੀ ਫੈਕਟਰੀ ਨੂੰ ਪੈਰਾਂ ਸਿਰ ਕਰ ਲਵੇਗਾ। ਮਾਧਵ ਫ਼ੈਕਟਰੀ ਨੂੰ ਦੀਵਾ ਲਾ ਕੇ ਦੌੜ ਗਿਆ। ਹਰਸ਼ ਚੰਗੀ ਭਲੀ 'ਕੰਪੋਡਰ' ਦੀ ਨੌਕਰੀ ਛੱਡ ਗੁੜਗਾਓ ਦੇ ਰਾਹ ਪੈ ਗਿਆ। ਉਥੇ ਜਾ ਕਾਮੇ ਨਾਲ ਕਾਮਾ ਬਣ ਗਿਆ। ਜੋੜ-ਤੋੜ ਕਰਦਾ ਰਿਹਾ। ਤਰਲੋ-ਮੱਛੀ ਹੁੰਦਾ । ਰੱਬ ਦਾ ਭਾਣਾ ਸਮਝ ਜੁਟ ਗਿਆ।

ਉਹ ਜਦ ਵੀ ਘਰ ਆਉਂਦਾ; ਹਰਸ਼ ਦੇ ਜਝਾਰੂ ਬੋਲ ਹਵਾ 'ਚ ਫ਼ੈਲਦੇ, "ਭੱਜਣਾ ਸੂਰਮਿਆਂ ਦਾ ਕੰਮ ਨ੍ਹੀ...।" ਉਹ ਦਿਨ ਵੇਖਦਾ ਨਾ ਰਾਤ। ਤਮਾਮ ਕੋਸ਼ਿਸ਼ਾਂ ਮਿੱਟੀ ਬਣਦੀ ਗਈਆਂ। ਹਾਰੇ ਹੋਏ ਕਾਮਿਆਂ ਦੇ ਹੌਸਲੇ ਜਵਾਬ ਦੇ ਗਏ। ਬਣਿਆ ਮਾਲ ਮੰਡੀ ਦੇ ਰੇਟਾਂ ਨਾਲ ਮੈਚ ਨਾ ਕਰਦਾ। ਦੇਣਦਾਰੀਆਂ ਦੀਆਂ ਲਕੀਰਾਂ ਵੱਡੀਆਂ ਹੁੰਦੀਆਂ ਗਈਆਂ। ਕਰਜ਼ੇ ਦਾ ਭਾਰ ਪਾਸ-ਬੁੱਕਾਂ ਤੋਂ ਦਿਲ-ਦਿਮਾਗ਼ 'ਤੇ ਚੜ੍ਹਨ ਲੱਗਾ। ਘੁਣ ਵਾਂਗ ਅੰਦਰੋਂ-ਅੰਦਰੀ ਹਰਸ਼ ਨੂੰ ਖਾਈ ਜਾਂਦਾ। ਨਸਾਂ 'ਚ ਖ਼ੂਨ ਦੀ ਥਾਂ ਪਾਣੀ ਚੱਲਣ ਲੱਗਾ।

ਓ ਭਾਈ !ਮੈਂ ਉਸ ਰਾਹ 'ਤੇ ਨਾ ਜਾਣ ਦੇ ਵਾਸਤੇ ਪਾਉਂਦੀ ਰਹੀ। ਘੱਟ ਖਾਣ ਦੀਆਂ ਉਦਹਾਰਣਾਂ ਦੇ ਥੱਕ ਗਈ। ਮੇਰੇ ਵਾਪਸ ਮੁੜਨ ਦੇ ਘਿਣੇ ਕਿਸੇ ਕੰਮ ਲਾ ਆਏ। ਮੰਦੇ ਖ਼ਿਆਲਾਂ ਨੇ ਸਿਰ ਚੁੱਕ ਲਏ। ਆਖ਼ਿਰ ਉਹੀ ਵਾਪਰਿਆ ਜਿਸ ਦਾ ਡਰ ਵੱਢ-ਵੱਢ ਖਾਈ ਜਾਂਦੈ। ਗੁੜਗਾਉ

ਦੀ ਪੁਲਸ ਦੀ ਆਵਾਜ਼, "ਹਰਸ਼ ਨੋ ਮੋਰ... ਹੀ ਕਿਲਿਡ ਹਿਮਸੈਲਫ ਵਿਦ ਰੋਪ ਲਾਸਟ ਨਾਈਟ।" ਮੈਂ ਸੁਣਦੀ ਗਈ ਤੇ ਡਿੱਗਦੀ ਗਈ।

ਓ ਭਾਈ! ਹਰਸ਼ ਦੀ ਮੌਤ ਤੋਂ ਬਾਅਦ ਹਰ ਬੰਦੇ ਦੇ ਹਜ਼ਾਰਾਂ ਮੂੰਹ ਵੇਖੇ। ਸੱਪ ਵਾਂਗ ਫ਼ਨ ਖਿਲਾਰੀ ਵੇਖਿਆ ਵੀ। ਆਪਣੇ ਬੇਗਾਨੇ ਦੇ ਮਾਇਨੇ ਹੀ ਬਦਲ ਗਏ ਇਹ ਦੁੱਖ-ਮੁਸੀਬਤ ਬਹੁਤ ਵੱਡੀ ਸ਼ੈਅ ਹੁੰਦੀ ਐ, ਪਹਿਚਾਣ ਦੇ ਗੁਰ ਦੱਸਦੀਐ। ਮੈਂ ਪਿਛਾਂਹ ਨਾ ਤੱਕਿਆ ਤੇ ਡਟ ਗਈ। ਹਰਸ਼ ਦੇ ਬੋਲਾਂ 'ਤੇ ਫੁੱਲ ਚੜ੍ਹਾਉਂਦਿਆਂ ਕਿਹਾ ਸੀ, "ਬਿਲਕੁਲ ਉਵੇਂ ਹੀ ਲਟਕਾਊ... ਜਿਵੇਂ ਹਰਸ਼ ਲਟਕਿਆ।"

ਓ ਭਾਈ! ਇਹ ਜਿਦ ਮੈਨੂੰ ਅੱਕਣ-ਥੱਕਣ ਨ੍ਹੀਂ ਦਿੰਦੀ। ਕਚਹਿਰੀਆਂ 'ਚ ਜਾਂਦਿਆਂ ਸੰਗ-ਸ਼ਰਮ ਨ੍ਹੀਂ ਆਉਂਦੀ। ਭੱਜੀ ਫਿਰਦੀ ਹਾਂ ਸਾਰਾ ਦਿਨ। ਨੌਕਰੀ 'ਚ ਨਾਮਣਾ ਖੱਟਿਐ।ਘਰ ਨੂੰ ਸੰਭਾਲ ਕੇ ਰੱਖਿਐ।

ਓ ਭਾਈ! ਮੇਰੀ ਆਸ ਨੂੰ ਤੇਰਾਂ ਸਾਲ ਬਾਅਦ ਬੂਰ ਪੈ ਰਿਹਾ। ਹਰਸ਼ ਦੀ ਤੜਫਦੀ ਆਤਮਾ ਨੂੰ ਸ਼ਾਂਤੀ ਮਿਲਣ ਜਾ ਰਹੀ ਐ। ਵਕੀਲ ਚੈਂਬਰ 'ਚ ਜਾਣ ਲਈ ਤਿਆਰ ਖੜ੍ਹਾ ਤੇ ਮੈਂ ਵੀ। ਗੁਨਾਹਗਾਰਾਂ ਨੂੰ ਸਜ਼ਾ ਮਿਲਣ ਦੀਆਂ ਕੁੱਝ ਘੜੀਆਂ ਹੀ ਬਾਕੀ ਰਹਿੰਦੀਆਂ ਨੇ।

ਓ ਭਾਈ ! ਕਸੂਰਵਾਰ ਨੂੰ ਕਸੂਰਵਾਰ ਕਿਹਾ ਹੀ ਜਾਣੈ। ਤਰਸ ਵਾਲੀ ਮੇਰੇ ਅੰਦਰੋਂ ਫੀਲਿੰਗ ਹੀ ਮਰ ਚੁੱਕੀ ਐ। ਮਿਲੇ ਲਿਖਤੀ ਸਬੂਤ ਸੱਸ ਤੇ ਮਾਧਵ ਜ਼ਿੰਮੇਵਾਰ ਬਣਦੇ ਨੇ। ਉਹਨਾਂ ਨੇ ਸਬੂਤਾਂ ਨੂੰ ਬਥੇਰਾ 'ਕੋਰਾ ਝੂਠ' ਕਰਨ ਲਈ ਜ਼ੋਰ ਲਾ ਲਿਆ। ਹਰੇ ਤੇ ਗੁਲਾਬੀ ਨੋਟ ਵੰਡ ਸੱਚ ਨੂੰ ਦਬਾਇਆ ਵੀ।

ਹਰਸ਼ ਦਾ ਲਿਖਿਆ ਖੁਦਕੁਸ਼ੀ ਨੋਟ ਸਭ ਤੋਂ ਵੱਡਾ ਸਬੂਤ ਬਣਿਆ। ਜਿਸ ਦਾ ਇਕੱਲਾ-ਇਕੱਲਾ ਅੱਖਰ ਬੋਲਦੈ। ਜਦ ਵੀ ਉਹ ਰਿਕਾਡਿੰਗ ਸੁਣਦੀ ਹਾਂ ਜਿਹੜੀ ਮਾਧਵ ਦੇ ਫੋਨ ਵਿਚ ਸੇਵ ਰਹਿਗੀ।

ਹਰਸ਼ ਆਪਣੇ ਮਾਂ ਨਾਲ ਤਰਲੇ-ਮਿੰਨਤਾਂ ਤੇ ਅਰਜ਼ੋਈਆਂ ਤੋਂ ਸ਼ੁਰੂ ਕਰਦਾ। ਰੋਈ ਜਾਂਦੈ। ਮਾਂ ਦੇ ਬੋਲ ਠੱਕ-ਠੱਕ ਕਰਕੇ ਵੱਜਦੇ ਨੇ, "ਕਰ ਗਿਆ ਨਾ ਉਹੀ ਮਤਰੇਆਂ ਵਾਲੀ ਗੱਲ... ਤੇਰੀ ਮਾਂ ਤਾਂ ਭਈਏ ਨਾਲ ਨਿਕਲਗੀ... ਅਸੀਂ ਪਾਲਿਆ ...ਹੁਣ ਤੂੰ ਆਵਦੇ ਭਰਾ ਤੋਂ ਹਿਸਾਬ ਮੰਗਦੈਂ... ਸ਼ਰਮ ਕਰ ਸ਼ਰਮ... ਹੁਣ ਆ ਮੁੱਲ ਮੋੜਦੈਂ ... ਫਾਹਾ ਲੈ ਲਾ... ਕੰਜਰਾਂ ਫਾਹਾ... ਫਾ... ਅ ... ਆ... ਹਾ...।"

ਮੇਰੇ ਤੋਂ ਅੱਗੇ ਸੁਣਿਆ ਨ੍ਹੀਂ ਜਾਂਦਾ। ਉਸ ਬੰਦੇ ਨੇ ਕਿਵੇਂ ਸੁਣਿਆ ਹੋਵੇਗਾ?

ਓ ਭਾਈ ! ਮੈਂ ਹੁਣ ਡੋਲਣਾ ਨ੍ਹੀਂ । ਘੜੀ ਤੇ ਦਸ ਵੱਜ ਕੇ ਦਸ ਮਿੰਟ ਹੋਏ ਪਏ ਨੇ। ਵਕੀਲ ਫਾਇਲਾਂ ਚੁੱਕ ਕੇ ਤੁਰ ਪਿਆ। ਲਵਕੁਸ਼, ਤਾਨੀਆ ਤੇ ਪਾਪਾ ਮੇਰੇ ਨਾਲ ਨੇ।

ਪਰਸ 'ਚ ਰੱਖੇ ਫੋਨ 'ਤੇ ਵਾਈਬ੍ਰੇਸ਼ਨ ਹੋਈ, ਦੁਬਾਰਾ ਹੋਈ ਤੇ ਲਗਾਤਾਰ ਹੋਈ ਜਾਂਦੀ ਐ। ਮੈਂ ਫ਼ੋਨ ਚੁੱਕਣਾ ਤੇ ਵੇਖਣਾ ਵੀ ਨ੍ਹੀਂ।

...ਤੇ ਪਿਛਾਂਹ ਮੁੜਨਾ ਵੀ ਨ੍ਹੀਂ।

# ਯਾਦਾਂ ਜਗਤਾਰ ਦੀਆਂ

**-ਡਾ. ਜਨਮੀਤ**

ਪੈਲੀ ਪੈਲੀ ਤਿੱਤਰ ਲਭਦੇ ਫਿਰਦੇ ਹਾਂ
ਇਹ ਭੈੜੀ ਜਗਤਾਰ ਨੇ ਆਦਤ ਪਾਈ ਹੈ।

ਹੁਸ਼ਿਆਰਪੁਰ ਦੇ ਸਾਹਿਤਕ ਹਲਕਿਆਂ ਵਿੱਚ ਇਕਵਿੰਦਰ ਦਾ ਇਹ ਸ਼ਿਅਰ ਬੜਾ ਮਕਬੂਲ ਹੋਇਆ।

ਖੁੱਲ੍ਹੀ ਜੀਪ ਹਨੇਰੀ ਵਾਂਗ ਆਈ ਤੇ ਮੋਟਰਸਾਈਕਲ ਦੇ ਅਗਲੇ ਮੱਡਗਾਰਡ ਨੂੰ ਤਕਰੀਬਨ ਛੂੰਹਦੀ ਹੋਈ ਓਵਰਟੇਕ ਕਰ ਗਈ। ਮੈਂ ਮਸਾਂ ਮੋਟਰਸਾਈਕਲ ਸੰਭਾਲਿਆ, ਪੂਰੀ ਬ੍ਰੇਕ ਦੱਬੀ, ਟਾਇਰਾਂ ਦੇ ਚੰਗਿਆੜੇ ਨਿਕਲ ਗਏ। "ਤੇਰੀ ਭੈਣ...।" ਮੇਰੇ ਮੂੰਹੋਂ ਮੋਟੀ ਗਾਲ੍ਹ ਨਿਕਲੀ। ਪੰਜਾਹ ਕੁ ਗਜ਼ ਅੱਗੇ ਜਾ ਕੇ ਖੱਬੇ ਹੱਥ ਜੀਪ ਰੁਕ ਗਈ। ਡਰਾਈਵਰ ਸਮੇਤ ਚਾਰ ਸਵਾਰ। ਤਿੰਨਾਂ ਕੋਲ ਦੁਨਾਲੀਆਂ। ਮੈਂ ਮੋਟਰਸਾਈਕਲ ਬਰਾਬਰ ਜਾ ਲਾਇਆ ਤੇ ਡਰਾਈਵਰ ਨੂੰ ਤਲਖੀ ਨਾਲ ਸਵਾਲ ਕੀਤਾ, ਏਨੀ ਵੀ ਕੀ ਕਾਹਲੀ ਹੈ?" ਹਰਾਮਜ਼ਾਦੇ ਮੇਰੀਆਂ ਅੱਖਾਂ 'ਚ ਲਿਖਿਆ ਹੋਇਆ ਸੀ। ਪਿਛਲੀ ਸੀਟ ਤੋਂ ਇੱਕ ਘੱਗੀ ਆਵਾਜ਼ ਆਈ, "ਚਲੋ, ਬਚਾਅ ਹੋ ਗਿਆ।" ਤੇ ਉਹ ਚਲੇ ਗਏ।

"ਦਰਹਕੀਕਤ ਇਹਨਾਂ ਨੇ ਮੈਨੂੰ ਪਹਿਚਾਣ ਲਿਆ ਹੈ ਤਾਂ ਹੀ ਡਰ ਕੇ ਚਲੇ ਗਏ।" ਮੇਰੇ ਪਿੱਛੇ ਬੈਠਾ ਜਗਤਾਰ ਬੋਲਿਆ। ਉਸਨੇ ਮੋਢੇ ਤੇ ਦੁਨਾਲੀ ਠੀਕ ਕੀਤੀ। "ਦਰਹਕੀਕਤ ਇਹਨਾਂ ਨੇ ਹੀ ਜਲੰਧਰ ਕਚਹਿਰੀਆਂ ਵਿਚ ਗੋਲੀ ਚਲਾਈ ਸੀ।" ਉਸ ਕਿਹਾ। ਕੁਝ ਹੀ ਹਫ਼ਤੇ ਪਹਿਲਾਂ ਜਲੰਧਰ ਕਚਹਿਰੀਆਂ ਵਿੱਚ ਗੋਲੀਕਾਂਡ ਹੋਇਆ ਸੀ ਤੇ ਇਸਦੀ ਸਾਰੇ ਪੰਜਾਬ ਵਿਚ ਚਰਚਾ ਸੀ। ਗੋਲੀ ਚਲਾਉਣ ਵਾਲੇ ਸਾਰੇ ਅੰਦਰ ਸਨ। ਉਹ ਹੁਸ਼ਿਆਰਪੁਰ ਦੇ ਚੜ੍ਹਦੇ ਪਾਸੇ ਜੰਗਲ ਵਿਚ ਸ਼ਿਕਾਰ ਕਰਨ ਕਿਵੇਂ ਆ ਸਕਦੇ ਸਨ? ਜਗਤਾਰ ਤੋਂ ਪਿੱਛੇ ਬੈਠਾ ਦਵਿੰਦਰ ਜੋਸ਼, ਜਿਸਨੇ ਕਾਰਤੂਸਾਂ ਦੀ ਪੇਟੀ ਮੋਢੇ ਲਟਕਦੀ ਹੋਈ ਸੀ, ਜ਼ਰਾ ਕੁ ਸਹਿਮਿਆ ਹੋਇਆ ਸੀ। ਉਸਨੂੰ ਸ਼ਿਕਾਰ ਨਾਲ ਕੋਈ ਲਗਾਓ ਨਹੀਂ ਸੀ। ਬੱਸ ਮੇਰੇ ਕਹਿਣ ਤੇ ਅਤੇ ਐਤਵਾਰ ਦੀ ਛੁੱਟੀ ਹੋਣ ਕਰਕੇ ਉਹ ਸਾਡੇ ਨਾਲ ਤੁਰ ਪਿਆ ਸੀ। ਮੈਨੂੰ ਚੰਡੀਗੜ੍ਹ ਦੇ ਦੋਸਤਾਂ ਦੱਸਿਆ ਹੋਇਆ ਸੀ ਕਿ ਜਗਤਾਰ ਨੂੰ ਥੋੜ੍ਹਾ ਗੱਪ ਮਾਰਨ ਦੀ ਆਦਤ ਹੈ। ਜੀਪ ਵਾਲੇ ਕੋਈ ਵੀ ਸਨ, ਪਰ ਉਹਨਾਂ ਸਾਡੇ ਨਾਲ ਪੰਗਾ ਨਹੀਂ ਸੀ ਲਿਆ। ਮੇਰਾ ਛੇ ਫੁੱਟ ਲੰਬਾ ਸੁਡੌਲ ਸਰੀਰ, ਲੰਮੀ, ਸੰਘਣੀ ਕਾਲੀ ਦਾਹੜੀ ਤੇ ਨਿਡਰ ਚਿਹਰਾ, ਜਗਤਾਰ ਦਾ ਸ਼ਿਕਾਰੀਆਂ ਵਾਲਾ ਲਿਬਾਸ ਤੇ ਦਵਿੰਦਰ ਜੋਸ਼ ਦਾ ਡਾਕੂਆਂ ਵਰਗਾ ਜੁੱਸਾ ਉਹਨਾਂ ਦੀ ਬਰਾਬਰੀ ਕਰਦਾ ਸੀ।

ਚੌਹਾਲ ਤੋਂ ਚਾਰ-ਪੰਜ ਕਿਲੋਮੀਟਰ ਚੜ੍ਹਾਈ ਚੜ੍ਹ ਕੇ ਸੱਜੇ ਹੱਥ ਅੱਧਾ ਕੁ ਕਿਲੋਮੀਟਰ ਕੱਚੀ ਡੰਡੀ ਤੇ ਮੋਟਰਸਾਈਕਲ ਗੜਗੜਾਉਂਦਾ ਹੋਇਆ ਸ਼ਾਹ ਨੂਰ ਜਮਾਲ ਦੀ ਦਰਗਾਹ ਦੇ ਵਿਹੜੇ ਵਿਚ ਜਾ ਰੁਕਿਆ। ਜਗਤਾਰ ਇੱਥੇ ਪਹਿਲੀ ਵਾਰ ਆਇਆ ਸੀ। ਸਵੇਰ ਦੇ ਗਿਆਰਾਂ ਵੱਜੇ ਸਨ। ਦਰਗਾਹ ਦਾ ਮੁਖੀਆ ਬੱਕਰੇ ਦੇ ਮੀਟ ਨਾਲ ਸੰਤਰਾ-ਮਾਲਟਾ ਸ਼ਰਾਬ ਪੀ ਰਿਹਾ ਸੀ।

ਜਗਤਾਰ ਨੇ ਬੜੇ ਅਦਬ ਨਾਲ ਉਸਨੂੰ ਸਿਜਦਾ ਕੀਤਾ ਤੇ ਸਾਹਮਣੇ ਬਹਿ ਗਿਆ। 'ਜੋਸ਼' ਜਗਤਾਰ ਦੇ ਸੱਜੇ ਪਾਸੇ ਬਹਿ ਗਿਆ। ਦਰਗਾਹ ਦਾ ਮੁਖੀਆ ਮੇਰਾ ਵਾਕਫ ਸੀ। ਹੁਸ਼ਿਆਰਪੁਰ ਵਿਚ ਆਰਮੀ ਦੇ ਪੁਰਾਣੇ ਮੋਟਰਸਾਈਕਲਾਂ ਨੂੰ ਨਵਾਂ ਨਕੋਰ ਬਣਾ ਕੇ ਢਾਈ-ਪੌਣੇ ਤਿੰਨ ਹਜ਼ਾਰ ਵਿਚ ਵੇਚਣ ਵਾਲਾ ਟਕਸਾਲੀ ਮਕੈਨਿਕ ਸਰਦਾਰ ਗੁਰਦੇਵ ਸਿੰਘ ਦਰਵੇਸ਼ ਦਾ ਚੇਲਾ ਸੀ। ਦਰਵੇਸ਼ ਕਈ ਵਾਰ ਤਕਰੀਬਨ ਡੇਢ ਕਨਾਲ ਖੁੱਲ੍ਹੇ ਗੁਰਦੇਵ ਦੇ ਗ਼ੈਰਾਜ ਵਿਚ ਆ ਬਿਰਾਜਮਾਨ ਹੁੰਦਾ। ਉਸ ਦਿਨ ਗੁਰਦੇਵ ਕੋਈ ਕੰਮ ਨਾ ਕਰਦਾ। ਬੰਦ ਬੋਤਲ ਆ ਜਾਂਦੀ, ਹੋਰ ਚੇਲੇ ਜੁੜਨੇ ਸ਼ੁਰੂ ਹੋ ਜਾਂਦੇ। ਬੰਦ ਬੋਤਲਾਂ ਆਈ ਜਾਂਦੀਆਂ, ਖੁੱਲ੍ਹੀ ਜਾਂਦੀਆਂ, ਖ਼ਲਾਸ ਹੋਈ ਜਾਂਦੀਆਂ, ਤੇ ਚੱਲ ਸੋ ਚੱਲ। ਮੈਂ ਆਪਣੇ ਦੋਸਤ ਕਪਿਲ ਦੇ ਘਰ ਗੁਰਦੇਵ ਦੇ ਗੁਆਂਢ ਹੀ ਰਹਿੰਦਾ ਸਾਂ, ਤੇ ਇਸ ਰੂਹਾਨੀ ਮਹਿਫਿਲ ਵਿਚ ਵੀ ਹਾਜ਼ਰੀ ਲੁਆਉਂਦਾ ਸਾਂ।

"ਗੁਰੂਦੇਵ ਦਾ ਕੀ ਹਾਲ ਹੈ'? ਦਰਵੇਸ਼ ਜੀ ਮੈਨੂੰ ਸੰਬੋਧਿਤ ਹੋਏ। "ਖੁਸ਼-ਬਾਸ਼ ਹਨ।" "ਇਹ ਸ਼ਾਇਰ ਜਗਤਾਰ ਜੀ ਹਨ ਤੇ ਇਹ ਗ਼ਜ਼ਲਗੋ ਜੋਸ਼ ਸਾਹਿਬ। ਜਗਤਾਰ ਹੋਰੀਂ ਸਾਡੇ ਕਾਲਜ ਲੈਕਚਰਾਰ ਬਣ ਕੇ ਆਏ ਹਨ। ਇਹਨਾਂ ਨੂੰ ਸ਼ਿਕਾਰ ਦੀ ਲਤ ਹੈ। ਮੈਂ ਸੋਚਿਆ ਸ਼ਿਵਾਲਿਕ ਦੇ ਤਿੱਤਰ-ਬਟੇਰਿਆਂ, ਹਿਰਨਾਂ, ਬਾਰਾਂਸਿੰਗਿਆਂ ਨਾਲ ਇਹਨਾਂ ਦੀ ਜਾਣਕਾਰੀ ਕਰਵਾ ਦਿਆਂ।" ਦਰਵੇਸ਼ ਨੂੰ ਮੈਂ ਆਪਣੇ ਆਉਣ ਦਾ ਮੰਤਵ ਦੱਸਿਆ। "ਮੋਟਰਸਾਈਕਲ ਇੱਥੇ ਹੀ ਖੜ੍ਹਾ ਕਰ ਜਾਉ, ਬੱਦਲ ਬਣ ਰਹੇ ਹਨ, ਬਾਰਿਸ਼ ਦੇ ਅਸਾਰ ਹਨ, ਜਲਦੀ ਚੱਕਰ ਮਾਰ ਆਓ।" ਦਰਵੇਸ਼ ਨੇ ਹਦਾਇਤ ਕੀਤੀ।

ਤੇ ਅਸੀਂ ਢਾਲਾਨ ਉੱਤੇ ਚੜ੍ਹਾਈ ਕਰ ਦਿੱਤੀ। ਜੋਸ਼ ਨੂੰ ਕੀ ਪਤਾ ਸੀ ਕਿ ਸ਼ਿਕਾਰ ਤੇ ਜਾਣ ਲਈ ਹੰਟਰ ਸ਼ੂ ਚਾਹੀਦੇ ਹਨ। ਅੱਧਾ ਕੋਹ ਵੀ ਨਹੀਂ ਸੀ ਚੜ੍ਹੇ ਕਿ ਉਸਦੀ ਵੱਧਰ ਵਾਲੀ ਕਾਲੀ ਸੈਂਡਲ ਟੁੱਟ ਗਈ। ਜਗਤਾਰ ਨੂੰ ਸਾਹ ਚੜ੍ਹਨ ਲੱਗਾ। ਸਾਹ ਲੈਣ ਲਈ ਅਸੀਂ ਰੁਕ ਗਏ। "ਦਰਹਕੀਕਤ ਮੈਨੂੰ ਬਰੌਂਕਾਈਟਸ ਦੀ ਸ਼ਿਕਾਇਤ ਹੈ।" ਉਹ ਦਮੇ ਨੂੰ ਬਰੌਂਕਾਈਟਸ ਦੀ ਮਰਜ਼ ਦੱਸ ਕੇ ਆਪਣੇ ਅੰਗਰੇਜ਼ੀ ਜਾਣਦੇ ਹੋਣ ਦਾ ਪ੍ਰਭਾਵ ਪਾ ਰਿਹਾ ਸੀ। "ਪਰ ਅੱਜ ਕੋਈ ਖਤਰਾ ਨਹੀਂ। ਮੈਂ ਟੀਕਾ ਲਾ ਕੇ ਹੀ ਤੁਰਿਆ ਹਾਂ।" ਉਸਨੇ ਇਹ ਵੀ ਦੱਸ ਦਿੱਤਾ ਕਿ ਉਹ ਨਾੜੀ ਵਿਚ ਖੁਦ ਹੀ ਟੀਕਾ ਲਾ ਲੈਂਦਾ ਹੈ।

"ਬੱਦਲ ਸੰਘਣੇ ਹੋਈ ਜਾਂਦੇ ਹਨ, ਅੱਗੇ ਕੀ ਜਾਣਾ ਹੈ, ਇਹ ਕੋਈ ਸ਼ਿਕਾਰ ਵਾਲਾ ਮੌਸਮ ਹੈ? ਇੱਥੇ ਹੀ ਘੁੱਟ-ਘੁੱਟ ਲਾ ਲਵੋ।" 'ਜੋਸ਼' ਦਾਰੂ ਪੀਣ ਲਈ ਕਾਹਲਾ ਪੈ ਰਿਹਾ ਸੀ। ਉਹ ਸ਼ਾਇਦ ਪਛਤਾ ਰਿਹਾ ਸੀ, ਕਿ ਉਹ ਦਰਵੇਸ਼ ਕੋਲ ਹੀ ਕਿਉਂ ਨਹੀਂ ਬੈਠ ਗਿਆ। ਉੱਥੇ ਦਾਰੂ ਦਾ ਲੰਗਰ ਛੱਡ ਕੇ ਉਹ ਦੋ ਮੂਰਖਾਂ ਨਾਲ ਜੰਗਲ ਵਿਚ ਝਾੜੀਆਂ ਮਿੱਧਦਾ ਆਪਣਾ ਪੈਂਤੀਆਂ ਰੁਪਈਆ ਦਾ ਸੈਂਡਲ ਤੁੜਵਾ ਚੁੱਕਾ ਸੀ, ਜਿਸ ਲਈ ਉਸਨੂੰ ਬੀਵੀ ਨੂੰ ਸਫਾਈ ਦੇਣੀ ਪੈਣੀ ਸੀ। "ਸ਼ਿਕਾਰ ਕਰਨ ਆਏ ਹਾਂ ਕਿ ਦਾਰੂ ਪੀਣ?" ਜਗਤਾਰ ਉਸ ਨੂੰ ਟੁੱਟ ਕੇ ਪਿਆ। "ਪਰ ਬਾਬਿਉ, ਸ਼ਿਕਾਰ ਹੈ ਕਿੱਥੇ?" 'ਜੋਸ਼' ਦਾ ਸਵਾਲ ਵੀ ਜਾਇਜ਼ ਸੀ...। ਜਗਤਾਰ ਇਕਦਮ ਤ੍ਰਬਕ ਕੇ ਖੜ੍ਹਾ ਹੋ ਗਿਆ। ਸਾਹਮਣੇ ਪਹਾੜ ਵੱਲ ਦੇਖੋ...। ਸੱਚਮੁੱਚ ਇਕ ਚੌਪਾਇਆ ਆਕਾਰ ਫਿਰਦਾ ਨਜ਼ਰ ਆਇਆ ਤੇ ਫੇਰ... ਖੱਡ ਕੀ, ਝਾੜੀ ਕੀ, ਪੱਥਰ ਕੀ, ਪਹਾੜੀ ਕੀ... ਅੱਧੇ ਘੰਟੇ ਵਿਚ ਉਸ ਵੱਡੀ ਪਹਾੜੀ 'ਤੇ ਪਹੁੰਚ ਗਏ। ਸ਼ਿਕਾਰ ਅਲੋਪ ਹੋ ਚੁਕਿਆ ਸੀ। 'ਜੋਸ਼' ਘਾਹ ਤੇ ਬੈਠ ਗਿਆ। "ਸ਼ਿਕਾਰੀ ਏਨੀ ਛੇਤੀ ਹਾਰ ਨਹੀਂ ਮੰਨਦੇ! ਚਲੋ ਢੂੰਡਦੇ ਹਾਂ। ਨੇੜੇ ਹੀ ਕਿਤੇ

ਛੁਪਿਆ ਹੋਵੇਗਾ।" ਜਗਤਾਰ ਨੇ ਪ੍ਰੇਰਿਆ ਤੇ ਅਸੀਂ ਢਲਵਾਨ ਤੇ ਠਿੱਲ੍ਹ ਪਏ। ਜਗਤਾਰ ਅਚਾਨਕ ਠਿਠਕਿਆ, ਬੰਦੂਕ ਤਾਣ ਲਈ ਤੇ ਟ੍ਰਿਗਰ 'ਤੇ ਹੱਥ ਰੱਖ ਲਿਆ... ਗੋਲੀ ਦੀ ਆਵਾਜ਼ ਨਹੀਂ ਆਈ। ਇਕ ਤਕੜਾ ਬੂਰਾ ਕੱਟਾ ਝਾੜੀ ਪਿੱਛੇ ਚਰ ਰਿਹਾ ਸੀ।

ਇਸ ਤੋਂ ਪਿੱਛੋਂ ਜਗਤਾਰ ਨੇ ਵੀ ਨਾ ਕਿਹਾ ਕਿ ਸ਼ਿਕਾਰੀ ਏਨੀ ਛੇਤੀ ਹਾਰ ਨਹੀਂ ਮੰਨਦੇ, 'ਜੋਸ਼' ਦੇ ਮਨ ਦੀ ਮੁਰਾਦ ਪੂਰੀ ਹੋ ਗਈ ਤੇ ਮੈਂ ਅਸਮਾਨੀ ਬਿਜਲੀ ਚਮਕਣ ਦੀ ਸਪੀਡ ਵਿਚ ਬੋਤਲ, ਗਿਲਾਸ ਤੇ ਪਾਣੀ ਕੱਢ ਚੁੱਕਾ ਸਾਂ। ਢਲਵਾਨ ਦੀ ਵੱਖੀ ਤੇ ਪੈੱਗ ਲੱਗਣ ਲੱਗੇ। ਪਹਿਲੇ ਤੋੜ ਦੀ ਸ਼ਰਾਬ ਦੇ ਦੋ-ਦੋ ਹਾੜ੍ਹੇ ਲਾ ਕੇ ਤਿੰਨੇ ਸ਼ਿਕਾਰੀ ਸਰੂਰ ਵਿਚ ਆ ਗਏ। 'ਜੋਸ਼' ਬੋਲਿਆ, ਬਾਬਿਉ ਗ਼ਜ਼ਲ ਸੁਣਾਓ। ਨਿੱਕੀ ਨਿੱਕੀ ਕਣੀ ਦਾ ਮੀਂਹ ਸ਼ੁਰੂ ਹੋ ਗਿਆ। ਫੁਹਾਰ ਵਿਚ ਭਿੱਜਦਿਆਂ ਜਗਤਾਰ ਗਾਉਣ ਲੱਗਾ-

ਹਰ ਮੋੜ ਤੇ ਸਲੀਬਾਂ, ਹਰ ਪੈਰ ਤੇ ਹਨੇਰਾ
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ।

ਉਸਦਾ ਤਰਨੰਮ ਠੀਕ ਠਾਕ ਸੀ। ਪਰ ਸਾਹ ਦੀ ਕਸਰ ਕਰਕੇ ਉਸਤੋਂ ਗਾ ਨਹੀਂ ਸੀ ਹੁੰਦਾ। ਇਸੇ ਲਈ ਉਹ 'ਸੁਰਿੰਦਰ ਗਿੱਲ' ਤੇ 'ਸ਼ਿਵ ਕੁਮਾਰ' ਤੋਂ ਬਹੁਤ ਚਿੜਦਾ ਸੀ। ਚਿੜਦਾ ਤਾਂ ਉਹ ਮੀਸ਼ੇ ਤੋਂ ਵੀ ਸੀ।

ਮੇਰੀ ਕਿਤਾਬ ਰਿਲੀਜ਼ ਹੋਣੀ ਸੀ ਕਾਲਜ ਦੇ ਉਪਨ-ਏਅਰ ਥੀਏਟਰ ਵਿੱਚ। ਮੈਂ ਤੇ ਜਗਤਾਰ ਲੁਧਿਆਣੇ ਪ੍ਰੋ. ਮੋਹਣ ਸਿੰਘ ਦੇ ਘਰ ਸਮਾਗਮ ਤੇ ਮੁਸ਼ਾਇਰੇ ਦੀ ਪ੍ਰਧਾਨਗੀ ਲਈ ਸਮਾਂ ਨਿਸ਼ਚਿਤ ਕਰਨ ਲਈ ਪਹੁੰਚੇ। ਮੋਹਣ ਸਿੰਘ ਹੋਰੀਂ ਬੜੀ ਬੇ-ਤਕਲੱਫ਼ੀ ਅਤੇ ਮੁਹੱਬਤ ਨਾਲ ਮਿਲੇ। "ਪੱਤ ਗੋਭੀ ਵਾਲੇ ਪ੍ਰਾਉਠੇ ਖਾਓ"। ਉਹਨਾਂ ਨੇ ਮੱਖਣ ਨਾਲ ਭਰੀ ਬੁਰਕੀ ਮੂੰਹ ਵਿਚ ਪਾਉਂਦਿਆਂ ਪ੍ਰਾਹੁਣਾਚਾਰੀ ਦਿਖਾਈ। "ਅਸੀਂ ਬੱਸ ਚਾਹ ਪੀਵਾਂਗੇ।" ਜਗਤਾਰ ਹਲੀਮੀ ਭਰੇ ਮਾਣ ਨਾਲ ਬੋਲਿਆ। "ਤੁਲਸੀ ਵਾਲੀ ਚਾਹ ਭੇਜੋ", ਉਹਨਾਂ ਅੰਦਰ ਆਵਾਜ਼ ਲਗਾਈ ਤੇ ਗੁਫ਼ਤਗੂ ਦਾ ਆਗਾਜ਼ ਹੋ ਗਿਆ। ਬੇਤਕੱਲਫ ਗੁਫ਼ਤਗੂ। ਪੰਜ ਕੁ ਮਿੰਟਾਂ ਵਿਚ ਹੀ ਜਗਤਾਰ ਗ਼ਿਲਾ ਕਰਨ ਲੱਗਾ, "ਤੁਸੀਂ ਮੀਸ਼ੇ ਨੂੰ ਮੈਥੋਂ ਵੱਧ ਸਮਝਦੇ ਹੋ।" "ਓਏ, ਮੀਸ਼ਾ ਮੇਰਾ ਵੱਡਾ ਪੁੱਤਰ ਹੈ ਤੇ ਤੂੰ ਛੋਟਾ।" ਮੋਹਣ ਸਿੰਘ ਹੋਰਾਂ ਦੇ ਮੂੰਹੋਂ ਉਹਨਾਂ ਦੀ ਕਵਿਤਾ ਵਰਗਾ ਹੀ ਸੱਚ ਕਿਰਿਆ। ਜਗਤਾਰ ਦਾ ਮੂੰਹ ਵੇਖਣ ਵਾਲਾ ਸੀ। ਜੀਵਨ ਵਿਚ ਪਹਿਲੀ ਵਾਰ ਮੈਨੂੰ ਸੰਕੇਤ ਮਿਲਿਆ ਕਿ ਵੱਡੇ ਇਨਸਾਨ ਵਾਕਿਆ ਹੀ ਵੱਡੇ ਹੁੰਦੇ ਹਨ ਤੇ ਛੋਟੇ... ਵੱਡੇ ਹੋਣ ਦੀ ਕੋਸ਼ਿਸ਼ ਵਿਚ ਲੱਗੇ ਰਹਿੰਦੇ ਹਨ।

"ਕਿਸੇ ਵੀ ਗ਼ਲਾਜ਼ਤ ਨੂੰ ਸ਼ਿਕਾਰ ਤੇ ਨਾਲ ਲੈ ਕੇ ਜਾਣਾ ਮਹਾ ਗ਼ਲਾਜ਼ਤ ਹੈ।" ਜਗਤਾਰ ਖਿਝਿਆ ਹੋਇਆ ਸੀ। "ਕੀ ਹੋਇਆ?" ਮੈਂ ਕਿਹਾ। ਮੈਨੂੰ ਲੱਗਾ ਕਿ ਉਸਦਾ ਇਸ਼ਾਰਾ 'ਜੋਸ਼' ਵੱਲ ਹੈ। "ਤੂੰ ਕਿੱਥੇ ਗਾਇਬ ਹੋ ਗਿਆ ਸੀ?" ਉਹ ਸ਼ਿਕਵੇ ਵਾਲੀ ਟੋਨ ਵਿਚ ਬੋਲਿਆ। "ਮੈਂ ਤਾਂ ਗੁਰੂਸਰ ਸੁਧਾਰ ਚਲਾ ਗਿਆ ਸੀ। ਉੱਥੇ ਹਰਜਿੰਦਰ ਨੇ ਦਾਖਲਾ ਲਿਆ ਹੈ ਤੇ 'ਪਲੈਟੋ' ਨਵਾਂ-ਨਵਾਂ ਪ੍ਰੋਫੈਸਰ ਲੱਗਿਆ ਹੈ। ਹਰਜਿੰਦਰ ਨੇ ਹੋਸਟਲ ਵਿਚ ਇਕ ਬਾਂਦਰ ਰੱਖਿਆ ਹੋਇਆ ਹੈ। ਦਰਹਕੀਕਤ ਉਸਦੀ ਮਾਸ਼ੂਕ ਸਿਵਲ-ਲਾਈਨ ਲੁਧਿਆਣਾ ਛੱਡ ਕੇ ਇੰਗਲੈਂਡ ਚਲੀ

ਗਈ ਤੇ ਆਪਣਾ ਪਾਲਤੂ ਬਾਂਦਰ ਉਸਨੂੰ ਗਿਫ਼ਟ ਕਰ ਗਈ ਹੈ। ਹੋਸਟਲ ਵਿਚ ਨਵਾਂ-ਨਵਾਂ ਟੀ.ਵੀ. ਲੱਗਿਆ ਹੈ। ਸਵੇਰੇ ਜਿਉਂ ਹੀ ਕਾਲਜ ਦੀ ਘੰਟੀ ਵੱਜਦੀ ਹੈ, ਬਾਂਦਰ ਐਂਟੀਨੇ ਤੇ ਚੜ੍ਹਕੇ ਝੂਟੇ ਲੈਣੇ ਸ਼ੁਰੂ ਕਰ ਦਿੰਦਾ ਹੈ। ਸ਼ਾਮ ਨੂੰ ਕਾਲਜ ਦੇ ਮੂਹਰੇ ਵਗਦੇ ਸੂਏ ਚੋਂ ਮੱਛਰਦਾਨੀ ਨਾਲ ਮੱਛੀਆਂ ਫੜਦਿਆਂ ਤੇ ਪੀ.ਏ.ਯੂ. ਦੀ ਰੇਕੀ ਕਰਦਿਆਂ ਦਿਨਾਂ ਦਾ ਪਤਾ ਈ ਨਹੀਂ ਲੱਗਿਆ।

"ਹੁਸ਼ਿਆਰਪੁਰੀਏ ਮਹਾ ਨਿਕੰਮੇ ਹਨ," ਉਸ ਜੁਮਲਾ ਛੱਡਿਆ। "ਕੀ ਹੋਇਆ?" ਮੈਂ ਪੁੱਛਿਆ। ਹੋਣਾ ਕੀ ਹੈ? ਮੈਂ ਬੈਂਸ ਤੇ ਚੀਮੇ ਨੂੰ ਕਿਹਾ ਚਲੋ ਸ਼ਿਕਾਰ ਤੇ ਚੱਲੀਏ। ਬੈਂਸ ਦੇ 'ਜਾਵੇ' ਤੇ ਤਿੰਨੋਂ ਜੇਜੋਂ ਤੋਂ ਉੱਤੇ ਵੱਲ ਜੰਗਲ ਵੱਲ ਨਿਕਲ ਗਏ। ਇਹ ਸੁਣ ਕੇ ਮੈਨੂੰ ਅਫਸੋਸ ਹੋਇਆ ਜੇ ਮੈਂ ਮਲਵਈ ਯਾਰ ਨੂੰ ਮਿਲਣ ਨਾ ਗਿਆ ਹੁੰਦਾ ਤਾਂ ਮੋਟਰਸਾਈਕਲ ਦੋ ਹੁੰਦੇ ਤੇ ਸ਼ਿਕਾਰੀ ਚਾਰ।

ਬੈਂਸ ਇਕਨਾਮਿਕਸ ਦਾ ਪ੍ਰੋਫੈਸਰ ਸੀ ਤੇ ਰਣਜੀਤ ਚੀਮਾ ਮੇਰਾ ਹਿਸਟਰੀ ਦਾ ਪ੍ਰੋਫੈਸਰ। ਦੋਵਾਂ ਦਾ ਸ਼ਿਕਾਰ ਨਾਲ ਦੂਰ-ਦੂਰ ਤੱਕ ਕੋਈ ਵਾਹ-ਵਾਸਤਾ ਨਹੀਂ ਸੀ।

"ਕੀ ਮਾਰਿਆ?" ਮੈਂ ਪੁੱਛਿਆ। "ਰਾਤ ਦੇ ਗਿਆਰਾਂ ਵਜੇ ਸੂਰਾਂ ਦਾ ਝੁੰਡ ਖਰੂਦ ਕਰਦਾ ਦਿਸਿਆ ਮੈਂ ਚੀਮੇ ਨੂੰ ਟਾਰਚ ਮਾਰਨ ਦੀ ਹਦਾਇਤ ਕੀਤੀ। ਉਹ ਉੱਕ ਗਿਆ। ਮੈਂ ਸੂਰ ਦੀ ਘੁਰ-ਘੁਰ ਤੇ ਪੱਕਾ ਫ਼ਾਇਰ ਕਰ ਦਿੱਤਾ। ਸੂਰ ਦੀ ਘੁਰ-ਘੁਰ ਦਹਾੜ ਵਿਚ ਬਦਲ ਗਈ ਤੇ ਉਹ ਖੱਡ ਵਿਚ ਲੁੜ੍ਹਕ ਗਿਆ।" ਜਗਤਾਰ ਨੇ ਦੱਸਿਆ।

ਕਿੰਨਾ ਕੁ ਮੀਟ ਨਿਕਲਿਆ ਤੇ ਕਿੰਨੀ ਕੂ ਛਾਂਟ? ਅਚਾਰ ਪਾ ਲਿਆ?" "ਤੈਨੂੰ ਦੱਸਿਆ ਨਹੀਂ ਕਿ ਕਿਸੇ ਗ਼ਲਾਜ਼ਤ ਨੂੰ ਸ਼ਿਕਾਰ ਤੇ ਨਹੀਂ ਲੈ ਕੇ ਜਾਣਾ ਚਾਹੀਦਾ। ਇਹਨਾਂ ਨੇ ਖੱਡ ਤੱਕ ਪਹੁੰਚਦਿਆਂ ਇੱਕ ਵਜਾ ਦਿੱਤਾ ਤੇ ਭੇੜੀਏ ਮਰਿਆ ਮਰਾਇਆ ਸ਼ਿਕਾਰ ਚੁੱਕ ਕੇ ਗਾਇਬ।" ਉਹ ਬਹੁਤ ਦੁਖੀ ਸੀ। ਕਾਰਤੂਸ ਵੀ ਗਿਆ ਤੇ ਸ਼ਿਕਾਰ ਵੀ।

"ਚਲੋ ਭੇੜੀਆਂ ਦੀ ਕਿਸਮਤ," ਮੈਂ ਹੋਰ ਕਹਿ ਵੀ ਕੀ ਸਕਦਾ ਸੀ। "ਸੁਣ ਤਾਂ ਸਹੀ ਇਨ੍ਹਾਂ ਦੇ ਗ਼ਲਾਜ਼ਤੀ ਕਾਰਨਾਮੇ।" ਪਹਾੜੀ ਦੇ ਸਿਖਰ ਤੇ ਪਹੁੰਚੇ ਤਾਂ ਮੀਂਹ ਸ਼ੁਰੂ ਹੋ ਗਿਆ। ਇੱਕ ਬੱਕਰੀਆਂ, ਭੇਡਾਂ ਦੇ ਵਾੜੇ ਵਿਚ ਠਾਹਰ ਕਰ ਲਈ। ਉੱਥੇ ਪਹਿਲਾਂ ਹੀ ਚਾਰ ਸ਼ਿਕਾਰੀ ਇਕ 'ਸਾਂਭਰ' ਦਾ ਮਾਸ ਭੁੰਨ ਰਹੇ ਸਨ। ਗੱਦਣਾਂ ਅੱਗ ਬਾਲ ਰਹੀਆਂ ਸਨ। ਗੱਦੀ ਅੱਗ ਦੁਆਲੇ ਘੇਰਾ ਬੰਨ ਕੇ ਨੱਚ ਰਹੇ ਸਨ...

ਰਾਤੀ ਤੂ ਬਾਰਾਤੀ ਮੱਤ ਆਂਦਾ ਕੁੰਜੂਆ
ਬੈਰੀ ਭਰੀਆਂ ਬੰਦੂਕਾਂ ਹੋਅ ਅ ਅ
ਬੰਦੂਕਾਂ ਦਾ ਗ਼ਮ ਨਾ ਤੂ ਕਰੀਂ ਚੈਂਚਲੋ
ਕੁੰਜੂ ਕੱਲਾ ਬਥੇਰਾ ਹੋ ਆ ਅ ਆ।

ਦਾਰੂ ਖੁੱਲ੍ਹੀ ਚੱਲ ਰਹੀ ਸੀ। ਇਹਨਾਂ ਨੂੰ ਤਾਂ ਜਿਵੇਂ ਜੰਨਤ ਮਿਲ ਗਈ ਹੋਵੇ। ਲੱਗੇ ਹਾੜੇ ਤੇ ਹਾੜਾ ਲਾਉਣ, ਨਾਲੇ ਗਾਉਣ। (ਮੈਂ ਕਾਲਜ ਦੇ ਮਿਊਜ਼ਿਕ ਰੂਮ 'ਚ ਕਲਾਸੀਕਲ ਇੰਸਟਰੂਮੈਂਟ ਦੇ ਮਾਹਰ ਪ੍ਰੋਫੈਸਰ ਤੇਜ ਬਹਾਦਰ ਸਾਹਨੀ ਤੇ ਵੋਕਲ ਮਿਊਜ਼ਿਕ ਦੇ ਮਾਹਰ ਪ੍ਰੋਫੈਸਰ ਐਲ.ਡੀ. ਪ੍ਰਦੇਸੀ ਨੂੰ ਅਕਸਰ ਹੀ ਸੁਣਦਾ ਸਾਂ) ਬੈਂਸ ਤੇ ਚੀਮੇ ਨੂੰ ਨੱਚਦਿਆਂ-ਗਾਉਂਦਿਆਂ ਤਸੱਵਰ ਕਰਨਾ

ਮੇਰੇ ਲਈ...।

"ਕਰਾਰਾ ਕਰਾਰਾ ਭੁੱਜਿਆ ਮੀਟ ਦੇਖ ਇਹਨਾਂ ਦੀਆਂ ਜੀਭਾਂ ਮੂਤ ਰਹੀਆਂ ਸਨ।" ਜਗਤਾਰ ਖਫ਼ਾ ਸੀ। ਸ਼ਿਕਾਰੀ ਇਕ ਪਾਸੇ ਮੰਜਿਆਂ 'ਤੇ ਇੰਜ ਬੈਠੇ ਸਨ ਜਿਵੇਂ ਸਾਰੀ ਦੁਨੀਆਂ ਉਹਨਾਂ ਦੇ ਕਦਮਾਂ ਵਿਚ ਨਤ-ਮਸਤਕ ਹੋਵੇ। ਬੰਦੂਕਾਂ ਉਹਨਾਂ ਦੀਆਂ ਇੱਕ ਪਾਸੇ ਰੱਖੀਆਂ ਹੋਈਆਂ ਸਨ। ਮੁਖੀਆ ਸ਼ਿਕਾਰੀ ਮੈਨੂੰ ਮੁਖਾਤਿਬ ਹੋਇਆ "ਠਾਕੁਰ, ਕੁਝ ਮਾਰਿਆ?" ਮੈਂ ਕਿਹਾ, "ਸੂਰ ਮਾਰਿਆ 'ਏਕਲ'। ਭੇੜੀਏ ਲੈ ਗਏ।" "ਚਲੋ, ਮੁਹਿੰਮ ਤਾਂ ਖਾਲੀ ਨਹੀਂ ਨਾ ਗਈ ਠਾਕੁਰ! ਅਸੀਂ ਸਾਂਭਰ ਮਾਰਿਆ ਹੈ। ਗੱਦੀਆਂ ਦਾ ਕਬੀਲਾ ਇਸਨੂੰ ਭੁੰਨ ਰਿਹਾ ਹੈ। ਸਾਰੇ ਰਲ ਕੇ ਸਾਰੀ ਰਾਤ ਜਸ਼ਨ ਮਨਾਉਂਦੇ ਹਾਂ।" ਬੈਂਸ ਤੇ ਚੀਮਾ ਮੇਰੇ ਵੱਲ ਇੰਜ ਝਾਕੇ ਜਿਵੇਂ ਮੈਂ ਉਹਨਾਂ ਸ਼ਿਕਾਰੀਆਂ ਦੇ ਗਿਰੋਹ ਦਾ ਹੀ ਮੈਂਬਰ ਹੋਵਾਂ। "ਚੱਕੋ ਚੱਕੋ," ਸਾਰਿਆਂ ਨੇ ਗਿਲਾਸ ਉਲਾਰੇ। ਮੁਖੀਆ ਗੱਦੀ ਨੇ ਭੁੱਜਾ ਮੀਟ ਪਰਾਤ ਵਿਚ ਪਾਇਆ, ਗੋਲ-ਦਾਇਰੇ ਦੇ ਵਿਚਕਾਰ ਟਿਕਾਇਆ ਤੇ ਮੁਖੀਆ ਗੱਦਣ ਨੇ ਸਭ ਦੇ ਸਾਹਮਣੇ ਸਿਲਵਰ ਦੇ ਕੌਲੇ ਰੱਖ ਦਿੱਤੇ।

"ਇਹਨਾਂ ਦੋਹਾਂ ਨੇ ਸਭ ਤੋਂ ਪਹਿਲਾਂ ਕੌਲੇ ਭਰਵਾਏ।"... ਜਦੋਂ ਮੈਨੂੰ ਪਾਉਣ ਲੱਗੇ ਤਾਂ ਕੌਲਾ ਮੂਧਾ ਮਾਰ ਦਿੱਤਾ। ਮੁਖੀਆ ਸ਼ਿਕਾਰੀ ਮੇਰੀਆਂ ਅੱਖਾਂ ਵਿਚ ਝਾਕਿਆ, "ਠਾਕੁਰ ਇਹ ਕੀ?" ਮੈਂ ਕਿਹਾ, "ਇੱਕ ਸ਼ਿਕਾਰੀ ਦੂਜੇ ਸ਼ਿਕਾਰੀ ਦਾ ਸ਼ਿਕਾਰ ਨਹੀਂ ਖਾਂਦਾ ਠਾਕੁਰ।" ਮੈਂ ਸਤਬੱਧ ਹੋ ਗਿਆ। "ਫੇਰ?" ਮੇਰੇ ਮੂੰਹੋਂ ਇਸ ਤੋਂ ਵੱਧ ਕੁਝ ਨਾ ਨਿਕਲਿਆ। "ਫੇਰ ਕੀ" ਮੁਖੀਏ ਨੇ ਆਪਣਾ ਕੌਲਾ ਵੀ ਮੂਧਾ ਮਾਰ ਦਿੱਤਾ। ਉਹ ਉੱਠਿਆ ਤੇ ਮੈਨੂੰ ਜੱਫੀ 'ਚ ਘੁੱਟ ਲਿਆ। "ਤੇਰੇ ਵਰਗਾ ਸ਼ਿਕਾਰੀ ਲੱਖਾਂ 'ਚੋਂ ਇੱਕ ਹੁੰਦਾ ਹੈ ਠਾਕੁਰ! ਮੈਂ ਵੀ ਤਾਂ ਖਾਵਾਂਗਾ ਜੇ ਤੂੰ ਭੋਗ ਲਗਾਵੇਂਗਾ।"

ਮੈਨੂੰ ਲੱਗਿਆ, ਜਗਤਾਰ ਤਾਂ ਬੜਾ ਜ਼ਿੱਦੀ ਸੁਣੀਂਦਾ ਹੈ, ਕਹੇਗਾ, "ਕਦੇ ਮੈਂ 'ਸਾਂਭਰ' ਮਾਰਾਂਗਾ ਫੇਰ ਕੱਠੇ ਖਾਵਾਂਗੇ।" ਪਰ...। "ਫੇਰ" ਮੈਂ ਪੁੱਛ ਹੀ ਲਿਆ। "ਫੇਰ ਕੀ, ਇਹ ਤਾਂ ਦੋਵੇਂ ਹੀ ਦੋ-ਦੋ ਕੌਲੇ ਚਟਮ ਕਰ ਚੁੱਕੇ ਸਨ। ਮੈਂ ਤੇ ਮੁਖੀਏ ਨੇ ਇੱਕੋ ਕੌਲੇ ਵਿਚੋਂ ਖਾਧਾ। ਇਹ ਵੀ ਸ਼ਿਕਾਰੀਆਂ ਦਾ ਦਸਤੂਰ ਹੈ।"

ਤੇ ਗੱਦੀ ਤੇ ਗੱਦਣਾ? ਮੈਂ ਪੁੱਛਿਆ। "ਬੱਸ ਪੁੱਛ ਨਾ। ਇੱਕ ਗੱਦਣ 'ਤੇ ਤਾਂ ਮੈਂ ਉਸੇ ਵੇਲੇ ਸ਼ਿਅਰ ਲਿਖ ਦਿੱਤਾ-

ਅੱਖਾਂ ਉਸ ਦੀਆਂ ਤਿਤਲੀਆਂ
ਗੱਲ੍ਹੀਂ ਫੜਕਣ ਮਛਲੀਆਂ
ਐਸਾ ਪੀਡਾ ਜਿਸਮ ਹੈ
ਜਿਉਂ ਕਾਠਾ ਅਖਰੋਟ।

"ਵਾਹ! ਸੁੰਦਰੀ ਤੇ ਸੁਡੌਲ ਸਰੀਰ ਦੀ ਆਹਲਾ ਮੰਜ਼ਰਕਸ਼ੀ।" ਮੈਂ ਕਿਹਾ। ਮੇਰੇ ਜ਼ਿਹਨ ਵਿਚ ਸੋਭਾ ਸਿੰਘ ਦਾ ਆਇਲ ਕਲਰ ਵਿਚ ਬਣਾਇਆ 'ਗੱਦਣ ਔਨ ਦਾ ਵੇਅ ਟੂ ਗਧੇਰਨ' ਘੁੰਮ ਗਿਆ। ਬਸੰਤੀ ਪੁਸ਼ਾਕ ਵਿਚ ਗਿੱਠੀ ਗੱਠੀ ਪੀਡੀ ਮੁਟਿਆਰ ਗੱਦਣ। 'ਗਧੇਰਨ' ਅੰਦਰੇਟੇ ਦੇ ਰਸਤੇ ਵਿਚ ਗੱਦੀਆਂ ਦਾ ਇੱਕ ਵੱਡਾ ਮਰਕਜ਼ ਹੈ। "ਸੋਭਾ ਸਿੰਘ ਨੇ ਵੀ ਗੱਦਣ ਦੀ ਖ਼ੂਬਸੂਰਤ ਪੇਂਟਿੰਗ ਬਣਾਈ ਹੈ, ਸ਼ਾਇਦ ਤੁਸੀਂ ਕਿਸੇ ਆਰਟ ਗੈਲਰੀ ਵਿਚ ਦੇਖੀ ਹੋਵੇ।" ਮੈਂ ਗੱਲ ਅੱਗੇ

ਤੋਰੀ।"ਪਰ ਪੇਂਟਿੰਗ ਸ਼ਾਇਰੀ ਦਾ ਮੁਕਾਬਲਾ ਨਹੀਂ ਕਰ ਸਕਦੀ। ਕਿੱਥੇ ਸ਼ਾਇਰੀ ! ਪੰਜਾਂ ਇੰਦਰੀਆਂ ਨੂੰ ਛੂਹਣ ਵਾਲੀ ਸੂਖ਼ਮ ਕਲਾ ਤੇ ਕਿੱਥੇ ਪੇਂਟਿੰਗ ਮਹਿਜ਼ ਤਿੰਨ ਇੰਦਰੀਆਂ ਨੂੰ ਛੂਹਣ ਵਾਲੀ, ਰੰਗਾਂ ਦੀ ਖੇਡ ਮਾਤਰ। ਇਸੇ ਲਈ ਟੈਗੋਰ ਕਵੀ ਵੱਡਾ ਹੈ ਤੇ ਪੇਂਟਰ ਛੋਟਾ। ਦਰਹਕੀਕਤ ਹਰ ਪੇਂਟਰ, ਨਾਵਲਿਸਟ, ਕਹਾਣੀਕਾਰ ਪਹਿਲਾਂ ਕਵੀ ਬਣਨਾ ਚਾਹੁੰਦਾ ਹੈ। ਤੇ ਜਦੋਂ ਨਹੀਂ ਬਣ ਸਕਦਾ ਤਾਂ ਕਿਸੇ ਦੋਇਮ ਦਰਜੇ ਦੀ ਕਲਾ ਨੂੰ ਹੱਥ ਪੈਰ ਮਾਰਨ ਲੱਗ ਜਾਂਦਾ ਹੈ।" ਉਹ ਆਪਣੇ ਆਪ ਨੂੰ ਉੱਤਮ ਕਵੀ ਸਮਝਦਾ ਸੀ ਤੇ ਕਵਿਤਾ ਨੂੰ ਉੱਤਮ ਕਲਾ। ਮੈਂ ਕਿਤੇ ਪੜ੍ਹਿਆ ਸੀ ਕਿ 'ਉਹ' ਕੰਧ ਉੱਤੇ ਲੀਕ ਵੀ ਵਾਹ ਦੇਵੇ ਤਾਂ ਕਵਿਤਾ ਬਣ ਜਾਂਦੀ ਹੈ। ਮੈਨੂੰ ਇਹ ਗੱਲ ਬੜੀ ਵਾਹਯਾਤ ਲੱਗੀ ਸੀ। ਪਰ ਹੁਣ ਮੈਂ ਸਮਝ ਗਿਆ ਸਾਂ ਕਿ ਕਿਸੇ ਨੇ ਨਹੀਂ ਬਲਕਿ ਉਸ ਨੇ ਆਪਣੇ ਬਾਰੇ ਆਪ ਹੀ ਲਿਖ ਕੇ ਛਾਪ ਲਈ ਹੋਵੇਗੀ।

"ਤੂੰ ਛਾਂਗਿਆ ਰੁੱਖ ਪੜ੍ਹ ਲਈ ਹੈ?" ਉਸ ਮੈਨੂੰ ਸਵਾਲ ਕੀਤਾ। ਹੁਸ਼ਿਆਰਪੁਰ ਆਉਂਦਿਆਂ ਹੀ ਉਸਨੇ ਮੈਨੂੰ ਆਪਣੀ ਤਾਜ਼ੀ ਛਪੀ ਕਿਤਾਬ ਭੇਂਟ ਕੀਤੀ ਸੀ। ਪਰ ਇਸ ਬਾਰੇ ਕਦੇ ਗੱਲਬਾਤ ਨਹੀਂ ਸੀ ਹੋਈ। ਹੁੰਦੀ ਵੀ ਕਿਵੇਂ? ਤਿੱਤਰਾਂ, ਬਟੇਰਿਆਂ, ਕਬੂਤਰਾਂ, ਮੁਰਗਾਬੀਆਂ ਤੋਂ ਵਿਹਲ ਮਿਲਦੀ ਤਾਂ ਸ਼ਾਇਰੀ ਦੀ ਵਾਰੀ ਆਉਂਦੀ।" ਕਮਾਲ ਦੀਆਂ ਨਜ਼ਮਾਂ ਹਨ। ਖਾਸ ਤੌਰ ਤੇ ਤੁਹਾਡੀ ਆਪਣੀ ਮਾਂ, ਬੱਚੀ ਕੰਚਨ, ਵੱਡੀ ਭੈਣ, ਵੱਡੇ ਭਰਾ, ਤਿਵਾੜੀ ਸਾਹਿਬ, ਮਨਜੀਤ ਟਿਵਾਣਾ ਨੂੰ ਪਿੱਠ ਭੂਮੀ ਵਿਚ ਰੱਖ ਕੇ ਆਪਣੇ ਬਾਰੇ ਹਲਫ਼ੀਆ ਬਿਆਨ ਵਰਗੀ ਕਵਿਤਾ ਤਾਂ ਸੰਵੇਦਨਸ਼ੀਲਤਾ ਤੇ ਡਿਕਸ਼ਨ ਦਾ ਲੈਅ-ਬੱਧ ਮੁਅੱਜ਼ਜ਼ਾ ਹੈ... ਲਾਜਵਾਬ।" ਉਸਦੀਆਂ ਅੱਖਾਂ ਲਿਸ਼ਕ ਪਈਆਂ ਤੇ ਦਾਹੜੀ ਤੇ ਲੱਗਿਆ ਖ਼ਿਜ਼ਾਬ ਹੋਰ ਗੂੜ੍ਹਾ ਹੋ ਗਿਆ। "ਦਰਅਸਲ ਜਨਾਬ ਤੁਸੀਂ ਹੋ ਹੀ ਨਜ਼ਮ ਦੇ ਸ਼ਾਇਰ। ਗ਼ਜ਼ਲਾਂ ਤਾਂ ਹਮਦਰਦ, ਜੈਤੋਈ, ਤਖਤ ਸਿੰਘ, ਠਾਕੁਰ-ਭਾਰਤੀ ਤੇ ਦਵਿੰਦਰ ਜੋਸ਼ ਨੂੰ ਲਿਖਣ ਦਿਓ।" ਸੱਚਮੁਚ ਉਸ ਦੀਆਂ ਨਜ਼ਮਾਂ ਵਿੱਚ ਬਹੁਤ ਜਾਨ ਸੀ।

"ਦਰਹਕੀਕਤ ਇਹ ਕਿਤਾਬ ਮੈਂ ਸਾਹਿਤ ਅਕੈਡਮੀ ਐਵਾਰਡ ਜਿੱਤਣ ਲਈ ਛਪਵਾਈ ਹੈ। ਆਪਣੀਆਂ ਸਾਰੀਆਂ ਕਿਤਾਬਾਂ ਵਿਚੋਂ ਚੋਣਵੀਆਂ ਨਜ਼ਮਾਂ ਇੱਕ ਥਾਂ ਕੀਤੀਆਂ ਹਨ।" ਸਾਹਿਤ-ਅਕੈਡਮੀ ਐਵਾਰਡ ਵੀ ਐਨ. ਤਿਵਾੜੀ ਨੂੰ 'ਫੁੱਟਪਾਥ ਤੋਂ ਗੈਰਾਜ' ਤਕ ਕਵਿਤਾ ਸੰਗ੍ਰਹਿ ਉੱਤੇ ਮਿਲ ਚੁੱਕਾ ਸੀ। ਜਿਸ ਵਿਚ ਇਕ ਵੀ ਕਵਿਤਾ ਕੰਮ ਦੀ ਨਹੀਂ ਸੀ। ਉਸ ਸ਼ਾਮ ਮੈਨੂੰ ਜਗਤਾਰ ਦੀ ਇਸ ਰੀਝ ਦਾ ਪਤਾ ਲੱਗਾ ਕਿ ਉਹ ਐਵਾਰਡ ਹਾਸਲ ਕਰਨ ਲਈ ਕਿੰਨਾ ਆਤੁਰ ਹੈ ਤੇ ਆਪਣੇ ਆਪ ਨੂੰ ਇਸਦਾ ਨੰਬਰ ਇੱਕ ਹੱਕਦਾਰ ਸਮਝਦਾ ਹੈ। ਮੈਨੂੰ ਵੀ ਇਹ ਗੱਲ ਜੱਚਦੀ ਸੀ ਕਿ ਜੇ 'ਮੀਸ਼ੇ' ਨੂੰ ਐਵਾਰਡ ਮਿਲ ਸਕਦਾ ਹੈ ਤਾਂ ਸੁਰਿੰਦਰ ਗਿੱਲ ਜਾਂ ਜਗਤਾਰ ਨੂੰ ਕਿਉਂ ਨਹੀਂ? ਫਿਰ ਮੈਨੂੰ ਇਸ ਗੱਲ ਦੀ ਸਮਝ ਵੀ ਆ ਗਈ। ਉਹ ਆਪਣੇ ਲੜਾਕੇ ਸੁਭਾਅ ਅਤੇ ਮੂੰਹਫਟ ਬੋਲਬਾਣੀ ਕਰਕੇ ਪਿੱਛੇ ਧੱਕਿਆ ਜਾਂਦਾ ਰਿਹਾ ਹੋਵੇਗਾ। ਕਰੀਬ ਦੋ ਦਹਾਕਿਆਂ ਬਾਅਦ, ਜਦੋਂ ਕਿ ਮੇਰਾ ਉਸ ਨਾਲ ਸੰਪਰਕ ਟੁੱਟਿਆਂ ਵਾਹਵਾ ਦੇਰ ਹੋ ਚੁਕੀ ਸੀ, ਇਕ ਮੁਸ਼ਾਇਰੇ ਦੀ ਸ਼ਾਮ ਦੋਸਤਾਂ ਦੀ ਮਹਿਫ਼ਿਲ ਵਿੱਚ ਗੱਲ ਚੱਲ ਪਈ। ਇਕ ਕਵੀ ਨੇ ਚਿੰਤਾ ਪ੍ਰਗਟਾਈ ! ਜਗਤਾਰ ਬਹੁਤ ਬਿਮਾਰ ਰਹਿਣ ਲੱਗ ਪਿਆ ਹੈ। ਅੱਖਾਂ ਤੋਂ ਬਹੁਤ ਘੱਟ ਦਿਸਦਾ ਹੈ। ਵਾਰ-ਵਾਰ ਪਿਸ਼ਾਬ ਜਾਣਾ ਪੈਂਦਾ ਹੈ।... ਚਿੰਤਾ ਨਾ ਕਰੋ। ਦਮੇ ਦਾ ਮਰੀਜ ਛੇਤੀ ਨਹੀਂ ਮਰਦਾ ਹੁੰਦਾ। ਤੇ ਨਾਲੇ ਜਗਤਾਰ ਨੂੰ ਤਾਂ ਮੌਤ ਆਉਣੀ ਹੀ ਨਹੀਂ ਜਦੋਂ ਤੱਕ ਸਾਹਿਤ ਅਕੈਡਮੀ ਐਵਾਰਡ ਨਹੀਂ

ਮਿਲ ਜਾਂਦਾ।" ਦਾਰੂ ਪੀਂਦੇ ਸਾਰੇ ਸ਼ਾਇਰਾਂ ਨੇ ਮੇਰੀ ਗੱਲ ਹਾਸੇ ਵਿੱਚ ਪਾ ਦਿੱਤੀ। ਪਰ ਮੈਂ ਸੱਚਮੁਚ ਅੰਦਰੋਂ ਬੇਹੱਦ ਦੁਖੀ ਸਾਂ। ਹਰ ਟੱਟਪੂੰਜੀਏ ਨੂੰ ਐਵਾਰਡ ਮਿਲ ਚੁੱਕਾ ਸੀ ਤੇ ਜਗਤਾਰ... ਖ਼ੈਰ! ਅੰਤ ਉਸ ਨੂੰ ਐਵਾਰਡ ਮਿਲ ਹੀ ਗਿਆ, ਤੇ ਉਹ ਵੀ ਗ਼ਜ਼ਲਾਂ ਦੀ ਇੱਕ ਕਿਤਾਬ ਤੇ, ਜਿਸਦਾ ਨਾਂ ਮੈਨੂੰ ਬਹੁਤ ਹੀ ਅਜੀਬ ਲੱਗਿਆ 'ਚਨੁੰਕਰੀ ਸ਼ਾਮ'।

ਮੌਲਵੀ ਗੁਲਾਮ ਰਸੂਲ ਦੇ ਪਿੰਡ ਤੋਂ ਬਿਆਸ ਦਰਿਆ ਦਾ ਮੰਡ ਦੋ ਢਾਈ ਕੋਹ ਦੀ ਦੂਰੀ 'ਤੇ ਹੈ।

"ਦਰਹਕੀਕਤ ਮੌਲਵੀ ਗੁਲਾਮ ਰਸੂਲ ਦੀ ਇੱਜ਼ਤ ਮੁਹੰਮਦ ਸਾਹਿਬ ਤੋਂ ਬਾਅਦ ਪਾਕਿਸਤਾਨ ਵਿਚ ਬਹੁਤ ਬੁਲੰਦੀ ਵਾਲੀ ਸਮਝੀ ਜਾਂਦੀ ਹੈ। ਪਹਿਲਾਂ ਉਸ ਦੇ ਘਰ ਦੀ ਜ਼ਿਆਰਤ ਕਰ ਲਵਾਂਗੇ, ਬਾਅਦ ਵਿਚ ਮੰਡ ਚੋਂ ਮੁਰਗਾਬੀਆਂ ਮਾਰਾਂਗੇ।" ਮੌਲਵੀ ਸਾਹਿਬ ਦਾ ਘਰ ਖੋਲ਼ਾ ਬਣ ਚੁਕਿਆ ਸੀ। ਸਿਰਫ਼ ਇੱਕ ਪੱਕੀ ਕੰਧ ਖੜੀ ਸੀ, ਜਿਸ ਉੱਤੇ ਨਾਨਕਸ਼ਾਹੀ ਇੱਟਾਂ ਨਾਲ ਹੁੱਕੇ ਦਾ ਆਕਾਰ ਬਣਿਆ ਹੋਇਆ ਸੀ। ਮੈਂ ਆਪਣੇ ਕੈਮਰੇ ਨਾਲ ਹੁੱਕੇ ਦੀ ਫੋਟੋ ਖਿਚ ਲਈ ਤੇ ਮੋਟਰਸਾਈਕਲ ਨੂੰ ਕਿੱਕ ਮਾਰ ਦਿੱਤੀ।

ਇਕ ਦਿਨ ਪਹਿਲਾਂ ਮੀਂਹ ਪਿਆ ਸੀ। ਅੱਤ ਦੀ ਗਰਮੀ, ਤਿੱਖੜ ਦੁਪਹਿਰ, ਚਿੱਕੜ ਨਾਲ ਭਰੀਆਂ ਕੱਚੀਆਂ ਡੰਡੀਆਂ, ਝਾੜੀਆਂ ਵਿਚੋਂ ਤਿਲਕਦਾ, ਡਿੱਗਦਾ ਡਿਗਾਉਂਦਾ ਮੋਟਰਸਾਈਕਲ ਮੈਂ ਇੱਕ ਵੱਡੇ ਸਾਰੇ ਡੁੰਮ੍ਹ ਦੇ ਕਿਨਾਰੇ ਜਾ ਖੜਾ ਕੀਤਾ। ਤਿੰਨ ਚਾਰ ਦਰਜਨ ਮੋਟੀਆਂ ਮੁਰਗਾਬੀਆਂ ਸ਼ਾਨ ਨਾਲ ਤੈਰ ਰਹੀਆਂ ਸਨ। ਮੈਂ ਅਜੇ ਸੰਭਲ ਹੀ ਰਿਹਾ ਸਾਂ ਕਿ ਜਗਤਾਰ ਫੁਰਤੀ ਨਾਲ ਡੁੰਮ੍ਹ ਦੇ ਕਿਨਾਰੇ ਵੱਲ ਨੂੰ ਵਧਿਆ। ਯਾਦ ਨਹੀਂ। ਪਰ ਕੁਝ ਤਾਂ ਹੋਇਆ ਹੀ ਹੋਣੈ ਕਿ ਮੇਰਾ ਉੱਚੀ-ਉੱਚੀ ਹਾਸਾ ਨਿਕਲ ਗਿਆ। ਉਹ ਮੇਰੇ ਵੱਲ ਗੁੱਸੇ ਨਾਲ ਝਾਕਿਆ। "ਕਮਾਲ ਦੀ ਮੂਰਖਤਾ ਹੈ, ਸਾਹਮਣੇ ਸ਼ਿਕਾਰ ਹੈ ਤੇ ਤੂੰ ਹੱਸੀ ਜਾ ਰਿਹੈ। ਸ਼ਿਕਾਰੀ ਹੀ ਹੱਸਣ ਲੱਗ ਪੈਣ ਤਾਂ ਸਵਾਹ ਸ਼ਿਕਾਰ ਮਾਰਨਗੇ। ਤੈਨੂੰ ਮੁਰਗਾਬੀ ਦੇ ਕਰੈਕਟਰ ਦਾ ਨਹੀਂ ਪਤਾ। ਇਹ ਬੜਾ ਸੈਂਸਟਿਵ ਪੰਛੀ ਹੈ। ਝੱਟ ਸਰਸਰਾਹਟ ਮਹਿਸੂਸ ਕਰ ਲੈਂਦਾ ਹੈ ਤੇ ਗਾਇਬ ਹੋ ਜਾਂਦਾ ਹੈ।" ਪਤਾ ਨਹੀਂ ਮੁਰਗਾਬੀਆਂ ਮੇਰੇ ਹਾਸੇ ਦੀ ਸਰਸਰਾਹਟ ਨਾਲ ਜਾਂ ਆਲੇ ਦੁਆਲੇ ਚਰਦੀਆਂ ਮੱਝਾਂ ਦੇ ਅੜਿੰਗਣ ਨਾਲ ਚੁੱਭੀ ਮਾਰ ਗਈਆਂ। ਇਕ ਮੁਰਗਾਬੀ ਅਜੇ ਵੀ ਸ਼ਾਨ ਨਾਲ ਤੈਰ ਰਹੀ ਸੀ। ਜਗਤਾਰ ਨੇ ਨਿਸ਼ਾਨਾ ਸਾਧਿਆ ਤੇ... ਠਾਹ...। .. ਕਰੜਬਰੜੀ ਦਾਹੜੀ ਵਾਲਾ ਬਜ਼ੁਰਗ, ਜੋ ਕਿ ਮੱਝਾਂ ਚਾਰ ਰਿਹਾ ਸੀ, ਮੇਰੇ ਕੋਲ ਆ ਖੜ੍ਹਾ ਹੋਇਆ। ਏਨੇ ਵਿਚ ਜਗਤਾਰ ਆਪਣੀ ਬੈੱਲਬਾਟਮ ਲਾਹ ਚੁੱਕਿਆ ਸੀ, ਜੋ ਉਸ ਨੇ ਮੋਟਰਸਾਈਕਲ ਦੇ ਹੈਂਡਲ ਤੇ ਟੰਗ ਦਿੱਤੀ ਤੇ ਬ੍ਰੇਕਾਂ ਵਾਲੇ ਕੱਛੇ ਦੇ ਨਾਲੇ ਵਿਚ ਕੱਛੇ ਦੇ ਪੌਂਚੇ ਤੇ ਕਮੀਜ਼ ਟੁੰਗ ਕੇ ਤੇਜ਼ੀ ਨਾਲ ਡੁੰਮ੍ਹ ਵਿਚ ਜਾ ਵੜਿਆ। ਅੱਗੇ ਪਾਣੀ ਡੂੰਘਾ ਸੀ। ਗੋਤਾ ਲੱਗਣ ਤੋਂ ਪਹਿਲਾਂ ਹੀ ਉਹ ਵਾਪਸ ਮੁੜ ਪਿਆ। ਗੁਲਾਬਾਂਸੀ ਦੀ ਝਾੜੀ ਪਿੱਛੇ ਜਾ ਕੇ ਕਮੀਜ਼ ਨਿਚੋੜੀ, ਪੈਂਟ ਪਾਈ ਤੇ ਕੱਛਾ ਨਿਚੋੜ ਕੇ ਮੋਟਰਸਾਈਕਲ ਦੀ ਡਿੱਗੀ 'ਚ ਰੱਖ ਦਿੱਤਾ। ਮੈਂ ਕਿੱਕ ਮਾਰ ਕੇ ਮੋਟਰਸਾਈਕਲ ਸਿੱਧਾ ਕੀਤਾ। ਕਰੜ ਬਰੜੀ ਦਾਹੜੀ ਵਾਲਾ ਬਜ਼ੁਰਗ ਇਸ ਸਾਰੇ ਕੌਤਕ ਨੂੰ ਬੜੀ ਨੀਝ ਲਾ ਕੇ ਦੇਖ ਰਿਹਾ ਸੀ। ਟਾਂਡੇ ਪਹੁੰਚ ਕੇ ਇਕ ਢਾਬੇ ਵਿਚ ਅਸੀਂ ਰੋਟੀ ਖਾਣ ਬੈਠ ਗਏ। ਬੁਰਕੀ ਮੂੰਹ ਵਿਚ ਪਾਉਂਦਾ ਜਗਤਾਰ ਮੈਨੂੰ ਮੁਖ਼ਾਤਿਬ ਹੋਇਆ-

"ਉਹ ਹਰਾਮਜ਼ਾਦਾ ਬੁੱਢਾ ਵੇਖਿਆ ਕਿਵੇਂ ਸਾਡੇ ਵੱਲ ਮੁਸਕਣੀ-ਮੁਸਕਣੀ ਝਾਕ ਰਿਹਾ

ਸੀ।" "ਮੈਂ ਖਿਆਲ ਨਹੀਂ ਕੀਤਾ।" ਮੈਂ ਕਿਹਾ।

"ਬੱਸ ਇਹੋ ਤਾਂ ਇੱਕ ਸਿਖਾਂਦਰੂ ਸ਼ਿਕਾਰੀ ਤੇ ਮੰਝੇ ਹੋਏ ਸ਼ਿਕਾਰੀ ਵਿਚ ਅੰਤਰ ਹੈ। ਦਰਹਕੀਕਤ ਸਾਡੇ ਵਰਗੇ ਸ਼ਿਕਾਰੀ ਮੁਰਗਾਬੀਆਂ ਮਾਰ ਕੇ ਚਲੇ ਜਾਂਦੇ ਹਨ ਤੇ ਇਹੋ ਜਿਹੇ ਮਕਰੇ, ਬੁੱਢੇ ਚਰਵਾਹੇ ਪਿਛੋਂ ਮੁਰਗਾਬੀ ਲੱਭ ਕੇ ਐਸ਼ ਕਰਦੇ ਹਨ।" ਉਸਨੇ ਮੇਰੇ ਵੱਲ ਇੰਜ ਦੇਖਿਆ ਕਿ ਮੈਂ ਉਸ ਦੀ ਗੱਲ ਨੂੰ ਸੱਚ ਮੰਨਿਆ ਹੈ, ਫੜ੍ਹ ਸਮਝਿਆ ਹੈ ਜਾਂ ਗਪੌੜ ਸੰਖ। ਚਲੋ! ਉਹਨਾਂ ਦੀ ਕਿਸਮਤ। ਸਾਡਾ ਕੀ ਗਿਆ। ਇਕ ਛਰ੍ਹਿਆਂ ਵਾਲਾ ਕਾਰਤੂਸ। ਸਾਰੀ ਸ਼ਾਮ ਪਈ ਹੈ। ਰਸਤੇ ਵਿਚ ਹੋਰ ਸ਼ਿਕਾਰ ਮਿਲ ਜਾਵੇਗਾ।

ਆਲੋਵਾਲ ਦੇ ਪੁਲ ਤੇ ਪਹੁੰਚੇ ਤਾਂ ਖੱਬੇ ਹੱਥ ਕੋਈ ਪੰਜਾਹ ਕੁ ਫੁੱਟ ਡਾਇਆ ਮੀਟਰ 'ਚ ਫੈਲੇ ਬਾਂਸਾਂ ਦੇ ਝੁੰਡ ਉੱਤੇ ਹਜ਼ਾਰਾਂ ਕਬੂਤਰ ਅਸਮਾਨ ਵਿੱਚ ਤਾਰੀਆਂ ਲਾਉਂਦੇ ਨਜ਼ਰ ਆਏ। ਕਬੂਤਰਾਂ ਨੇ ਚਾਰ-ਪੰਜ ਪਰਵਾਜ਼ਾਂ ਭਰੀਆਂ ਤੇ ਬਾਂਸਾਂ ਦੇ ਝੁੰਡ ਵਿਚ ਬੈਠ ਗਏ। ਮੈਂ ਮੋਟਰਸਾਈਕਲ ਸਾਈਡ ਤੇ ਲਾ ਦਿੱਤਾ। ਮੈਨੂੰ ਯਾਦ ਆਇਆ ਕਿ ਜਦੋਂ ਮੈਂ ਸੱਤ ਅੱਠ ਸਾਲ ਦਾ ਬੱਚਾ ਸਾਂ ਤਾਂ ਗੜ੍ਹਸ਼ੰਕਰ ਸਾਡਾ ਰਿਸ਼ਤੇਦਾਰ ਸਿਪਾਹੀ ਵੱਡੇ ਛੱਪੜਾਂ ਕੰਢੇ ਫੈਲੇ, ਵੱਡੇ ਪਿੱਪਲਾਂ ਬੋਹੜਾਂ ਤੇ ਬੈਠੇ ਕਬੂਤਰ ਮਾਰਨ ਮੈਨੂੰ ਨਾਲ ਲੈ ਜਾਂਦਾ ਸੀ। ਨਾਲ ਉਸਦੀ ਕੁੱਤੀ ਹੁੰਦੀ ਸੀ। ਉਹ ਇੱਕ ਹੀ ਫਾਇਰ ਕਰਦਾ, ਦਸ ਪੰਦਰਾਂ ਕਬੂਤਰ ਛੱਪੜ ਵਿਚ ਆਣ ਡਿਗਦੇ। ਕੁੱਤੀ ਤਰਦੀ-ਤਰਦੀ ਜਾਂਦੀ ਤੇ ਇੱਕ-ਇੱਕ ਕਬੂਤਰ ਲਿਆ ਕੇ ਉਹਦੇ ਚਰਨਾਂ ਵਿਚ ਧਰਦੀ ਜਾਂਦੀ। ਅਸੀਂ ਕਬੂਤਰ ਝੋਲੇ 'ਚ ਪਾਉਂਦੇ ਤੇ ਘਰ ਆ ਜਾਂਦੇ। ਮੇਰੇ ਮਾਮੇ ਦਾ ਮੁੰਡਾ ਇਕਬਾਲ ਸਿੰਘ ਨਿਧੜਕ ਉਹਨਾਂ ਦੀ ਸਾਫ਼ ਸਫਾਈ ਕਰਦਾ। ਸਪੈਹਣ ਆਂਟੀ ਦੇਗ ਚਾੜ੍ਹ ਦਿੰਦੀ। ਮੇਰਾ ਛੋਟਾ ਮਾਮਾ ਬੋਤਲ ਲੈ ਆਉਂਦਾ ਤੇ ਸਾਰੇ ਰਾਤ ਦੀ ਦਾਅਵਤ ਰੰਗੀਨ ਕਰ ਲੈਂਦੇ।... ਜਗਤਾਰ ਪੁਜੀਸ਼ਨ ਲੈ ਚੁਕਿਆ ਸੀ। ਉਸਨੇ ਝੁੰਡ ਵਿਚ ਫ਼ਾਇਰ ਕੀਤਾ। ਕਬੂਤਰ ਅਸਮਾਨ ਵੱਲ ਉੱਡੇ ਤੇ ਵੀਹ-ਪੰਝੀ ਵਾਪਸ ਬਾਂਸਾਂ ਦੇ ਝੁੰਡ ਵਿਚ ਡਿੱਗ ਪਏ। ਹੁਣ ਇਹਨਾਂ ਨੂੰ ਕੱਢੇ ਕਿਹੜਾ? ਝੁੰਡ ਵਿਚ ਵੜਨ ਦੀ ਨਾ ਮੇਰੀ ਹਿੰਮਤ ਸੀ ਨਾ ਜਗਤਾਰ ਦੀ। ਮੂਹਰੇ ਕੋਈ ਫ਼ਨੀਅਰ ਬੈਠਾ ਹੋਵੇ ਤਾਂ!... ਮੈਂ ਸਿਪਾਹੀ ਅੰਕਲ ਦੀ ਕੁੱਤੀ ਨੂੰ ਯਾਦ ਕਰਦਾ ਰਿਹਾ ਤੇ ਜਗਤਾਰ ਨੇ ਸ਼ਿਕਾਰੀਆਂ ਵਾਲਾ ਇਕ ਨਵਾਂ ਪੈਂਤੜਾ ਅਪਣਾਇਆ। "ਕਬੂਤਰਾਂ ਦਾ ਕਰੈਕਟਰ ਹੈ ਕਿ ਹੁਣ ਉਹ ਬਾਂਸਾਂ ਵਿਚ ਨਹੀਂ ਜਾਣਗੇ।" ਸੱਚਮੁੱਚ ਏਦਾਂ ਹੀ ਹੋਇਆ। ਕਬੂਤਰਾਂ ਨੇ ਅਸਮਾਨ ਵਿਚ ਦੋ ਤਿੰਨ ਪਰਵਾਜ਼ਾਂ ਭਰੀਆਂ ਤੇ ਪੁਲ ਦੇ ਥੱਲੇ ਜਾ ਬੈਠੇ। "ਮੈਂ ਦੂਜੇ ਪਾਸੇ ਜਾ ਕੇ ਵੱਟਾ ਮਾਰਦਾ ਹਾਂ! ਅੱਗੇ ਤੁਹਾਡਾ ਨਿਸ਼ਾਨਾ।" ਮੈਂ ਦੋ ਤਿੰਨ ਵੱਟੇ ਲੈ ਕੇ ਪੁਲ ਦੇ ਸੱਜੇ ਹੱਥ ਚੋਅ ਦੀ ਢਲਾਨ ਤੇ ਸ਼ਹਿ ਕੇ ਪੁਲ ਵਿਚ ਪੱਥਰ ਮਾਰ ਦਿੱਤਾ। ਖੜ-ਖੜ ਕਰਕੇ ਕਬੂਤਰਾਂ ਦੇ ਉੱਡਣ ਦੀ ਆਵਾਜ਼ ਆਈ ਤੇ ਨਾਲ ਹੀ ਜਗਤਾ ਦਾ ਫਾਇਰ... 'ਠਾਹ'...। ਇੱਕ ਵੀ ਕਬੂਤਰ ਨਾ ਡਿੱਗਿਆ। ਮੈਂ ਦੂਜੇ ਪਾਸੇ ਖੜੇ ਸ਼ਿਕਾਰੀ ਵੱਲ ਦੇਖਿਆ। ਉਸਦੇ ਹੱਥ ਵਿਚ ਬੰਦੂਕ ਕੰਬ ਰਹੀ ਸੀ। ਮੈਂ ਸਾਹਮਣੇ ਦੇਖਿਆ, ਇੱਕ ਦੋਧੀ ਸਾਈਕਲ ਸੰਭਾਲ ਰਿਹਾ ਸੀ। ਉਸਦੇ ਕੈਰੀਅਰ ਦੇ ਖੱਬੇ ਪਾਸੇ ਵਾਲੇ ਵੱਡੇ ਸਾਰੇ ਡਰੰਮ ਵਿਚੋਂ ਦੁੱਧ ਦੀਆਂ ਧਾਰਾਂ ਵਗ ਰਹੀਆਂ ਸਨ। ਜ਼ਾਹਿਰ ਸੀ ਕਿ ਨਿਸ਼ਾਨਾ ਉੱਕ ਚੁੱਕਾ ਸੀ। ਮੈਂ ਸਮੇਂ ਦੀ ਨਜ਼ਾਕਤ ਨੂੰ ਭਾਂਪ ਗਿਆ। ਜਗਤਾਰ ਫੁਰਤੀ ਨਾਲ ਮੇਰੇ ਕੋਲ ਪਹੁੰਚ ਚੁਕਾ ਸੀ। ਇਸ ਤੋਂ ਪਹਿਲਾਂ ਕਿ ਦੋਧੀ ਸੰਭਲਦਾ, ਮੈਂ ਜਗਤਾਰ ਨੂੰ ਪਿੱਛੇ ਬਿਠਾ ਤੂਫ਼ਾਨ ਦੀ ਤੇਜ਼ੀ ਨਾਲ ਹੁਸ਼ਿਆਰਪੁਰ ਵੱਲ ਨੂੰ ਉੱਡਦਾ ਜਾ ਰਿਹਾ ਸਾਂ।

ਦੁਸੜਕੇ ਪਹੁੰਚ ਕੇ ਮੈਂ ਆਪਣੇ ਪੁਰਾਣੇ ਜਾਣਕਾਰ ਚਾਹ ਵਾਲੇ ਦੀ ਦੁਕਾਨ ਮੂਹਰੇ ਬ੍ਰੇਕ

ਲਾ ਦਿੱਤੀ। ਦੁਕਾਨਦਾਰ ਨੇ ਮੈਨੂੰ ਦੇਖਦਿਆਂ ਹੀ ਸ਼ੀਸ਼ੇ ਦੇ ਦੋ ਗਿਲਾਸ ਲੂਣ ਵਾਲੇ ਪਾਣੀ ਨਾਲ ਸਾਫ਼ ਕਰਨੇ ਸ਼ੁਰੂ ਕਰ ਦਿੱਤੇ। ਉਸਨੇ ਜਗਤਾਰ ਦਾ ਇੰਜ ਸਵਾਗਤ ਕੀਤਾ ਜਿਵੇਂ ਪਿੰਡ ਦਾ ਜਵਾਈ ਹੋਵੇ। ਗਰਮਾ ਗਰਮ ਪਕੌੜਿਆਂ ਨਾਲ ਇੱਕ-ਇੱਕ ਪੈੱਗ ਲਾ ਅਸੀਂ ਦੋਵੇਂ ਸਹਿਜ ਅਵਸਥਾ ਵਿਚ ਆ ਗਏ। ਅਸੀਂ ਇਸ ਬਾਰੇ ਗੱਲ ਹੀ ਨਾ ਕੀਤੀ ਕਿ ਦੋਧੀ ਪੁਲੀਸ ਸਟੇਸ਼ਨ ਜਾਵੇਗਾ ਜਾਂ...। ਸਾਨੂੰ ਦੋਹਾਂ ਨੂੰ ਤਸੱਲੀ ਸੀ ਕਿ ਸਾਈਕਲ ਵਾਲਾ ਦੋਧੀ ਬੁੱਲ੍ਹੋਵਾਲ ਚੌਕੀ ਤੋਂ ਕਿਸੇ ਸਾਈਕਲ ਵਾਲੇ ਸਿਪਾਹੀ ਨੂੰ ਨਾਲ ਲੈ ਕੇ ਇਸ ਗਰਮੀ ਵਿਚ ਸਾਨੂੰ ਫੜਨ ਦੀ ਹਿਮਾਕਤ ਨਹੀਂ ਕਰੇਗਾ।

ਪੰਜ ਵੱਜ ਚੁਕੇ ਸਨ ਤੇ ਸ਼ਾਮ ਨੂੰ ਮੈਂ ਜਗਤਾਰ ਨੂੰ ਪਹਿਲੀ ਵਾਰ ਹੁਸ਼ਿਆਰਪੁਰ ਦੇ ਸਾਹਿਤਕਾਰਾਂ ਦੀ ਮਹਿਫ਼ਿਲ ਵਿਚ ਲੈ ਕੇ ਆਉਣ ਦਾ ਵਾਅਦਾ ਕੀਤਾ ਹੋਇਆ ਸੀ। ਮਹੀਨੇ ਵਿਚ ਇੱਕ ਵਾਰ ਕਿਸੇ ਛੁੱਟੀ ਵਾਲੇ ਦਿਨ ਕਿਸੇ ਇਕ ਸਾਹਿਤਕਾਰ ਦੇ ਘਰ ਮਹਿਫ਼ਿਲ ਜੁੜਦੀ। ਹਿੰਦੀ, ਉਰਦੂ ਤੇ ਪੰਜਾਬੀ ਦੇ ਬੁੱਢੇ, ਅੱਧਖੜ ਤੇ ਜਵਾਨ ਸਾਹਿਤਕਾਰ ਹਾਜ਼ਰੀ ਭਰਦੇ। ਆਪਣੀਆਂ ਸੱਜਰੀਆਂ ਕਵਿਤਾਵਾਂ, ਕਹਾਣੀਆਂ ਤੇ ਲੇਖ ਸੁਣਾਉਂਦੇ। ਜਗਤਾਰ ਦਾ ਤੁਆਰਫ਼ ਪੰਜਾਬੀ ਦੇ ਜਦੀਦ ਇਨਕਲਾਬੀ ਸ਼ਾਇਰ ਵਜੋਂ ਕਰਵਾਇਆ ਤੇ ਉਸ ਨੂੰ ਲੈ ਕੇ ਗੱਲਬਾਤ ਹੁੰਦੀ। ਹਿੰਦੀ ਵਾਲੇ ਕਿਸੇ ਦੇ ਘਰ ਨਸ਼ਿਸ਼ਤ ਹੁੰਦੀ ਤਾਂ ਚਾਹ ਨਾਲ ਬਦਾਮ ਕਾਜੂ ਮਿਲਦੇ। ਉਰਦੂ ਵਾਲੇ ਦੇ ਘਰ ਬਰਫ਼ੀ, ਬਿਸਕੁਟ ਤੇ ਨਮਕੀਨ ਭੁਜੀਆ ਤੇ ਪੰਜਾਬੀ ਵਾਲੇ ਦੇ ਘਰ ਪਕੌੜੇ ਪਿੰਨੀਆਂ। ਮਹਿਫ਼ਿਲ ਦੀ ਸਮਾਪਤੀ ਉਪਰੰਤ ਹਿੰਦੀ ਵਾਲੇ ਨਮਸਕਾਰਮ ਕਰਕੇ ਸਭ ਤੋਂ ਪਹਿਲਾਂ ਜਾਂਦੇ ਜਿਵੇਂ ਪੂਜਾ ਦਾ ਵਕਤ ਖੁੰਝਦਾ ਜਾਂਦਾ ਹੋਵੇ। ਉਰਦੂ ਤੇ ਪੰਜਾਬੀ ਵਾਲੇ ਇਧਰ ਉਧਰ ਪੈਰ ਮਲਦੇ ਜਾਇਜ਼ਾ ਲੈਂਦੇ ਕਿ ਅੱਜ ਕੌਣ ਸੁਲਾਹ ਮਾਰਦਾ ਹੈ। ਦੋ ਤਿੰਨਾਂ ਗਰੁੱਪਾਂ ਵਿਚ ਵੰਡ ਹੋ ਕੇ ਰੁਖਸਤ ਹੁੰਦੇ ਤੇ ਕਈ ਵਾਰ ਕਿਸੇ ਹਾਤੇ ਵਿਚ ਫਿਰ ਮਿਲ ਪੈਂਦੇ।

ਹਿੰਦੀ ਦਾ ਵੱਡਾ ਨਾਵਲਕਾਰ ਰਾਮਦੇਵ, ਕਵਿਤਰੀ ਜਗਤਾਵਲੀ ਸੂਦ, ਆਲੋਚਕ ਚੌਬੇ ਜੀ, ਚਿੱਠੀ ਪੱਤਰੀ ਸ਼ਤਰੰਜ ਦੇ ਨੈਸ਼ਨਲ ਵਿਨਰ, ਹਿੰਦੀ ਦੇ ਮਹਾਂਵਿਦਵਾਨ ਤੁਲਸੀ ਜੀ, ਉਰਦੂ ਸ਼ਾਇਰ ਪ੍ਰੇਮ ਕੁਮਾਰ ਨਜਰ, ਵਫ਼ਾ ਸਾਹਿਬ, ਸਾਬਿਰ ਸਾਹਿਬ, ਮਿਹਰ ਗੇਹਰਾ, ਜ਼ਾਹਿਦ ਅਬਰੋਲ ਸਾਹਿਬ, ਪੰਜਾਬੀ ਦੇ ਗ਼ਜ਼ਲਗੋ ਠਾਕੁਰ ਭਾਰਤੀ, ਦਵਿੰਦਰ ਜੋਸ਼, ਮਹਿੰਦਰ ਦੀਵਾਨਾ ਤੇ ਯੰਗ ਟਰਕਸ ਸਮਝੇ ਜਾਂਦੇ ਪ੍ਰੇਮ ਸੂਦ, ਲਲਿਤ, ਅਸ਼ੋਕ ਵਤਸ...। ਕਰੀਬ ਪੱਚੀ ਤੋਂ ਤੀਹ ਤੱਕ ਸਾਹਿਤਕਾਰ ਪੂਰੀ ਗੰਭੀਰਤਾ ਨਾਲ ਦੋ ਕੁ ਘੰਟੇ ਖ਼ੂਬ ਆਨੰਦ ਮਾਣਦੇ। ਭੰਡਾਰੀ ਸਾਹਿਬ ਆਪਣੇ ਚੁਸਤ ਚੁਟਕਲਿਆਂ ਨਾਲ ਮਹਿਫਿਲ ਵਿਚ ਰੰਗਤ ਭਰਦੇ ਰਹਿੰਦੇ। ਮੈਨੂੰ ਲਗਦਾ ਸੀ ਕਿ ਜਗਤਾਰ ਇਸ ਮਹਿਫਿਲ ਦਾ ਸਿਰਤਾਜ ਬਣ ਜਾਵੇਗਾ।

ਮੈਂ ਬੋਤਲ ਬੰਦ ਕਰਕੇ ਮੋਟਰਸਾਈਕਲ ਵੱਲ ਨੂੰ ਔਹਲਿਆ। "ਜਲਦੀ ਕੀ ਹੈ?" "ਨਸ਼ਿਸਤ ਵਿਚ ਪਹੁੰਚਣਾ ਹੈ। ਜਨਾਬ ਨੇ ਪਹਿਲੀ ਵਾਰ ਸ਼ਿਰਕਤ ਕਰਨੀ ਹੈ।" ਦਾਰੂ ਪੀ ਕੇ ਜਾਣਾ ਚੰਗਾ ਨਹੀਂ ਲਗਦਾ। ਮੈਂ ਸੋਚਿਆ ਪਰ ਕਿਹਾ ਨਾ। ਮੈਂ ਮੋਟਰਸਾਈਕਲ ਸਟਾਰਟ ਕਰ ਚੁਕਾ ਸਾਂ, ਸੋ ਉਸ ਨੂੰ ਪਿੱਛੇ ਬੈਠਣਾ ਹੀ ਪਿਆ। ਸ਼ਾਇਦ ਕਿਸੇ ਪ੍ਰੋਫੈਸਰ ਨੇ ਉਸ ਨੂੰ ਦੱਸ ਦਿੱਤਾ ਹੋਵੇ ਕਿ ਜਨਮੀਤ ਬੜਾ ਹੀ ਬਦਤਮੀਜ਼ ਸ਼ਖ਼ਸ ਹੈ ਤੇ ਜਗਤਾਰ ਨੂੰ ਲੱਗਾ ਹੋਵੇ ਕਿ ਮੈਂ ਕਿਤੇ ਉਸ ਨੂੰ ਛੱਡ ਕੇ ਮੋਟਰਸਾਈਕਲ ਦੌੜਾ ਨਾ ਲਵਾਂ ਤੇ ਉਸ ਨੂੰ ਬੱਸ ਵਿਚ ਆਉਣਾ ਪਵੇ। ਇਹੋ ਜਿਹੀਆਂ ਹਰਕਤਾਂ ਮੈਂ ਕਰਦਾ ਰਿਹਾ ਸਾਂ, ਪਰ ਜਗਤਾਰ ਸਾਧਾਰਨ ਵਿਅਕਤੀ ਨਹੀਂ ਸੀ ਜਿਸ

ਨਾਲ ਇਹੋ ਜਿਹੀ ਬਦਤਮੀਜ਼ੀ ਦੀ ਕਲਪਨਾ ਵੀ ਕੀਤੀ ਜਾ ਸਕੇ। ਉਸ ਨੂੰ ਤਾਂ ਮੈਂ ਅੱਜ ਦੀ ਸਾਹਿਤਕ ਬਾਰਾਤ ਵਿੱਚ ਨੀਂਗਰ ਦੇ ਤੌਰ 'ਤੇ ਪੇਸ਼ ਕਰਨਾ ਸੀ। ਦਿੱਲੀ ਤੋਂ ਅਮਰੀਕ ਗਿੱਲ ਦੀ ਸਖਤ ਹਿਦਾਇਤ ਸੀ ਕਿ ਹੁਸ਼ਿਆਰਪੁਰ ਵਿਚ ਜਗਤਾਰ ਨੂੰ ਕੋਈ ਤਕਲੀਫ਼ ਨਹੀਂ ਹੋਣੀ ਚਾਹੀਦੀ। ਉਹ 'ਨੈਸ਼ਨਲ ਸਕੂਲ ਆਫ ਡਰਾਮਾ' ਵਿਚ ਪੜ੍ਹਦਾ ਸੀ ਤੇ ਜਗਤਾਰ ਦੇ ਬਹੁਤ ਨੇੜੇ ਸੀ। "ਬਾਬੇ ਦੇ ਸ਼ੌਕ ਬੜੇ ਅਵੱਲੇ ਹਨ। ਖ਼ੈਰ, ਤੂੰ ਟੈਕਲ ਕਰ ਲਵੇਂਗਾ, ਇਹ ਮੈਨੂੰ ਪਤਾ ਹੈ।" ਅਮਰੀਕ ਨੂੰ ਮੇਰੇ ਉੱਤੇ ਵਿਸ਼ਵਾਸ ਸੀ ਤੇ ਮੈਨੂੰ ਹਿਦਾਇਤ ਕਰਨਾ ਉਸਦਾ ਹੱਕ ਵੀ ਸੀ। ਸੋ ਮੈਂ ਇਕ ਤਰ੍ਹਾਂ ਨਾਲ ਅਮਰੀਕ ਦਾ ਹੁਕਮ ਵਜਾ ਰਿਹਾ ਸਾਂ ਤੇ ਜਗਤਾਰ ਨੂੰ ਹਰ ਤਰ੍ਹਾਂ ਨਾਲ ਕੰਫਰਟੇਬਲੀ ਸੈੱਟ ਹੋਇਆ ਦੇਖਣਾ ਚਾਹੁੰਦਾ ਸਾਂ। ਇਸ ਲਈ ਮੈਂ ਹਫ਼ਤੇ ਵਿਚ ਇਕ ਅੱਧਾ ਦਿਨ ਕੱਢ ਹੀ ਲੈਂਦਾ ਸਾਂ। ਤੇ ਅੱਜ ਦਾ ਦਿਨ ਵੀ ਇਹੋ ਜਿਹਾ ਹੀ ਇਕ ਮਹਾਨ ਦਿਨ ਸੀ। ਉਸਦੇ ਘਰ ਪਹੁੰਚ ਕੇ ਕੱਛਾ ਉਸ ਨੇ ਤਾਰ 'ਤੇ ਟੰਗ ਦਿੱਤਾ, ਬਿਨਾਂ ਨਹਾਏ ਉਸ ਨੇ ਕਪੜੇ ਬਦਲੇ। ਮੈਂ ਘੜੀ ਵੇਖੀ। ਅਜੇ ਪੌਣਾ ਕੁ ਘੰਟਾ ਠਹਿਰ ਕੇ ਜਾਣਾ ਚਾਹੀਦਾ ਹੈ, ਮੈਂ ਆਪਣੇ ਆਪ ਨਾਲ ਫੈਸਲਾ ਕੀਤਾ। ਮੋਟਰਸਾਈਕਲ ਮੈਂ 'ਨਟਰਾਜ' ਮੂਹਰੇ ਲਿਆ ਖਲ੍ਹਾਰੀ। 'ਨਟਰਾਜ' ਹੁਸ਼ਿਆਰਪੁਰ ਦਾ ਇੱਕੋ ਇੱਕ 'ਬਾਰ' ਸੀ। ਮੇਰਾ ਇੱਥੇ ਬਹੁਤ ਆਉਣ ਜਾਣ ਸੀ। ਸਮਾਂ ਬਿਤਾਉਣ ਲਈ ਇੱਕ-ਇੱਕ ਬੀਅਰ ਪੀਤੀ ਜਾ ਸਕਦੀ ਸੀ, ਜਿਸ ਨਾਲ ਪਹਿਲਾਂ ਪੀਤੇ ਘਰ ਦੀ ਕੱਢੀ ਦੇ ਇੱਕ ਇੱਕ ਪੈੱਗ ਦੀ ਮੁਸ਼ਕ ਵੀ ਮਰ ਜਾਣੀ ਸੀ। ਮੈਂ ਜਗਤਾਰ ਨੂੰ ਪੰਜਾਬੀ ਦੇ ਇੱਕ ਸਟਾਰ ਕਵੀ ਵਜੋਂ ਪੇਸ਼ ਕਰਨਾ ਚਾਹੁੰਦਾ ਸੀ। ਪਿੱਛੇ ਦੇਖਿਆ ਤਾਂ ਜਗਤਾਰ ਦੇ ਮੋਢੇ ਤੇ ਦੁਨਾਲੀ ਵੀ ਸੀ। "ਇਸ ਦੀ ਹੁਣ ਕੀ ਜ਼ਰੂਰਤ?" ਮੈਂ ਸੋਚਿਆ, ਪਰ ਕਿਹਾ ਨਾ। ਦੋ-ਦੋ ਬੀਅਰਾਂ ਪੀ ਕੇ ਅਸੀਂ ਪ੍ਰਿੰਸੀਪਲ ਭੰਡਾਰੀ ਦੇ ਘਰ ਮਾਡਲ ਟਾਊਨ ਆ ਅਲਖ ਜਗਾਈ। ਸਾਰੇ ਸਾਹਿਤਾਕਰ, ਕਲਾਕਾਰ ਵੱਡੇ ਸਾਰੇ ਡਰਾਇੰਗਰੂਮ ਵਿਚ ਵਿਛੇ ਕਸ਼ਮੀਰੀ ਕਾਲੀਨ ਤੇ ਬਿਰਾਜਮਾਨ ਸਨ। "ਅਲਬੱਤਾ ਕਾਲੀਨ ਬਹੁਤ ਖ਼ੂਬਸੂਰਤ ਹੈ।" ਜਗਤਾਰ ਸਾਰਿਆਂ ਦੀ ਦੁਆ ਸਲਾਮ, ਨਮਸਕਾਰ, ਸਤਿ ਸ੍ਰੀ ਅਕਾਲ, ਆਦਾਬ ਕਬੂਲਦਾ ਹੋਇਆ ਬਿਰਾਜਮਾਨ ਹੋ ਗਿਆ। "ਇਹ ਮੇਰੇ ਇੱਕ ਪਾਰਸੀ ਦੋਸਤ ਨੇ ਇਰਾਨ ਤੋਂ ਸ਼ਿਪਿੰਗ ਕਰਕੇ ਭੇਜਿਆ ਹੈ।" ਭੰਡਾਰੀ ਮੇਰੀਆਂ ਅੱਖਾਂ ਵਿੱਚ ਤੱਕਦਾ ਹੋਇਆ ਬੋਲਿਆ। ਉਸ ਨੂੰ ਪਤਾ ਲੱਗ ਗਿਆ ਕਿ ਮੈਂ ਉਸ ਦੀ ਗੱਪ ਫੜ ਲਈ ਹੈ। 'ਨਜ਼ਰ' ਹੋਰਾਂ ਨੇ ਜਗਤਾਰ ਦਾ ਤੁਆਰਫ਼ ਪੰਜਾਬੀ ਦੇ ਜਦੀਦ ਇਨਕਲਾਬੀ ਸ਼ਾਇਰ ਵਜੋਂ ਕਰਵਾਇਆ ਤੇ ਉਸ ਨੂੰ ਲੈ ਕੇ ਆਉਣ ਲਈ ਮੇਰਾ ਧੰਨਵਾਦ ਕੀਤਾ। ਦੁਨਾਲੀ ਜਗਤਾਰ ਨੇ ਇੱਕ ਕੋਨੇ ਵਿੱਚ ਟਿਕਾ ਦਿੱਤੀ ਸੀ। ਮੈਂ ਦੇਖਿਆ ਕਿ ਰਾਸ਼ਟਰੀ ਭਾਸ਼ਾ ਵਾਲੇ ਕਨਖੀਆਂ ਰਾਹੀਂ ਕਦੇ ਜਗਤਾਰ ਵੱਲ ਤੱਕਦੇ, ਕਦੇ ਮੇਰੇ ਵੱਲ ਤੇ ਕਦੇ ਕੋਨੇ ਵਿਚ ਪਈ ਦੁਨਾਲੀ ਵੱਲ। ਸ਼ਾਇਦ ਉਹਨਾਂ ਨੂੰ ਲਗਦਾ ਹੋਵੇ ਕਿ ਅਸੀਂ ਡਾਇਰੀ ਵਿਚੋਂ ਕਵਿਤਾ ਪੜ੍ਹਨ ਦੀ ਥਾਂ ਦੁਨਾਲੀ ਵਿਚ ਇੱਕ ਇੱਕ ਸ਼ਿਅਰ ਲੋਡ ਕਰਾਂਗੇ ਤੇ...। ਮੈਂ ਨਵਾਂ ਕਵੀ ਸਾਂ, ਪਰ ਵੱਡੇ ਮੈਨੂੰ ਪਿਆਰ ਦਿੰਦੇ ਸਨ ਤੇ ਮੈਂ ਉਹਨਾਂ ਨੂੰ ਸਤਿਕਾਰ ਦਿੰਦਾ ਸਾਂ। ਅੱਧਖੜ ਮੇਰੇ ਵਿਚੋਂ ਭਵਿੱਖ ਦਾ ਉਮਦਾ ਕਵੀ ਬਣਨ ਦੀਆਂ ਸੰਭਾਵਨਾਵਾਂ ਤਲਾਸ਼ਦੇ ਸਨ ਤੇ ਨਵਿਆਂ ਦਾ ਮੈਂ ਲੀਡਰ ਸਾਂ।

ਬਰਸਾਤ ਕਰੀਬ-ਕਰੀਬ ਖਤਮ ਹੋ ਚੁੱਕੀ ਸੀ, ਪਰ 'ਜਗਤਾਵਲੀ' ਹੋਰਾਂ ਮਧੁਰ ਆਵਾਜ਼ਵਿਚ ਆਪਣਾ ਲਿਖਿਆ 'ਮਲਹਾਰ' ਗਾ ਕੇ ਰੰਗ ਬੰਨ ਦਿੱਤਾ। ਨਜ਼ਰ ਸਾਹਿਬ ਵੀ ਰੌਅ ਵਿਚ ਸਨ। ਹੌਲੀ-ਹੌਲੀ ਸਾਰੇ ਭੁਗਤ ਗਏ। 'ਕਹਾਣੀਆਂ ਅਗਲੀ ਮਹਿਫ਼ਿਲ ਵਿਚ ਪੜ੍ਹੀਆਂ

ਜਾਣਗੀਆਂ।" ਭੰਡਾਰੀ ਸਾਹਿਬ ਨੇ ਐਲਾਨ ਕਰਦਿਆਂ ਸ਼ਿਅਰ ਛੱਡਿਆ-

ਮਹਿਫ਼ਿਲ ਮੇਂ ਮੈਂ ਹਥਿਆਰ ਲੇ ਕੇ ਆ ਗਿਆ ਹੂੰ
ਕਿਸ ਕੀ ਜ਼ੁਰਅਤ ਹੈ ਜੋ ਮੁਝੇ ਦਾਦ ਨਾ ਦੇ।

ਤੇ ਉਹਨਾਂ ਜਗਤਾਰ ਨੂੰ ਕੁਝ ਅਰਜ਼ ਕਰਨ ਲਈ ਕਿਹਾ। ਸਾਰਿਆਂ ਜ਼ੋਰ ਨਾਲ ਤਾੜੀਆਂ ਮਾਰੀਆਂ। ਮੈਂ ਇਹ ਸਮਝ ਨਹੀਂ ਸਕਿਆ ਕਿ ਇਹ ਤਾੜੀਆਂ ਭੰਡਾਰੀ ਸਾਹਿਬ ਦੇ ਸ਼ਿਅਰ ਲਈ ਸਨ ਜਾਂ ਜਨਾਬ ਜਗਤਾਰ ਦੇ ਮਹਿਫ਼ਿਲ ਦੇ ਰੂ-ਬ-ਰੂ ਹੋਣ ਲਈ। ਸਾਰੇ ਇਸ ਤਰ੍ਹਾਂ ਜਗਤਾਰ ਵੱਲ ਰੁਖ਼ ਕਰਕੇ ਬੈਠ ਗਏ ਜਿਵੇਂ ਹੁਣੇ ਖ਼ਲੀਲ ਜ਼ਿਬਰਾਨ ਦਾ ਫ਼ਰਿਸ਼ਤਾ ਕੋਈ ਮਹਾਂਵਾਕ ਉਚਾਰਨ ਵਾਲਾ ਹੋਵੇ।

"ਮੈਂ ਤਾਂ ਡਾਇਰੀ ਲਿਆਉਣਾ ਹੀ ਭੁੱਲ ਗਿਆ।" ਜਗਤਾਰ ਬੜੇ ਤਹੱਮਲ ਨਾਲ ਬੋਲਿਆ। "ਕੁਝ ਸ਼ਿਅਰ ਸੁਣਾ ਦਿਉ ਜੋ ਜ਼ੁਬਾਨੀ ਯਾਦ ਹੋਣ।" ਮਹਿੰਦਰ ਦੀਵਾਨਾ ਚਾਹੁੰਦਾ ਸੀ ਕਿ ਪੰਜਾਬੀ ਵਾਲਿਆਂ ਦੀ ਪਤ ਬਣੀ ਰਹੇ; ਪਰ ਜਗਤਾਰ ਐਸਾ ਮੁੱਕਰਿਆ ਕਿ ਲੋਹੇ ਦਾ ਬਣ ਗਿਆ।

ਮਹਿਫ਼ਲ ਆਪਣੇ ਮੁਕਾਮ ਨੂੰ ਪਹੁੰਚ ਚੁਕੀ ਸੀ। 'ਨਜ਼ਰ' ਜਗਤਾਰ ਨੂੰ ਇੱਕ ਪਾਸੇ ਲਿਜਾ ਕੇ ਕੁਝ ਗੁਫ਼ਤਗੂ ਕਰਨ ਲੱਗਾ। ਗੇਟ ਤੇ ਚੌਬੇ ਜੀ ਸ਼ੁਧ ਸੰਸਕ੍ਰਿਤੀ ਉਚਾਰਣ ਵਾਲੀ ਹਿੰਦੀ ਵਿੱਚ ਮੈਨੂੰ ਕਹਿ ਰਹੇ ਸਨ "ਐਸੇ ਵਿਅਕਤੀ ਕੋ ਲਾਨੇ ਕੀ ਹੀ ਕਿਆ ਜ਼ਰੂਰਤ ਥੀ। ਮਹਾਸ਼ਯ ਦੰਬੂਕ ਲੇਕਰ ਆ ਗਏ ਔਰ ਡਾਇਰੀ ਭੂਲ ਆਏ। ਕਿਆ ਵਿਡੰਬਨਾ ਹੈ। ਕੈਸੇ ਵਿਚਿਤ੍ਰ ਪ੍ਰਾਣੀ ਸੇ ਪਰਿਚੈ ਕਰਵਾਇਆ ਹੈ "ਮੈਂ ਕੀ ਕਹਿਣਾ ਸੀ। ਪਰ ਚੌਬੇ ਜੀ ਫੇਰ ਕਦੇ ਨਾ ਆਏ ਤੇ ਨਾ ਹੀ ਕਿਸੇ ਨੇ ਜਗਤਾਰ ਨੂੰ ਮਹੀਨਵਾਰ ਮਹਿਫ਼ਲ ਵਿੱਚ ਬੁਲਾਇਆ। 'ਦੀਵਾਨਾ' ਆਪਣੇ ਸਾਈਕਲ ਤੇ ਖਿਸਕ ਚੁਕਿਆ ਸੀ। ਮੈਂ ਜੋਸ਼ ਨੂੰ ਵੀ ਬਿਠਾਲ ਲਿਆ ਤੇ ਅਸੀਂ ਫੇਰ ਨਟਰਾਜ ਆ ਗਏ। "ਇਹ ਹਰਾਮਜ਼ਾਦਾ ਭੰਡਾਰੀ ਕੀ ਸ਼ੈਅ ਹੈ?" ਜਗਤਾਰ ਖਿਝਿਆ ਹੋਇਆ ਸੀ। ਜਵਾਬ ਜੋਸ਼ ਨੇ ਦਿੱਤਾ। ਡੀ.ਏ.ਵੀ. ਸਕੂਲ ਦੇ ਸਤਿਕਾਰਯੋਗ ਪ੍ਰਿੰਸੀਪਲ ਹਨ। ਪਿੱਛੋਂ ਗੁਰਦਾਸਪੁਰੀਏ ਹਨ, ਪਰ ਹੁਣ ਪੱਕਾ ਏਥੇ ਹੀ ਵੱਸ ਗਏ ਹਨ। ਇੰਡੀਅਨ ਕੈਕਟਸ ਐਸੋਸੀਏਸ਼ਨ ਦੇ ਮੈਂਬਰ ਹਨ ਤੇ ਪੁਰਾਣੇ ਥੇਹਾਂ ਤੇ ਜਾ ਕੇ ਦੁਰਲੱਭ ਸਿੱਕੇ ਲੱਭਦੇ ਹਨ। 'ਅਰੇਬੀਅਨ ਸੀ' ਵਿਚੋਂ ਮਿਲੇ ਦੋ ਫੌਸਿਲ ਵੀ ਇਹਨਾਂ ਕੋਲ ਹਨ। ਬੜੇ ਖੁਸ਼-ਮਿਜਾਜ਼ ਤੇ ਮਿਲਾਪੜੇ।" "ਪਰ ਇਸ ਹਰਾਮਜ਼ਾਦੇ ਨੂੰ ਇਹ ਨਹੀਂ ਪਤਾ ਕਿ ਇਕ ਸ਼ਾਇਰ ਦਾ ਘਰ ਬੁਲਾ ਕੇ ਇਹਤਰਾਮ ਕਿਵੇਂ ਕਰਨਾ ਹੈ। ਮੈਨੂੰ ਟਾਰਗੈਟ ਕਰਨ ਲਈ ਬੈਠਿਆਂ ਬਿਠਾਇਆਂ ਸ਼ਿਅਰ ਘੜ ਲਿਆ, ਜਿਸਦੇ ਕੋਈ ਮਾਅਨੇ ਹੀ ਨਹੀਂ।"

ਮੈਂ ਸਮਝਣ ਦਾ ਯਤਨ ਕਰ ਰਿਹਾ ਸਾਂ ਕਿ ਜਗਤਾਰ ਮੁਰਗਾਬੀ ਲੱਭਣ ਵਾਲੇ ਬੁੱਢੇ ਉਤੇ ਖਿਝਿਆ ਹੋਇਆ ਸੀ, ਦੋਧੀ ਦੇ ਅਚਾਨਕ ਪੁਲ ਤੇ ਸਾਹਮਣੇ ਆ ਜਾਣ ਕਰਕੇ ਜਾਂ ਭੰਡਾਰੀ ਸਾਹਿਬ ਦੇ ਸ਼ਿਅਰ ਕਰਕੇ। ਖ਼ੈਰ! ਦਿਨ ਬੜਾ ਖ਼ੂਬਸੂਰਤ ਨਿਕਲਿਆ ਸੀ ਤੇ ਅਗਲੇ ਸ਼ਿਕਾਰ ਦੀ ਮੁਹਿੰਮ ਤੇ ਜਾਣ ਦਾ ਵਾਅਦਾ ਕਰਕੇ ਉਸ ਰਾਤ ਅਸੀਂ ਵਿਛੜ ਗਏ।

ਚਲਦਾ

# ਜਿਨ ਪਛਾਤਾ ਸਚੁ ਚੁੰਮਾ ਪੈਰ ਮੂੰ ॥

## (ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਸੰਦਰਭ ਵਿੱਚ)

**-ਪਵਨਬੀਰ ਸਿੰਘ**

ਇਹ ਖੋਜ ਪੇਪਰ 'ਭਾਸ਼ਾ, ਸਾਹਿਤ ਸਭਿਆਚਾਰ' ਦੀ ਸਿਰਜਣਾ ਤੇ ਸਿਧਾਂਤਕ ਅਮਲ ਦੇ ਸੱਚ ਨੂੰ ਪਛਾਨਣ ਵਾਲੇ ਦਾਨਿਸ਼ਵਰਾਂ ਨੂੰ ਸਮਰਪਣ ਕਰਕੇ ਲਿਖਿਆ ਗਿਆ ਹੈ। ਭਾਸ਼ਾ ਹਰ ਤਰ੍ਹਾਂ ਦੀ ਅਰਥ ਸਾਰਥਿਕਤਾ ਦਾ ਮਾਧਿਅਮ ਹੈ। ਸੋਸਿਊਰ ਦੁਆਰਾ ਚਿੰਨ੍ਹ ਵਿਗਿਆਨ ਨੂੰ ਮੁਕਾਬਲਤਨ ਭਾਸ਼ਾ ਵਿਗਿਆਨ ਦੇ ਵੱਡੇ ਦਰਜੇ ਦਾ ਵਿਗਿਆਨ ਮੰਨਿਆ ਗਿਆ ਸੀ। ਭਾਸ਼ਾ ਵਿਗਿਆਨ ਤੇ ਹੋਰ ਵਿਗਿਆਨ ਉਸ ਅਨੁਸਾਰ ਇਸਦੇ ਅਧੀਨ ਆਉਣ ਵਾਲੇ ਸਨ। ਪਰ ਰੋਲਾਂ ਬਾਰਥ ਨੇ ਇਸ ਨੂੰ ਉਲਟਾਉਂਦਿਆਂ ਭਾਸ਼ਾ ਵਿਗਿਆਨ ਨੂੰ ਹੋਰ ਵਿਗਿਆਨਾਂ ਦੇ ਮੁਕਾਬਲਤਨ ਉੱਪਰ ਮੰਨਿਆ। ਇਕ ਚਿੱਤਰ ਇੱਕ ਚਿੰਨ੍ਹ ਜਾਂ ਪ੍ਰਤੀਕ ਵਜੋਂ ਜੋ ਵੀ ਅਰਥ ਦਿੰਦਾ ਹੈ,ਉਸਦੀ ਅਰਥ ਵਿਆਖਿਆ ਭਾਸ਼ਾ ਤੋਂ ਬਿਨਾਂ ਸੰਭਵ ਨਹੀਂ। ਦੈਰਿਦਾ ਅਨੁਸਾਰ ਮਨੁੱਖ ਦਾ ਭਾਸ਼ਾ ਤੋਂ ਛੁਟਕਾਰਾ ਕਿਸੇ ਤਰ੍ਹਾਂ ਵੀ ਸੰਭਵ ਨਹੀਂ। ਮਨੁੱਖ ਭਾਸ਼ਾ ਤੋਂ ਬਿਨਾਂ ਸੋਚ ਵੀ ਨਹੀਂ ਸਕਦਾ। ਇਹੀ ਕਾਰਣ ਹੈ ਕਿ ਇਸ ਖੋਜ ਪੱਤਰ ਨੂੰ ਭਾਸ਼ਾਈ ਚਿੰਤਨ ਮਨਨ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਆਧੁਨਿਕ ਸਮੇਂ ਵਿਚ 'ਭਾਸ਼ਾ ਵਿਗਿਆਨ' ਵਿਚ ਆਪਣੇ ਭਾਸ਼ਾਈ ਸਿਧਾਂਤਾਂ ਨਾਲ ਚਿੰਤਨਸ਼ੀਲ ਬਹਿਸ ਖੜੀ ਕਰਨ ਵਾਲਾ ਸਵਿਸ ਭਾਸ਼ਾ ਵਿਗਿਆਨੀ ਸੋਸਿਊਰ ਹੈ। ਉਸਨੇ ਭਾਸ਼ਾ ਨੂੰ ਵਸਤਾਂ ਦੇ ਨਾਮਕਰਣ ਦੇ ਪ੍ਰਬੰਧ (Nomenclature) ਦੀ ਬਜਾਏ ਚਿੰਨ੍ਹਾਂ ਦਾ ਪ੍ਰਬੰਧ ਆਖਿਆ। ਸੋਸਿਊਰ ਨੇ ਚਿੰਨ੍ਹ ਨੂੰ ਸਿਗਨੀਫਾਇਰ ਤੇ ਸਿਗਨੀਫਾਇਡ ਦੀ ਦਵੈਤ ਉੱਪਰ ਉਸਾਰਿਆ ਹੈ ਜਿਸਦਾ ਸੰਬੰਧ ਉਸ ਅਨੁਸਾਰ ਆਪਹੁਦਰਾ (Arbitrary) ਹੈ। ਸੋਸਿਊਰ ਨੇ ਭਾਸ਼ਾ ਦੇ ਅੰਤਰੀਵ ਸੱਚ ਨੂੰ ਪਛਾਣਦਿਆਂ ਕਿਹਾ,

"TIn Language there are only differences without positive terms."[1]

ਅਰਥਾਤ ਭਾਸ਼ਾ ਵਿਚ ਸਿਰਫ਼ ਭਿੰਨਤਾਵਾਂ ਹੀ ਭਿੰਨਤਾਵਾਂ ਹਨ, ਬਿਨਾਂ ਸਕਾਰਾਤਮਕਤਾ ਦੇ। ਇਹ ਸੱਚ ਹੈ ਕਿ ਭਾਸ਼ਾ ਦੀ ਬਣਤਰ ਦੇ ਤੱਤਾਂ ਵਿਚ ਸਿਰਫ਼ ਵਿਰੋਧ ਹੈ ਬਿਨਾਂ ਕਿਸੇ ਸਕਾਰਾਤਮਕਤਾ ਦੇ ਬਾਅਦ ਵਿੱਚ ਖ਼ੁਦ ਸੋਸਿਊਰ ਨੇ ਚਿੰਨ੍ਹ ਦੀ ਏਕਤਾ ਨਾਲ ਇਸ ਵਿਰੋਧ ਨੂੰ ਦਬਾ ਦਿੱਤਾ। ਸੋਸਿਊਰ ਨੇ ਸਕਾਰਾਤਮਕਤਾ ਨੂੰ ਭਾਸ਼ਾਈ ਤੱਤਾਂ ਦੇ ਆਪਸੀ ਸੰਬੰਧਾਂ ਦੇ ਪ੍ਰਬੰਧ ਨੂੰ ਐਲਾਨਿਆ। ਹਰ ਭਾਸ਼ਾਈ ਧੁਨੀ ਦੂਸਰੀ ਨਾਲ ਭਿੰਨਤਾ ਰੱਖਦੀ ਹੈ ਜਿਵੇਂ 'ਕ' 'ਮ' ਨਹੀਂ 'ਮ' 'ਲ' ਨਹੀਂ 'ਲ' 'ਕ' ਨਹੀਂ। ਪਰ ਇਕ ਸ਼ਬਦ ਦੀ ਸਿਰਜਣਾ ਲਈ ਇਹਨਾਂ ਦਾ ਆਪਸੀ ਸੰਬੰਧ ਬਣਦਾ ਹੈ ਕ+ਮ+ਲ=ਕਮਲ। ਇਹਨਾਂ ਦੇ ਸੰਬੰਧ 'ਚ ਸ਼ਬਦ ਦੀ ਸਿਰਜਣਾ ਹੁੰਦੀ ਹੈ ਜੋ ਅਰਥ ਦੀ ਝਲਕ ਦਿੰਦਾ ਹੈ। ਸ਼ਬਦ ਵਸਤੂ ਨੂੰ ਨਹੀਂ ਵਸਤੂ ਦੀ ਧਾਰਣਾ ਨੂੰ ਪੇਸ਼ ਕਰਦਾ ਹੈ। ਸ਼ਬਦ ਤੇ ਅਰਥ ਦਾ ਕੋਈ ਕੁਦਰਤੀ ਸੰਬੰਧ ਨਹੀਂ ਇਹ ਰੀਤ, ਪਰੰਪਰਾ, ਜਾਂ ਸਮਾਜਿਕ ਆਲਾ-ਦੁਆਲਾ ਨਿਰਧਾਰਿਤ ਕਰਦਾ ਹੈ। ਇਸ ਤਰ੍ਹਾਂ ਸੋਸਿਊਰ ਨੇ ਭਾਸ਼ਾ ਦੇ ਕੁਦਰਤੀ ਹੋਣ ਜਾਂ ਵਸਤੂ ਸੰਸਾਰ, ਯਥਾਰਥ ਨੂੰ ਪੇਸ਼ ਕਰਨ ਵਾਲੀ ਧਾਰਣਾ ਨੂੰ ਤੋੜ ਦਿੱਤਾ। ਸੋਸਿਊਰ ਅਨੁਸਾਰ ਭਾਸ਼ਾ ਕੋਈ ਪਾਰਦਰਸ਼ੀ ਮਾਧਿਅਮ ਨਹੀਂ ਜਿਸ ਵਿਚੋਂ ਵਸਤੂ ਸੰਸਾਰ ਨੂੰ ਦੇਖਿਆ ਜਾ ਸਕੇ। ਭਾਸ਼ਾ ਵਸਤੂ ਨੂੰ ਨਹੀਂ ਉਸਦੀ

ਧਾਰਣਾ ਨੂੰ ਪੇਸ਼ ਕਰਦੀ ਹੈ। ਸੋਸਿਊਰ ਦੁਆਰਾ ਇਸ ਸੱਚ ਨੂੰ ਪਛਾਨਣਾ ਕਿ 'ਭਾਸ਼ਾ ਭੇਦਾਂ (ਦਵੈਤ) 'ਤੇ ਆਧਾਰਿਤ ਹੈ ਦੇ ਨਾਲ ਉਸਦੀ ਇਹ ਸੀਮਾ ਵੀ ਸੀ ਕਿ ਚਿੰਨ੍ਹ ਦੀ ਏਕਤਾ (ਜੋ ਸਿਗਨੀਫਾਇਰ ਤੇ ਸਿਗਨੀਫਾਇਡ ਦੀ ਦਵੈਤ 'ਤੇ ਖੜ੍ਹਾ ਹੈ) ਅਰਥ ਦੇ ਇਕਹਰੇ ਤੇ ਨਿਸ਼ਚਿਤ, ਨਿਰਧਾਰਤ ਹੋਣ ਦੇ ਨਾਲ-ਨਾਲ "ਭਾਸ਼ਾਈ ਸੰਰਚਨਾਵਾਂ ਨੂੰ 'ਬੰਦ' ਆਤਮ ਨਿਰਭਰ ਆਪਣੇ ਨੇਮਾਂ ਨੂੰ ਖ਼ੁਦ ਨਿਰਧਾਰਿਤ ਕਰਨ ਵਾਲੀਆਂ ਯਾਨੀ ਖ਼ੁਦ ਮੁਖ਼ਤਿਆਰ ਹੁੰਦੀਆਂ ਹਨ। ਉਨ੍ਹਾਂ ਦੀ ਦ੍ਰਿਸ਼ਟੀ ਅੰਤਰਮੁਖੀ ਹੁੰਦੀ ਹੈ। ਇਹ ਬਾਹਰੋਂ ਨਿਰਦੇਸ਼ ਨਹੀਂ ਲੈਂਦੀਆਂ ਮੰਨਣਾ ਹੈ।[2]

ਸੋਸਿਊਰ ਭਾਸ਼ਾ ਦੇ ਉਚਾਰ ਨੂੰ ਪੈਰੋਲ ਤੇ ਜਿਸ ਰਾਹੀਂ ਇਹ ਪੈਰੋਲ ਸਾਹਮਣੇ ਆਉਂਦੀ ਹੈ, ਉਸ ਪ੍ਰਬੰਧ ਨੂੰ ਲੈਂਗ ਕਹਿੰਦਾ ਹੈ। ਪੈਰੋਲ ਹਰ ਵਿਅਕਤੀ ਦੀ ਵੱਖਰੀ ਤੇ ਪਰਿਵਰਤਨਮੁਖੀ ਹੈ ਪਰ ਲੈਂਗ ਸੀਮਿਤ ਤੇ ਸਥਿਰ ਹੈ। ਅੱਗੇ ਚੱਲ ਕੇ ਇਹੀ ਲੈਂਗ ਨੂੰ ਆਧਾਰ ਬਣਾ ਕੇ ਸੰਰਚਨਾਵਾਦੀ ਕਾਵਿ ਸ਼ਾਸਤਰ ਦਾ ਮਾਡਲ ਉਸਰਦਾ ਹੈ। ਸੋਸਿਊਰ ਭਾਸ਼ਾ ਅਤੇ ਅਰਥ ਦੇ ਹਾਜ਼ਰ ਅਧਿਐਨ ਨੂੰ ਵਿਗਿਆਨਕ ਅਧਿਐਨ ਮੰਨਦਾ ਹੈ। ਰੋਮਨ ਜਾਕੋਬਸਨ ਅਰਥ ਨੂੰ 'ਬਾਇਨਰੀ ਫੀਚਰਜ਼' 'ਤੇ ਆਧਾਰਿਤ ਮੰਨਦਾ ਹੈ। "ਰੋਮਨ ਜਾਕੋਬਸਨ ਅਤੇ ਮੋਰਿਸ ਹੈਲੇ ਨੇ ਆਪਣੀ ਪੁਸਤਕ 'ਫੰਡਾਮੈਂਟਲਜ਼ ਆਫ਼ ਲੈਂਗੁਏਜ ਦੇ ਹੇਗ 1956' ਵਿਚ ਸਿੱਧ ਕੀਤਾ ਹੈ ਕਿ ਵਿਰੋਧ-ਜੁੱਟ ਰਾਹੀਂ ਅੰਤਰ ਸਥਾਪਿਤ ਕਰਨਾ ਬੱਚੇ ਦੇ ਦਿਮਾਗ ਦਾ ਪਹਿਲਾ ਤਰਕ ਯੁਕਤ ਪ੍ਰਕਾਰਜ ਹੈ।[3]

ਉੱਤਰ-ਸੰਰਚਨਾਵਾਦ ਤੇ ਦੈਰਿਦਾ ਦੇ ਡਿਫਰਾਂਸ ਦਾ ਮੁੱਢਲਾ ਆਧਾਰ ਸੋਸਿਊਰ ਦੁਆਰਾ ਦਿੱਤੀਆਂ ਭਾਸ਼ਾਈ ਧਾਰਣਾਵਾਂ ਅੰਦਰ ਨਿਹਿਤ ਹੈ। 'ਭਾਸ਼ਾ ਵਿਚ ਸਿਰਫ਼ ਭਿੰਨਤਾਵਾਂ ਹੀ ਭਿੰਨਤਾਵਾਂ ਹਨ ਬਿਨਾਂ ਸਕਾਰਾਤਮਕਤਾ ਦੇ' ਸੋਸਿਊਰ ਭਾਸ਼ਾ ਬਾਬਤ ਆਪਣੇ ਇਸ ਸੱਚ ਨੂੰ 'ਚਿੰਨ੍ਹ' ਦੀ ਏਕਤਾ ਵਿਚ ਦਬਾ ਦਿੰਦਾ ਹੈ ਪਰ ਦੈਰਿਦਾ ਚਿੰਨ੍ਹ ਤੇ ਅਰਥ ਦੀਏਕਤਾ ਨੂੰ ਖੋਲ੍ਹ ਦਿੰਦਾ ਹੈ। ਸੋਸਿਊਰ ਦੁਆਰਾ ਅਰਥ ਦੀ ਹਾਜ਼ਰੀ ਦੀ ਧਾਰਣਾ ਨੂੰ ਦੈਰਿਦਾ ਵਿਕੇਂਦਰਿਤ ਕਰ ਦਿੰਦਾ ਹੈ। ਦੈਰਿਦਾ ਦਾ ਵਿਰਚਨਾਵਾਦੀ ਚਿੰਤਨ ਤਰਕਮਈ ਢੰਗ ਨਾਲ ਸਿੱਧ ਕਰਦਾ ਹੈ ਕਿ ਗਿਆਨ ਜਾਂ ਅਰਥ ਉਹ ਸੰਕਲਪਨਾਵਾਂ ਹਨ ਜੋ ਭਾਸ਼ਾ ਦੀ ਭਿੰਨਤਾ ਭਰਪੂਰ ਅਤੇ ਵਿਰੋਧਾਤਮਕ ਪ੍ਰਕ੍ਰਿਤੀ ਅਤੇ ਸਰੂਪ ਦੀ ਪੈਦਾਵਾਰ ਹਨ। ਇਸ ਲਈ ਇਹ 'ਕੇਂਦਰਹੀਣ' ਹਨ ਅਤੇ ਅਨਿਸ਼ਚਿਤਤਾ ਦੀਆਂ ਸ਼ਿਕਾਰ ਹਨ।[4] ਦੈਰਿਦਾ ਅਨੁਸਾਰ ਭਾਸ਼ਾ ਪਿੱਛੇ ਸ਼ਕਤੀ ਅਤੇ ਸੱਤਾ ਦੀ ਖੇਡ ਹੈ ਜੋ ਭਾਸ਼ਾ ਪ੍ਰਬੰਧ ਨੂੰ ਸਥਿਰ ਤੇ ਅਰਥ ਨੂੰ ਨਿਰਧਾਰਿਤ ਕਰਦੀ ਹੈ।

ਸੋਸਿਊਰ ਦੁਆਰਾ ਚਿਹਨ ਦੀ ਏਕਤਾ ਨਾਲ ਭਾਸ਼ਾ ਦੀ ਜਿਸ ਭਿੰਨਤਾ ਨੂੰ ਕੰਟਰੋਲ ਕੀਤਾ ਗਿਆ ਸੀ ਦੈਰਿਦਾ ਉਸਨੂੰ ਆਪਣੀ ਤਰਕ ਸ਼ਕਤੀ ਨਾਲ ਖੰਡਿਤ ਕਰ ਦਿੰਦਾ ਹੈ। ਦੈਰਿਦਾ ਅਨੁਸਾਰ ਅਰਥ ਜਿੰਨਾਂ ਭਿੰਨਤਾਮੂਲਕ ਸੰਬੰਧਾਂ ਰਾਹੀਂ ਵਿਅਕਤ ਹੁੰਦਾ ਹੈ, ਅਰਥਾਤ ਹਾਜ਼ਰ ਹੈ, ਉਨ੍ਹਾਂ ਹੀ ਸਥਗਨ ਵਿਚ ਵੀ ਹੈ, ਅਰਥਾਤ ਗ਼ੈਰ ਹਾਜ਼ਰ ਹੈ। ਸੋਸਿਊਰ ਨੇ ਭਾਸ਼ਾ ਨੂੰ ਭਿੰਨਤਾ ਉੱਪਰ ਆਧਾਰਿਤ ਹੈ ਦੱਸਦਿਆਂ ਅਰਥਗਤ ਭਿੰਨਤਾ ਨੂੰ ਦਬਾ ਦਿੱਤਾ ਜਿਸਨੂੰ ਦੈਰਿਦਾ ਨੇ ਆਜ਼ਾਦ ਕਰ ਦਿੱਤਾ। ਅਰਥ ਦਾ ਗ਼ੈਰ ਹਾਜ਼ਰੀ 'ਤੇ ਆਧਾਰਿਤ ਹੋਣਾ ਅਰਥ ਦੇ ਦੂਸਰੇਪਨ Otherness ਨੂੰ ਪ੍ਰਗਟਾਉਂਦਾ ਹੈ ਜੋ ਦੱਬਿਆ ਹੁੰਦਾ ਹੈ। ਰੋਮਨ ਜਾਕੋਬਸਨ ਭਾਸ਼ਾ ਦੇ ਬਾਇਨਰੀ ਫੀਚਰਜ਼ ਦੀ ਗੱਲ ਕਰਦਾ ਹੈ ਕਿ ਅਰਥ ਵਿਰੋਧ ਜੁੱਟ ਉੱਪਰ ਨਿਰਭਰ ਹੈ। ਦੈਰਿਦਾ ਇਸ ਨੁਕਤੇ ਨੂੰ ਖੋਲ੍ਹਦਾ ਹੈ ਤੇ ਪੱਛਮੀ ਦਰਸ਼ਨ ਉੱਪਰ ਹਮਲਾ ਕਰਦਾ ਹੈ ਕਿ ਨੇਕੀ ਤੇ ਬਦੀ ਵਿਚਲੇ ਵਿਰੋਧ ਵਿਚ ਨੇਕੀ ਸਕਾਰਾਤਮਕ ਹੈ ਜਦਕਿ ਬਦੀ ਨਕਾਰਾਤਮਕ ਪਰ ਸਕਾਰਾਤਮਕਤਾ ਦੇ ਸਾਕਾਰ ਅਰਥ

ਨਕਾਰਾਤਮਕਤਾ ਉੱਪਰ ਨਿਰਭਰ ਹੈ। ਬਦੀ ਤੋਂ ਬਿਨਾਂ ਨੇਕੀ ਦੇ ਕੋਈ ਅਰਥ ਨਹੀਂ ਨੇਕੀ ਬਦੀ ਤੋਂ ਆਪਣੇ ਅਰਥ ਲੈ ਰਹੀ ਹੈ ਨੇਕੀ ਜੋ ਬਦੀ ਨਹੀਂ ਹੈ। ਇਸ ਲਈ ਬਦੀ ਨੇਕੀ ਤੋਂ ਪਹਿਲਾਂ ਹੈ। ਦੈਰਿਦਾ ਇਸ ਵਿਰੋਧ ਜੁੱਟ 'ਚ ਇਕ ਨੂੰ ਕੇਂਦਰ 'ਚੋਂ ਕੱਢ ਕੇ ਦੂਜੇ ਨੂੰ ਕੇਂਦਰ 'ਚ ਰੱਖਣ ਦੇ ਖ਼ਿਲਾਫ਼ ਹੈ। ਇਸਨੂੰ ਉਹ ਅਧੂਰੀ ਵਿਰਚਨਾ ਮੰਨਦਾ ਹੈ। ਦੈਰਿਦਾ ਨੇ ਅਰਥ ਨੂੰ ਅਨਿਸ਼ਚਤਤਾ ਪ੍ਰਦਾਨ ਕਰਦਿਆਂ ਇਸ ਖੇਡ ਨੂੰ ਅੰਤਹੀਣ ਬਣਾ ਦਿੱਤਾ।

Knowledge of absence is not absence of knowledge-Hiriyana ਗ਼ੈਰ ਹਾਜ਼ਰੀ ਦਾ ਗਿਆਨ, ਗਿਆਨ ਦੀ ਗ਼ੈਰ ਹਾਜ਼ਰੀ ਨਹੀਂ।[5]

ਡਾ. ਗੋਪੀ ਚੰਦ ਨਾਰੰਗ ਨੇ ਆਪਣੀ ਪੁਸਤਕ "ਗ਼ਾਲਿਬ ਅਰਥਤਾ ਰਚਨਾਤਮਕਤਾ ਅਤੇ ਸ਼ੂਨਯਤਾ"ਵਿਚ ਭਾਰਤੀ ਦਰਸ਼ਨ ਵਿਚ ਨਕਾਰਾਤਮਕ ਦਵੰਦਵਾਦ (Negative Dialectics) ਨੂੰ ਤਾਰਕਿਕ ਚਰਿੱਤਰ ਦੀ ਧਾਰਣੀ ਮੰਨਿਆ ਹੈ ਇਥੇ ਚਰਚਾ ਦਾ ਵਿਸ਼ਾ ਇਹ ਹੈ ਕਿ ਨਕਾਰਾਤਮਕ ਕਥਨ ਸਕਾਰਾਤਮਕ ਵਾਸਤਵਿਕਤਾ ਨੂੰ ਕਿਸ ਪ੍ਰਕਾਰ ਸਥਾਪਿਤ ਕਰਦਾ ਹੈ। ਉੱਪਰ ਅਸੀਂ ਦੇਖਿਆ ਹੈ ਕਿ ਅਜਿਹਾ ਚਿੰਤਨ ਜੋ ਗ਼ੈਰ ਹਾਜ਼ਰੀ, ਨਕਾਰਾਤਮਕਤਾ ਦੀ ਗੱਲ ਕਰਦਾ ਹੈ। ਦੈਰਿਦਾ ਦੇ ਚਿੰਤਨ ਵਿਚ ਮੌਜੂਦ ਹੈ। ਪਰ ਇਸ ਬਾਰੇ ਜੋ ਗਹਿਨ ਗੰਭੀਰ ਵਿਸ਼ਲੇਸ਼ਣ ਭਾਰਤੀ ਦਰਸ਼ਨ ਵਿਚ ਮਿਲਦਾ ਉਹ ਦੈਰਿਦਾ ਦੇ ਅਧਿਐਨ ਵਿਚ ਨਹੀਂ ਦੈਰਿਦਾ ਦਾ ਜ਼ੋਰ ਅਰਥ ਦੀ ਅਨਿਸ਼ਚਤਤਾ ਤੇ ਕੇਂਦਰਹੀਣਤਾ ਵੱਲ ਹੈ। "ਪ੍ਰੋਫ਼ੈਸਰ ਫ਼ਰਥ, ਕੁੰਜਨੀ ਰਾਜਾ, ਰੋਬਰਟ ਮੈਗਲਿਓਲਾ, ਹੈਰੋਲਡ ਕੋਵਰਡ ਅਤੇ ਕਈ ਦੂਸਰਿਆਂ ਦੇ ਵਿਚਾਰ ਹੁਣ ਪੂਰੀ ਤਰ੍ਹਾਂ ਸਾਹਮਣੇ ਆ ਚੁੱਕੇ ਹਨ, ਹੁਣ ਇਸ ਵਿਸ਼ੇ ਵਿਚ ਕੋਈ ਸ਼ੱਕ ਨਹੀਂ ਕਿ ਭਾਸ਼ਾ ਦੇ ਅੰਤਰਵਿਰੋਧਾਭਾਸ ਦਾ ਨੁਕਤਾ ਸੋਸਿਉਰ ਨੇ ਬ ਧ ਪਰੰਪਰਾ ਤੋਂ ਹੀ ਲਿਆ ਹੈ। ਰਾਬਰਟ ਮੈਗਲਿਓਲਾ ਨੇ ਆਪਣੀ ਪੁਸਤਕ 'Derrida on the Mend' ਵਿਚ ਪੂਰਾ ਤੀਸਰਾ ਅਧਿਆਇ ਇਸ ਚਰਚਾ ਨੂੰ ਸਮਰਪਿਤ ਕੀਤਾ ਹੈ ਕਿ ਦੈਰਿਦਾ ਦੇ ਵਿਖੰਡਨਾਵਾਦ ਅਤੇ ਨਾਗਾਰਜੁਨ ਦੇ ਸ਼ੂਨਯਤਾ ਵਿਚ ਗਹਿਰਾ ਸੰਬੰਧ ਹੈ।[6] ਇਸ ਤਰ੍ਹਾਂ ਜਿਸ ਚਿੰਤਨ ਨਾਲ ਆਧੁਨਿਕ ਸਮੇਂ ਸੋਸਿਉਰ ਤੇ ਦੈਰਿਦਾ ਪੂਰੀ ਦੁਨੀਆਂ ਦੇ ਚਿੰਤਨ ਮਨਨ ਦੀ ਪ੍ਰਕ੍ਰਿਆ 'ਚ ਤਬਦੀਲੀ ਲੈ ਕੇ ਆਉਂਦੇ ਹਨ ਉਸਦੀ ਚਰਚਾ ਭਾਰਤੀ ਦਰਸ਼ਨ ਵਿਚ ਬਹੁਤ ਪੁਰਾਣੀ ਹੈ। ਭਾਵੇਂ ਭਾਰਤੀ ਦਰਸ਼ਨ ਤੋਂ ਪ੍ਰਭਾਵਿਤ ਸੋਸਿਉਰ ਦੈਰਿਦਾ ਭਾਸ਼ਾ ਦੇ ਭਿੰਨਤਾਮੂਲ ਸੰਬੰਧਾਂ ਤੇ ਅਰਥ ਦੀ ਅਨਿਸ਼ਚਿਤਤਾ ਤੱਕ ਜਾਂਦੇ ਹਨ ਪਰ ਨਾਗਾਰਜੁਨ ਦੇ ਸ਼ੂਨਯਵਾਦ ਤੋਂ ਪਿੱਛੇ ਰਹਿ ਜਾਂਦੇ ਹਨ।

ਨਕਾਰਾਤਮਕ, ਸਕਾਰਤਮਕ, ਹਾਜ਼ਰੀ, ਗ਼ੈਰਹਾਜ਼ਰੀ ਨੂੰ ਵਿਸ਼ਾ ਬਣਾਉਂਦਿਆਂ ਬੋਧ ਵਿਚਾਰਕਾਂ ਦਾ ਮੰਨਣਾ ਹੈ ਕਿ ਨਕਾਰਾਤਮਕ ਕਥਨ ਅਰਥ ਤੋਂ ਖਾਲੀ ਨਹੀਂ ਬਲਕਿ ਆਪਣੇ ਆਪ ਵਿੱਚ ਅਧਿਕ (ਜ਼ਿਆਦਾ) ਅਰਥ ਨਾਲ ਵਿਵਸਥਿਤ (ਇਕੱਤਰ/ਭਰਪੂਰ) ਹੋ ਸਕਦਾ ਹੈ। ਨਕਾਰਾਤਮਕਤਾ, ਸਕਾਰਾਤਮਕ ਕਥਨ ਦੀ ਪਰਿਮਾਣਿਕਤਾ ਨੂੰ ਪੇਚੀਦਾ ਬਣਾ ਦਿੰਦੀ ਹੈ। ਡਾ. ਨਾਰੰਗ ਅਨੁਸਾਰ "ਭਾਰਤੀ ਚਿੰਤਨ ਵਿਚ ਕੇਂਦਰੀ ਪ੍ਰਸ਼ਨ ਨਿਤਾਂਤ ਅਸਾਧਾਰਣ ਵਾਸਤਵਿਕਤਾ ਅਤੇ ਸੱਚਾਈ (ਬ੍ਰਹਮਣਾਂ = ਸੰਪੂਰਣ ਵਿਵੇਕ) ਜਾਂ ਨਿਰਵਾਣ ਜਾਂ ਮੋਕਸ਼ ਦਾ ਹੈ। ਇਹਨਾਂ ਵਿਚੋਂ ਕਿਸੇ ਦੀ ਸਕਾਰਾਤਮਕ ਵਿਆਖਿਆ ਸੰਭਵ ਹੀ ਨਹੀਂ। ਮਿਸਾਲ ਦੇ ਤੌਰ ਉੱਤੇ ਮੋਕਸ਼ (ਮੁਕਤੀ) ਦੀ ਆਮ ਤੌਰ ਉੱਤੇ ਜੋ ਪਰਿਭਾਸ਼ਾ ਦਿੱਤੀ ਜਾਂਦੀ ਹੈ ਉਹ ਨਕਾਰਾਤਮਕਤਾ ਨਾਲ ਭਰਪੂਰ ਹੈ। ਭਾਵ ਮੋਕਸ਼ (ਮੁਕਤੀ) ਨਾਮ ਹੈ ਦੁੱਖ ਦੀ ਪੂਰਣ ਗ਼ੈਰਹਾਜ਼ਰੀ ਦਾ, ਦੁੱਖ ਨਾਕਾਰ ਹੈ ਸੁੱਖ ਦਾ ਅਤੇ

ਇਸ ਨਕਾਰ ਦਾ ਨਕਾਰ, ਭਾਵ ਦੁੱਖ ਦੀ ਗ਼ੈਰਹਾਜ਼ਰੀ (ਅਰਥਾਤ ਸੁੱਖ) ਪਰਮ (ਮਹਾਂ) ਨਿਰਵਾਣ ਹੈ। ਮਤਲਬ ਇਹ ਕਿ ਨਕਾਰਨ ਦੀ ਗਤੀਸ਼ੀਲਤਾ ਇਕ ਅਜਿਹਾ ਨਿਯਮ ਹੈ ਜਿਸਦੇ ਬਿਨਾਂ ਨਿਰਵਾਣ (ਮੋਕਸ਼, ਮੁਕਤੀ) ਦੀ ਕੇਂਦਰੀ ਕਲਪਨਾ ਸਥਾਪਿਤ ਨਹੀਂ ਹੋ ਸਕਦੀ।[7] ਇਸ ਤਰ੍ਹਾਂ ਵਸਤੂ ਦੀ ਹਾਜ਼ਰੀ ਤੇ ਗ਼ੈਰਹਾਜ਼ਰੀ ਦੋਵੇਂ ਸੱਚਾਈ ਤੇ ਵਾਸਤਵਿਕਤਾ ਦਾ ਦਰਜਾ ਰੱਖਦੀਆਂ ਹਨ। ਨਕਾਰਾਤਮਕ ਕਥਨ ਵੀ ਸਕਾਰਾਤਮਕਤ ਹੀ ਹੈ ਭਾਵੇਂ ਕਿ ਉਸਦਾ ਪ੍ਰਮਾਣੀਕਰਣ ਨਕਾਰ ਉੱਪਰ ਨਿਰਭਰ ਹੈ। ਨਕਾਰਾਤਮਕ ਕਥਨ ਵਿਚ ਸਕਾਰਾਤਮਕਤਾ ਦੀਆਂ ਅਸੀਮ ਸੰਭਾਵਨਾਵਾਂ ਮੌਜੂਦ ਹੁੰਦੀਆਂ ਹਨ। ਇਸ ਤਰ੍ਹਾਂ ਗ਼ੈਰ ਹਾਜ਼ਰੀ ਦਾ ਗਿਆਨ ਹਾਜ਼ਰੀ ਨਾਲੋਂ ਕਿਤੇ ਅਧਿਕ ਤੇ ਅਸੀਮ ਹੈ। ਉਪਰੋਕਤ ਟਿੱਪਣੀ (7) ਤੋਂ ਪਤਾ ਲੱਗਦਾ ਹੈ ਕਿ ਹਾਜ਼ਰ ਅਤੇ ਗ਼ੈਰ ਹਾਜ਼ਰ ਤਾਰਕਿਕ ਰੂਪ ਤੋਂ ਦੋਵੇਂ ਆਪਸ ਵਿਚ ਜੁੜੇ ਹੋਏ ਵੀ ਹਨ ਅਤੇ ਸੁਤੰਤਰ ਵੀ।

ਪੱਛਮੀ ਦਰਸ਼ਨ ਹੀ ਨਹੀਂ ਬਲਕਿ ਪੂਰਬੀ ਭਾਰਤੀ ਦਰਸ਼ਨ ਵੀ ਕੁਝ ਅਜਿਹੀ ਭਾਸ਼ਾਈ ਦਵੈਤ ਦਾ ਹੀ ਸ਼ਿਕਾਰ ਹੈ। ਸਰੀਰ/ਆਤਮਾ, ਸਰੀਰ/ਮਨ, ਆਤਮਾ/ਪਰਮਾਤਮਾ। ਬੁੱਧ ਤੇ ਬੌਧ ਪਰੰਪਰਾ ਦਾ ਸ਼ੂਨਯਵਾਦ ਭਾਸ਼ਾਈ ਦਵੈਤ ਨੂੰ ਪਛਾਣਦੇ, ਇਸ ਤੋਂ ਮੁਕਤੀ ਲਈ 'ਮਧਯ ਮਾਰਗ' ਅਪਣਾਉਂਦੇ ਹਨ। ਬੁੱਧ ਪਰੰਪਰਾ ਦਾ ਮੰਨਣਾ ਹੈ ਕਿ ਭਾਸ਼ਾ ਦਵੈਤ ਤੋਂ ਬਗ਼ੈਰ ਇਕ ਇੰਚ ਅੱਗੇ ਨਹੀਂ ਵੱਧ ਸਕਦੀ। ਬੁੱਧ ਨੇ ਤਿੰਨ ਚੀਜ਼ਾਂ ਨੂੰ ਜੀਵਨ ਦੀਆਂ ਮਹਾਨ ਸੱਚਾਈਆਂ ਦਾ ਨਾਮ ਦਿੱਤਾ ਹੈ :

1. ਅਨਾਤਮਕ
2. ਅਨਿਸ਼ਚਤਤਾ
3. ਦੁੱਖ

ਪਹਿਲਾ ਹੈ ਆਤਮਾ ਦਾ ਨਕਾਰ, ਦੂਜਾ ਸੰਸਾਰ ਵਿਚ ਕੁਝ ਵੀ ਸਥਿਰ ਨਹੀਂ। ਤੀਸਰਾ ਜੀਵਨ ਦੀ ਸਭ ਤੋਂ ਵੱਡੀ ਸੱਚਾਈ ਹੈ ਦੁੱਖ, ਜਿਸਦੀ ਜੜ੍ਹ ਹੈ ਤ੍ਰਿਸ਼ਨਾ। ਬੁੱਧ ਦੁਆਰਾ ਸੁਝਾਈ ਇਹ ਨਕਾਰਾਤਮਕ ਸ਼ਕਤੀ ਹੀ ਸ਼ੂਨਯ ਹੈ। "ਨਾਗਾਰਜੁਨ ਦੇ ਵਿਆਖਿਆਕਾਰ ਚੰਦਰ ਕੀਰਤੀ (ਛੇਵੀਂ, ਸੱਤਵੀਂ ਸ਼ਤਾਬਦੀ) ਸ਼ੂਨਯ ਦੀ ਵਿਆਖਿਆ ਕਰਦੇ ਹੋਏ ਕਹਿੰਦੇ ਹਨ ਕਿ ਵਸਤੂਆਂ ਕਿਉਂਕਿ ਇਕ ਦੂਸਰੇ ਉੱਪਰ ਨਿਰਭਰ ਹਨ, ਅਸਤਿਤਵ ਨਹੀਂ ਰੱਖਦੀਆਂ, ਭਾਵ ਉਹਨਾਂ ਦਾ ਮੂਲ ਪਰਿਮਾਣਿਤ ਨਹੀਂ ਅਤੇ ਕਿਉਂਕਿ ਉਹਨਾਂ ਦਾ ਅਸਤਿਤਵ ਪਰਿਮਾਣਤ ਨਹੀਂ, ਉਹਨਾਂ ਦਾ ਨਾ ਅਸਿਤਤਵ ਵੀ ਪ੍ਰਮਾਣਿਤ ਨਹੀਂ ਅਤੇ ਸ਼ੂਨਯ ਦਾ ਉਦੇਸ਼ ਇਸ ਅਤਿ ਅਤੇ ਉਸ ਅਤਿ ਦੋਵਾਂ ਤੋਂ ਬਚਣਾ ਹੈ। ਅਰਥਾਤ ਜਦੋਂ ਨਹੀਂ ਨਹੀਂ ਹੈ ਤਾਂ ਹਾਂ ਵੀ ਹਾਂ ਨਹੀਂ ਹੈ। (ਦੂਸਰੇ ਸ਼ਬਦਾਂ ਵਿਚ ਹਰ ਹਾਂ ਨਹੀਂ ਤੋਂ ਅਤੇ ਹਰ ਨਹੀਂ ਹਾਂ ਤੋਂ ਹੈ।) ਇਹ ਸਭ ਇਕ ਹੀ ਗਤੀਮਯ ਵਾਸਤਵਿਕਤਾ ਹੈ।[8]

ਇਸ ਤਰ੍ਹਾਂ ਬੌਧ ਪਰੰਪਰਾ ਭਾਸ਼ਾਈ ਦਵੈਤ ਨੂੰ ਗਤੀਸ਼ੀਲ ਨਕਾਰਾਤਮਕ ਦਵੰਦਵਾਦ ਵਿਚ ਤਬਦੀਲ ਕਰ ਦਿੰਦੀ ਹੈ, ਜਿਸਦਾ ਸਿਖ਼ਰ ਨਾਗਾਰਜੁਨ ਦਾ ਸ਼ੂਨਯਵਾਦ ਹੈ। ਇਸ ਤੋਂ ਪਹਿਲਾਂ ਭਾਰਤੀ ਪਰੰਪਰਾ ਵਿੱਚ ਵੀ ਭਾਸ਼ਾ, ਗਿਆਨ ਦਰਸ਼ਨ ਵਿੱਚ ਇਹ ਦਵੈਤ, ਦੁਵੰਡ ਮੌਜੂਦ ਸੀ ਅਤੇ ਹੈ, ਸੰਸਕ੍ਰਿਤ ਤੇ ਦੇਸੀ (ਅਪ੍ਰਭੰਸ਼, ਪ੍ਰਾਕ੍ਰਿਤ) ਭਾਸ਼ਾਵਾਂ ਦੀ ਦੁਵੰਡ ਸੰਸਕ੍ਰਿਤ ਨੂੰ ਸ਼ੁੱਧ ਤੇ ਦੂਸਰੀਆਂ ਭਾਸ਼ਾਵਾਂ ਨੂੰ ਅਸ਼ੁੱਧ ਮੰਨਿਆ ਜਾਂਦਾ ਸੀ। ਮਹਾਤਮਾ ਬੁੱਧ ਇਸਨੂੰ ਨਕਾਰਦੇ ਕਹਿੰਦੇ ਹਨ ਕਿ ਮੇਰੇ ਲਈ ਚੰਗੀ ਜਾਂ ਮੰਦੀ ਭਾਸ਼ਾ ਦਾ ਕੋਈ ਅੰਤਰ ਨਹੀਂ, ਮੈਂ ਸਿਰਫ਼ ਇਹ ਚਾਹੁੰਦਾ ਹਾਂ ਕਿ ਅਰਥ ਤੇ ਤਰਕ ਠੀਕ ਹੋਵੇ। ਤੁਸੀਂ ਉਸ ਜ਼ੁਬਾਨ ਵਿਚ ਬੋਲੋ ਜਿਸ ਰਾਹੀਂ ਲੋਕ ਮੇਰੇ ਵਿਚਾਰਾਂ

ਨੂੰ ਸਮਝ ਸਕਣ।[9] ਗਿਆਨ ਵਿਚ ਇਹ ਦੁਵੰਡ ਪਰਾਭੌਤਿਕ ਗਿਆਨ (ਵੇਦਾਂਤ, ਉਪਨਿਸ਼ਦ,ਬ੍ਰਹਮ ਦਾ ਗਿਆਨ) ਅਤੇ ਭੌਤਿਕਵਾਦੀ ਗਿਆਨ (ਚਾਰਵਾਕ) ਪੱਖੋਂ ਦੇਖੀ ਜਾ ਸਕਦੀ ਹੈ। ਸੰਸਕ੍ਰਿਤ (ਵੇਦਾਂਤ) ਦਰਸ਼ਨ ਵਾਲੇ ਚਾਰਵਾਕ ਸ਼ਬਦ ਨੂੰ ਸੰਸਕ੍ਰਿਤ ਧਾਤੂ ਚਰਣ 'ਖਾਣਾ' ਨਾਲ ਸੰਬੰਧਿਤ ਕਰਦੇ ਹਨ। ਇਹਨਾਂ ਨੂੰ ਨਾਸਤਿਕ ਕਿਹਾ ਗਿਆ ਹੈ। ਇਸ ਤਰ੍ਹਾਂ ਆਸਤਿਕ ਨਾਸਤਿਕ ਦੀ ਇਕ ਹੋਰ ਦੁਵੰਡ ਪੈਦਾ ਹੋ ਜਾਂਦੀ ਹੈ। ਵੇਦਾਂ ਅਤੇ ਉਪਨਿਸ਼ਦਾ ਦਾ ਆਤਮਵਾਦੀ ਫਲਸਫਾ ਦੇਹ ਦਾ ਨਕਾਰ ਹੈ। ਪਰ ਬੁੱਧ ਪਰੰਪਰਾ ਅਨੁਸਾਰ ਕਿਸੇ ਵਸਤੂ ਵਿਅਕਤੀ ਵਿਚ ਕੋਈ ਮੂਲ ਜਾਂ ਆਤਮਾ ਨਹੀਂ ਬਲਕਿ ਦੇਹ ਇਕ ਨਹੀਂ ਅਨੇਕ ਅਣੂਆਂ ਦੀ ਬਣੀ ਹੈ ਜੋ ਅੰਤਰ ਨਿਰਭਰ ਹਨ ਦੇਹ/ਮਨ ਇਕ ਦੂਜੇ ਉੱਪਰ ਆਧਾਰਿਤ ਸੰਯੋਗ ਵੱਸ ਹਨ ਦਵੈਤ ਵੱਸ ਨਹੀਂ।

**ਸਾਹਿਤ ਸਿਧਾਂਤ**

ਸਾਹਿਤ ਸਿਧਾਂਤ ਵਿਚ ਸੰਰਚਨਾਵਾਦ ਤੋਂ ਲੈ ਕੇ ਉੱਤਰ-ਸੰਰਚਨਾਵਾਦ ਤੱਕ ਜੋ ਚਰਚਾ ਦਾ ਮਰਕਜ਼ੀ ਬਿੰਦੂ ਹੈ ਉਹ ਇਹ ਹੈ ਕਿ –

ਸਾਹਿਤ ਸੰਸਾਰ ਅਰਥ ਸੰਸਾਰ ਵਿੱਚ ਕਿਵੇਂ ਤਬਦੀਲ ਹੁੰਦਾ ਹੈ। ਸੋਸਿਉਰ ਦਾ ਕਹਿਣਾ ਹੈ ਕਿ ਸੰਸਾਰ ਵਿਚ ਅਰਥਾਂ ਦੀ ਸਿਰਜਣਾ ਚਿਹਨਾਂ ਦੇ ਪ੍ਰਬੰਧ ਕਾਰਣ ਹੀ ਸੰਭਵ ਹੈ। ਭਾਸ਼ਾਈ ਤੱਤਾਂ ਦੇ ਸੰਬੰਧਾਂ ਦਾ ਪ੍ਰਬੰਧ ਜਿਸ ਦੇ ਰਾਹੀਂ ਅਰਥ ਸੰਚਾਰ ਹੁੰਦਾ ਹੈ ਸਰੂਪ ਦੀ ਦ੍ਰਿਸ਼ਟੀ ਤੋਂ ਅਮੂਰਤ ਅਤੇ ਸਮਾਨਤਾ ਤੇ ਵਿਰੋਧ ਦੇ ਦੂਹਰੇ ਪ੍ਰਕਾਰਜ ਦਾ ਵਾਹਕ ਹੈ ਅਤੇ ਜਿਸਦੇ ਰਾਹੀਂ ਅਰਥ ਸਥਾਪਿਤ ਹੁੰਦੇ ਹਨ ਸੰਰਚਨਾ ਅਖਵਾਉਂਦਾ ਹੈ। ਇਸ ਤਰ੍ਹਾਂ ਸੰਰਚਨਾਵਾਦੀ ਚਿੰਤਨ ਸਾਹਿਤਿਕ ਪਾਠ ਦੇ ਅਰਥ ਨੂੰ ਸਾਹਿਤਿਕ ਸੰਰਚਨਾਵਾਂ ਤੋਂ ਉਤਪੰਨ ਮੰਨਦਾ ਹੋਇਆ ਸਾਹਿਤਿਕ ਪਾਠ ਨੂੰ ਲੇਖਕ ਪਾਠਕ, ਸਮਾਜ/ਸਭਿਆਚਾਰ ਤੋਂ ਮੁਕਤ ਕਰ ਦਿੰਦਾ ਹੈ। ਸੰਰਚਨਾਵਾਦੀ ਚਿੰਤਨ ਅਨੁਸਾਰ ਸਾਹਿਤਕ ਪਾਠ ਬੰਦ ਖ਼ੁਦ ਮੁਖ਼ਤਿਆਰ ਖ਼ੁਦ ਨਿਰਧਾਰਿਤ ਹਨ। ਵਸਤੂ ਸੰਸਾਰ ਬਾਰੇ ਸੋਚਣ, ਸਮਝਣ ਜਾਂ ਜਾਨਣ ਦਾ ਮਾਧਿਅਮ ਮਾਤਰ ਭਾਸ਼ਾ ਹੈ। ਭਾਸ਼ਾ ਮਾਧਿਅਮ ਹੀ ਨਹੀਂ ਗਿਆਨ ਹੈ ਉਹ ਗਿਆਨ ਜੋ ਉਸਨੇ ਵਸਤੂ ਸੰਸਾਰ ਵਿੱਚ ਦਾਖ਼ਲ ਕੀਤਾ ਹੈ, ਅਰਥਾਤ ਵਸਤੂਆਂ ਨੂੰ ਅਰਥ ਭਾਸ਼ਾ ਹੀ ਪ੍ਰਦਾਨ ਕਰਦੀ ਹੈ ਵਸਤੂਆਂ ਦੇ ਕੋਈ ਕੁਦਰਤੀ ਅਰਥ ਨਹੀਂ। ਇਸ ਲਈ ਭਾਸ਼ਾ ਕੋਈ ਕੁਦਰਤੀ ਵਰਤਾਰਾ ਨਹੀਂ ਬਲਕਿ ਇਸਦੇ ਪਿੱਛੇ ਅਮੂਰਤ ਪ੍ਰਬੰਧ ਕਾਰਜ ਕਰਦਾ ਹੈ। ਇਹ ਪ੍ਰਬੰਧ ਸ਼ਕਤੀ ਸੱਤਾ ਦੁਆਰਾ ਸਿਰਜਿਤ ਹੈ ਜੋ ਭਾਸ਼ਾਈ ਅਰਥ ਨੂੰ ਸਥਿਰ ਤੇ ਨਿਸ਼ਚਿਤਤਾ ਪ੍ਰਦਾਨ ਕਰਦਾ ਹੈ। ਭਾਸ਼ਾਈ ਪ੍ਰਬੰਧ ਬਾਰੇ ਸੋਸਿਉਰ ਦੀ ਖੋਜ ਵੀਹਵੀਂ ਸਦੀ ਦੀ ਹੈ। ਭਾਰਤੀ ਪਰੰਪਰਾ 'ਚ ਪਾਣਿਨੀ ਦਾ ਵਿਆਕਰਣ (ਅਸ਼ਟ-ਧਿਆਇ) ਸੰਸਕ੍ਰਿਤ ਨੂੰ ਸ਼ੁੱਧ ਰੱਖਣ ਲਈ ਲਿਖਿਆ ਗਿਆ ਸੀ। ਅਸਲ ਵਿਚ ਭਾਸ਼ਾ ਤੇ ਉਸਦੇ ਅਰਥ ਜਗਤ ਨੂੰ ਕੰਟਰੋਲ ਕਰਨ ਦਾ ਮਕਸਦ ਸੀ। ਭਾਸ਼ਾ ਤੇ ਭਾਸ਼ਾਈ ਗ੍ਰੰਥਾਂ (Scriptature) ਨੂੰ ਕੁਦਰਤੀ ਜਾਂ ਦੈਵੀ ਬਣਾਇਆ ਜਾਂਦਾ ਸੀ ਤਾਂ ਜੋ ਮਨੁੱਖੀ ਦੇਹ ਤੇ ਮਨ ਨੂੰ ਇਸ ਰਾਹੀਂ ਕੰਟਰੋਲ ਕੀਤਾ ਜਾ ਸਕੇ।

ਸੰਰਚਨਾਵਾਦ ਦਾ ਇਹੀ ਐਲਾਨ ਸੀ ਕਿ "ਸਾਹਿਤ ਦੇ ਵਿਆਕਰਣ ਦੀ ਖੋਜ ਕੀਤੀ ਜਾਵੇ, ਤਾਂ ਜੋ ਭਾਸ਼ਾ ਦੇ ਅਮੂਰਤ ਪ੍ਰਬੰਧ ਵਾਂਗ ਸਾਹਿਤ ਦੇ ਉਸ ਅਮੂਰਤ ਕਾਵਿ ਸ਼ਾਸਤਰ ਨੂੰ ਖੋਜਿਆ ਜਾ ਸਕੇ, ਜਿਸਦੇ ਰਾਹੀਂ ਮਨੁੱਖੀ ਦਿਮਾਗ ਸਾਹਿਤ-ਰੂਪ ਨੂੰ ਜਾਣਦਾ ਤੇ ਪਛਾਣਦਾ ਹੈ।[10] ਅਰਸਤੂ ਦੁਆਰਾ 'ਕਾਵਿ ਸ਼ਾਸਤਰ' ਦਾ ਮਾਡਲ ਸਾਹਿਤਿਕ ਵਿਧਾ ਦੇ ਸਿਰਜਿਤ ਸਿਧਾਂਤ ਉੱਪਰ ਹੈ। ਅਰਥਾਤ ਸਾਹਿਤ (ਸਾਹਿਤਿਕ ਵਿਧਾ) ਕਿਵੇਂ ਹੋਂਦ ਵਿਚ ਆਉਂਦਾ ਹੈ। ਸੰਰਚਨਾਵਾਦੀ

ਕਾਵਿ ਸ਼ਾਸਤਰ ਦਾ ਮਾਡਲ ਸਾਹਿਤ ਦੇ ਸਮਝਣ ਸਿਧਾਂਤ ਉੱਪਰ ਜ਼ੋਰ ਦਿੰਦਾ ਹੈ ਕਿ ਸਾਹਿਤ ਸਮਝਿਆ ਕਿਵੇਂ ਜਾਂਦਾ ਹੈ ਅਰਥਾਤ ਸਾਹਿਤ ਪਾਠ, ਅਰਥ ਪਾਠ ਵਿਚ ਕਿਵੇਂ ਤਬਦੀਲ ਹੁੰਦਾ ਹੈ। ਸਾਹਿਤ ਦੇ ਸਿਰਜਿਤ/ਸਮਝਣ ਦੋਵੇਂ ਸਿਧਾਂਤਾਂ ਦਾ ਪ੍ਰਬੰਧ ਸੀਮਤ ਤੇ ਸਥਿਰ ਹੈ। ਇਹ ਸਾਹਿਤ ਦੀ ਸੁਤੰਤਰਤਾ ਨੂੰ ਕੰਟਰੋਲ ਕਰਦਾ ਹੈ। ਅਰਥ ਨੂੰ ਨਿਸ਼ਚਿਤ ਤੇ ਨਿਰਧਾਰਿਤ ਬਣਾਉਂਦਾ ਹੈ। ਸਾਹਿਤਿਕ ਅਰਥਾਂ ਨੂੰ ਇਸਦੇ ਅਮੂਰਤ ਪ੍ਰਬੰਧ ਤੋਂ ਉਤਪੰਨ ਦਿਖਾਉਂਦਾ ਹੈ। ਰੋਲਾਂ ਬਾਰਥ ਪਾਠਕ ਨੂੰ ਪਾਠ ਦਾ ਉਪਭੋਗਤਾ ਹੀ ਨਹੀਂ ਅਰਥ ਉਤਪਾਦਕ ਮੰਨਦਾ ਹੈ। ਦੈਰਿਦਾ ਪਾਠ ਤੇ ਪਾਠਕ ਵਿਚਲੀ ਪੜ੍ਹਤ ਦੁਆਰਾ ਅਰਥ ਦੀ ਉਤਪਤੀ ਮੰਨਦਾ ਹੈ। ਕੋਈ ਵੀ ਇਕ ਪੜ੍ਹਤ ਦੂਜੀ ਪੜ੍ਹਤ ਤੋਂ ਵੱਖਰੀ ਹੋਵੇਗੀ। ਲਾਕਾਂ ਦੁਆਰਾ ਕਰਤਾ (Subject) ਦੀ ਹੋਂਦ ਇਹ ਸਾਬਤ ਕਰਦੀ ਹੈ ਕਿ ਪਾਠ ਕੋਈ ਇਕਹਿਰੀ, ਸਥਿਰ, ਨਿਸ਼ਚਿਤ ਧਾਰਣਾ ਨਹੀਂ ਜਾਂ ਇਹ ਭਾਸ਼ਾ/ਸਾਹਿਤ ਦੇ ਅਮੂਰਤ ਪ੍ਰਬੰਧ 'ਚੋਂ ਪੈਦਾ ਹੋਣ ਵਾਲੀ ਖ਼ੁਦ ਮੁਖ਼ਤਿਆਰ ਖ਼ੁਦ ਨਿਰਧਾਰਿਤ ਨਹੀਂ ਬਲਕਿ ਲੇਖਕ, ਪਾਠਕ, ਸਮਾਜ/ਸਭਿਆਚਾਰ ਦੇ ਸੰਯੋਗ ਵਿਚੋਂ ਉਪਜਦੀ ਹੈ। ਸੋਸਿਊਰ ਦੁਆਰਾ ਮੰਨਣਾ ਹੈ ਕਿ ਅਰਥ ਰੀਤ ਜਾਂ ਪਰੰਪਰਾ ਦੁਆਰਾ ਨਿਰਧਾਰਿਤ ਹੁੰਦਾ ਹੈ, ਇਸ ਸੱਚ ਨੂੰ ਮੰਨਣਾ ਕਿ ਭਾਸ਼ਾ ਆਪਣੇ ਅਰਥ ਆਪਣੇ ਆਲੇ-ਦੁਆਲੇ ਜਾਂ ਸਮਾਜ ਸਭਿਆਚਾਰ ਤੋਂ ਲੈਂਦੀ ਹੈ। ਦੈਰਿਦਾ ਦਾ ਮੰਨਣਾ ਹੈ ਕਿ ਭਾਸ਼ਾ ਭਿੰਨਤਾ 'ਤੇ ਆਧਾਰਿਤ ਹੈ,ਫਿਰ ਭਿੰਨਤਾ ਆਧਾਰਿਤ ਅਰਥ ਸੀਮਤ ਜਾਂ ਸਥਿਰ ਕਿਵੇਂ ਹੋ ਸਕਦਾ ਹੈ। ਇਸੇ ਤਰ੍ਹਾਂ ਸਭਿਆਚਾਰ ਦੀ ਵਿਸ਼ੇਸ਼ਤਾ ਵੀ ਵਿਭਿੰਨਤਾ ਹੀ ਹੈ। ਸਭਿਆਚਾਰ ਬਹੁਪਰਤੀ, ਬਹੁਧਰਾਤਲੀ ਹੁੰਦਾ ਹੈ। ਜਿਸ ਕਾਰਨ ਹਰ ਸਭਿਆਚਾਰ ਭਾਸ਼ਾਈ ਚਿੰਨ੍ਹਾਂ ਨੂੰ ਵੱਖਰੇ ਤੇ ਵਿਭਿੰਨ ਅਰਥ ਦਿੰਦਾ ਹੈ। ਪਰ ਸ਼ਕਤੀ ਤੇ ਸੱਤਾ ਦੀ ਖੇਡ ਮਨਮਰਜ਼ੀ ਦੇ ਅਰਥਾਂ ਨੂੰ ਕੇਂਦਰੀ ਧਾਰਣਾ ਦਿੰਦੀ Other ਦੂਸਰੇ ਅਰਥਾਂ ਨੂੰ ਦਬਾ ਦਿੰਦੀ ਹੈ। ਅਜਿਹਾ ਉਹ ਅਮੂਰਤ ਪ੍ਰਬੰਧ ਵਰਗੀ ਧਾਰਣਾ ਨਾਲ ਕਰਦੀ ਹੈ ਜਿਸ ਨਾਲ ਇਹ ਵਰਤਾਰਾ ਗ਼ੈਰ ਕੁਦਰਤੀ ਨਹੀਂ ਲੱਗਦਾ। ਡਾ. ਨਾਰੰਗ ਅਨੁਸਾਰ "ਨਵੀਂ ਥਿਊਰੀ ਮੂਲੋਂ ਹੀ ਨੇਮ ਵਿਧਾਨ ਲਾਗੂ ਕਰਨ ਜਾਂ ਪ੍ਰਬੰਧ ਦਾ ਗਠਨ ਕਰਨ ਦੇ ਵਿਰੁੱਧ ਹੈ, ਸਗੋਂ ਹਰ ਤਰ੍ਹਾਂ ਦੇ ਪੂਰਬਲੇ ਨੇਮ-ਵਿਧਾਨ ਨੂੰ ਨਕਾਰਦੀ ਹੈ ਕਿਉਂ ਜੋ ਸਾਰੇ ਨੇਮ-ਵਿਧਾਨ ਅਤੇ ਪ੍ਰਬੰਧ ਅੰਤਿਮ ਰੂਪ ਵਿਚ ਸਰਬ-ਗ੍ਰਾਹੀ ਅਤੇ ਤਾਨਾਸ਼ਾਹੀ ਵਲ ਲੈ ਜਾਂਦੇ ਹਨ ਅਤੇ ਚਿੰਤਨ ਅਤੇ ਸਿਰਜਣਾਤਮਕ ਆਜ਼ਾਦੀ ਉੱਤੇ ਪਹਿਰਾ ਲਾਉਂਦੇ ਹਨ। ਪਾਠ ਬਿਲਕੁਲ ਸਵੈ-ਆਧਾਰੀ ਅਤੇ ਆਤਮ ਨਿਰਭਰ ਨਹੀਂ, ਕਿਉਂਕਿ ਅਰਥ ਗ੍ਰਹਿਣ ਕਰਨ ਦੀ ਪ੍ਰਕ੍ਰਿਆ ਅੰਤਹੀਣ ਹੈ।[11] ਬੁੱਧ ਇਸ ਸੰਸਾਰ ਨੂੰ ਕਿਸੇ ਮੂਲ (ਆਤਮਾ/ਪਰਮਾਤਮਾ) ਨੂੰ ਨਾ ਮੰਨ ਕੇ ਸਮੁੱਚੇ ਜਗਤ ਨੂੰ ਸਹਿ ਆਧਾਰ ਵਿੱਚ ਜਨਮਣਾ ਮੰਨਿਆ ਗਿਆ ਹੈ। ਨਾਗਾਰਜੁਨ ਆਪਣੇ ਗ੍ਰੰਥ "ਵਗ੍ਰਹਵਯਵਾਰਤਨੀ"ਵਿੱਚ ਇਸ ਨਿਯਮ ਨੂੰ "ਪਰਤੀਤਯ ਸਮਉਤਪਾਦ" ਆਖਦਾ ਹੈ। ਜਿਸਦਾ ਅਰਥ "ਸਾਰੀਆਂ ਵਸਤੂਆਂ ਆਪਣੀ ਉਤਪਤੀ ਵਿੱਚ ਆਪਣੀ ਸੱਤਾ ਨੂੰ ਪਾਉਣ ਲਈ ਦੂਸਰੇ ਕਾਰਣ ਜਾਂ ਹੇਤੁ ਉੱਪਰ ਨਿਰਭਰ ਹਨ। ਪ੍ਰਤੀਤਯ ਸਮਉਤਪਾਦ ਦਾ ਦੂਸਰਾ ਅਰਥ 'ਅਨਿਸ਼ਚਤਤਾ' ਹੈ, ਸਾਰੀਆਂ ਵਸਤੂਆਂ ਇਕ ਛਿਣ ਦੇ ਬਾਅਦ ਨਸ਼ਟ ਹੋ ਜਾਂਦੀਆਂ ਹਨ ਅਤੇ ਉਸਦੇ ਬਾਅਦ ਦੂਸਰੀ ਵਸਤੂ ਜਾਂ ਘਟਨਾ ਛਿਣ ਭਰ ਲਈ ਆਉਂਦੀ ਹੈ, ਅਰਥਾਤ ਉਤਪਤੀ ਵਿਛਿੰਨ-ਪ੍ਰਵਾਹ ਜਿਹੀ ਹੈ। ਪ੍ਰਤੀਤਯ ਸਮਉਤਪਾਦ ਨੂੰ ਹੀ ਮੱਧ ਮਾਰਗ ਕਿਹਾ ਜਾਂਦਾ ਹੈ। ਬੁੱਧ ਨਾ ਆਤਮਵਾਦੀ ਸੀ, ਨਾ ਭੌਤਿਕਵਾਦੀ, ਬਲਕਿ ਉਹਨਾਂ ਦਾ ਰਸਤਾ ਇਹਨਾਂ ਦੋਵਾਂ ਦੇ ਵਿੱਚ ਦਾ (ਮੱਧਯ-ਮਾਰਗ) ਸੀ ਉਹ 'ਵਿਛਿੰਨ- ਪ੍ਰਵਾਹ' ਨੂੰ ਮੰਨਦੇ ਸੀ। ਅਰਥਾਤ ਹਰ ਵਸਤੂ ਹਰ ਛਿਣ ਬਦਲ ਰਹੀ ਹੈ।

ਇਹ ਤਰ੍ਹਾਂ ਸੱਤਾ ਸ਼ਕਤੀ ਦੁਆਰਾ ਹਰ ਤਰ੍ਹਾਂ ਦੇ ਪ੍ਰਬੰਧ ਦਾ ਗਠਨ ਕਰਕੇ ਭਾਸ਼ਾ, ਸਾਹਿਤ, ਸਭਿਆਚਾਰ ਵਿੱਚ ਸਥਿਰਤਾ ਲਿਆ ਕੇ ਇਹਨਾਂ ਉੱਪਰ ਹਿੰਸਾ ਕਰਨਾ ਹੈ। ਇਹੀ ਕਾਰਣ ਹੈ ਕਿ "ਪੂਰਬੀ ਅਨੁਭਵੀ ਗਿਆਨ"ਆਪਣੀ ਅਭਿਵਿਅਕਤੀ ਕਾਵਿਕ ਭਾਸ਼ਾ ਵਿਚ ਕਰਦਾ ਹੈ। ਭਾਸ਼ਾ ਦਵੈਤ ਉੱਪਰ ਖੜ੍ਹੀ ਹੈ ਇਹ ਵਿਆਕਰਣਕ ਪ੍ਰਬੰਧ 'ਚ ਬੱਝੀ ਹੋਈ ਹੈ ਜੋ ਸਥਿਰ ਤੇ ਸੀਮਿਤ ਹੈ। ਪਰ ਕਾਵਿਕ ਭਾਸ਼ਾ ਇਸ ਪ੍ਰਬੰਧ ਦੀ ਹਿੰਸਾ ਤੇ ਸੱਟ ਮਾਰਦੀ ਹੈ। ਇਹ ਪ੍ਰਬੰਧ 'ਚੋਂ ਅ-ਪ੍ਰਬੰਧ ਵੱਲ ਦਾ ਸਫ਼ਰ ਤੈਅ ਕਰਦੀ ਹੈ। ਕਾਵਿਕ ਭਾਸ਼ਾ ਮੈਟਾਫ਼ਰ ਤੇ ਮੈਟਾਨਮੀ ਰਾਹੀਂ ਸਥਿਰ ਭਾਸ਼ਾਈ ਪ੍ਰਬੰਧ ਦੇ ਮੁਕਾਬਲੇ 'ਵਿਛਿਣ ਪ੍ਰਵਾਹ' ਵਿਚ ਤਬਦੀਲ ਹੁੰਦੀ ਹੈ ਜਿਸ ਰਾਹੀਂ ਪਾਠ ਦੀ ਹਰ ਪੜ੍ਹਤ ਪਹਿਲਾਂ ਵਰਗੀ ਨਹੀਂ ਰਹਿੰਦੀ ਪਰਿਵਤਨਮੁਖੀ ਤੇ ਵਿਭਿੰਨ ਅਰਥਾਂ ਨੂੰ ਜਨਮ ਦਿੰਦੀ ਹੈ। ਕਾਵਿਕ ਭਾਸ਼ਾ ਦਵੈਤ ਮੁਕਤ ਹੈ ਜਿਸਦੀ ਉਦਾਹਰਣ ਬਾਬਾ ਬੁੱਲ੍ਹੇ ਸ਼ਾਹ ਦੀ ਕਾਫ਼ੀ ਬਾਖ਼ੂਬੀ ਬਿਆਨ ਕਰਦੀ ਹੈ :

ਮੈਂ ਬੇ ਕੈਦ ਮੈਂ ਬੇ ਕੈਦ
ਨਾ ਰੋਗੀ ਨਾ ਵੈਦ
ਨਾ ਮੈਂ ਮੋਮਨ ਨਾ ਮੈਂ ਕਾਫ਼ਰ
ਨਾ ਸੈਦੀ ਨਾ ਸੈਦ

ਇਹੀ ਕਾਰਣ ਹੈ ਕਿ ਪੂਰਬੀ ਚਿੰਤਕ, ਵਿਦਵਾਨ, ਦਾਨਿਸ਼ਵਰ ਆਪਣੇ ਅਨੁਭਵੀ ਗਿਆਨ ਨੂੰ ਕਾਵਿਕਤਾ 'ਚ ਪੇਸ਼ ਕਰਦੇ ਹਨ। ਬਾਬਾ ਨਾਨਕ ਆਪਣੇ ਆਪ ਨੂੰ ਸ਼ਾਇਰ ਆਖਦਾ ਹੈ। ਸ਼ਾਇਰਾਨਾ ਤਰਬੀਅਤ ਕਿਸੇ ਬਜ਼ਿੱਦ ਪ੍ਰਬੰਧ ਦੀ ਕੈਦ 'ਚ ਨਹੀਂ ਹੁੰਦੀ ਉਹ ਬੇ ਕੈਦ ਹੁੰਦੀ ਹੈ। ਇਹਨਾਂ ਸ਼ਾਇਰਾਂ ਦੀ ਰਚਨਾ ਜ਼ੋਰ ਜ਼ਬਰਦਸਤੀ ਨਹੀਂ ਆਪਣੇ ਆਪ ਹੁੰਦੀ ਹੈ। ਇਹਨਾਂ ਦੀ ਰਚਨਾ ਪ੍ਰੇਮ ਦਾ ਮੁਜੱਸਮਾ ਹੈ, ਪ੍ਰੇਮ ਕੀਤਾ ਨਹੀਂ ਜਾਂਦਾ ਆਪਣੇ ਆਪ ਹੁੰਦਾ ਹੈ, ਸ਼ਾਇਰ ਰਚਨਾ ਕਰਦਾ ਨਹੀਂ ਰਚਨਾ 'ਚ ਹੋ ਜਾਂਦਾ ਹੈ "To be in Creation" ਪੱਛਮੀ ਚਿੰਤਨ ਇਸ ਅਨੁਭਵ ਨੂੰ ਸਕੀਜ਼ੋਫ਼ਰੇਨਿਕ ਮੰਨਦਾ ਹੈ ਪਰ ਡਾ. ਗੁਰਭਗਤ ਸਿੰਘ ਅਨੁਸਾਰ ਇਹ ਕਾਵਿ 'ਨਾਦੀ ਕਾਵਿ' ਹੈ।

**ਸਭਿਆਚਾਰਕ ਵਿਭਿੰਨਤਾ (Cultural Diversity)**

ਜਿਵੇਂ ਭਾਸ਼ਾਈ ਸੰਰਚਨਾ ਭਿੰਨਤਾ ਆਧਾਰਿਤ ਹੈ ਉਸੇ ਤਰ੍ਹਾਂ ਸਭਿਆਚਾਰ ਦੀ ਵਿਸ਼ੇਸ਼ਤਾ ਵੀ ਇਹ ਭਿੰਨਤਾ ਹੈ। ਜਿਵੇਂ ਉੱਪਰ ਅਸੀਂ ਬਿਆਨ ਕੀਤਾ ਹੈ ਕਿ ਭਾਸ਼ਾਈ ਚਿੰਨ੍ਹ/ਸ਼ਬਦ ਦੀ ਸਿਰਜਣਾ ਜਿਵੇਂ ਵੱਖਰੀਆਂ ਧੁਨੀਆਂ (ਕ+ਮ+ਲ = ਕਮਲ) ਤੋਂ ਹੋਈ ਹੈ। ਉਸੇ ਤਰ੍ਹਾਂ ਸਭਿਆਚਾਰ/ ਪੰਜਾਬੀ ਸਭਿਆਚਰ ਦੀ ਬਣਤਰ ਵੀ ਵੱਖਰਤਾਵਾਂ ਨਾਲ ਸਿਰਜੀ ਗਈ ਹੈ। ਭਾਸ਼ਾ ਦੀ ਛੋਟੀ ਤੋਂ ਛੋਟੀ ਇਕਾਈ ਧੁਨੀ ਹੈ ਅਤੇ ਹਰ ਧੁਨੀ ਦੂਸਰੀ ਤੋਂ ਵੱਖਰੀ ਹੈ। ਇਸੇ ਤਰ੍ਹਾਂ ਸਭਿਆਚਾਰ ਹੈ। ਭਾਸ਼ਾ ਨੂੰ ਅਰਥ ਸਭਿਆਚਾਰ ਆਲਾ ਦੁਆਲਾ ਦਿੰਦਾ ਹੈ। ਸਭਿਆਚਾਰਕ ਵੱਖਰਤਾਵਾਂ ਭਾਸ਼ਾ ਨੂੰ ਵੱਖਰੇ-ਵੱਖਰੇ ਅਰਥ ਪ੍ਰਦਾਨ ਕਰਦੀਆਂ ਹਨ। ਇਸ ਤਰ੍ਹਾਂ ਕੁਦਰਤ, ਸਮਾਜ, ਸਭਿਆਚਾਰ, ਭਾਸ਼ਾ, ਸਾਹਿਤ ਇਹਨਾਂ ਦੀ ਵਿਸ਼ੇਸ਼ਤਾ ਇਹਨਾਂ ਦੀ ਵਿਭਿੰਨਤਾ ਹੀ ਹੈ। ਸਮਾਜ-ਸਭਿਆਚਾਰ ਦੀਆਂ ਵੱਖਰਤਾਵਾਂ ਨੂੰ ਸ਼ਕਤੀ ਸੱਤਾ ਦੀ ਖੇਡ ਆਪਣੇ ਸਵਾਰਥ ਲਈ ਵੱਖਰੇਵਿਆਂ 'ਚ ਬਦਲ ਦਿੰਦੀ ਹੈ। ਇਸੇ ਕਾਰਨ ਉਹ ਭਾਸ਼ਾ ਦੇ ਦਵੈਤ ਮੁਖੀ ਸੁਭਾਅ ਨੂੰ ਸਥਿਰ ਰੱਖਣਾ ਚਾਹੁੰਦੀ ਹੈ। ਬਾਬਾ ਨਾਨਕ ਆਪਣੇ ਸ਼ਾਇਰਾਨਾ ਅੰਦਾਜ 'ਚ ਆਖਦਾ ਹੈ'ਨਾ ਕੋ ਹਿੰਦੂ ਨਾ ਕੋ ਮੁਸਲਮਾਨ' ਤਾਂ ਉਹ

ਭਾਸ਼ਾ ਦੀ ਉਸ ਦਵੈਤ ਨੂੰ ਤੋੜਦੇ ਹਨ ਜੋ ਵੱਖਰਤਾਵਾਂ ਨੂੰ ਵੱਖਰੇਵਿਆਂ 'ਚ ਬਦਲਦੀ ਹੈ। ਪੰਜਾਬੀ ਸਾਹਿਤ, ਸਭਿਆਚਾਰ ਵੱਖਰਤਾਵਾਂ ਨੂੰ ਸਪੇਸ ਦਿੰਦਾ ਹੈ। ਵਾਰਿਸ ਦੀ ਹੀਰ ਵੰਨ-ਸੁਵੰਨਤਾਵਾਂ ਨਾਲ ਬੁਣੀ ਹੋਈ ਉਹ ਫੁਲਕਾਰੀ ਹੈ ਜਿਸਨੇ ਵੱਖਰਤਾਵਾਂ ਵਾਲੇ ਸਭਿਆਚਾਰ ਦਾ ਸਿਰ ਕੱਜਿਆ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਵੱਖਰੇ-ਵੱਖਰੇ ਪ੍ਰਦੇਸ਼ ਦੇ ਕਵੀਆਂ ਨੂੰ ਵੱਖਰੀਆਂ-ਵੱਖਰੀਆਂ ਭਾਸ਼ਾਵਾਂ ਨੂੰ ਇੱਕ ਥਾਂ ਇਕੱਠਾ ਕਰਦਾ ਹੈ। "ਬੋਧ ਪਰੰਪਰਾ ਅਨੁਸਾਰ ਸੰਸਾਰ ਜਿਵੇਂ ਹੈ ਉਸਨੂੰ ਉਸੇ ਤਰ੍ਹਾਂ ਦੇਖਣ ਦਾ ਦ੍ਰਿਸ਼ਟੀਕੋਣ ਹੈ। ਪੰਜਾਬੀ ਸਭਿਆਚਾਰ ਵੀ ਦੂਜੇ ਦੀ ਪਛਾਣ ਨੂੰ ਉਸੇ ਤਰ੍ਹਾਂ ਅਪਣਾਉਂਦਾਹੈ, Other ਦੀ ਪਛਾਣ ਨੂੰ ਆਪਣੇ ਵਿਚ ਅਭੇਦ (Merge) ਨਹੀਂ ਕਰਦਾ। ਬਾਬਾ ਨਾਨਕ ਮਰਦਾਨੇ ਨੂੰ ਉਸਦੀ ਆਪਣੀ ਪਛਾਣ ਨਾਲ ਅਪਣਾਉਂਦਾ ਹੋਇਆ ਆਪਣਾ ਸਾਥੀ ਬਣਾਉਂਦਾ ਹੈ। ਬੁੱਧ ਪਰੰਪਰਾ ਤੇ ਨਾਗਾਰਜੁਨ ਦੇ 'ਪ੍ਰਤੀਤਯ ਸਮਉਤਪਾਦ' ਦਾ ਸਿਧਾਂਤ ਕਿ ਸੰਸਾਰ ਕਿਸੇ ਮੂਲ ਸੱਤਾ ਦੀ ਉਪਜ ਨਹੀਂ ਬਲਕਿ ਇਹ ਅੰਤਰ ਨਿਰਭਰ ਹੈ। ਸੰਸਾਰਿਕ ਵਸਤੂਆਂ ਆਤਮ ਨਿਰਭਰ ਨਹੀਂ ਅੰਤਰ ਨਿਰਭਰ ਹਨ। ਇਹੀ ਪਛਾਣ ਪੰਜਾਬੀ ਸਭਿਆਚਾਰ ਦੀ ਹੈ। ਪੰਜਾਬੀ ਸਭਿਆਚਾਰ ਵਿਚ ਵੱਖਰਤਾਵਾਂ ਵਿਚਰਦੀਆਂ ਹਨ ਕਿਸੇ ਇਕ ਪਛਾਣ ਦੀ ਮੂਲ ਸੱਤਾ ਨਹੀਂ ਸੀ ਇਸਦਾ ਅਜਿਹਾ ਹੋਣਾ ਅੰਤਰ ਨਿਰਭਰਤਾ ਕਾਰਣ ਹੈ। ਡਾ. ਈਸ਼ਵਰ ਦਿਆਲ ਗੌੜ ਪੰਜਾਬ ਨੂੰ ਤ੍ਰਿਞਣੀ/ਕਾਵਿਕ ਸਮਾਜ ਕਹਿੰਦਾ ਹੈ। ਪੰਜਾਬ ਦਾ ਇਹ ਤ੍ਰਿੰਞਣ ਵੰਨ-ਸੁਵੰਨੀ ਲੋਕਾਈ ਦਾ ਵਸੇਬਾ ਰਿਹਾ ਹੈ। ਇਹ ਸਭਿਆਚਾਰ ਨਿੱਜ ਦੀ ਬਜਾਇ ਪਰ ਨੂੰ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬਾਨ ਆਪਣੇ ਅਲੌਕਿਕ ਗਿਆਨ ਨੂੰ ਜੀਵ ਇਸਤਰੀ ਰੂਪ 'ਚ ਬਿਆਨਦੇ ਹਨ। ਬੁੱਲ੍ਹੇ ਸ਼ਾਹ ਗਾਉਂਦਾ ਹੈ।

ਨਾ ਮੈਂ ਮੋਮਨ ਵਿਚ ਮਸੀਤਾਂ, ਨਾ ਮੈਂ ਵਿਚ ਕੁਫ਼ਰ ਦੀਆਂ ਰੀਤਾਂ  
ਨਾ ਮੈਂ ਪਾਕਾਂ ਵਿਚ ਪਲੀਤਾਂ, ਨਾ ਮੈਂ ਮੂਸਾ ਨਾ ਫਿਰਔਨ  
ਬੁੱਲ੍ਹਾ ਕੀ ਜਾਣੈ ਮੈਂ ਕੌਣ

ਬਾਬਾ ਫਰੀਦ ਦੀ ਰਚਨਾ, ਵੰਨ-ਸੁਵੰਨਤਾ ਦੀ ਬੁਣਤਰ ਹੀ ਹੈ। ਬਾਬਾ ਫਰੀਦ ਇਸਲਾਮੀ ਦਰਸ਼ਨ ਨੂੰ ਭਾਰਤੀ ਕਾਵਿ ਰੂਪਾਂ (ਸ਼ਬਦ ਸ਼ਲੋਕ) 'ਚ ਲਹਿੰਦੀ ਪੰਜਾਬੀ ਭਾਸ਼ਾ 'ਚ ਪੰਜਾਬੀ ਰਹਿਤਲੀ ਮਾਹੌਲ ਤੇ ਮੌਲਿਕ ਅਨੁਭਵ 'ਚ ਢਾਲ ਕੇ ਪੇਸ਼ ਕਰਦਾ ਹੈ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥  
ਕੋਈ ਸੇਵੈ ਗੁਸਈਆ ਕੋਈ ਅਲਾਹਿ॥

ਦੂਜੇ ਨੂੰ ਸਪੇਸ ਦੇਣੀ ਪੰਜਾਬੀ ਸਭਿਆਚਾਰ ਦੀ ਅਦੁੱਤੀ ਵਿਸ਼ੇਸ਼ਤਾ ਹੈ। ਪੰਜਾਬੀ ਸਭਿਆਚਾਰ ਵੱਖਰਤਾਵਾਂ 'ਚ ਸਾਹ ਲੈਂਦਾ ਹੈ। ਪੰਜਾਬੀ ਬਾਸ਼ਿੰਦੇ ਦੀ ਪਛਾਣ ਏਕਾਰਥੀ ਨਹੀਂ ਹੈ ਉਹ ਕਈ ਪਾਠਾਂ ਦਾ ਸਿਰਜਿਆ ਹੋਇਆ ਹੈ। ਡਾ. ਮਦਨ ਗੋਪਾਲ ਸਿੰਘ 'ਪੰਜਾਬੀ ਪਛਾਣ ਨੂੰ Singualrly Multiple ਮੰਨਦਾ ਹੈ। ਸ਼ਾਹ ਹੁਸੈਨ ਜਦੋਂ ਲਿਖਦਾ ਹੈ "ਤੁਸੀਂ ਸਭੈ ਸਾਲੂ ਵਾਲੀਆਂ ਇਕ ਬਿਰਖ ਦੀਆਂ ਡਾਲੀਆਂ"ਇਹ 'ਬਿਰਖ' ਵਿਭਿੰਨਤਾ ਦਾ ਬਣਿਆ ਹੋਇਆ ਹੈ। ਪੰਜਾਬੀਆਂ ਦੀ ਖ਼ੁਰਾਕ ਵੀ ਵਿਭਿੰਨਤਾ ਵਾਲੀ ਹੈ। ਹਰੀ ਕ੍ਰਾਂਤੀ ਤੋਂ ਬਾਅਦ ਖੇਤੀਬਾੜੀ ਵਿਚਲੀ ਵਿਭਿੰਨਤਾ ਨੂੰ ਤੋੜ ਕੇ Monological (ਕਣਕ ਤੇ ਝੋਨਾ) ਤੱਕ ਸੀਮਿਤ ਕਰ ਦਿੱਤਾ ਗਿਆ। ਆਧੁਨਿਕ ਗਿਆਨ ਨਾਲ ਲੈਸ ਗਲੋਬਲਾਈਜੇਸ਼ਨ ਦਾ ਮਾਡਲ ਸੰਸਾਰ ਨੂੰ Monological ਪਛਾਣ ਦੇਣ

ਉੱਪਰ ਜ਼ੋਰ ਦਿੰਦਾ ਹੈ। ਇਹ ਵਿਭਿੰਨਤਾਵਾਂ ਨੂੰ ਖ਼ਤਮ ਕਰਦਾ ਹੈ। ਜਿਸਦੇ ਵਿਰੋਧ 'ਚ ਲਿਓਤਾਰਦ ਵੱਖਰਤਾਵਾਂ ਨੂੰ ਕ੍ਰਿਆਵੰਤ ਕਰਨ ਦੀ ਅਪੀਲ ਕਰਦਾ ਹੈ। ਅਜੋਕੇ ਸਮੇਂ ਮੀਡੀਆ ਦੀ ਭਾਸ਼ਾ ਵੀ ਦਵੈਤਮੁਖੀ ਹੈ ਜੋ ਵੱਖਰਤਾਵਾਂ ਨੂੰ ਹਾਸ਼ੀਆਗਤ (marginalized) ਕਰਦੀ ਹੈ। ਮੀਡੀਆ ਉੱਪਰ ਚਰਚਾ ਭਾਜਪਾ-ਕਾਂਗਰਸ, ਹਿੰਦੂ ਬਨਾਮ ਮੁਸਲਮਾਨ, ਦੇਸ਼ਹਿਤ-ਦੇਸ਼ ਵਿਰੋਧੀ (Left-Right) ਵਿੰਗ ਵਰਗੀ ਦ੍ਵੈਤ ਉੱਪਰ ਖੜ੍ਹੀ ਹੈ। "ਰੇਮੰਡ ਵਿਲੀਅਮਜ਼ ਕਿਸੇ ਦੇਸ਼ ਜਾਂ ਮਨੁੱਖੀ ਸਮਾਜ ਵਿਚ ਮੌਜੂਦ ਬਹੁਲਤਾਵਾਂ, ਵੱਖਰਤਾਵਾਂ ਜਾਂ ਸਭਿਆਚਾਰਕ ਵਿਲੱਖਣਤਾਵਾਂ ਨੂੰ ਨਾ ਕੇਵਲ ਇੱਕ ਹਾਂ-ਪੁੱਖੀ ਵਰਤਾਰੇ ਵਜੋਂ ਲੈਂਦਾ ਹੈ, ਅਲੱਬਤਾ ਵਧੀਆ ਅਤੇ ਖ਼ੂਬਸੂਰਤ ਵੀ ਮੰਨਦਾ ਹੈ। ਉਸ ਅਨੁਸਾਰ ਕਿਸੇ ਸਮਾਜ ਜਾਂ ਵਸਤੂ ਵਰਤਾਰੇ ਵਿੱਚ ਵੱਖਰਤਾਵਾਂ ਸਹਿਜ ਸੁਭਾਵਿਕ ਅਤੇ ਅੰਤਰ ਨਿਹਿਤ ਹੁੰਦੀਆਂ ਹਨ। ਇਸ ਸੰਬੰਧ ਵਿਚ ਉਸਦਾ ਨਜ਼ਰੀਆ ਇਹ ਹੈ ਕਿ ਰਾਜ ਜਾਂ ਸੱਤਾ ਦੇ ਦਾਬੇ ਅਧੀਨ ਆਰਥਿਕ ਨਾ-ਬਰਾਬਰੀਆਂ ਜਾਂ ਜਮਾਤੀ ਵੰਡੀਆਂ ਨੂੰ ਖ਼ਤਮ ਕਰਨ ਦੇ ਨਾਂ ਹੇਠ, ਸਭਿਆਚਾਰਕ ਵਿਲੱਖਣਤਾਵਾਂ, ਮਾਨਵੀ ਆਜ਼ਾਦੀ ਅਤੇ ਮੂਲ ਭੂਤ ਮਨੁੱਖੀ ਅਧਿਕਾਰਾਂ ਦੇ ਘਾਣ ਕਰਨ ਦੇ ਵਰਤਾਰੇ ਨੂੰ, ਕਿਸੇ ਵੀ ਤਰੀਕੇ ਵਾਜਿਬ ਨਹੀਂ ਠਹਿਰਾਇਆ ਜਾ ਸਕਦਾ। ਉਸ ਅਨੁਸਾਰ ਸਾਰਿਆਂ ਨੂੰ ਇਕੋ ਸੁਹਾਗੇ ਨਾਲ ਪੱਧਰ 'ਕੇਇਕ ਸਮਾਜ ਤੇ ਬਰਾਬਰ ਕਰ ਦੇਣ ਵਾਂਗ, ਸਭਨਾਂ ਉੱਪਰ ਇਕ ਫੈਸਲਾ ਜਾਂ ਭਾਰੂ ਸਭਿਆਚਾਰ ਥੋਪਕੇ, ਵੱਡੀਆਂ, ਵਿਲੱਖਣਤਾਵਾਂ ਅਤੇ ਬਹੁਲਤਾਵਾਂ ਨੂੰ ਮਿਟਾਉਣਾ, ਅਣਉਚਿਤ, ਸਿਰਜਣਾਤਮਿਕਤਾ ਨੂੰ ਨਕਰਾਣ ਵਾਲਾ ਅਤੇ ਗ਼ੈਰ ਮਨੁੱਖੀ ਵਰਤਾਰਾ ਹੈ।[12]

## ਹਵਾਲੇ ਅਤੇ ਟਿੱਪਣੀਆਂ


1. ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ, ਡਾ. ਗੋਪੀ ਚੰਦ ਨਾਰੰਗ, ਅਨੁਵਾਦਕ, ਡਾ. ਜਗਬੀਰ ਸਿੰਘ, ਸਾਹਿਤ ਅਕਾਦਮੀ, ਨਵੀਂ ਦਿੱਲੀ, ਪੰਨਾ 64.
2. ਉਹੀ, ਪੰਨਾ 64.
3. ਉਹੀ, ਪੰਨਾ 59.
4. ਉਹੀ, ਪੰਨਾ 205.
5. ਗ਼ਾਲਿਬ ਅਰਥਤਾ, ਰਚਨਾਤਮਕਤਾ ਅਤੇ ਸ਼ੂਨਯਤਾ, ਡਾ, ਗੋਪੀ ਚੰਦ ਨਾਰੰਗ, ਅਨੁਵਾਦਕ ਨੁਸਰਤ ਜਹੀਰ ਸਾਹਿਤ ਅਕਾਦਮੀ, ਨਵੀਂ ਦਿੱਲੀ, ਪੰਨਾ 69.
6. ਉਹੀ, ਪੰਨਾ 96.
7. ਉਹੀ, ਪੰਨਾ 70.
8. ਉਹੀ, ਪੰਨੇ 85-86.
9. ਪੂਰਬੀ ਵਿਸ਼ਵ ਦ੍ਰਿਸ਼ਟੀ ਅਤੇ ਪੰਜਾਬੀ ਸਾਹਿਤ, ਸੰਪਾਦਕ ਡਾ. ਸਤਿੰਦਰ ਸਿੰਘ ਨੂਰ, ਪੰਜਾਬੀ ਅਕਾਦਮੀ, ਦਿੱਲੀ, ਪੰਨਾ 21.
10. ਸੰਰਚਨਾਵਾਦਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ, ਡਾ. ਗੋਪੀ ਚੰਦ ਨਾਰੰਗ, ਅਨੁਵਾਦਕ, ਡਾ. ਜਗਬੀਰ ਸਿੰਘ, ਸਾਹਿਤ ਅਕਾਦਮੀ, ਨਵੀਂ ਦਿੱਲੀ, ਪੰਨਾ 42.
11. ਉਹੀ, ਪੰਨਾ 17.
12. ਸਭਿਆਚਾਰ ਅਤੇ ਲੋਕਧਾਰਾ ਵਿਸ਼ਵ ਚਿੰਤਨ, ਸੰਪਾਦਕ ਡਾ. ਗੁਰਮੀਤ ਸਿੰਘ ਡਾ. ਸੁਰਜੀਤ ਸਿੰਘ ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨਾ 37.

# ਸਟੂਅਰਟ ਹਾਲ: ਕੋਡਿੰਗ-ਡੀਕੋਡਿੰਗ

**-ਰਾਜਦੀਪ ਸਿੰਘ ਸਿੱਧੂ**

ਕਿਸੇ ਵੀ ਸਮਾਜ ਦੇ ਸਭਿਆਚਾਰ ਨੂੰ ਸਮਝ ਕੇ ਹੀ ਉਸ ਦੇ ਰਾਜਨੀਤਕ, ਸਮਾਜਕ, ਆਰਥਕ ਆਦਿਪ੍ਰਵਚਨਾਂ ਬਾਰੇ ਚਿੰਤਨ ਕੀਤਾ ਜਾ ਸਕਦਾ ਹੈ। ਸਭਿਆਚਾਰ ਅਧਿਐਨ ਦੇ ਖੇਤਰ ਵਿਚ ਸਟੂਆਰਟ ਹਾਲ ਦਾ ਯੋਗਦਾਨ ਮਹੱਤਵਪੂਰਨ ਹੈ। ਬੇਸ਼ੱਕ ਸਭਿਆਚਾਰ ਬਾਰੇ ਗੱਲ ਸਟੂਅਰਟ ਹਾਲ ਤੋਂ ਪਹਿਲਾਂ ਵੀ ਕੀਤੀ ਜਾਂਦੀ ਰਹੀ ਹੈ ਪਰ ਉਸ ਨੂੰ ਇਸ ਖੇਤਰ ਵਿਚ ਕੁਝ ਨਵਾਂ ਸਿਰਜਣ ਵਾਲਾ ਅਤੇ ਸਭਿਆਚਾਰ ਬਾਰੇ ਇਕ ਨਵੀਂ ਦਿਸ਼ਾ ਪ੍ਰਦਾਨ ਕਰਨ ਵਾਲਾ ਚਿੰਤਕ ਮੰਨਿਆ ਗਿਆ ਹੈ। "ਸਭਿਆਚਾਰ ਦਾ ਅਧਿਐਨ ਕਰਨ ਅਤੇ ਸੰਸਥਾਗਤ ਰੂਪ ਵਿਚ ਵਿਕਸਿਤ 'ਸਭਿਆਚਾਰਕ ਅਧਿਐਨ' ਵਿਚ ਅੰਤਰ ਹੈ। ਸਾਧਾਰਨ ਰੂਪ ਵਿਚ ਸਭਿਆਚਾਰ ਦਾ ਅਧਿਐਨ ਸਮਾਜ ਵਿਗਿਆਨ, ਮਾਨਵ ਵਿਗਿਆਨ, ਭਾਸ਼ਾ ਤੇ ਸਾਹਿਤ ਆਦਿ ਖੇਤਰਾਂ ਵਿਚ ਹੁੰਦਾ ਹੈ। ਇਸ ਅਧਿਐਨ ਲਈ ਸਭ ਅਨੁਸ਼ਾਸਨਾਂ ਦੀ ਆਪੋ-ਆਪਣੀ ਪਹੁੰਚ ਵਿਧੀ ਅਤੇ ਸਿਧਾਂਤ ਹਨ। ਦੂਸਰੇ ਪਾਸੇ 'ਸਭਿਆਚਾਰਕ ਅਧਿਐਨ' ਦੀ ਆਪਣੀ ਇਕ ਅਲੱਗ ਪਰੰਪਰਾ ਅਤੇ ਵਿਸ਼ੇਸ਼ ਖੇਤਰ ਹੈ। ਭਾਵੇਂ ਸਭਿਆਚਾਰਕ ਅਧਿਐਨ ਸਰੂਪ ਪੱਖੋਂ ਅੰਤਰ-ਅਨੁਸ਼ਾਸਨੀ ਵਿਧੀ ਹੈ ਅਤੇ ਇਸਦਾ ਖੇਤਰ ਵੀ ਵਿਭਿੰਨਤਾ ਭਰਪੂਰ ਤੇ ਬਹੁਤ ਵਿਸ਼ਾਲ ਹੈ ਪਰ ਫਿਰ ਵੀ ਇਸਦਾ ਵਸਤੂਆਂ ਅਤੇ ਵਰਤਾਰਿਆਂ ਬਾਰੇ ਇਕ ਖ਼ਾਸ ਦ੍ਰਿਸ਼ਟੀਕੋਣ (ਨਜ਼ਰੀਆ) ਹੈ ਜੋ ਵਿਸ਼ੇਸ਼ ਸੰਕਲਪਾਂ, ਵਿਚਾਰਾਂ ਤੇ ਸਰੋਕਾਰਾਂ ਤੋਂ ਬਣਦਾ ਹੈ।"[1] ਸਟੂਅਰਟ ਹਾਲ ਸਭਿਆਚਾਰ ਦੇ ਇਸ ਅਧਿਐਨ ਨੂੰ ਹੀ ਚਿੰਤਨ ਦਾ ਵਿਸ਼ਾ ਬਣਾਉਂਦਾ ਹੈ।

ਸਭਿਆਚਾਰ ਅਧਿਐਨ ਨੂੰ ਲੈ ਕੇ 'ਸਮਕਾਲੀਨ ਸਭਿਆਚਾਰਕ ਅਧਿਐਨ ਕੇਂਦਰ' (Center for Contemporary Cultural Studies) ਦੀ ਸਥਾਪਨਾ ਰਿਚਰਡ ਹੋਗਾਰਟ ਦੁਆਰਾ 1963 ਈ. ਵਿਚ ਯੂਨੀਵਰਸਿਟੀ ਆਫ਼ ਬਰਮਿੰਘਮ ਵਿਚ ਕੀਤੀ ਜਾਂਦੀ ਹੈ। ਪਰ ਇਸ ਅਧਿਐਨ ਕੇਂਦਰ ਨੂੰ ਸਟੂਅਰਟ ਹਾਲ ਬੁਲੰਦੀਆਂ 'ਤੇ ਪਹੁੰਚਾਉਂਦਾ ਹੈ। ਬੇਸ਼ੱਕ ਇਸ ਕੇਂਦਰ ਨਾਲ ਈ.ਪੀ. ਥੌਂਪਸਨ ਅਤੇ ਰੇਮੰਡ ਵਿਲੀਅਮਜ਼ ਵਰਗੇ ਚਿੰਤਕ ਵੀ ਜੁੜੇ ਸਨ ਪਰ ਹਾਲ ਸਭਿਆਚਾਰਕ ਅਧਿਐਨ ਵਿਚ ਨਸਲ ਅਤੇ ਲਿੰਗ ਨੂੰ ਵੀ ਸ਼੍ਰੇਣੀ ਵਾਂਗ ਸ਼ਾਮਿਲ ਕਰਕੇ ਅਹਿਮੀਅਤ ਦਿੰਦਾ ਹੈ। ਹਾਲ ਦੁਆਰਾ ਅਜਿਹਾ ਕੀਤੇ ਜਾਣ 'ਤੇ ਸਭਿਆਚਾਰਕ ਅਧਿਐਨ ਵਿਧੀ ਵਿਚ ਵਾਧਾ ਹੁੰਦਾ ਹੈ ਅਤੇ ਨਵੀਂ ਦਿਸ਼ਾ ਮਿਲਦੀ ਹੈ। "ਸਟੂਅਰਟ ਹਾਲ ਜ਼ੋਰ ਦੇ ਕੇ ਆਖਦਾ ਹੈ ਕਿ ਸਭਿਆਚਾਰਕ ਅਧਿਐਨ ਕੋਈ ਬੌਧਿਕ ਕਸਰਤ ਨਹੀਂ ਸਗੋਂ ਸਿਆਸੀ ਕਾਰਵਾਈ ਦਾ ਪ੍ਰਾਜੈਕਟ ਹੈ, ਜਿਸ ਦਾ ਮੰਤਵ ਜੰਗ ਤੋਂ ਬਾਅਦ ਦੇ ਅਤਿਉੱਨਤ ਪੂੰਜੀਵਾਦੀ ਸਭਿਆਚਾਰ ਨੂੰ ਵਿਸ਼ਲੇਸ਼ਤ ਕਰਨਾ ਹੈ। ਉਹ ਇਹ ਵੀ ਮੰਨ ਕੇ ਚੱਲਦਾ ਹੈ ਕਿ ਸਭਿਆਚਾਰਕ ਦ੍ਰਿਸ਼ ਬੜੀ ਤੇਜੀ ਨਾਲ ਬਦਲ ਰਿਹਾ ਹੈ, ਸਾਨੂੰ ਉਸ ਦਾ ਇਸੇ ਬਦਲਦੇ ਰੂਪ ਵਿੱਚ ਵਿਸ਼ਲੇਸ਼ਣ ਕਰਨਾ ਪੈਣਾ ਹੈ। ਉਹ ਸੱਭਿਆਚਾਰ ਦੇ ਕੇਵਲ ਆਰਥਿਕ ਅਤੇ ਜਮਾਤੀ ਪੱਖ ਹੀ ਨਹੀਂ ਸਗੋਂ ਸਾਹਿਤਕ, ਮਨੋਵਿਗਿਆਨਕ, ਮਾਨਵਵਿਗਿਆਨਕ, ਸਮਾਜ ਸ਼ਾਸਤਰੀ ਆਧਾਰਾਂ ਨੂੰ ਵੀ ਵਿਚਾਰਧਾਰਕ ਪੱਖੋਂ ਤਲਾਸ਼ਦਾ ਹੈ।"[2] ਉਸਨੇ ਸਭਿਆਚਾਰ ਦਾ ਅਧਿਐਨ ਕਰਦੇ ਸਮੇਂ ਸਭਿਆਚਾਰ ਦੇ ਲੋਕ ਪ੍ਰਵਾਨਿਤ ਰੂਪਾਂ ਦਾ ਮੰਡੀ ਨਾਲ ਸੰਬੰਧ ਅਤੇ ਇਸ ਪੂਰੇ ਵਰਤਾਰੇ ਪਿੱਛੇ ਕੰਮ ਕਰਦੇ ਪ੍ਰਵਚਨ

ਦੀਆਂ ਵਿਚਾਰਧਾਰਕ ਬਰੀਕੀਆਂ ਨੂੰ ਸਾਹਮਣੇ ਲਿਆਂਦਾ ਹੈ।

ਐਨਤਾਨੀਓ ਗ੍ਰਾਮਸ਼ੀ ਅਤੇ ਮਿਸ਼ੇਲ ਫੂਕੋ ਦੁਆਰਾ ਪੇਸ਼ ਕੀਤੇ ਗਏ ਹੈਜਮਨੀ (ਸਿਰਦਾਰੀ) ਦੇ ਸੰਕਲਪ ਨੂੰ ਸਟੂਅਰਟ ਹਾਲ ਸਭਿਆਚਾਰਕ ਵਰਤਾਰਿਆਂ ਦੇ ਅਧਿਐਨ ਨੂੰ ਵਿਸਤਾਰ ਦੇਣ ਲਈ ਵਰਤਦਾ ਹੈ। "ਸਿਰਦਾਰੀ (Hegemony) ਇਤਾਲਵੀ ਮਾਰਕਸੀ ਚਿੰਤਕ ਅਨਤੈਨੀਓ ਗ੍ਰਾਮਸ਼ੀ ਦੀਆਂ ਲਿਖਤਾਂ ਵਿਚ ਵਰਤਿਆ ਜਾਣਾ ਵਾਲਾ ਸੰਕਲਪ ਹੈ। ਰਾਜ ਸੱਤਾ ਕਮਜ਼ੋਰ ਸਭਿਆਚਾਰਾਂ ਨੂੰ ਹਾਸ਼ੀਏ ਤੇ ਧਕੇਲ ਕੇ ਆਪਣੀ ਪ੍ਰਭੁਸੱਤਾ ਸਥਾਪਤ ਕਰਦੀ ਹੈ। ਇਸ ਪ੍ਰਭੁਸੱਤਾ ਨੂੰ ਗ੍ਰਾਮਸ਼ੀ ਨੇ ਸਿਰਦਾਰੀ (Hegemony) ਕਿਹਾ ਹੈ। ਗ੍ਰਾਮਸ਼ੀ ਨੇ ਸਿਵਲ ਅਤੇ ਰਾਜਨੀਤਕ ਸਮਾਜ ਵਿਚ ਅੰਤਰ ਸਥਾਪਤ ਕਰਦਿਆਂ ਦਰਸਾਇਆ ਹੈ ਕਿ ਸਿਵਲ ਸਮਾਜ ਵਿਚ ਧੱਕੇਸ਼ਾਹੀ ਰਾਹੀਂ ਕਿਸੇ ਵੀ ਵਿਚਾਰਧਾਰਾ ਦਾ ਪ੍ਰਚਾਰ ਨਹੀਂ ਕੀਤਾ ਜਾਂਦਾ ਸਗੋਂ ਅਲਿਖਤ ਸਮਝੌਤੇ ਰਾਹੀਂ ਇਹ ਕੰਮ ਨੇਪਰੇ ਚਾੜ੍ਹਿਆ ਜਾਂਦਾ ਹੈ, ਪਰੰਤੂ ਰਾਜਨੀਤਕ ਸਮਾਜਾਂ ਵਿਚ ਇਹ ਕਾਰਜ ਸਿਰਦਾਰੀ (Hegemony) ਰਾਹੀਂ ਕੀਤਾ ਜਾਂਦਾ ਹੈ।"[3] ਹੈਜਮਨੀ (ਸਿਰਦਾਰੀ) ਦਾ ਇਹ ਸਿਧਾਂਤ ਮਾਰਕਸਵਾਦ ਦੇ ਉਸ ਵਿਚਾਰ ਦੀ ਪ੍ਰੋੜਤਾ ਕਰਦਾ ਹੈ ਜਿਸ ਵਿਚ ਮਾਰਕਸ ਇਹ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਹਰ ਸਮਾਜ ਵਿਚ ਭਾਰੂ ਹਾਕਮ ਜਮਾਤਾਂ ਦੀ ਵਿਚਾਰਧਾਰਾ ਅਤੇ ਵਿਚਾਰ ਹੀ ਹੁੰਦੇ ਹਨ। ਸਟੂਅਰਟ ਹਾਲ ਇਸ ਨੂੰ ਸਭਿਆਚਾਰ ਦੇ ਸੰਦਰਭ ਵਿਚ ਵਾਚਦਾ ਹੈ। ਉਸ ਦੇ ਅਧਿਐਨ ਅਨੁਸਾਰ ਬਹੁ-ਸਭਿਆਚਾਰਕ ਸਮਾਜਾਂ ਵਿਚ ਭਾਰੂ ਹਾਕਮ ਜਮਾਤਾਂ ਦੀਆਂ ਵਿਚਾਰਧਰਾਵਾਂ ਆਪਣੇ ਦਬਦਬੇ ਨਾਲ ਉਸ ਸਮਾਜ ਵਿਚ ਪ੍ਰਚੱਲਿਤ ਵਿਸ਼ਵਾਸ਼, ਕਦਰਾਂ-ਕੀਮਤਾਂ, ਧਾਰਨਾਵਾਂ, ਰੀਤਾਂ-ਰਿਵਾਜਾਂ ਅਤੇ ਵਿਆਖਿਆਵਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਜਿਵੇਂ ਭਾਰਤ ਦੇ ਕੁਝ ਰਾਜਾਂ ਵਿਚ ਵਿਆਹ ਸਮੇਂ ਲਾੜੇ ਦਾ ਘੋੜੀ ਚੜਨ੍ਹਾ ਇਕ ਰੀਤ ਹੈ ਪਰ ਤਥਾਕਥਿਤ ਉੱਚ-ਜਾਤੀ ਨਾਲ ਸੰਬੰਧਿਤ ਲੋਕਾਂ ਦੁਆਰਾ ਨੀਵੀਂ ਜਾਤ ਦੇ ਬੰਦੇ ਨੂੰ ਘੋੜੀ ਚੜ੍ਹਨ ਨਹੀਂ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਘਟਨਾਵਾਂ ਸਾਨੂੰ ਆਮ ਹੀ ਦੇਖਣ ਨੂੰ ਮਿਲ ਜਾਂਦੀਆਂ ਹਨ। ਇਹ ਸਭਿਆਚਾਰ ਸਮਾਜ ਦੇ ਵੱਖੋ-ਵੱਖਰੇ ਸਮੂਹਾਂ ਦੇ ਸਭਿਆਚਾਰ ਅਨੁਸਾਰ ਸ਼੍ਰੇਣੀਬੱਧ ਕੀਤੇ ਜਾਂਦੇ ਹਨ ਜਿਵੇਂ ਉੱਚ ਵਰਗ ਦਾ ਸਭਿਆਚਾਰ ਗ਼ਰੀਬ ਜਾ ਨਿਮਨ ਵਰਗ ਨਾਲੋਂ ਉੱਚਾ ਦਰਜਾ ਰੱਖਦਾ ਹੋਵੇਗਾ। ਜ਼ਿਆਦਾਤਰ ਉੱਚ ਵਰਗ ਨਾਲ ਸੰਬੰਧਤ ਸਭਿਆਚਾਰ ਹਾਸ਼ੀਆਗਤ ਸਮੂਹਾਂ ਦੇ ਸਭਿਆਚਾਰਾਂ ਨੂੰ ਆਪਣੇ ਅਧੀਨ ਰੱਖਣ ਦੇ ਲਈ ਉਹਨਾਂ ਦੀ ਸਹਿਮਤੀ ਅਤੇ ਸਹਿਯੋਗ ਪ੍ਰਾਪਤ ਕਰਦਾ ਹੈ। ਇਹ ਸਹਿਮਤੀ ਜਾਂ ਸਹਿਯੋਗ ਵੀ ਸਭਿਆਚਾਰਕ ਵਿਵਸਥਾ ਰਾਹੀਂ ਹੀ ਪ੍ਰਾਪਤ ਕੀਤਾ ਜਾਂਦਾ ਹੈ। ਹੈਜਮਨੀ ਪਹਿਲਾਂ ਤੋਂ ਪੱਕੀ ਪੀਡੀ ਨਹੀਂ ਹੁੰਦੀ ਹੈ ਸਗੋਂ ਸਮੇਂ ਅਤੇ ਹਾਲਾਤ ਅਨੁਸਾਰ ਬਣਦੀ, ਵਿਗਸਦੀ ਅਤੇ ਬਿਨਸਦੀ ਰਹਿੰਦੀ ਹੈ।

ਸਟੂਅਰਟ ਹਾਲ ਸਭਿਆਚਾਰਕ ਅਧਿਐਨ ਵਿਚ ਪੇਸ਼ਕਾਰੀ (Representation) ਦੇ ਸੰਕਲਪ ਦਾ ਵੀ ਅਹਿਮ ਸਥਾਨ ਮੰਨਦਾ ਹੈ। ਉਸ ਅਨੁਸਾਰ ਕਿਸੇ ਵੀ ਸਮਾਜ ਦੇ ਸਭਿਆਚਾਰ ਦਾ ਅਧਿਐਨ ਕਰਨ ਲਈ ਸਭਿਆਚਾਰ ਦੀ ਪੇਸ਼ਕਾਰੀ ਦੀਆਂ ਚਿਹਨਾਤਮਕ ਪ੍ਰਕਿਰਿਆਵਾਂ ਨੂੰ ਸਮਝਣਾ ਜ਼ਰੂਰੀ ਹੈ। ਇਸਦੇ ਨਾਲ ਹੀ ਉਹ ਇਹ ਵੀ ਜਾਣਨ ਦਾ ਇੱਛੁਕ ਹੈ ਕਿ ਸਮਾਜ ਜਾਂ ਸੰਸਾਰ ਸਮਾਜਿਕ ਤੌਰ 'ਤੇ ਕਿਵੇਂ ਸੰਗਠਿਤ ਹੈ। ਸਟੂਅਰਟ ਹਾਲ ਪੇਸ਼ਕਾਰੀ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਹਿੰਦੇ ਹਨ, "ਪੇਸ਼ਕਾਰੀ ਇਕ ਪ੍ਰਕਿਰਿਆ ਹੈ ਜਿਸ ਰਾਹੀਂ ਇਕ

ਸਭਿਆਚਾਰ ਦੇ ਮੈਂਬਰ ਭਾਸ਼ਾ, ਚਿਹਨ ਅਤੇ ਪ੍ਰਤੀਕ ਜੋ ਚੀਜਾਂ/ਵਸਤੂਆਂ ਲਈ ਵਰਤੇ ਜਾਂਦੇ ਹਨ, ਰਾਹੀਂ ਅਰਥਾਂ ਦਾ ਨਿਰਮਾਣ ਅਤੇ ਵਟਾਂਦਰਾ ਕਰਦੇ ਹਨ।"[4]

ਸਟੂਅਰਟ ਹਾਲ ਦੇ ਪੇਸ਼ਕਾਰੀ ਦੇ ਸੰਕਲਪ ਨੂੰ ਬਾਰੀਕੀ ਨਾਲ ਸਮਝਣ ਲਈ ਉਹਨਾਂ ਸਾਧਨਾਂ ਨੂੰ ਸਮਝਣਾ ਪਵੇਗਾ ਜਿਸ ਰਾਹੀਂ ਵੱਖੋ-ਵੱਖਰੇ ਸੰਦਰਭਾਂ ਵਿਚ ਅਰਥਾਂ ਦਾ ਨਿਰਮਾਣ ਹੁੰਦਾ ਹੈ। ਦੁਨੀਆਂ 'ਤੇ ਵਿਚਰ ਰਹੇ ਵਿਭਿੰਨ ਸਭਿਆਚਾਰਾਂ ਵਿਚ ਵੱਖੋ-ਵੱਖਰੇ ਬਿੰਬਾਂ, ਵਿਸ਼ਵਾਸਾਂ, ਰੀਤੀ-ਰਿਵਾਜਾਂ, ਕਦਰਾਂ-ਕੀਮਤਾਂ, ਵਿਚਾਰਾਂ ਆਦਿ ਪਿੱਛੇ ਕੰਮ ਕਰਦੇ ਅਰਥਾਂ ਨੂੰ ਸਭਿਆਚਾਰਕ ਅਧਿਐਨ ਰਾਹੀਂ ਸਮਝਣ ਦਾ ਯਤਨ ਕੀਤਾ ਜਾਣਾ ਚਾਹੀਦਾ ਹੈ। ਸਭਿਆਚਾਰਕ ਅਧਿਐਨ ਵਿਚ ਪੇਸ਼ਕਾਰੀ ਦਾ ਸੰਕਲਪ ਭਾਸ਼ਾ ਅਤੇ ਅਰਥਾਂ ਨੂੰ ਸਭਿਆਚਾਰ ਨਾਲ ਜੋੜਦਾ ਹੈ ਭਾਵ ਪੇਸ਼ਕਾਰੀ ਸਾਡੇ ਦਿਮਾਗ ਵਿਚ ਬਣੇ ਸੰਕਲਪਾਂ ਤੋਂ ਭਾਸ਼ਾ ਦੁਆਰਾ ਅਰਥਾਂ ਨੂੰ ਸਿਰਜਦੀ ਹੈ।

ਸਟੂਅਰਟ ਹਾਲ ਆਪਣੇ ਸਭਿਆਚਾਰਕ ਅਧਿਐਨ ਵਿਚ ਪ੍ਰਵਚਨ ਦੇ ਸੰਕਲਪ ਦੀ ਵਰਤੋਂ ਵੀ ਸਭਿਆਚਾਰਕ ਪ੍ਰਵਚਨਾਂ ਦੀ ਆਲੋਚਨਾਤਮਕ ਪੜ੍ਹਤ ਲਈ ਕਰਦਾ ਹੈ। ਪ੍ਰਵਚਨ ਬਾਰੇ ਸਟੂਅਰਟ ਹਾਲ ਕਹਿੰਦਾ ਹੈ ਕਿ, "ਪ੍ਰਵਚਨ ਇਕ ਸਮੂਹਿਕ ਬਿਆਨ/ਕਥਨ ਹੈ ਜਿਹੜਾ ਭਾਸ਼ਾ ਨੂੰ ਲਿਖਤੀ ਤੇ ਮੌਖਿਕ ਰੂਪ ਦਿੰਦਾ ਹੈ ਜਿਵੇਂ ਕਿ ਇਕ ਵਿਸ਼ੇ ਦੇ ਖ਼ਾਸ ਗਿਆਨ ਨੂੰ ਖ਼ਾਸ ਤਰ੍ਹਾਂ ਪੇਸ਼ ਕਰਨ ਦਾ ਤਰੀਕਾ ਹੈ।"[5] ਇਸ ਤਰ੍ਹਾਂ ਪ੍ਰਵਚਨ ਆਪਣੇ ਸਿਰਜੇ ਜਾਣ ਦੀਆਂ ਸੰਭਾਵਨਾਵਾਂ ਰਾਹੀਂ ਗਿਆਨ ਦੇ ਵਿਸ਼ਾਲ ਖੇਤਰਾਂ ਤੱਕ ਪਹੁੰਚ ਜਾਂਦਾ ਹੈ। ਪ੍ਰਵਚਨ ਲਿਖਤੀ ਅਤੇ ਮੌਖਿਕ ਰੂਪ ਵਿਚ ਆ ਜਾਣ ਕਰਕੇ ਇਹ ਸਮੁੱਚੇ ਸਭਿਆਚਾਰ ਦਾ ਹਿੱਸਾ ਬਣ ਜਾਂਦਾ ਹੈ ਜਿਸ ਨੂੰ ਹਾਲ ਇਨਕੋਡਿੰਗ ਅਤੇ ਡੀਕੋਡਿੰਗ ਮਾਡਲ ਰਾਹੀਂ ਸਮਝਣ ਦਾ ਯਤਨ ਕਰਦਾ ਹੈ।

ਸਟੂਅਰਟ ਹਾਲ ਦੁਆਰਾ ਲਿਖੇ ਗਏ ਆਪਣੇ ਪੇਪਰ "ਟੈਲੀਵਿਜ਼ਨ ਦੇ ਪ੍ਰਵਚਨ ਵਿਚ ਇਨਕੋਡਿੰਗ ਅਤੇ ਡੀਕੋਡਿੰਗ" ਨੇ 1973 ਦੇ ਦਹਾਕੇ ਵਿਚ ਸਭਿਆਚਾਰਕ ਅਧਿਐਨਾਂ ਦੀ ਦਿਸ਼ਾ 'ਤੇ ਇਕ ਵੱਡਾ ਪ੍ਰਭਾਵ ਪਾਇਆ। ਸਟੂਅਰਟ ਹਾਲ ਦੇ ਇਸ ਮਾਡਲ ਨੂੰ ਰਿਸੈਪਸ਼ਨ ਸਿਧਾਂਤ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। "ਸਟੂਅਰਟ ਹਾਲ ਨੇ ਰੋਲਾਂ ਬਾਰਤ ਤੇ ਅੰਬਰਤੋ ਈਕੋ ਅਤੇ ਹੋਰ ਚਿਹਨ ਵਿਗਿਆਨੀਆਂ ਦੀਆਂ ਧਾਰਨਾਵਾਂ ਦੇ ਆਧਾਰ 'ਤੇ ਕੋਡਿੰਗ ਅਤੇ ਡੀਕੋਡਿੰਗ ਦਾ ਮਾਡਲ ਦਿੱਤਾ। ਉਸਨੇ ਪ੍ਰੋਗਰਾਮ ਨੂੰ ਅਰਥ ਭਰਪੂਰ ਪ੍ਰਵਚਨ ਵਜੋਂ ਸਮਝਦਿਆਂ ਮਾਡਲ ਦਿੱਤਾ ਕਿ ਉਤਪਾਦਨ ਦੀ ਸੰਰਚਨਾ ਤਕਨੀਕੀ ਢਾਂਚੇ ਦੀ ਸਹਾਇਤਾ ਨਾਲ ਗਿਆਨ ਦੇ ਚੌਖਟੇ ਰਾਹੀਂ ਅਰਥ ਦੀ ਸੰਰਚਨਾ ਬਣਾਉਂਦੀ ਹੈ, ਜਿਸਨੂੰ ਉਹ ਸੰਰਚਨਾ ਦਾ ਪਹਿਲਾ ਪੱਧਰ ਮੰਨਦਾ ਹੈ। ਦਰਸ਼ਕ, ਸਰੋਤਾ, ਪਾਠਕ ਪ੍ਰੋਗਰਾਮ ਨੂੰ ਆਪਣੇ ਗਿਆਨ ਦੇ ਚੌਖਟੇ ਰਾਹੀਂ ਤਕਨੀਕੀ ਢਾਂਚੇ ਦੀ ਮਦਦ ਨਾਲ ਆਪਣੇ ਢੰਗ ਨਾਲ ਡੀਕੋਡ ਕਰਦਿਆਂ ਆਪਣੇ ਅਰਥ ਸਿਰਜਦਾ ਹੈ।"[6] ਦਰਅਸਲ ਹਾਲ ਆਪਣੇ ਇਸ ਲੇਖ ਰਾਹੀਂ ਸੰਚਾਰ ਦੇ ਦੋ ਮਾਡਲਾਂ ਦੀ ਤੁਲਨਾ ਕਰਦਾ ਹੈ। ਪਹਿਲਾ ਮਾਡਲ ਪਰੰਪਰਾਗਤ ਮਾਡਲ ਹੈ ਜਿਸ ਵਿਚ ਸੁਨੇਹਾ ਭੇਜਣ ਵਾਲਾ, ਸੁਨੇਹਾ ਅਤੇ ਪ੍ਰਾਪਤ ਕਰਨ ਵਾਲਾ ਹੀ ਮੌਜੂਦ ਹੁੰਦੇ ਹਨ। ਹਾਲ ਇਹ ਵਿਚਾਰ ਪੇਸ਼ ਕਰਦਾ ਹੈ ਕਿ ਸੰਚਾਰ ਦੀ ਇਸ ਪ੍ਰਕਿਰਿਆ ਵਿਚ ਇਸ ਤੋਂ ਇਲਾਵਾ ਵੀ ਹੋਰ ਬਹੁਤ ਕੁਝ ਸ਼ਾਮਿਲ ਹੁੰਦਾ ਹੈ। ਇਸ ਤਰ੍ਹਾਂ ਉਹ ਸੰਚਾਰ ਦੇ ਇਸ ਮਾਡਲ ਨੂੰ ਅੱਗੇ ਵਧਾਉਂਦੇ ਹੋਏ ਦੂਜੇ ਮਾਡਲ ਦੀ ਗੱਲ ਕਰਦਾ ਹੈ ਜਿਸ ਨੂੰ ਉਹ ਸੰਚਾਰ ਦੇ ਚਾਰ ਪੜਾਵੀ ਮਾਡਲ ਰਾਹੀਂ ਪੇਸ਼ ਕਰਦਾ ਹੈ। ਇਸ ਵਿਚ ਉਹ ਉਤਪਾਦਨ (Production), ਸੰਚਾਰ (Circulation), ਵਰਤੋਂ (ਵੰਡ ਜਾਂ ਖਪਤ) (Use (distribution

or consumption)) ਅਤੇ ਪੁਨਰ–ਉਤਪਾਦਨ (Reproduction) ਨੂੰ ਰੱਖਦਾ ਹੈ।

1. **ਉਤਪਾਦਨ (Production)** – ਇਸ ਥਾਂ ’ਤੇ ਸੰਦੇਸ਼ ਦੀ ਇਨਕੋਡਿੰਗ ਕੀਤੀ ਜਾਂਦੀ ਹੈ ਭਾਵ ਸੰਦੇਸ਼ ਤਿਆਰ ਕੀਤਾ ਜਾਂਦਾ ਹੈ। ਉਤਪਾਦਨ ਪ੍ਰਕਿਰਿਆ ਦਾ ਆਪਣਾ ਵਿਚਾਰਤਮਕ ਪਹਿਲੂ ਹੁੰਦਾ ਹੈ ਕਿਉਂਕਿ ਇਹ ਅਰਥਾਂ ਅਤੇ ਵਿਚਾਰਾਂ ਦੁਆਰਾ ਹੀ ਘੜਿਆ ਜਾਂਦਾ ਹੈ। ਉਤਪਾਦਨ ਦੀ ਇਸ ਪ੍ਰਕਿਰਿਆ ਵਿਚ ਕੋਈ ਵੀ ਸੰਦੇਸ਼ ਤਿਆਰ ਕਰਦੇ ਸਮੇਂ ਭਾਸ਼ਾ, ਸ਼ਬਦਾਵਲੀ, ਵਿਸ਼ਵਾਸ਼, ਕਦਰਾਂ–ਕੀਮਤਾਂ, ਏਜੰਡਾ, ਪਰਿਭਾਸ਼ਾਵਾਂ, ਧਾਰਨਾਵਾਂ ਆਦਿ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਇਥੇ ਹੀ ਭਾਰੂ ਸੱਤਾ/ਵਿਚਾਰਧਾਰਾਵਾਂ ਆਪਣਾ ਸੰਦੇਸ਼ ਘੜਦੀਆਂ ਹਨ ਅਤੇ ਆਪਣੇ ਸੰਦੇਸ਼ ਦੀ ਇਨਕੋਡਿੰਗ ਕਰਦੀਆਂ ਹਨ। ਜਿਵੇਂ ਕਿਸੇ ਵੀ ਦੇਸ਼ ਦਾ ਨੇਤਾ ਜਦੋਂ ਕੋਈ ਪ੍ਰਵਚਨ ਪੇਸ਼ ਕਰ ਰਿਹਾ ਹੁੰਦਾ ਹੈ ਤਾਂ ਉਸ ਦੁਆਰਾ ਪੇਸ਼ ਕੀਤੇ ਗਏ ਸੰਦੇਸ਼ ਦੀ ਇਨਕੋਡਿੰਗ ਪਹਿਲਾਂ ਹੀ ਹੋ ਚੁੱਕੀ ਹੁੰਦੀ ਹੈ।
2. **ਸੰਚਾਰ/ਸਰਕੂਲੇਸ਼ਨ (Circulation)**- ਇਨਕੋਡਿਡ ਸੰਦੇਸ਼ ਨੂੰ ਲੋਕਾਂ ਤੱਕ ਜਾਂ ਹੋਰਨਾਂ ਤੱਕ ਪਹੁੰਚਾਉਣ ਲਈ ਉਸ ਨੂੰ ਸੰਚਾਰ/ਸਰਕੂਲੇਸ਼ਨ ਦੀ ਜ਼ਰੂਰਤ ਪੈਂਦੀ ਹੈ। ਇਸ ਵਿਚ ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ ਕਿ ਸੰਦੇਸ਼ ਪ੍ਰਸਾਰਿਤ ਕਰਦੇ ਸਮੇਂ ਦਰਸ਼ਕ/ਪਾਠਕ/ਸਰੋਤਾ ਕਿਵੇਂ ਪ੍ਰਭਾਵਿਤ ਹੁੰਦਾ ਹੈ ਅਤੇ ਉਹ ਇਸ ਦੀ ਵਰਤੋਂ ਕਿਵੇਂ ਕਰਦੇ ਹਨ। ਇਨਕੋਡਿੰਗ–ਡੀਕੋਡਿੰਗ ਦੇ ਦੂਜੇ ਪੜਾਅ ਵਿਚ ਸੰਦੇਸ਼ ਦੇ ਸੰਚਾਰ ਲਈ ਚੁਣਿਆ ਗਿਆ ਸਾਧਨ, ਰੇਡੀਉ, ਟੈਲੀਵਿਜ਼ਨ, ਸੋਸ਼ਲ ਮੀਡੀਆ, ਦਿਨ ਅਤੇ ਸਮੇਂ ਦੀ ਚੋਣ, ਪਹਿਰਾਵਾ, ਕੈਮਰੇ ਦੇ ਐਂਗਲ, ਧਿਆਨ ਕੇਂਦਰਿਤ ਕਰਨ ਦੀ ਤਕਨੀਕ ਆਦਿ ਸਭ ਕੁਝ ਸੁਨੇਹੇ ਨੂੰ ਮਜ਼ਬੂਤ ਕਰਨ ਅਤੇ ਕਮਜ਼ੋਰ ਕਰਨ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ।
3. **ਵਰਤੋਂ (ਵੰਡ ਜਾਂ ਖਪਤ) (Use (distribution or consumption))**– ਹਾਲ ਦੁਆਰਾ ਪੇਸ਼ ਇਸ ਪੜਾਅ ਵਿਚ ਗ੍ਰਹਿਣ ਕਰਤਾ ਸਾਰੇ ਪ੍ਰਵਚਨ ਨੂੰ ਸਫਲਤਾ ਪੂਰਵਕ ਪ੍ਰਾਪਤ ਕਰਦਾ ਹੈ। ਇਸ ਦਾ ਮਤਲਬ ਹੈ ਕਿ ਸੰਦੇਸ਼ ਨੂੰ ਇਕ ਸਾਰਥਕ ਪ੍ਰਵਚਨ ਦੇ ਰੂਪ ਵਿਚ ਅਪਣਾਉਂਦਾ ਹੈ ਅਤੇ ਇਸਨੂੰ ਅਰਥਪੂਰਣ ਰੂਪ ਵਿਚ ਡੀਕੋਡ ਕਰਦਾ ਹੈ। ਹਾਲਾਂਕਿ ਸੁਨੇਹੇ ਦੀ ਡੀਕੋਡਿੰਗ/ਵਿਆਖਿਆ ਕਰਨ ਲਈ ਕਿਰਿਆਸ਼ੀਲ ਪ੍ਰਾਪਤ ਕਰਤਾ ਦੀ ਲੋੜ ਹੁੰਦੀ ਹੈ। ਸੰਦੇਸ਼ ਪ੍ਰਾਪਤ ਕਰਤਾ ਇਸ ਸੰਦੇਸ਼ ਨੂੰ ਆਪਣੇ ਅਨੁਸਾਰ ਡੀਕੋਡ ਕਰਦੇ ਸਮੇਂ ਉਸ ’ਤੇ ਕੁਝ ਕਿੰਤੂ ਪਰੰਤੂ ਕਰ ਸਕਦਾ ਹੈ, ਉਸ ਨੂੰ ਵਿਸਥਾਰ ਦੇ ਸਕਦਾ ਹੈ ਜਾਂ ਸੀਮਤ ਕਰ ਸਕਦਾ ਹੈ, ਪਰ ਉਹ ਇਹ ਸਾਰਾ ਕੁਝ ਮੂਲ ਸੁਨੇਹੇ ਦੇ ਦਾਇਰੇ ਅੰਦਰ ਹੀ ਕਰਦਾ ਹੈ।
4. **ਪੁਨਰ-ਉਤਪਾਦਨ (Reproduction)**– ਇਸ ਪੜਾਅ ’ਤੇ ਦਰਸ਼ਕ/ਪਾਠਕ/ਸਰੋਤੇ ਆਪਣੇ ਤਜਰਬੇ ਅਤੇ ਵਿਸ਼ਵਾਸਾਂ ਦੇ ਆਧਾਰ ’ਤੇ ਆਪਣੇ ਤਰੀਕੇ ਨਾਲ ਸੰਦੇਸ਼ ਦੀ ਵਿਆਖਿਆ ਕਰਦੇ ਹਨ। ਡੀਕੋਡ ਕੀਤੇ ਅਰਥ ਗੁੰਝਲਦਾਰ, ਧਾਰਨਾਤਮਕ, ਬੋਧਾਤਮਕ, ਭਾਵਨਾਤਮਕ, ਵਿਚਾਰਧਾਰਕ ਜਾਂ ਵਿਵਹਾਰਕ ਨਤੀਜੇ ਵਾਲੇ ਹੁੰਦੇ ਹਨ। ਇਸ ਮੌਕੇ ’ਤੇ ਤੁਸੀਂ ਦੇਖੋਗੇ ਕਿ ਕੀ ਵਿਅਕਤੀ ਕਿਸੇ ਖਾਸ ਸੰਦੇਸ਼ ਦੇ ਸਾਹਮਣੇ ਆਉਣ

ਤੋਂ ਬਾਅਦ ਕਾਰਵਾਈ ਕਰਦੇ ਹਨ ਜਾਂ ਨਹੀਂ।

ਸਟੂਅਰਟ ਹਾਲ ਦੇ ਇਨਕੋਡਿੰਗ ਅਤੇ ਡੀਕੋਡਿੰਗ ਮਾਡਲ ਰਾਹੀਂ ਪੇਸ਼ ਹੋਈ ਸੰਚਾਰ ਪ੍ਰਕਿਰਿਆ ਰਾਹੀਂ ਪ੍ਰਵਚਨ ਦੇ ਬਣਨ, ਵਿਗਸਣ ਅਤੇ ਬਿਣਸਨ ਦੀ ਪ੍ਰਕਿਰਿਆ ਨੂੰ ਜਾਣਿਆ ਜਾ ਸਕਦਾ ਹੈ। ਹਾਲ ਦੇ ਇਸ ਮਾਡਲ ਨੂੰ ਮੀਡੀਆ ਸਿਧਾਂਤਕਾਰਾਂ ਦੁਆਰਾ ਅਪਣਾਇਆ ਗਿਆ। ਹਾਲਾਂਕਿ ਸਟੂਅਰਟ ਹਾਲ ਦਾ ਮੁੱਖ ਵਿਸ਼ਾ ਸਭਿਆਚਾਰਕ ਅਧਿਐਨ ਦਾ ਰਿਹਾ ਹੈ ਪਰ ਉਸ ਦਾ ਧਿਆਨ ਇਸ ਵੱਲ ਵੀ ਸੀ ਕਿ ਦਰਸ਼ਕ ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਆ ਵਿਚ ਸਭਿਆਚਾਰਕ ਚਿੰਨ੍ਹਾਂ ਦੀ ਵਰਤੋਂ ਰਾਹੀਂ ਕਿਵੇਂ ਅਰਥ ਬਣਾਉਂਦੇ ਹਨ ਅਤੇ ਅਸਲੀਅਤ ਨੂੰ ਸਮਝਦੇ ਹਨ।

ਕੋਈ ਵੀ ਸੁਨੇਹਾ/ਸੰਦੇਸ਼ ਅਰਥ ਭਰਪੂਰ ਹਾਲਤ ਵਿਚ ਪ੍ਰਵਚਨ ਹੀ ਹੁੰਦਾ ਹੈ। ਹਾਲ ਇਹਨਾਂ ਪ੍ਰਵਚਨਾਂ ਜਾਂ ਸੁਨੇਹਿਆਂ ਨੂੰ ਡੀਕੋਡ ਕਰਨ ਦੀਆਂ ਤਿੰਨ ਸਥਿਤੀਆਂ ਦਾ ਵਰਣਨ ਕਰਦਾ ਹੈ। ਉਹ ਮੰਨਦਾ ਹੈ ਕਿ ਕਿਸੇ ਵੀ ਪ੍ਰਵਚਨ ਨੂੰ ਡੀਕੋਡ ਕਰਦੇ ਸਮੇਂ ਉਸ ਦੀਆਂ ਬਹੁਤ ਸਾਰੀਆਂ ਸੰਭਾਵਿਤ ਵਿਆਖਿਆਵਾਂ ਹੋ ਸਕਦੀਆਂ ਹਨ। ਇਹਨਾਂ ਸਥਿਤੀਆਂ ਨੂੰ ਹਾਲ ਤਿੰਨ ਭਾਗਾਂ ਵਿਚ ਵੰਡਦਾ ਹੈ– ਪ੍ਰਭਾਵੀ/ਹੈਜਮੌਨਕ ਸਥਿਤੀ (Dominant/hegemonic position), ਸਮਝੌਤੇ ਵਾਲੀ ਸਥਿਤੀ (Negotiated position) ਅਤੇ ਵਿਰੋਧੀ ਸਥਿਤੀ (Oppositional position)।

1. **ਪ੍ਰਭਾਵੀ/ਹੈਜਮੌਨਕ ਸਥਿਤੀ (Dominant/hegemonic position)** – ਕਿਸੇ ਵੀ ਸੁਨੇਹੇ ਨੂੰ ਡੀਕੋਡ ਕਰਨ ਦੀ ਪਹਿਲੀ ਸਥਿਤੀ ਪ੍ਰਭਾਵੀ/ਹੈਜਮੌਨਕ ਹੁੰਦੀ ਹੈ। ਹਾਲ ਅਨੁਸਾਰ ਇਸ ਸਥਿਤੀ ਵਿਚ ਕੋਈ ਵੀ ਸੰਦੇਸ਼/ਸੁਨੇਹਾ ਬਿਲਕੁਲ ਉਸੇ ਤਰ੍ਹਾਂ ਹੀ ਡੀਕੋਡ ਕੀਤਾ ਜਾਂਦਾ ਹੈ ਜਿਸ ਤਰ੍ਹਾਂ ਇਸ ਸੁਨੇਹੇ ਦੀ ਇਨਕੋਡਿੰਗ ਕੀਤੀ ਗਈ ਹੁੰਦੀ ਹੈ ਭਾਵ ਕਿਸੇ ਵੀ ਤਰ੍ਹਾਂ ਦੀ ਪ੍ਰਭੂਸੱਤਾ ਦੁਆਰਾ ਇਨਕੋਡ ਕੀਤੇ ਗਏ ਪ੍ਰਵਚਨ ਨੂੰ ਉਸੇ ਹੀ ਸੰਦਰਭ ਵਿਚ ਡੀਕੋਡ ਕਰ ਲਿਆ ਜਾਂਦਾ ਹੈ ਜਿਸ ਪ੍ਰਵਚਨ ਨੂੰ ਸੱਤਾ ਜਿਹੜੇ ਰੂਪ ਵਿਚ ਪਹੁੰਚਾਉਣਾ ਚਾਹੁੰਦੀ ਸੀ। ਇਹ ਕੋਡ ਕਿਸੇ ਵੀ ਸੁਨੇਹੇ ਦੀ ਭਾਸ਼ਾ, ਸ਼ਬਦਾਵਲੀ ਅਤੇ ਵਿਆਕਰਨਕ ਸਮਾਨਤਾ ਤੱਕ ਹੀ ਸੀਮਿਤ ਨਹੀਂ ਹੁੰਦਾ ਸਗੋਂ ਵਿਚਾਰਧਾਰਾਵਾਂ ਦੀ ਵੀ ਸਮਾਨਤਾ ਹੁੰਦੀ ਹੈ। ਸੁਨੇਹਾ ਭੇਜਣ ਵਾਲੇ ਅਤੇ ਸੁਨੇਹਾ ਪ੍ਰਾਪਤ ਕਰਨ ਵਾਲੇ ਦੋਵੇਂ ਇਕੋ–ਜਿਹੇ ਸਭਿਆਚਾਰ ਅਤੇ ਵਿਚਾਰਧਾਰਾ ਨਾਲ ਸੰਬੰਧਤ ਹੁੰਦੇ ਹਨ। ਜਿਵੇਂ ਕਰੋਨਾ ਨਾਂ ਦੀ ਬਿਮਾਰੀ ਸਮੇਂ ਸਰਕਾਰ ਦੁਆਰਾ ਦਿੱਤੀ ਗਈ ਮੂੰਹ ਢੱਕ ਕੇ ਰੱਖਣ ਦੀ ਹਦਾਇਤ ਨੂੰ ਵੱਡੀ ਗਿਣਤੀ ਵਿਚ ਲੋਕਾਂ ਦੁਆਰਾ ਪ੍ਰਵਾਨ ਕਰ ਲਿਆ ਜਾਂਦਾ ਹੈ। ਇਸ ਸਥਿਤੀ ਵਿਚ ਸਰਕਾਰ ਦੁਆਰਾ ਇਨਕੋਡ ਕੀਤੇ ਗਏ ਸੁਨੇਹਾ ਨੂੰ ਜਨਤਾ ਉਸੇ ਤਰ੍ਹਾਂ ਡੀਕੋਡ ਕਰਦੀ ਹੈ ਜਿਸ ਤਰ੍ਹਾਂ ਸਰਕਾਰ ਚਾਹੁੰਦੀ ਸੀ।
2. **ਸਮਝੌਤੇ ਵਾਲੀ ਸਥਿਤੀ (Negotiated position)** - ਇਹ ਸਥਿਤੀ ਸੁਨੇਹੇ ਜਾਂ ਪ੍ਰਵਚਨ ਦੇ ਇਨਕੋਡਿੰਗ ਅਰਥਾਂ ਨੂੰ ਡੀਕੋਡ ਕਰਦੇ ਸਮੇਂ ਸਵੀਕਾਰ ਕਰਨ ਅਤੇ ਅਸਵੀਕਾਰ ਕਰਨ ਦਾ ਮਿਸ਼ਰਨ ਹੈ। ਦਰਸ਼ਕ/ਪਾਠਕ/ਸਰੋਤਾ ਪ੍ਰਮੁੱਖ ਸੁਨੇਹੇ ਨੂੰ ਸਵੀਕਾਰ ਤਾਂ ਕਰ ਰਹੇ ਹਨ ਪਰ ਉਹ ਪੂਰੀ ਤਰ੍ਹਾਂ ਸਵੀਕਾਰ ਕਰਨ ਨੂੰ ਤਿਆਰ ਨਹੀਂ ਹਨ ਜਿਸ ਤਰ੍ਹਾਂ ਪ੍ਰਵਚਨ ਸਿਰਜਦੇ ਸਮੇਂ ਇਨਕੋਡਰ ਦਾ ਇਰਾਦਾ ਸੀ। ਉਹ ਪ੍ਰਵਚਨ ਦੇ ਅਰਥਾਂ ਨੂੰ

ਮੰਨਦੇ ਤਾਂ ਹਨ ਪਰ ਉਸ ਦੇ ਨਾਲ ਹੀ ਆਪਣੇ ਵੱਲੋਂ ਵੱਖਰੇ ਅਰਥ ਵੀ ਜੋੜਦੇ ਜਾਂ ਸਿਰਜਦੇ ਹਨ। ਹਾਲ ਇਸ ਦੀ ਵਿਅਖਿਆ ਕਰਦਾ ਹੋਇਆ ਕਹਿੰਦਾ ਹੈ ਕਿ ਨੈਗੋਸ਼ੀਏਟਿਡ ਸੰਸਕਰਨ ਦੇ ਅੰਦਰ ਡੀਕੋਡਿੰਗ ਵਿਚ ਅਨੁਕੂਲ ਅਤੇ ਵਿਰੋਧੀ ਤੱਤਾਂ ਦਾ ਮਿਸ਼ਰਨ ਹੁੰਦਾ ਹੈ। ਜਿਵੇਂ ਕਰੋਨਾ ਸੰਕਟ ਦੇ ਦੌਰਾਨ ਸਰਕਾਰ ਹਰ ਇਕ ਨਾਗਰਿਕ ਨੂੰ ਇਸ ਦੀ ਰੋਕਥਾਮ ਲਈ ਟੀਕਾ ਲਗਵਾਉਣ ਦੀ ਹਦਾਇਤ ਦਿੰਦੀ ਹੈ ਪਰ ਬਹੁਤ ਸਾਰੇ ਲੋਕ ਸਰਕਾਰ ਦੇ ਇਸ ਸੁਨੇਹੇ ਨੂੰ ਉਸੇ ਤਰ੍ਹਾਂ ਡੀਕੋਡ ਨਹੀਂ ਕਰਦੇ ਜਿਸ ਤਰ੍ਹਾਂ ਸਰਕਾਰ ਇਸ ਸੁਨੇਹੇ ਨੂੰ ਇਨਕੋਡ ਕਰਦੀ ਹੈ। ਉਹ ਇਸ ਸੁਨੇਹੇ ਰਾਹੀਂ ਸਰਕਾਰ ਦੀਆਂ ਮੂਲ ਭਾਵਨਾਵਾਂ ਨੂੰ ਤਾਂ ਸਮਝਦੇ ਹਨ ਪਰ ਇਸ ਦੇ ਨਾਲ ਹੀ ਉਹ ਆਪਣੇ ਦੁਆਰਾ ਸਿਰਜਤ ਪ੍ਰਵਚਨ ਵੀ ਇਸ ਵਿਚ ਜੋੜ ਲੈਂਦੇ ਹਨ ਭਾਵ ਇਸ ਟੀਕੇ ਦੇ ਨਫ਼ੇ ਨੁਕਸਾਨ ਨੂੰ ਸਮਝਦੇ ਹੋਏ ਟੀਕਾ ਲਗਾਉਣ ਅਤੇ ਨਾ ਲਗਾਉਣ ਦੇ ਫੈਸਲੇ ਲੈਂਦੇ ਹਨ।

1. **ਵਿਰੋਧੀ ਸਥਿਤੀ (Oppositional position)** – ਸਟੂਅਰਟ ਹਾਲ ਸੰਦੇਸ਼ ਨੂੰ ਡੀਕੋਡ ਕਰਨ ਦੀ ਆਖਰੀ ਸਥਿਤੀ ਵਿਰੋਧੀ ਸਥਿਤੀ ਨੂੰ ਮੰਨਦਾ ਹੈ। ਇਸ ਸਥਿਤੀ ਵਿਚ ਇਨਕੋਡਿੰਗ ਸੁਨੇਹਾ ਪ੍ਰਾਪਤ ਕਰਨ ਵਾਲਾ ਜਦ ਸੁਨੇਹੇ ਨੂੰ ਡੀਕੋਡ ਕਰਦਾ ਹੈ ਤਾਂ ਉਹ ਇਸ ਇਨਕੋਡਿੰਗ ਅਰਥਾਂ ਦੇ ਬਿਲਕੁਲ ਉਲਟ ਪ੍ਰਵਚਨ ਸਿਰਜਦਾ ਹੈ। ਉਹ ਸੁਨੇਹੇ ਦੇ ਅਰਥਾਂ ਨਾਲ ਅਸਹਿਮਤ ਹੀ ਨਹੀਂ ਹੁੰਦਾ ਸਗੋਂ ਉਸ ਦੇ ਨਾਲ ਪ੍ਰਤਿਰੋਧ ਸਿਰਜਦਾ ਹੈ। ਇਸ ਤਰ੍ਹਾਂ ਸੁਨੇਹਾ ਪ੍ਰਾਪਤਕਰਤਾ ਇਕ ਵੱਖਰੇ ਸੰਦੇਸ਼ ਨੂੰ ਡੀਕੋਡ ਕਰਦਾ ਹੈ। "ਇਨ੍ਹਾਂ ਅਰਥਾਂ ਵਿਚ ਸੁਨੇਹਾ ਪਾਰਦਰਸ਼ੀ ਵੀ ਨਹੀਂ ਹੁੰਦਾ, ਸੁਨੇਹਾ ਗ੍ਰਹਿਣ ਕਰਨ ਵਾਲਾ ਵੀ ਕੋਈ ਚੁੱਪ ਜਾਂ ਸੁਸਤ ਨਹੀਂ ਹੁੰਦਾ। ਸੋ ਜਿਹੜਾ ਸੁਨੇਹਾ ਦਿੱਤਾ ਜਾਂਦਾ ਹੈ ਜੇ ਉਹੀ ਸੁਨੇਹਾ ਅੱਗੇ ਨਹੀਂ ਜਾਂਦਾ ਤਾਂ ਇਹ ਸੁਨੇਹਾ ਭੇਜਣ ਵਾਲੇ ਜਾਂ ਗ੍ਰਹਿਣ ਕਰਨ ਵਾਲੇ ਦੀ ਗਲਤੀ ਜਾਂ ਨਾਕਾਮੀ ਨਹੀਂ ਸਗੋਂ ਇਹ ਸੰਚਾਰ ਪ੍ਰਬੰਧ ਦਾ ਹੀ ਹਿੱਸਾ ਹੈ ਜਿੱਥੇ ਵਿਚਾਰਧਾਰਕ ਦਖ਼ਲਅੰਦਾਜ਼ੀ ਅਤੇ ਹਿੱਤ ਆਪਣਾ ਕਾਰਜ ਕਰਦੇ ਹਨ।"[7] ਜਿਵੇਂ ਭਾਰਤ ਸਰਕਾਰ ਖੇਤੀਬਾੜੀ ਸੰਬੰਧੀ ਤਿੰਨ ਕਾਨੂੰਨ ਲੈ ਕੇ ਆਉਂਦੀ ਹੈ ਪਰ ਵੱਡੀ ਗਿਣਤੀ ਵਿਚ ਕਿਸਾਨ ਅਤੇ ਉਹਨਾਂ ਨਾਲ ਸਹਿਮਤੀ ਰੱਖਣ ਵਾਲੇ ਲੋਕ ਇਹਨਾਂ ਕਾਨੂੰਨਾਂ ਨੂੰ ਉਸ ਤਰ੍ਹਾਂ ਡੀਕੋਡ ਨਹੀਂ ਕਰਦੇ ਹਨ ਜਿਸ ਤਰ੍ਹਾਂ ਸਰਕਾਰ ਨੇ ਇਨ੍ਹਾਂ ਦੀ ਇਨਕੋਡਿੰਗ ਕੀਤੀ ਹੁੰਦੀ ਹੈ। ਉਹ ਇਹਨਾਂ ਕਾਨੂੰਨਾਂ ਦਾ ਸਿਰਫ਼ ਵਿਰੋਧ ਹੀ ਨਹੀਂ ਕਰਦੇ ਬਲਕਿ ਆਪਣੀ ਡੀਕੋਡਿੰਗ ਦੇ ਅਨੁਸਾਰ ਸਰਕਾਰ ਵਿਰੁੱਧ ਇਹਨਾਂ ਕਾਨੂੰਨਾਂ ਸੰਬੰਧੀ ਨਵਾਂ ਪ੍ਰਵਚਨ ਵੀ ਸਿਰਜ ਲੈਂਦੇ ਹਨ।

ਸਟੂਅਰਟ ਹਾਲ ਦੇ ਮੁਤਾਬਿਕ ਸਭਿਆਚਾਰਕ ਵਰਤਾਰਿਆਂ 'ਚ ਇਨਕੋਡਿੰਗ ਅਤੇ ਡੀਕੋਡਿੰਗ ਦੇ ਰੂਪ ਵਿਚ ਵਿਚਾਰਧਾਰਾ ਹਰ ਪੱਧਰ 'ਤੇ ਮੌਜੂਦ ਰਹਿੰਦੀ ਹੈ। ਹਾਲ ਕਹਿੰਦਾ ਹੈ ਕਿ ਅਸਲੀਅਤ ਇਸ ਤੱਥ ਦੇ ਕਾਰਨ ਭਾਸ਼ਾ ਤੋਂ ਬਾਹਰ ਮੌਜੂਦ ਹੈ ਕਿਉਂਕਿ ਕੋਡ ਦੇ ਸੰਚਾਲਨ ਤੋਂ ਬਿਨਾ ਕੋਈ ਵੀ ਅਰਥਪੂਰਨ ਪ੍ਰਵਚਨ ਨਹੀਂ ਸਿਰਜਿਆ ਜਾ ਸਕਦਾ ਹੈ। ਪ੍ਰਤੀਕ/ਵਿਜ਼ੂਅਲ ਚਿੰਨ੍ਹ ਵੀ ਕੋਡਬੱਧ ਚਿੰਨ੍ਹ ਹਨ।

## ਹਵਾਲੇ


1. ਰਾਜਪਾਲ ਸਿੰਘ, 1960 ਤੋਂ ਬਾਅਦ ਦੀ ਪੰਜਾਬੀ ਗੀਤਕਾਰੀ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਬਦਲਦਾ ਸਰੂਪ: ਸਭਿਆਚਾਰਕ ਅਧਿਐਨ, ਪੰਨਾ 30, ਅਣ-ਪ੍ਰਕਾਸ਼ਿਤ ਖੋਜ-ਪ੍ਰਬੰਧ
2. ਡਾ. ਰਜਿੰਦਰਪਾਲ ਸਿੰਘ ਬਰਾੜ, ਸਭਿਆਚਾਰ ਅਤੇ ਲੋਕਧਾਰਾ: ਵਿਸ਼ਵ ਚਿੰਤਨ, ਪੰਨਾ 59
3. Hall, S and Jefferson T (ed.) Resistance through Rituals : Youth Subcultures in Post-War, Hutchinson, London 1976, P.39
4. ਸਟੂਅਰਟ ਹਾਲ, ਉਧਰਿਤ, Representation, Meaning and Language, Posted on April 5, 2012 by Alisa, http://alisaacosta.com/blog/representation-meaning-and-language
   Representation as the process by which meaning is produced and exchanged between members of a culture through the use of language, signs and images which stand for or represent things.
5. https://analepsis.files.worldpress.com/2013/08/hall-west-the-rest-pdf,p.201 Discourse is group statements which provide a language for talking about – i.e a way of representing a paritacular kind of knowledge about a topic.
6. ਡਾ. ਰਜਿੰਦਰਪਾਲ ਸਿੰਘ ਬਰਾੜ, ਉਹੀ 59
7. ਉਹੀ, ਪੰਨਾ 63



ਪੁਸਤਕ **'ਲੰਮੇ ਪੈਂਡਿਆਂ ਦਾ ਪਾਂਧੀ'** ਜਗਜੀਤ ਸਿੰਘ ਆਨੰਦ ਦੇ ਜੀਵਨ ਅਤੇ ਉਨ੍ਹਾਂ ਦੇ ਕੰਮਾਂ ਦਾ ਭਰਪੂਰ ਲੇਖਾ-ਜੋਖਾ ਹੈ। ਇਨ੍ਹਾਂ ਕੰਮਾਂ ਵਿਚ ਉਨ੍ਹਾਂ ਦਾ ਅਨੁਵਾਦ, ਸਾਹਿਤ ਸਿਰਜਣਾ ਅਤੇ ਪੱਤਰਕਾਰੀ ਸ਼ਾਮਲ ਹੈ। ਉਨ੍ਹਾਂ ਦੇ ਜੀਵਨ ਪਾਸਾਰਾਂ ਵਿਚ ਉਨ੍ਹਾਂ ਦੀ ਰਾਜਸੀ ਸੂਝ ਦੀਆਂ ਵੱਖੋ-ਵੱਖਰੀਆਂ ਪਰਤਾਂ ਬਾਰੇ ਜਾਣਕਾਰੀ ਇਸ ਦਸਤਾਵੇਜ਼ ਦੇ ਆਰ-ਪਾਰ ਫੈਲੀ ਹੋਈ ਹੈ।

**- ਪ੍ਰਕਾਸ਼ਕ**

**ਲੰਮੇ ਪੈਂਡਿਆਂ ਦਾ ਪਾਂਧੀ:ਜਗਜੀਤ ਸਿੰਘ ਆਨੰਦ**

**ਸੰਪਾਦਕ: ਰਜਨੀਸ਼ ਬਹਾਦਰ ਸਿੰਘ**

**ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਪੰਨੇ: 320 ਮੁੱਲ: 280/-**

# ਅਜਮੇਰ ਔਲਖ ਦੇ ਨਾਟਕਾਂ ਦੇ ਕਿਰਦਾਰ (ਇਕ ਅਧਿਐਨ) ਜੀਵਨ ਯਾਦਾਂ 'ਭੁੰਨੀ ਹੋਈ ਛੱਲੀ' ਦੇ ਆਧਾਰ 'ਤੇ

-ਡਾ. ਸੰਦੀਪ ਰਾਣਾ

ਕਿਸੇ ਵਿਅਕਤੀ ਵਿਸ਼ੇਸ਼ ਦੁਆਰਾ ਯਾਦਸ਼ਕਤੀ ਦੇ ਆਧਾਰ 'ਤੇ ਜਦੋਂ ਆਪਣੇ ਜੀਵਨ ਦੀਆਂ ਘਟਨਾਵਾਂ ਨੂੰ ਕਲਮਬੱਧ ਕੀਤਾ ਜਾਂਦਾ ਹੈ ਤਾਂ ਉਸ ਵਿਧਾ ਨੂੰ ਸੰਸਮਰਣ ਕਹਿੰਦੇ ਹੈ। 'ਸੰਸਮਰਣ' ਆਧੁਨਿਕ ਵਾਰਤਕ ਸਾਹਿਤ ਦੀਆਂ ਵਿਧਾਵਾਂ ਵਿਚੋਂ ਇਕ ਅਹਿਮ ਵਿਧਾ ਹੈ। ਇਹ ਅੰਗਰੇਜ਼ੀ ਸ਼ਬਦ memoir ਦਾ ਪੰਜਾਬੀ ਰੂਪ ਹੈ ਜਿਸ ਦੇ ਸ਼ਾਬਦਿਕ ਅਰਥ ਹਨ- ਯਾਦਾਂ, ਵਿਉਂਤਪਤ ਦ੍ਰਿਸ਼ਟੀ ਤੋਂ ਅਧਿਐਨ ਕੀਤਿਆਂ ਸੰਸਮਰਣ ਸ਼ਬਦ ਦੇ ਅਰਥ ਹਨ ਬੀਤੇ ਹੋਏ ਸਮੇਂ ਦੀਆਂ ਘਟਨਾਵਾਂ ਨੂੰ ਇਕ ਸਮੇਂ ਪਿਛੋਂ ਯਾਦਦਾਸ਼ਤ ਦੇ ਆਧਾਰ 'ਤੇ ਪੁਨਰ ਸੁਰਜੀਤ ਕਰਨਾ। ਇਸ ਲਈ ਕਿਸੇ ਵਿਅਕਤੀ ਦੁਆਰਾ ਆਪਣੀ ਬੀਤੀ ਹੋਈ ਜ਼ਿੰਦਗੀ ਵਿੱਚੋਂ ਕਿਸੇ ਵਿਅਕਤੀ, ਘਟਨਾ, ਦ੍ਰਿਸ਼ ਜਾਂ ਵਸਤੂ ਆਦਿ ਬਾਰੇ ਸਿਰਜੇ ਬਿਰਤਾਂਤ ਨੂੰ ਸੰਸਮਰਣ ਕਹਿੰਦੇ ਹਨ। **ਕੈਂਬਰਿਜ ਡਿਕਸ਼ਨਰੀ** ਅਨੁਸਾਰ:

> ਸੰਸਮਰਣ ਇਕ ਅਜਿਹੀ ਕਿਤਾਬ ਜਾਂ ਲਿਖਤ ਹੈ ਜੋ ਲੇਖਕ ਦੀ ਕਿਸੇ ਨਾਮੀ ਵਿਅਕਤੀ, ਸਥਾਨ ਜਾਂ ਘਟਨਾ ਬਾਰੇ ਨਿਜੀ ਜਾਣਕਾਰੀ 'ਤੇ ਆਧਾਰਿਤ ਹੁੰਦੀ ਹੈ।[1]
> **ਓ. ਪੀ. ਸਿੰਗਲ** ਅਨੁਸਾਰ ਸੰਸਮਰਣ ਉਸ ਵਿਅਕਤੀ ਜਾਂ ਘਟਨਾ ਬਾਰੇ ਲਿਖਿਆ ਜਾਂਦਾ ਹੈ ਜਿਸ ਨਾਲ ਸਾਡਾ ਨਿਜੀ ਸਬੰਧ ਰਿਹਾ ਹੋਵੇ। ਜਦੋਂ ਕਿਸੇ ਵਿਅਕਤੀ, ਵਸਤੂ ਜਾਂ ਘਟਨਾ ਆਦਿ ਨਾਲ ਸਬੰਧਿਤ ਸਿਮਰਤੀਆਂ ਤੋਂ ਧੂੜ ਹਟਦੀ ਹੈ ਤਾਂ ਅਤੀਤ ਦੇ ਸਾਰੇ ਚਿੱਤਰ ਫਿਰ ਉਭਰ ਆਉਂਦੇ ਹਨ ਅਤੇ ਲੇਖਕ ਉਹਨਾਂ ਨੂੰ ਲਿਪੀਬੱਧ ਕਰਨ ਲਈ ਮਜਬੂਰ ਹੋ ਜਾਂਦਾ ਹੈ। ਇਸ ਵਕਤ ਜਿਸ ਸਾਹਿਤ ਰੂਪ ਦੀ ਸਿਰਜਣਾ ਹੁੰਦੀ ਹੈ ਉਸ ਨੂੰ ਸੰਸਮਰਣ ਕਹਿੰਦੇ ਹਨ।[2]

ਯਾਦਦਾਸ਼ਤ 'ਤੇ ਆਧਾਰਿਤ ਇਹ ਸਾਹਿਤ-ਰੂਪ ਦੋ ਢੰਗਾਂ ਨਾਲ਼ ਰਚਿਆ ਜਾਂਦਾ ਹੈ। ਇਸਦਾ ਇਕ ਰੂਪ ਤਾਂ ਉਹ ਹੈ ਜਿਸ ਵਿੱਚ ਲੇਖਕ ਹੋਰਨਾਂ ਬਾਰੇ ਲਿਖਦਾ ਹੈ। ਇਸ ਨੂੰ ਅੰਗਰੇਜ਼ੀ ਵਿੱਚ ਰੇਮਿਨਿਸੇਂਸ (Reminiscence) ਕਹਿੰਦੇ ਹਨ ਅਤੇ ਦੂਜੇ ਪਾਸੇ ਉਹ ਜਿਸ ਵਿੱਚ ਉਹ ਆਪਣੇ ਸਵੈ ਬਾਰੇ ਲਿਖਦਾ ਹੈ। ਇਸ ਤਰ੍ਹਾਂ ਦੇ ਲੇਖਨ ਨੂੰ ਮੇਮੋਇਰ (Memoir) ਕਹਿੰਦੇ ਹਨ। ਪੰਜਾਬੀ ਵਿੱਚ ਪਹਿਲੀ ਤਰ੍ਹਾਂ ਦੇ ਲੇਖਨ ਲਈ ਸੰਸਮਰਣ ਅਤੇ ਦੂਸਰੇ ਤਰ੍ਹਾਂ ਦੇ ਲੇਖਨ ਲਈ ਯਾਦਾਂ ਸ਼ਬਦ ਵਰਤੇ ਜਾਂਦੇ ਹਨ। ਆਪਣੇ ਸਵੈ ਬਾਰੇ ਲਿਖਣ ਦੇ ਬਾਵਜੂਦ ਇਹ ਸਾਹਿਤ-ਰੂਪ ਆਤਮ-ਕਥਾ ਤੋਂ ਬਿਲਕੁਲ ਭਿੰਨ ਹੈ ਅਤੇ ਇਸ ਭਿੰਨਤਾ ਦਾ ਆਧਾਰ ਵਿਧਾ ਦਾ ਆਕਾਰ ਨਾ ਹੋ ਕੇ ਉਸਦੇ ਤੱਤ ਅਤੇ ਸਰੂਪ ਹੈ।

ਇਸ ਵਿਧਾ-ਰੂਪ ਵਿੱਚ ਲੇਖਕ ਆਪਣੀ ਯਾਦਸ਼ਕਤੀ ਦੇ ਆਧਾਰ 'ਤੇ ਲਿਖਦਾ ਹੈ ਇਸ ਲਈ ਲਿਖੀਆਂ ਹੋਈਆਂ ਇਹਨਾਂ ਯਾਦਾਂ ਦੀ ਸਾਰੀ ਦੀ ਸਾਰੀ ਸਮੱਗਰੀ ਦਾ ਸੋਮਾ ਕੇਵਲ ਤੇ ਕੇਵਲ ਉਸ ਦੀ ਸਿਮਰਤੀ ਹੁੰਦੀ ਹੈ। ਉਹ ਆਪਣੀ ਜ਼ਿੰਦਗੀ ਦੇ ਤਜਰਬੇ, ਹਾਰਾਂ-ਜਿੱਤਾਂ, ਸਫਲਤਾਵਾਂ-ਅਸਫਲਤਾਵਾਂ, ਖ਼ੁਸ਼ੀਆਂ-ਗ਼ਮੀਆਂ ਆਦਿ ਦਾ ਵਰਣਨ ਉੱਤਮ ਪੁਰਖੀ ਸ਼ੈਲੀ ਵਿੱਚ ਕਰਦਾ ਹੈ। ਲੇਖਕ ਬੀਤੀ ਜ਼ਿੰਦਗੀ ਦੇ ਪਲਾਂ ਨੂੰ ਮੁੜ ਸਾਕਾਰ ਕਰਦਾ ਹੋਇਆ ਆਪਣੇ ਜੀਵਨ ਦੇ ਅਹਿਮ ਵੇਰਵਿਆਂ ਨੂੰ ਸਮਾਜਕ, ਇਤਿਹਾਸਕ ਅਤੇ ਭਾਈਚਾਰਕ ਪ੍ਰਸੰਗਾਂ ਵਿੱਚ ਪ੍ਰੋ

ਕੇ ਪੇਸ਼ ਕਰਦਾ ਹੈ। ਇਹਨਾਂ ਜੀਵਨ ਵੇਰਵਿਆਂ ਨੂੰ ਪੇਸ਼ ਕਰਨ ਲਈ ਉਸਨੂੰ ਇਕ ਖ਼ਾਸ ਕਿਸਮ ਦੀ ਪ੍ਰਕ੍ਰਿਆ ਵਿਚੋਂ ਗੁਜ਼ਰਨਾ ਪੈਂਦਾ ਹੈ ਤਾਂ ਕਿ ਉਸ ਦੇ ਜ਼ਿਹਨ ਵਿਚਲਾ ਚਿੱਤਰ ਸ਼ਬਦਾਂ ਦਾ ਰੂਪ ਲੈ ਸਕੇ। ਇਸ ਸਾਰੀ ਪ੍ਰਕ੍ਰਿਆ ਵਿੱਚ ਘਟਨਾਵਾਂ ਦੀ ਕਾਲ ਕ੍ਰਮਿਕਤਾ ਅਤੇ ਨਿਰੰਤਰਤਾ ਜ਼ਰੂਰੀ ਵੀ ਹੈ ਅਤੇ ਵਿਧਾ ਰੂਪ ਨੂੰ ਸਾਰਥਕਤਾ ਵੀ ਪ੍ਰਦਾਨ ਕਰਦੀ ਹੈ। ਜੀਵਨ ਯਾਦਾਂ ਲਿਖਣ ਤੋਂ ਪਹਿਲਾਂ ਇਕ ਅਹਿਮ ਸਵਾਲ ਜੋ ਦਿਮਾਗ਼ ਵਿੱਚ ਆਉਂਦਾ ਹੈ ਕਿ ਆਖ਼ਰ ਕੋਈ ਇਨਸਾਨ ਆਪਣੇ ਬਾਰੇ ਲਿਖਦਾ ਕਿਉਂ ਹੈ? ਦਰਅਸਲ ਮਨੁੱਖ ਦੀ ਹਮੇਸ਼ਾ ਤੋਂ ਹੀ ਇਹ ਇੱਛਾ ਰਹੀ ਹੈ ਕਿ ਉਹ ਆਪਣੇ ਅਨੁਭਵ ਅਤੇ ਤਜਰਬੇ ਦੂਜਿਆਂ ਨਾਲ਼ ਸਾਂਝੇ ਕਰੇ। ਇਹ ਵੀ ਸਹੀ ਹੈ ਕਿ ਕਿਸੇ ਵਿਅਕਤੀ ਵਿਸ਼ੇਸ਼ ਦੀ ਜ਼ਿੰਦਗੀ ਜਾਂ ਘਟਨਾਵਾਂ ਹੋਰਨਾਂ ਲਈ ਦਿਲਚਸਪ ਅਤੇ ਪ੍ਰੇਰਨਾਦਾਇਕ ਵੀ ਹੋ ਸਕਦੇ ਹਨ ਪਰੰਤੂ ਆਪਣੇ ਅਤੀਤ ਬਾਰੇ ਲਿਖਣਾ ਕੋਈ ਸਰਲ ਕਾਰਜ ਨਹੀਂ ਹੈ। ਇਹ ਬਹੁਤ ਔਖਾ ਪੰਧ ਹੈ ਜਿਸ 'ਤੇ ਤੁਰਨ ਲਈ ਬਹੁਤ ਈਮਾਨਦਾਰੀ, ਬੇਬਾਕੀ ਅਤੇ ਦਲੇਰੀ ਦੀ ਲੋੜ ਹੈ। ਝੂਠ ਅਤੇ ਗ਼ਲਤ ਬਿਆਨੀ ਨਾਲ ਅਸਲ ਨੂੰ ਲੁਕਾਉਣ ਦੇ ਯਤਨਾਂ ਨਾਲ਼ ਸਵੈ-ਪ੍ਰਸੰਸਾ ਪ੍ਰਾਪਤ ਤਾਂ ਕੀਤੀ ਜਾ ਸਕਦੀ ਹੈ ਪਰ ਅਜਿਹੇ ਪਾਠ ਨੂੰ ਪੜ੍ਹ ਕੇ ਪਾਠਕ ਲਈ ਝੂਠ-ਸੱਚ ਦਾ ਨਿਪਟਾਰਾ ਕਰਨਾ ਮੁਸ਼ਕਲ ਕਾਰਜ ਬਣ ਜਾਂਦਾ ਹੈ। ਇਸੇ ਲਈ ਇਹ ਜ਼ਰੂਰੀ ਹੈ ਕਿ ਲੇਖਕ ਅਜਿਹੀ ਰਚਨਾ ਸਮੇਂ ਸੱਚ ਤੇ ਅਸਲੀਅਤ ਤੋਂ ਦੂਰ ਕਲਪਨਾ ਦੇ ਸੰਸਾਰ ਵਿੱਚ ਨਾ ਗਵਾਚੇ।

ਹਥਲੇ ਪਰਚੇ ਲਈ ਪੰਜਾਬੀ ਸਾਹਿਤ ਦੀ ਮਸ਼ਹੂਰ ਹਸਤੀ ਨਾਟਕਕਾਰ ਅਜਮੇਰ ਸਿੰਘ ਔਲਖ ਦੀ ਯਾਦਾਂ 'ਤੇ ਆਧਾਰਿਤ ਪੁਸਤਕ **ਭੁੰਨੀ ਹੋਈ ਛੱਲੀ** (ਜੀਵਨ ਯਾਦਾਂ) ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਜੀਵਨ ਯਾਦਾਂ ਦੀ ਇਸ ਪੁਸਤਕ ਦੇ ਸਰਵਰਕ 'ਤੇ ਝਾਤ ਮਾਰਦਿਆਂ ਇਹ ਨੀਲੇ ਅਸਮਾਨੀ ਰੰਗ ਦੀ ਪੁਸਤਕ ਲੇਖਕ ਦੀ ਖੁੱਲ੍ਹੀ ਸੋਚ ਦੀ ਪ੍ਰਤੀਕ ਬਣਦੀ ਹੈ। ਲੇਖਕ ਦੀ ਤਸਵੀਰ ਦੇ ਸਾਹਮਣੇ ਪੱਥਰ ਉਸ ਦੀ ਜ਼ਿੰਦਗੀ ਦੀਆਂ ਮੁਸੀਬਤਾਂ ਦਾ ਪ੍ਰਤੀਕ ਹਨ ਅਤੇ ਲੇਖਕ ਦਾ ਗੰਭੀਰ ਚਿਹਰਾ ਉਸ ਦੀ ਗੰਭੀਰ ਸੋਚ ਦੀ ਤਰਜ਼ਮਾਨੀ ਕਰਦਾ ਹੈ। ਇਸ ਸਰਵਰਕ ਦੇ ਸਿਖਰ 'ਤੇ ਲਿਖਿਆ ਪੁਸਤਕ ਦਾ ਸਿਰਲੇਖ **ਭੁੰਨੀ ਹੋਈ ਛੱਲੀ** (ਜੀਵਨ ਯਾਦਾਂ) ਲੇਖਕ ਦੇ ਉਸ ਜੀਵਨ ਦਾ ਚਿੱਤਰ ਪੇਸ਼ ਕਰ ਜਾਂਦਾ ਹੈ ਜਿਸ ਪਿੱਛੇ ਉਸ ਦੀ ਮਾਂ ਵੱਲੋਂ ਆਪਣੇ ਪੁੱਤਰ ਦੀ ਇਕ ਇੱਛਾ ਪੂਰੀ ਕਰਨ ਲਈ ਜ਼ਿਮੀਦਾਰਾਂ ਦੇ ਖੇਤਾਂ ਵਿੱਚੋਂ ਇਕ ਛੱਲੀ ਚੋਰੀ ਕਰਨ ਦੀ ਘਟਨਾ ਹੁੰਦੀ ਹੈ। ਪੁਸਤਕ ਦੇ ਪਿਛਲੇ ਕਵਰ 'ਤੇ ਲੇਖਕ ਦੇ ਬਚਪਨ ਤੋਂ ਲੈ ਕੇ ਜਵਾਨੀ ਅਤੇ ਵੱਡੀ ਉਮਰ ਤੱਕ ਦੀਆਂ ਕੁਝ ਤਸਵੀਰਾਂ ਤੋਂ ਲੇਖਕ ਦੇ ਜੀਵਨ ਦੀ ਸਾਦਗੀ ਅਤੇ ਤੰਗੀਆਂ-ਤੁਰਸ਼ੀਆਂ ਦੀ ਝਲਕ ਮਿਲ ਜਾਂਦੀ ਹੈ। ਇਸ ਪੁਸਤਕ ਦੀ ਪੜ੍ਹਤ ਤੋਂ ਪਹਿਲਾਂ ਜੇ ਇਸ ਦੇ ਪ੍ਰਯੋਜਨ ਬਾਰੇ ਵਿਚਾਰ ਕੀਤਾ ਜਾਵੇ ਤਾਂ ਇਹ ਸੱਚ ਸਾਹਮਣੇ ਆਉਂਦਾ ਹੈ ਕਿ ਅਜਮੇਰ ਔਲਖ ਨੇ ਨਾਟਕਕਾਰ ਦੇ ਰੂਪ ਵਿੱਚ ਸਟੇਜ 'ਤੇ ਵਿਲੱਖਣ ਪੇਸ਼ਕਾਰੀ ਕਾਰਨ ਪੰਜਾਬੀ ਨਾਟਕਕਾਰਾਂ ਵਿੱਚ ਇਕ ਵੱਖਰੀ ਪਹਿਚਾਣ ਬਣਾਈ ਹੈ। ਇਸ ਵਿਲੱਖਣਤਾ ਕਾਰਨ ਉਹ ਦਰਸ਼ਕਾਂ ਅਤੇ ਪਾਠਕਾਂ ਵਿੱਚ ਹਰਮਨ ਪਿਆਰਾ ਨਾਟਕਕਾਰ ਹੋਇਆ। ਉਸ ਦਾ ਮੰਤਵ ਸਿਰਫ਼ ਨਾਟਕ ਲਿਖਣਾ ਹੀ ਨਹੀਂ ਸਗੋਂ ਪੰਜਾਬ ਦੀ ਪੇਂਡੂ ਜਨਤਾ ਤਕ ਆਪਣੀ ਗੱਲ ਪਹੁੰਚਾਉਣਾ ਹੈ ਤਾਂ ਕਿ ਉਸ ਦੇ ਦਰਸ਼ਕ ਮੋਢੇ ਥਾਪੀ ਦੇ ਕੇ ਉਸ ਨੂੰ ਅਗਲੇਰੇ ਕੰਮ ਲਈ ਉਤਸ਼ਾਹਿਤ ਕਰ ਸਕਣ। ਪਿੰਡ-ਪਿੰਡ ਜਾ ਕੇ ਨਾਟਕ ਖੇਡਣ ਦੇ ਇਸ ਉਪਰਾਲੇ ਕਾਰਨ ਪਿੰਡਾਂ ਦੇ ਆਮ ਆਦਮੀ ਉਸ ਦੇ ਪ੍ਰਸ਼ੰਸਕ ਬਣ ਗਏ ਸਨ। ਉਹ ਆਪ ਇਹ ਗੱਲ ਮੰਨਦਾ ਸੀ ਕਿ ਉਸ ਦੇ ਦਰਸ਼ਕ ਹੀ ਉਸ ਦੇ ਅਸਲ ਆਲੋਚਕ ਹਨ। ਨਾਟਕਾਂ ਦੀ ਪੇਸ਼ਕਾਰੀ ਸਮੇਂ ਉਹ ਆਪ ਸੰਜੀਦਗੀ ਨਾਲ਼ ਦਰਸ਼ਕਾਂ ਦੇ ਹਾਵ-ਭਾਵ ਦੇਖਦਾ।

ਕਾਲਜ ਦੇ ਇਕ ਅਧਿਆਪਕ ਵਜੋਂ ਯੁਵਕ ਮੇਲਿਆਂ ਵਿੱਚ ਖੇਡੇ ਜਾਣ ਦੇ ਮੰਤਵ ਨਾਲ਼ ਉਸ ਨੇ ਨਾਟਕ ਲਿਖਣੇ ਸ਼ੁਰੂ ਕੀਤੇ ਸਨ। ਕੁਝ ਕੁ ਸਾਲਾਂ ਵਿੱਚ ਹੀ ਉਸ ਦੇ ਨਾਟਕਾਂ ਇੰਨੇ ਹਰਮਨ ਪਿਆਰੇ ਹੋ ਗਏ ਕਿ ਵਿਦਿਆਰਥੀ ਤੇ ਅਧਿਆਪਕ ਉਡੀਕਦੇ ਕਿ ਮਾਨਸਾ ਕਾਲਜ ਵਾਲੇ ਕਦੋਂ ਆਉਣਗੇ ਤੇ ਕਦੋਂ ਉਹਨਾਂ ਦਾ ਨਾਟਕ ਵੇਖਣ ਨੂੰ ਮਿਲੇਗਾ। ਇਹ ਨਾਟਕ ਅਤੇ ਸਕਿੱਟ ਅਕਸਰ ਪਹਿਲਾ ਇਨਾਮ ਹੀ ਜਿੱਤਦੇ।

> ਅਜਮੇਰ ਔਲਖ ਨੇ ਨਾਵਲਕਾਰ ਗੁਰਦਿਆਲ ਸਿੰਘ ਅਤੇ ਪੰਜਾਬੀ ਆਲੋਚਕ ਟੀ. ਆਰ. ਵਿਨੋਦ ਦੇ ਕਹਿਣ 'ਤੇ ਪ੍ਰੇਰਿਤ ਹੋ ਕੇ 1976 ਵਿੱਚ ਮਾਨਸਾ ਵਿੱਚ ਲੋਕ ਕਲਾ ਮੰਚ ਨਾਮ ਦਾ ਇਕ ਨਾਟਕ ਗਰੁਪ ਸ਼ੁਰੂ ਕੀਤਾ। ਯੁਵਕ ਮੇਲਿਆਂ ਦੇ ਨਾਲ਼ -ਨਾਲ਼ ਇਸ ਗਰੁੱਪ ਨੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਵੀ ਨਾਟਕ ਖੇਡਣੇ ਸ਼ੁਰੂ ਕਰ ਦਿੱਤੇ ਸਨ। ਇਸ ਗਰੁੱਪ ਨੇ ਵੱਖ-ਵੱਖ ਥਾਵਾਂ 'ਤੇ 1000 ਤੋਂ ਵੱਧ ਨਾਟਕਾਂ ਦਾ ਮੰਚਨ ਕੀਤਾ ਅਤੇ ਇਹ ਗਰੁੱਪ ਅਜ ਤਕ ਸਫ਼ਲ ਮੰਚਨ ਕਰ ਰਿਹਾ ਹੈ। ਅਜਮੇਰ ਔਲਖ ਵੱਲੋਂ 35 ਤੋਂ ਵੱਧ ਨਾਟਕ ਲਿਖੇ ਹਨ ਜਿਨ੍ਹਾਂ ਵਿੱਚੋਂ ਕਈ ਯੂਨੀਵਰਸਿਟੀ ਦੇ ਸਲੇਬਸ ਵਿੱਚ ਵੀ ਲਗਾਏ ਗਏ ਹਨ।[3]

ਆਪਣੇ ਨਾਟਕਾਂ ਵਿੱਚ ਔਲਖ ਵਲੋਂ ਹਮੇਸ਼ਾ ਦਬੇ-ਕੁਚਲੇ ਵਰਗ 'ਤੇ ਹੋ ਰਹੇ ਅਤਿਆਚਾਰਾਂ ਵਿਰੁੱਧ ਆਵਾਜ਼ ਉਠਾਈ ਅਤੇ ਨਾਟਕਾਂ ਦੇ ਸਿਰਲੇਖ ਅਕਸਰ ਗੁਰਬਾਣੀ ਅਤੇ ਸੂਫ਼ੀ ਸਿਆਣਪਾਂ ਵਿੱਚੋਂ ਲਏ ਗਏ ਸਨ। ਪਿੰਡਾਂ ਵਿੱਚ ਪ੍ਰਸ਼ੰਸਕਾਂ ਦੀ ਗਿਣਤੀ ਇੰਨੀ ਜ਼ਿਆਦਾ ਹੋਣ ਦੇ ਬਾਵਜੂਦ ਉਹ ਇਕ ਆਮ ਵਿਅਕਤੀ ਵਾਂਗ ਹੀ ਵਿਚਰਿਆ ਅਤੇ ਉਸ ਨੇ ਆਪਣੀ ਮਹਾਨਤਾ ਦਾ ਅਹਿਸਾਸ ਕਦੀ ਵੀ ਆਪਣੇ ਦੋਸਤਾਂ-ਮਿੱਤਰਾਂ ਜਾਂ ਜਾਣ ਪਹਿਚਾਣ ਵਾਲਿਆਂ ਨੂੰ ਨਹੀਂ ਹੋਣ ਦਿੱਤਾ। ਪਰੰਤੂ ਉਸ ਦੇ ਚਾਹੁਣ ਵਾਲੇ ਦਰਸ਼ਕ ਆਪਣੇ ਹਰਮਨ ਪਿਆਰੇ ਅਤੇ ਮਹਾਨ ਵਿਅਕਤੀ ਦੇ ਜੀਵਨ ਅਤੇ ਸਿਰਜਣ ਢੰਗ ਬਾਰੇ ਜਾਣਨਾ ਜ਼ਰੂਰ ਚਾਹੁੰਦੇ ਹਨ। ਇਸੇ ਕਾਰਨ ਲੇਖਕ ਦੁਆਰਾ ਜੀਵਨ ਯਾਦਾਂ ਲਿਖਣ ਪਿੱਛੇ ਇਕ ਹੀ ਕਾਰਨ ਪ੍ਰਵਾਨ ਕੀਤਾ ਗਿਆ ਹੈ ਕਿ ਇਹ ਪੁਸਤਕ ਹੋਰਨਾਂ ਦੀ ਮਦਦ ਕਰੇਗੀ, ਖ਼ਾਸ ਤੌਰ 'ਤੇ ਵਿਦਿਆਰਥੀਆਂ ਦੀ ਜੋ ਅਜਮੇਰ ਔਲਖ ਦੇ ਨਾਟਕਾਂ 'ਤੇ ਖੋਜ ਕਾਰਜ ਕਰਨਾ ਚਾਹੁੰਦੇ ਹਨ। ਇਸ ਢੰਗ ਨਾਲ਼ ਖੋਜਾਰਥੀ ਇਹਨਾਂ ਨਾਟਕਾਂ ਨੂੰ ਹੋਰ ਵਧੀਆ ਤਰੀਕੇ ਨਾਲ਼ ਸਮਝ ਸਕਣਗੇ ਕਿਉਂਕਿ ਇਹ ਨਾਟਕ ਲੇਖਕ ਦੇ ਅਨੁਭਵਾਂ ਦਾ ਹੀ ਪ੍ਰਤਿਬਿੰਬ ਹਨ।

**ਭੁੰਨੀ ਹੋਈ ਛੱਲੀ** ਦੀ ਪੜ੍ਹਤ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਲੇਖਕ ਨੇ ਆਪਣੇ ਜੀਵਨ ਦੀਆਂ ਯਾਦਾਂ ਨੂੰ 12 ਭਾਗਾਂ ਵਿੱਚ ਵੰਡ ਕੇ ਪੇਸ਼ ਕੀਤਾ ਹੈ। ਬਚਪਨ ਦੀਆਂ ਯਾਦਾਂ, ਸਕੂਲ ਦੇ ਵਿਦਿਆਰਥੀ ਹੋਣ ਸਮੇਂ ਦੇ ਕਿੱਸੇ, ਆਪਣੇ ਪਿੰਡ ਦੀਆਂ ਯਾਦਾਂ ਅਤੇ ਥਾਵਾਂ, ਆਪਣੇ ਘਰ ਦੀ ਆਰਥਿਕ ਹਾਲਤ ਅਤੇ ਤੰਗੀਆਂ-ਤੁਰਸ਼ੀਆਂ, ਆਪਣੇ ਕਾਲਜ ਅਤੇ ਯੂਨੀਵਰਸਿਟੀ ਜੀਵਨ ਦੇ ਕਿੱਸੇ ਅਤੇ ਪਾਤਰ, ਆਪਣੀ ਮੰਗਣੀ ਅਤੇ ਵਿਆਹ ਅਤੇ ਆਪਣੇ ਪਰਿਵਾਰ ਬਾਰੇ ਜਾਣਕਾਰੀ ਦਿੰਦਾ ਹੋਇਆ ਲੇਖਕ ਨਾਟਕਾਂ ਦੀ ਬੁਨਿਆਦ ਬਣੀਆਂ ਆਪਣੇ ਜੀਵਨ ਦੀਆਂ ਅਸਲ ਘਟਨਾਵਾਂ ਅਤੇ ਅਸਲ ਪਾਤਰਾਂ ਨਾਲ ਵੀ ਜਾਣ-ਪਛਾਣ ਕਰਾਉਂਦਾ ਹੈ। ਅਜਮੇਰ ਔਲਖ ਦਾ ਜਨਮ ਕਿਸ਼ਨਗੜ੍ਹ ਫਰਵਾਹੀ ਵਿੱਚ 1942 ਵਿੱਚ ਹੋਇਆ। ਉਸ ਦੇ ਪਿਤਾ ਦਾ ਨਾਂ ਕੌਰ ਸਿੰਘ ਸੀ ਜੋ ਇਕ ਸਿੱਧਾ ਸਾਧਾ ਕਿਸਾਨ ਸੀ। ਉਸ ਦੀ ਮਾਂ ਦਾ ਨਾਂ ਹਰਨਾਮ ਕੌਰ ਸੀ ਜੋ ਇਕ ਘਰੇਲੂ ਔਰਤ ਸੀ। ਅਜਮੇਰ ਔਲਖ ਨੇ ਆਪਣੇ ਪਿੰਡ ਦੇ ਸਕੂਲ ਵਿੱਚ ਚੌਥੀ

ਜਮਾਤ ਪਾਸ ਕੀਤੀ ਅਤੇ ਨੈਸ਼ਨਲ ਮਿਡਲ ਸਕੂਲ ਭੀਖੀ ਤੋਂ ਪੰਜਵੀਂ ਪਾਸ ਕੀਤੀ ਅਤੇ 1958 ਵਿੱਚ ਇਸੇ ਸਕੂਲ ਤੋਂ ਦਸਵੀਂ ਕੀਤੀ ਜੋ ਉਦੋਂ ਤਕ ਹਾਈ ਸਕੂਲ ਬਣ ਗਿਆ ਸੀ। ਇਸ ਸਮੇਂ ਦੌਰਾਨ ਉਹ ਆਪਣੇ ਦੋਸਤ ਸੁਖਦੇਵ ਨਾਲ਼ ਰਲ ਕੇ ਗੀਤ ਅਤੇ ਕਵਿਤਾਵਾਂ ਲਿਖਣ ਲੱਗ ਪਿਆ ਸੀ ਅਤੇ ਅੰਤਰ ਸਕੂਲੀ ਮੁਕਾਬਲਿਆਂ ਵਿੱਚ ਦੋਵੇਂ ਦੋਸਤ ਰਲ ਕੇ ਇਹ ਕਵਿਤਾਵਾਂ ਗਾਉਂਦੇ ਵੀ ਸਨ। ਲੇਖਕ ਦੀ ਯਾਦਾਂ ਦੀ ਪੁਸਤਕ ਵਿੱਚੋਂ ਉਸ ਦੇ ਬਚਪਨ ਦੇ ਇਸ ਦੋਸਤ ਨਾਲ ਖੇਡੀਆਂ ਖੇਡਾਂ ਅਤੇ ਕੀਤੀਆਂ ਸ਼ਰਾਰਤਾਂ ਦਾ ਜ਼ਿਕਰ ਮਿਲਦਾ ਹੈ। ਇਕ ਘਟਨਾ ਅਨੁਸਾਰ ਉਹ ਦੋਵੇਂ ਸਿਖਰ ਦੁਪਹਿਰੇ ਬੀੜ ਵਿੱਚ ਪੀਲ੍ਹਾਂ ਖਾਣ ਗਏ ਜਿਥੇ ਉਹਨਾਂ ਨੂੰ ਚਿੱਟੇ ਕਪੜੇ ਪਾਈ, ਚਿੱਟੇ ਵਾਲਾਂ ਵਾਲੀ ਗੋਰੀ ਨਿਛੋਹ ਡੈਣ ਦਿਸੀ। ਲੇਖਕ ਲਿਖਦਾ ਹੈ,

> ਜ਼ਰੂਰ ਇਹ ਤਾਂ ਡੈਣ ਹੈ ਕੋਈ? ਅਸੀਂ ਅੰਦਰੋਂ-ਬਾਹਰੋਂ ਪੂਰੀ ਤਰ੍ਹਾਂ ਡਰ ਗਏ। ਡਾਹਣੇ ਨੂੰ ਪੂਰਾ ਹਲੂਣਨ ਤੋਂ ਬਾਦ ਉਹ ਕਾਹਲੀ ਨਾਲ ਬਣ ਤੋਂ ਹੇਠਾਂ ਉਤਰਨ ਲੱਗ ਪਈ। ਸਾਡੇ ਮਨ ਅੰਦਰ ਡਰ ਪੈਦਾ ਹੋ ਗਿਆ ਕਿ ਕਾਹਲੀ ਨਾਲ ਉਤਰ ਕੇ ਉਹ ਸਾਨੂੰ ਦਬੋਚਣ ਸਾਡੇ ਵੱਲ ਹੀ ਆਵੇਗੀ। ਅਸੀਂ ਝੱਟ-ਪੱਟ ਹੇਠਾਂ ਉਤਰਨਾ ਸ਼ੁਰੂ ਕਰ ਦਿੱਤਾ ਅਤੇ ਜਦ ਘਬਰਾਹਟ ਵਿੱਚ ਕਾਹਲੀ ਨਾਲ ਉਤਰਦਿਆਂ ਅਸੀਂ ਬਣ ਦੇ ਵਿਚ-ਵਿਚਾਲੇ ਪਹੁੰਚੇ ਤਾਂ ਵਿਚ-ਵਿਚਾਲਿਉਂ ਹੀ ਹੇਠਾਂ ਨੂੰ ਛਾਲਾਂ ਮਾਰ ਦਿੱਤੀਆਂ।[4]

ਅਜਮੇਰ ਔਲਖ ਦੇ ਨਾਟਕ ਪੇਂਡੂ ਜੀਵਨ ਦੇ ਮੁਸ਼ਕਲਾਂ ਭਰੇ ਜੀਵਨ ਨੂੰ ਦੇਸੀ ਦੇਹਾਤੀ ਢੰਗ ਨਾਲ਼ ਠੇਠ ਮਲਵਈ ਬੋਲੀ ਵਿੱਚ ਪੇਸ਼ ਕਰਦੇ ਹਨ। ਸ਼ੁਰੂ ਤੋਂ ਹੀ ਮਜ਼ਦੂਰਾਂ ਵਜੋਂ ਜਗੀਰਦਾਰਾਂ ਦੇ ਖੇਤਾਂ ਵਿੱਚ ਕੰਮ ਕਰਨ ਅਤੇ ਉਹਨਾਂ ਦਾ ਸ਼ੋਸ਼ਣ ਆਪ ਹੰਢਾਉਣ ਕਾਰਨ ਉਸ ਦੀ ਕਲਮ ਪੇਂਡੂ ਮਜ਼ਦੂਰ ਵਰਗ ਦੀ ਦੁਰਦਸ਼ਾ ਨੂੰ ਬੇਨਕਾਬ ਕਰਨ ਲਈ ਹੀ ਚਲੀ ਸੀ। ਉਸਦੇ ਨਾਟਕਾਂ ਵਿੱਚ ਗਰੀਬ ਕਿਸਾਨਾਂ, ਖੇਤ ਮਜਦੂਰਾਂ, ਔਰਤਾਂ ਅਤੇ ਮਜ਼ਲੂਮ ਜਾਤਾਂ ਦੇ ਸੰਤਾਪ ਨੂੰ ਚਿਤਰਿਆ ਗਿਆ ਹੈ। ਉਸ ਦੁਆਰਾ ਉਲੀਕੀਆਂ ਰੰਗਮੰਚ ਦੀਆਂ ਤਸਵੀਰਾਂ ਦਰਸ਼ਕਾਂ ਨੂੰ ਹਲੂਣਦੀਆਂ ਹਨ ਅਤੇ ਇਸੇ ਰੋਹ ਵਿੱਚੋਂ ਪੈਦਾ ਹੋਈ ਸੰਘਰਸ਼ ਕਰਨ ਦੀ ਚੇਤਨਾ ਜ਼ਿੰਦਗੀ ਵਿੱਚ ਸੁਧਾਰ ਲਿਆਉਣ ਦੀ ਆਸ ਵੀ ਬੰਨ੍ਹਦੀ ਹੈ। ਜਿਥੇ ਲੇਖਕ ਦੀ ਜ਼ਿੰਦਗੀ ਦੇ ਨਿੱਜੀ ਤਜਰਬੇ ਉਸ ਦੇ ਨਾਟਕਾਂ ਦਾ ਆਧਾਰ ਬਣਦੇ ਹਨ ਉਥੇ ਉਸ ਦੇ ਆਪਣੇ ਮਾਂ, ਬਾਪ, ਤਾਇਆ ਜਾਂ ਪਿੰਡ ਦੇ ਹੋਰ ਲੋਕ ਉਸ ਦੇ ਨਾਟਕਾਂ ਦੇ ਕਿਰਦਾਰ ਵਜੋਂ ਵਿਚਰਦੇ ਹਨ। ਯਾਦਾਂ ਨਾਲ਼ ਸਬੰਧਤ ਇਸ ਪੁਸਤਕ ਵਿੱਚ ਪਾਤਰਾਂ ਦੀ ਗੱਲ ਕਰਦਾ ਉਸ ਦੱਸਦਾ ਹੈ ਕਿ:

> ਉਹ ਆਪਣੀ ਜ਼ਿੰਦਗੀ ਵਿੱਚ ਸਭ ਤੋਂ ਵੱਧ ਆਪਣੇ ਤਾਏ ਤੋਂ ਪ੍ਰਭਾਵਿਤ ਸੀ ਪਰ ਆਪਣੇ ਨਾਟਕਾਂ ਵਿੱਚ ਉਸ ਨੇ ਆਪਣੇ ਤਾਏ ਨੂੰ ਧਿਆਨ ਵਿੱਚ ਰੱਖ ਕੇ ਬਹੁਤ ਘੱਟ ਪਾਤਰ ਘੜੇ ਹਨ। ਔਲਖ ਦੀ ਮਾਨਸਿਕਤਾ ਨਾਲ਼ ਤਾਏ ਦੀ ਕਿਰਤੀ ਜ਼ਿੰਦਗੀ ਦਾ ਬਿੰਬ ਇਸ ਢੰਗ ਨਾਲ਼ ਚਿੰਬੜਿਆ ਹੋਇਆ ਸੀ ਕਿ ਉਹ ਆਪਣੇ ਤਾਏ ਨੂੰ ਤਪੱਸਵੀ ਅਤੇ ਮਹਾਂ ਤਿਆਗੀ ਮੰਨਦਾ ਹੈ।[5]

ਉਸ ਨੇ ਇਹ ਗੱਲ ਵੀ ਮੰਨੀ ਹੈ ਕਿ ਆਪਣੇ ਨਾਟਕਾਂ ਦੇ ਮਰਦ ਪਾਤਰ ਘੜਨ ਸਮੇਂ ਉਸ ਦਾ ਬਾਪ ਜਾਂ ਤਾਇਆ ਉਸ ਦੇ ਜ਼ਿਹਨ ਵਿੱਚ ਨਹੀਂ ਆਉਂਦੇ ਸਨ। ਮਰਦ ਪਾਤਰ ਘੜਨ ਵੇਲੇ ਔਲਖ ਦੀ ਕਲਪਨਾ ਵਿੱਚ ਜੋ ਵਿਅਕਤੀ ਸਾਹਮਣੇ ਆ ਖੜਦਾ ਸੀ ਉਹ ਉਸ ਦੀ ਭੂਆ ਦਾ ਪੁੱਤਰ ਜੰਗੀਰ ਸੀ। ਲੇਖਕ ਮੰਨਦਾ ਹੈ ਕਿ ਉਹ ਜ਼ਿਆਦਾ ਹੁਸ਼ਿਆਰ ਜਾਂ ਸਮਝ ਵਾਲ਼ਾ ਬੰਦਾ ਨਹੀਂ ਸੀ ਅਤੇ ਗ਼ੁੱਸਾ ਵੀ ਉਸਦਾ ਬਹੁਤ ਭੈੜਾ ਸੀ ਪਰ ਫਿਰ ਵੀ ਆਪਣੇ ਨਾਟਕਾਂ ਵਿੱਚ ਕਈ

ਪਾਤਰਾਂ ਦੀਆਂ ਆਦਤਾਂ ਅਤੇ ਕਾਰਵਾਈਆਂ ਉਸ ਦੇ ਵਿਅਕਤਿਤਵ ਤੋਂ ਪ੍ਰਭਾਵਿਤ ਹਨ। ਲੇਖਕ ਦਸਦਾ ਹੈ,

> ਮਿੱਟੀ ਨਾਲ਼ ਮਿੱਟੀ ਹੋਣ ਵਾਲ਼ਾ ਅਤੇ ਅਣਹੋਇਆਂ ਵਾਲੀ ਜ਼ਿੰਦਗੀ ਜਿਉਣ ਵਾਲਾ ਇਹ ਕਿਰਤੀ ਯੋਧਾ 1980 ਵਿੱਚ ਮਿੱਟੀ ਵਿੱਚ ਮਿੱਟੀ ਹੋ ਗਿਆ। ਜੰਗੀਰ ਦੀ ਪੂਰਨ ਕਹਾਣੀ ਤਾਂ ਮੈਂ ਆਪਣੇ ਕਿਸੇ ਨਾਟਕ ਵਿੱਚ ਬਿੰਬਤ ਨਾ ਕਰ ਸਕਿਆ ਪਰ ਜਦ ਵੀ ਕਿਸੇ ਸਿੱਧੇ-ਸਾਦੇ, ਭੋਲ਼ੇ-ਭਾਲ਼ੇ ਕਿਰਤੀ ਪਾਤਰ ਦੀ ਉਸਾਰੀ ਕਰਨ ਦੀ ਮੈਨੂੰ ਜ਼ਰੂਰਤ ਪੈਂਦੀ ਹੈ ਤਾਂ ਜੰਗੀਰ ਮੇਰੀਆਂ ਅੱਖਾਂ ਸਾਹਮਣੇ ਆ ਖੜੋਂਦਾ ਹੈ ਤੇ ਮੈਨੂੰ ਕਹਿੰਦਾ ਜਾਪਦਾ ਹੈ, ਕਿਉਂ ਜਮੇਰ ਸਿਆਂ, ਆਉਣੈ ਮੈਂ ਤੇਰੇ ਕਿਸੇ ਕੰਮ?[6]

ਦੂਜੇ ਪਾਸੇ ਔਰਤ ਪਾਤਰਾਂ ਦੀ ਸਿਰਜਨਾ ਸਮੇਂ ਉਹ ਹਮੇਸ਼ਾ ਆਪਣੀ ਮਾਂ ਤੋਂ ਪ੍ਰਭਾਵਿਤ ਹੁੰਦਾ ਸੀ। ਆਪਣੀ ਮਾਂ ਨੂੰ ਭੁੱਬਲ ਦੀ ਅੱਗ ਕਹਿਣ ਵਾਲਾ ਅਜਮੇਰ ਔਲਖ ਦੱਸਦਾ ਹੈ ਕਿ

> ਉਸ ਦੇ ਨਾਨੇ ਨੇ ਉਸ ਦੀ ਮਾਂ ਨਾਲ਼ ਵਿਆਹ ਕਰਵਾਉਣ ਦੇ ਬਦਲੇ ਉਸ ਦੇ ਪਿਉ ਤੋਂ ਪੈਸੇ ਲਏ ਸਨ। ਨਾਨੇ ਦੀ 'ਅਮਲੀ ਸੂਝ ਅਤੇ 'ਦੂਰ ਦ੍ਰਿਸ਼ਟੀ' ਪਿੱਛੇ ਇਹ ਵਿਸ਼ਵਾਸ ਕੰਮ ਕਰਦਾ ਸੀ ਕਿ ਧੀਆਂ ਦੇ ਪੈਸੇ ਲੈਣ ਨਾਲ਼ ਧੀਆਂ ਦੀ ਉਹਨਾਂ ਦੇ ਸਹੁਰੇ ਘਰੀਂ ਕਦਰ ਵਧੇਰੇ ਪੈਂਦੀ ਹੈ।[7]

ਤੇ ਸੱਚੀਂ ਉਹਨਾਂ ਦੇ ਤੀਵੀਂਓ ਸੱਖਣੇ ਘਰ ਵਿੱਚ ਉਸ ਦੀ ਮਾਂ ਦੀ ਅਹਿਮੀਅਤ ਬਹੁਤ ਜ਼ਿਆਦਾ ਸੀ ਪਰੰਤੂ ਉਸ ਦੀ ਮਾਂ ਨੇ ਸਹੁਰੇ ਘਰ ਦੀ ਗ਼ਰੀਬੀ ਕਾਰਨ ਕਸ਼ਟ ਵੀ ਬਹੁਤ ਭੋਗਿਆ ਸੀ। ਨਾਟਕਕਾਰ ਅਜਮੇਰ ਔਲਖ ਇਹ ਮੰਨਦਾ ਹੈ ਕਿ ਮਾਂ ਦੁਆਰਾ ਭੋਗੇ ਕਸ਼ਟਾਂ ਦਾ ਉਸ ਦੇ ਸਾਹਿਤਕ ਮਨ ਉਤੇ ਬਹੁਤ ਦੁਖਦ ਅਸਰ ਪਿਆ। ਉਹ ਲਿਖਦਾ ਹੈ, '*ਨਾਟਕ ਲਿਖਣ ਵੇਲੇ ਜਦ ਵੀ ਮੈਂ ਥੁੜਾਂ-ਮਾਰੀ ਕਿਸਾਨੀ ਪਰਿਵਾਰ ਦੀ ਕਿਸੇ ਤ੍ਰੀਮਤ ਦਾ ਚਿੱਤਰ ਚਿਤਰਣ ਲਗਦਾ ਹਾਂ ਤਾਂ ਸਭ ਤੋਂ ਪਹਿਲਾਂ ਮੇਰੇ ਸਾਹਮਣੇ ਮੇਰੀ ਮਾਂ ਦੀ ਤਸਵੀਰ ਹੀ ਉਘੜਦੀ ਹੈ ਤੇ ਉਸ ਚਰਿੱਤਰ ਵਿੱਚ ਚਾਹੇ-ਨਾ-ਚਾਹੇ ਮਾਂ ਦੇ ਚਰਿੱਤਰ ਦਾ ਕੋਈ ਨਾ ਕੋਈ ਪੱਖ ਆਪ ਮੁਹਾਰੇ ਆ ਵੜਦਾ ਹੈ।*[8]

ਇਸ ਦੇ ਨਾਲ਼ ਹੀ ਉਹ ਆਪਣੀ ਮਾਂ ਬਾਰੇ ਲਿਖਦਿਆਂ ਇਹ ਵੀ ਮੰਨਦਾ ਹੈ ਕਿ ਉਸ ਨੇ ਨਾਟਕਾਂ ਵਿੱਚ ਆਪਣੀ ਮਾਂ ਦੇ ਅਸਲੀਅਤ ਵਿੱਚ ਬੋਲੇ ਡਾਇਲਾਗ ਜਿਉਂ ਦੇ ਤਿਉਂ ਵਰਤੇ ਹਨ। ਆਪਣੀ ਮਾਂ ਦੀਆਂ ਆਦਤਾਂ, ਵਿਵਹਾਰ ਅਤੇ ਲੜਾਈਆਂ, ਗੀਤ-ਸੰਗੀਤ ਅਤੇ ਗਿੱਧਾ ਪਾਉਣ ਦਾ ਹੁਨਰ ਤਕ ਔਲਖ ਵੱਲੋਂ ਆਪਣੇ ਨਾਟਕਾਂ ਵਿੱਚ ਵਰਤਿਆ। ਉਹ ਲਿਖਦਾ ਹੈ,

> 'ਨਿਮਨ-ਲਿਖਤ ਗੀਤ, ਜਿਹੜਾ ਮੈਂ ਬਾਦ ਵਿੱਚ ਆਪਣੇ ਨਾਟਕ 'ਸੱਤ ਬਗਾਨੇ' ਵਿੱਚ ਮਿੰਦੋ ਨਾਂ ਦੀ ਪਾਤਰ ਦੇ ਮੂੰਹ ਵਿੱਚ ਹੂ-ਬ-ਹੂ ਪਾਇਆ, ਮਾਂ ਬੜੀ ਹੀ ਦਿਲ-ਖਿਚਵੀਂ ਲੈਅ ਤੇ ਹੇਕ ਵਿੱਚ ਗਾਇਆ ਕਰਦੀ ਸੀ:
>
> *'ਉਚੇ ਤਾਂ ਬੀਜਿਆ ਤੇਰਾ ਬਾਜਰਾ, ਮਾਂ ਦਿਆ ਕਾਹਨ ਚੰਦਾ,*
> *ਨੀਵੇਂ ਤਾਂ ਬੀਜੀ ਵੇ ਜਵਾਰ, ਖ਼ੂਨੀ ਨੈਣ ਜਲ ਭਰੇ।*
> *ਚਿੜੀਆਂ ਨੇ ਚੁਗ ਲਿਆ ਤੇਰਾ ਬਾਜਰਾ, ਵੇ ਮਾਂ ਦਿਆ ਕਾਹਨ ਚੰਦਾ,*
> *ਕਾਵਾਂ ਨੇ ਡੁੰਗੀ ਵੇ ਜਵਾਰ, ਵੇ ਖ਼ੂਨੀ ਨੈਣ ਜਲ ਭਰੇ।'*[9]

ਉਸ ਨੇ ਆਪਣੀ ਮਾਂ ਦੀ ਮੌਤ ਦੇ ਹਾਦਸੇ ਤਕ ਨੂੰ ਵੀ ਨਾਟਕ 'ਨਿਕੇ ਸੂਰਜਾਂ ਦੀ ਲੜਾਈ' ਦੀ ਇਕ ਝਾਕੀ ਵਿੱਚ ਸਿਰਜਿਆ ਹੈ। ਦੂਜੇ ਪਾਸੇ ਆਪਣੀ ਮਾਂ ਦੇ ਨਾਲ਼ ਬਾਪ ਦੀਆਂ ਆਦਤਾਂ ਅਤੇ ਸ਼ਖ਼ਸੀਅਤ ਨੂੰ ਵੀ ਉਸ ਨੇ ਆਪਣੇ ਨਾਟਕਾਂ ਵਿੱਚ ਚਿਤ੍ਰਤ ਕੀਤਾ ਹੈ। ਘਰ ਵਿੱਚ

ਉਹਨਾਂ ਵਿਚਾਲੇ ਹੋ ਰਹੀ ਗੱਲਬਾਤ, ਵਿਚਾਰ-ਚਰਚਾਵਾਂ ਅਤੇ ਲੜਾਈਆਂ ਔਲਖ ਦੇ ਜ਼ਿਹਨ ਵਿੱਚ ਇਸ ਢੰਗ ਨਾਲ਼ ਬੈਠੀਆਂ ਹੋਈਆਂ ਸਨ ਕਿ ਉਸ ਨੇ ਆਪਣੇ ਨਾਟਕਾਂ ਵਿੱਚ ਉਹ ਬੋਲ ਆਪਣੇ ਪਾਤਰਾਂ ਦੇ ਮੂੰਹੋਂ ਬੋਲਵਾਏ ਹਨ। ਔਲਖ ਦੇ ਸ਼ਬਦਾਂ ਵਿੱਚ,

> 'ਬਾਪੂ ਦੀ ਉੱਚਾ ਬੋਲਣ ਦੀ ਇਹ ਸੁਰ ਅਤੇ ਮਾਂ ਦੀ ਵਿਰੋਧ ਕਰਨ ਵਾਲੀ ਗੱਲ ਨੂੰ ਮੈਂ ਆਪਣਾ ਨਾਟਕ 'ਬੇਗਾਨੇ ਬੋਹੜ ਦੀ ਛਾਂ' ਲਿਖਣ ਵੇਲੇ ਇਸ ਨਾਟਕ ਦੇ ਮੁੱਖ ਪਾਤਰਾਂ- ਗੱਜਣ ਅਤੇ ਗੁਰਨਾਮ ਕੁਰ- ਦੇ ਮੂੰਹਾਂ ਵਿੱਚ ਹੂ-ਬ-ਹੂ ਪਾ ਕੇ ਵਰਤਿਆ।'[10]

ਅਜਮੇਰ ਔਲਖ ਨੇ ਆਪਣੀਆਂ ਜੀਵਨ ਯਾਦਾਂ ਨੂੰ ਕਲਮਬੱਧ ਕਰਨ ਲਈ ਰਵਾਨੀ ਵਾਲ਼ੀ ਸਾਦੀ ਪੰਜਾਬੀ ਭਾਸ਼ਾ ਵਰਤੀ ਹੈ। ਇਥੇ ਇਹ ਕਹਿਣਾ ਗ਼ੈਰ-ਮੁਨਾਸਿਬ ਨਹੀਂ ਹੋਵੇਗਾ ਕਿ ਉਸ ਨੇ ਆਪਣੇ ਨਾਟਕਾਂ ਵਾਂਗ ਮਲਵਈ ਉਪਭਾਸ਼ਾ ਦੀ ਵਰਤੋਂ ਕੀਤੀ ਹੈ। ਉਹ ਥਾਂ-ਪੁਰ-ਥਾਂ ਪਾਠਕ ਨੂੰ ਸੰਬੋਧਨ ਕਰਕੇ ਗੱਲ ਕਰਦਾ ਹੈ ਅਤੇ ਆਪਣੇ ਨਾਲ਼ ਉਂਗਲ ਫੜਾ ਕੇ ਤੋਰੀ ਰੱਖਦਾ ਹੈ। 'ਮੈਂ ਤੁਹਾਨੂੰ ਦੱਸਦਾ ਹਾਂ', 'ਜਿਵੇਂ ਕਿ ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ', ਜਾਂ 'ਤੁਸੀਂ ਮੇਰੀ ਗੱਲ ਸੁਣੋ', ਵਰਗੇ ਉਪਵਾਕਾਂ ਉਸ ਨੇ ਆਮ ਹੀ ਵਰਤੇ ਹਨ। ਇਥੇ ਇਹ ਕਿਹਾ ਜਾ ਸਕਦਾ ਹੈ ਕਿ ਔਲਖ ਵੱਲੋਂ ਜੀਵਨ ਯਾਦਾਂ ਨੂੰ ਵੀ ਇੰਞ ਲਿਖਿਆ ਗਿਆ ਹੈ ਜਿਵੇਂ ਨਾਟਕ ਦੀ ਪ੍ਰਸਤੁਤੀ ਸਮੇਂ ਉਹ ਸਟੇਜ ਤੋਂ ਆਪਣੇ ਦਰਸ਼ਕਾਂ ਨੂੰ ਸੰਬੋਧਨ ਕਰਦਾ ਸੀ। ਉਸ ਦੀ ਕਲਪਨਾ ਵਿੱਚ ਇਹਨਾਂ ਜੀਵਨ ਯਾਦਾਂ ਨੂੰ ਪੜ੍ਹਨ ਵਾਲਾ ਪਾਠਕ ਸਾਹਮਣੇ ਬੈਠਾ ਹੈ ਜਿਸ ਨਾਲ਼ ਉਹ ਗ਼ੈਰ-ਰਸਮੀ ਗੱਲਬਾਤ ਕਰ ਰਿਹਾ ਹੈ। ਇਸ ਢੰਗ ਨਾਲ਼ ਇਹ ਗੱਲ ਇਥੇ ਸਿੱਧ ਹੁੰਦੀ ਹੈ ਜਿਸ ਮਕਸਦ ਨੂੰ ਮੁੱਖ ਰੱਖ ਕੇ ਲੇਖਕ ਵੱਲੋਂ ਇਸ ਪੁਸਤਕ ਦੀ ਰਚਨਾ ਕੀਤੀ ਗਈ ਉਹ ਉਸ ਮਕਸਦ ਵਿੱਚ ਕਾਮਯਾਬ ਹੁੰਦਾ ਹੈ। ਲੇਖਕ ਦੀਆਂ ਰਚਨਾਵਾਂ ਨੂੰ ਸਮਝਣ ਅਤੇ ਅਧਿਐਨ ਕਰਨ ਲਈ ਖੋਜਾਰਥੀਆਂ ਲਈ ਇਹ ਪੁਸਤਕ ਜ਼ਰੂਰ ਹੀ ਸਹਾਇਕ ਸਿੱਧ ਹੋਵੇਗੀ। ਉਸ ਦੇ ਨਾਟਕਾਂ ਦੇ ਕਥਾਨਕ, ਪਾਤਰ ਅਤੇ ਦ੍ਰਿਸ਼ਾਂ ਇਥੋਂ ਤਕ ਕਿ ਸੰਵਾਦਾਂ ਦੇ ਅਧਿਐਨ ਵਿੱਚ ਸਹਾਇਤਾ ਲਈ ਵੀ ਇਹ ਪੁਸਤਕ ਅਹਿਮ ਰੋਲ ਅਦਾ ਕਰੇਗੀ।

**ਹਵਾਲੇ**

1. cambridgedictionary.com
2. ਓਮ ਪ੍ਰਕਾਸ਼ ਸਿੰਘਲ, ਗੱਦ ਕੀ ਨਈਂ ਦਿਸ਼ਾਏਂ, ਪਿਤਾਂਬਰ ਪਬਲਿਸ਼ਿੰਗ ਕੰਪਨੀ, ਦਿੱਲੀ, 1981, ਪੰਨਾ 41
3. ਰੋਹੀ ਦਾ ਕੇਸੂ, ਅਭਿਨੰਦਨ ਪ੍ਰੋ. ਅਜਮੇਰ ਸਿੰਘ, ਅਜਮੇਰ ਸਿੰਘ ਔਲਖ ਅਭਿਨੰਦਨ ਕਮੇਟੀ, ਮਾਨਸਾ, 2001, ਪੰਨਾ 8
4. ਅਜਮੇਰ ਔਲਖ, ਭੁੰਨੀ ਹੋਈ ਛੱਲੀ (ਜੀਵਨ ਯਾਦਾਂ), ਅਦਬੀ ਪਰਵਾਜ਼ ਪ੍ਰਕਾਸ਼ਨ, ਮਾਨਸਾ, 2015, ਪੰਨਾ 11
5. ਰੋਹੀ ਦਾ ਕੇਸੂ, ਉਹੀ, ਪੰਨਾ 30
6. ਅਜਮੇਰ ਔਲਖ, ਭੁੰਨੀ ਹੋਈ ਛੱਲੀ, ਪੰਨਾ 141
7. ਓਹੀ, ਪੰਨਾ 108
8. ਓਹੀ, ਪੰਨਾ 113
9. ਓਹੀ, ਪੰਨਾ 120
10. ਓਹੀ, ਪੰਨਾ 126

# ਵਿਸ਼ਵੀਕਰਨ ਤੇ ਕਸ਼ਮੀਰ ਦੀ ਦਸਤਕਾਰੀ ਦਾ ਸੰਕਟ: ਚਸ਼ਮਿ ਬੁਲਬੁਲ

**-ਸਰਵਦੀਪ ਕੌਰ**

ਸੁਰਿੰਦਰ ਨੀਰ ਪੰਜਾਬੀ ਗਲਪ ਸਾਹਿਤ ਦੀ ਮਹੱਤਵਪੂਰਨ ਹਸਤਾਖ਼ਰ ਹੈ। ਪੰਜਾਬੀ ਨਾਵਲ ਦੇ ਖੇਤਰ ਵਿਚ ਉਸ ਦੀ ਸ਼ਖ਼ਸੀਅਤ ਕਿਸੇ ਪਛਾਣ ਦੀ ਮੁਥਾਜ ਨਹੀਂ। ਕਹਾਣੀ-ਸੰਗ੍ਰਹਿ **ਦਸਤਕ ਦੀ ਉਡੀਕ** (2002) ਤੋਂ ਆਪਣਾ ਸਾਹਿਤਕ ਸਫ਼ਰ ਆਰੰਭ ਕਰਨ ਵਾਲੀ ਨੀਰ ਨੇ ਅੱਜ ਨਾਵਲ ਜਗਤ ਵਿਚ ਆਪਣੀ ਮਕਬੂਲ ਥਾਂ ਬਣਾ ਲਈ ਹੈ। ਆਪਣੇ ਪਹਿਲੇ ਨਾਵਲ **ਸ਼ਿਕਾਰਗਾਹ** (2010) ਤੋਂ ਮਗਰੋਂ ਉਸ ਨੇ ਕ੍ਰਮਵਾਰ **ਮਾਇਆ** (2013) ਅਤੇ **ਚਸ਼ਮਿ ਬੁਲਬੁਲ** (2019) ਦੀ ਸਿਰਜਣਾ ਰਾਹੀਂ ਪੰਜਾਬੀ ਨਾਵਲ ਦੇ ਅਮੀਰ ਭੰਡਾਰ ਨੂੰ ਹੋਰ ਵਸੀਹ ਕੀਤਾ ਹੈ। ਕਸ਼ਮੀਰ ਦੀ ਜੰਮਪਲ ਹੋਣ ਕਰਕੇ ਸੁਰਿੰਦਰ ਨੀਰ ਕੋਲ ਉਥੋਂ ਦੇ ਜੀਵਨ ਅਨੁਭਵ ਦਾ ਅਸੀਮ ਖ਼ਜ਼ਾਨਾ ਹੈ। ਇਹ ਅਨੁਭਵ ਉਸ ਦੇ ਨਾਵਲਾਂ ਦੀ ਬਿਰਤਾਂਤਕ ਸਿਰਜਣਾ ਦਾ ਆਧਾਰ ਬਣਦੇ ਹਨ। ਕਸ਼ਮੀਰੀ ਸਭਿਆਚਾਰ ਦੀ ਕੁਦਰਤੀ ਰਹਿਤਲ, ਉਥੋਂ ਦੇ ਵਸਨੀਕਾਂ ਦਾ ਰਹਿਣ ਢੰਗ, ਰਿਸ਼ਤਿਆਂ ਦਾ ਸਰੂਪ, ਵਿਭਿੰਨ ਸਭਿਆਚਾਰਕ ਪਰਤਾਂ, ਰਾਜਸੀ ਮਾਹੌਲ ਅਤੇ ਆਧੁਨਿਕਤਾ ਕਾਰਨ ਵਾਪਰੇ ਕਸ਼ਮੀਰੀ ਸਭਿਆਚਾਰ ਵਿਚ ਬਦਲਾਵਾਂ ਨੂੰ ਨੀਰ ਦੇ ਨਾਵਲ ਬਾਖ਼ੂਬੀ ਬਿਆਨ ਕਰਦੇ ਹਨ। ਕੁੱਝ ਅਜਿਹੇ ਹੀ ਅਨੁਭਵਾਂ ਨੂੰ ਵਿਅਕਤ ਕਰਦਾ ਉਸ ਦਾ ਨਵ-ਪ੍ਰਕਾਸ਼ਿਤ ਨਾਵਲ **ਚਸ਼ਮਿ ਬੁਲਬੁਲ** (2019) ਹੈ।

**ਚਸ਼ਮਿ ਬੁਲਬੁਲ** ਨਾਵਲ ਰਾਹੀਂ ਸੁਰਿੰਦਰ ਨੀਰ ਨੇ ਕਸ਼ਮੀਰ ਦੀ ਸਮੁੱਚੀ ਇਤਿਹਾਸਕ, ਰਾਜਨੀਤਕ, ਸਮਾਜਕ, ਆਰਥਕ, ਸਭਿਆਚਾਰਕ ਪਰਸਥਿਤੀਆਂ ਨਾਲ ਪਾਠਕਾਂ ਦਾ ਤਾਲਮੇਲ ਸਥਾਪਿਤ ਕੀਤਾ ਹੈ। ਇਸ ਨਾਵਲ ਵਿਚ ਕਸ਼ਮੀਰੀ ਬੁਣਨ ਕਲਾ ਦੇ ਸਦੀਆਂ ਪੁਰਾਣੇ ਇਤਿਹਾਸ ਤੋਂ ਲੈ ਕੇ ਸਮਕਾਲੀ ਆਤੰਕੀ ਵਾਤਾਵਰਨ ਵਿਚ ਵਿਚਰਦੇ ਲੋਕਾਂ ਦੀ ਸਥਿਤੀ ਅਤੇ ਹਸਤ-ਕਲਾਵਾਂ ਦੇ ਹੁੰਦੇ ਘਾਣ ਦੇ ਵੇਰਵੇ ਸ਼ਾਮਿਲ ਹਨ।

**ਚਸ਼ਮਿ ਬੁਲਬੁਲ** ਨਾਵਲ ਇਕ ਅਜਿਹੇ ਮੁਸਲਮਾਨ ਕਸ਼ਮੀਰੀ ਪਰਿਵਾਰ ਦੀ ਕਥਾ ਨੂੰ ਬਿਆਨ ਕਰਦਾ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਕਾਨੀਸ਼ਾਲ ਬੁਣਦਾ ਹੈ। ਇਹ ਕਾਨੀਸ਼ਾਲ ਪੁਰਾਤਨ ਜਟਿਲ ਬੁਣਤੀ ਵਾਲੀ ਹਸਤ ਕਲਾ ਹੋਣ ਕਾਰਨ ਕਸ਼ਮੀਰ ਦੀ ਨਿਵੇਕਲੀ ਪਹਿਚਾਣ ਬਣਦੀ ਹੈ। ਨਾਵਲ ਦਾ ਸਿਰਲੇਖ ਵੀ ਕਾਨੀਸ਼ਾਲ ਦੇ ਡਿਜ਼ਾਇਨ ਦੀ ਇਕ ਕਿਸਮ 'ਚਸ਼ਮਿ ਬੁਲਬੁਲ' ਵੱਲ ਸੰਕੇਤ ਕਰਦਾ ਹੈ। ਇਸ ਦੇ ਸਿਰਲੇਖ ਤੋਂ ਸਪੱਸ਼ਟ ਹੈ ਕਿ ਇਹ ਨਾਵਲ ਕਸ਼ਮੀਰ ਦੀ ਲੋਕ-ਕਲਾ ਕਾਨੀਸ਼ਾਲ ਦੀ ਦਸਤਕਾਰੀ ਦੇ ਰੂਪ ਵਿਚ ਇਤਿਹਾਸਕ ਸਥਿਤੀ, ਮਹੱਤਤਾ ਅਤੇ ਪੂੰਜੀਵਾਦੀ ਦੌਰ ਵਿਚ ਇਸ ਦਸਤਕਾਰੀ ਦੇ ਪੈਦਾ ਹੋਏ ਸੰਕਟ ਵੱਲ ਕੇਂਦਰਿਤ ਹੈ।

ਸਮਕਾਲੀ ਦੌਰ ਵਿਸ਼ਵੀਕਰਨ ਦਾ ਦੌਰ ਹੈ। ਵਿਸ਼ਵੀਕਰਨ ਦੇ ਪ੍ਰਭਾਵ ਨਾਲ ਜਿਥੇ ਸਮੁੱਚਾ ਵਿਸ਼ਵ ਬਦਲਿਆ ਹੈ ਉਥੇ ਕਸ਼ਮੀਰ ਦਾ ਰਹਿਣ-ਸਹਿਣ, ਕੀਮਤ-ਪ੍ਰਣਾਲੀ, ਰਸਮ-ਰਿਵਾਜ, ਰਿਸ਼ਤੇ-ਨਾਤੇ, ਸਭਿਆਚਾਰ, ਲੋਕ-ਕਲਾ, ਉਦਯੋਗ ਆਦਿ ਵੀ ਪੂਰੀ ਤਰ੍ਹਾਂ ਪ੍ਰਭਾਵਿਤ

ਹੋਏ ਹਨ। ਨਿਰਸੰਦੇਹ ਵਿਸ਼ਵੀਕਰਨ ਉਦਯੋਗਿਕ ਕ੍ਰਾਂਤੀ ਅਤੇ ਪੂੰਜੀਵਾਦ ਦੀ ਦੇਣ ਹੈ। ਇਸ ਦਾ ਮੂਲ ਮਨੋਰਥ ਵਿਸ਼ਵ ਆਰਥਿਕ ਸੁਮੇਲਤਾ ਅਤੇ ਮੁਨਾਫ਼ਾਖ਼ੋਰੀ ਬਿਰਤੀ ਰਹੀ ਹੈ। ਇਸ ਮੁਨਾਫ਼ਾਖ਼ੋਰੀ ਬਿਰਤੀ ਨੇ ਜਿਥੇ ਲਘੂ ਉਦਯੋਗਾਂ ਨੂੰ ਪਤਨ ਵੱਲ ਧੱਕਿਆ ਹੈ ਉਥੇ ਭਾਰਤ ਦੀਆਂ ਹਸਤ ਕਲਾਵਾਂ ਅਤੇ ਦਸਤਕਾਰੀ ਦੇ ਕਿੱਤੇ ਲਈ ਵੀ ਵੱਡਾ ਸੰਕਟ ਪੈਦਾ ਕੀਤਾ ਹੈ। ਵਿਉਪਾਰ ਅਤੇ ਉਦਯੋਗਾਂ ਦਾ ਨਿੱਜੀਕਰਨ ਵਧਿਆ ਹੈ। ਪੂੰਜੀ ਕੁੱਝ ਕੁ ਕਾਰਪੋਰੇਟ ਘਰਾਣਿਆਂ ਦੇ ਹੱਥ ਵਿੱਚ ਸੀਮਿਤ ਹੋ ਗਈ ਹੈ। "ਇਸ ਤਰ੍ਹਾਂ ਵਿਸ਼ਵੀਕਰਨ ਨੂੰ ਅਮੀਰ ਲੋਕਾਂ ਅਤੇ ਜਮਾਤਾਂ ਦੇ ਆਰਥਿਕ, ਰਾਜਨੀਤਿਕ, ਸਭਿਆਚਾਰਕ ਸਾਮਰਾਜਵਾਦ ਦਾ ਨਾਂ ਦਿੱਤਾ ਜਾ ਸਕਦਾ ਹੈ।"[1] ਵਿਸ਼ਵੀਕਰਨ ਨੇ ਬਾਜ਼ਾਰ ਦੀ ਮੰਗ ਨੂੰ ਪ੍ਰਫੁੱਲਿਤ ਕਰਕੇ ਵਸਤਾਂ ਅਤੇ ਸੇਵਾਵਾਂ ਦੀ ਵਿਕਰੀ ਵਿਚ ਕ੍ਰਾਂਤੀਕਾਰੀ ਪਰਿਵਰਤਨ ਲਿਆਂਦਾ ਹੈ। ਇਸ ਕ੍ਰਾਂਤੀਕਾਰੀ ਪਰਿਵਰਤਨ ਨੇ ਮੁਕਾਬਲੇ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਹੈ। ਸਿੱਟੇ ਵਜੋਂ ਵਿੱਤੀ ਪੱਧਰ ਉੱਤੇ ਮਜ਼ਬੂਤ ਧਿਰਾਂ ਬਜ਼ਾਰ ਵਿਚ ਨਿਵੇਸ਼ ਕਰਕੇ ਆਰਥਿਕ ਇਜ਼ਾਫ਼ਾ ਖੱਟਦੀਆਂ ਹਨ ਅਤੇ ਕਮਜ਼ੋਰ ਲਘੂ ਉਦਯੋਗ ਹੌਲੀ-ਹੌਲੀ ਪਤਨ ਵੱਲ ਕੂਚ ਕਰਦੇ ਹਨ।

**ਚਸ਼ਮਿ ਬੁਲਬੁਲ** ਨਾਵਲ ਵਿਚ ਮੰਡੀ ਸਭਿਆਚਾਰ ਦੇ ਉਭਾਰ ਕਾਰਨ ਪੈਦਾ ਹੋਏ ਦਸਤਕਾਰੀ (ਹਸਤ ਕਲਾ 'ਕਾਨੀਸ਼ਾਲ') ਦੇ ਸੰਕਟ ਅਤੇ ਮੁਨਾਫ਼ਾਖ਼ੋਰੀ ਮਾਨਸਿਕਤਾ ਕਾਰਨ ਹੋ ਰਹੀ ਕਿਰਤ ਦੀ ਲੁੱਟ ਨੂੰ ਯਥਾਰਥਕ ਪੱਧਰ ਉੱਤੇ ਅਭਿਵਿਅਕਤ ਕੀਤਾ ਗਿਆ ਹੈ। ਇਸ ਨਾਵਲ ਦਾ ਬਿਰਤਾਂਤ ਕਸ਼ਮੀਰ ਦੇ ਇਕ ਛੋਟੇ ਜਿਹੇ ਪਿੰਡ ਕਾਨੀਗਾਮ ਦੇ ਦੁਆਲੇ ਉਸਾਰਿਆ ਗਿਆ ਹੈ। ਕਾਨੀਗਾਮ ਪਿੰਡ ਦੀ ਇਕ ਮਹੱਤਵਪੂਰਨ ਵਿਸ਼ੇਸ਼ਤਾ ਅਤੇ ਵਿਲੱਖਣਤਾ ਇਥੋਂ ਦੀ ਹਸਤ ਕਲਾ 'ਕਾਨੀਸ਼ਾਲ' ਹੈ ਜੋ ਪੂਰੇ ਕਸ਼ਮੀਰ ਵਿਚੋਂ ਸਿਰਫ਼ ਇਸੇ ਪਿੰਡ ਦੀ ਹੀ ਨਿਵੇਕਲੀ ਪਹਿਚਾਣ ਬਣਦੀ ਹੈ। ਨਾਵਲਕਾਰਾ ਕਸ਼ਮੀਰ ਦੀ ਪਹਿਚਾਣ ਨੂੰ ਵੀ ਇਸੇ ਹਸਤ ਕਲਾ 'ਕਾਨੀਸ਼ਾਲ' ਨਾਲ ਜੋੜਦੀ ਹੈ ਜੋ ਮਹਿਜ਼ ਇਕ ਸ਼ਾਲ ਨਾ ਹੋ ਕੇ ਉਥੋਂ ਦੀ ਰਹਿਤਲ, ਸੁਭਾਅ, ਸਭਿਆਚਾਰ ਅਤੇ ਕਸ਼ਮੀਰੀਅਤ ਦੀ ਗਵਾਹੀ ਭਰਦੀ ਹੈ:

> ਅਸਲ ਵਿਚ ਇਸ ਕਾਰਜ ਨੂੰ ਸ਼ਾਲ ਬੁਣਨਾ ਆਖਣਾ ਕਾਨੀਸ਼ਾਲ ਦੀ ਪੂਰੀ ਕਲਾਕਾਰੀ ਨੂੰ ਉਜਾਗਰ ਨਹੀਂ ਕਰਦਾ। ਕਾਨੀਸ਼ਾਲ ਇਕ ਕਲਾ ਹੈ, ਸਿਰਜਨਾ ਹੈ। ਇਸ ਦੀ ਬਰੀਕੀ ਤੇ ਸੂਖ਼ਮਤਾ ਦਾ ਕੁੱਝ ਅੰਦਾਜ਼ਾ ਇਥੋਂ ਲੱਗ ਸਕਦਾ ਹੈ ਕਿ ਜਿਥੇ ਪਸ਼ਮੀਨੇ ਦੀ ਇਕ ਸਾਧਾਰਨ ਸ਼ਾਲ ਬੁਣਨ ਵਿਚ ਇਕ ਕਾਰੀਗਰ ਨੂੰ ਤਿੰਨ-ਚਾਰ ਹਫ਼ਤੇ ਲੱਗਦੇ ਹਨ, ਕਾਨੀਸ਼ਾਲ ਦਸ ਘੰਟੇ ਕੰਮ ਕਰਨ ਵਾਲੇ ਦੋ ਕਾਰੀਗਰਾਂ ਦਾ ਪੂਰਾ ਸਾਲ ਲੈ ਲੈਂਦੀ ਹੈ। ਲੇਖਿਕਾ ਠੀਕ ਹੀ ਇਸ ਨੂੰ "ਸਰੀਰ ਦੁਆਲੇ ਲਪੇਟਿਆ ਜਾਣ ਵਾਲਾ ਕੱਪੜਾ" ਹੋਣ ਦੀ ਥਾਂ "ਕਸ਼ਮੀਰ ਤੇ ਕਸ਼ਮੀਰੀਅਤ ਦੀ ਆਪ ਮੁਹਾਰੇ ਬੋਲਦੀ ਪਹਿਚਾਣ" ਅਤੇ "ਸਾਰੀ ਦੁਨੀਆਂ ਦੇ ਨਫ਼ਾਸਤ ਪਸੰਦ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੀ ਕਲਾ" ਆਖਦੀ ਹੈ।[2]

ਸਮੁੱਚੇ ਵਿਸ਼ਵ ਦੇ ਰਾਜ ਘਰਾਣਿਆਂ ਵਿਚ ਇਸ ਸ਼ਾਲ ਦੀ ਮੰਗ ਅਤੇ ਪ੍ਰਸਿੱਧੀ ਇਸ ਦੀ ਇਤਿਹਾਸਕ ਮਹੱਤਤਾ ਨੂੰ ਉਜਾਗਰ ਕਰਦੀ ਹੈ। ਕਰੜੀ ਮਿਹਨਤ ਅਤੇ ਸਿਦਕ ਨਾਲ ਬਣਨ ਵਾਲੀ ਇਸ ਸ਼ਾਲ ਦੀ ਕੀਮਤ ਲਗਭਗ 50 ਤੋਂ 60 ਹਜ਼ਾਰ ਰੁਪਏ ਹੁੰਦੀ ਹੈ, ਜਿਸ ਨੂੰ ਖ਼ਰੀਦਣ

ਦੀ ਔਕਾਤ ਕੇਵਲ ਅਮੀਰ ਵਰਗ ਕੋਲ ਹੈ। ਨਾਵਲ ਦੀ ਵਿਡੰਬਨਾ ਇਹ ਹੈ ਕਿ ਦੁਨੀਆਂ ਦੀ ਸਭ ਤੋਂ ਮਹਿੰਗੇ ਮੁੱਲ ਉੱਤੇ ਵਿਕਣ ਵਾਲੀ ਸ਼ਾਲ ਦੇ ਕਰਿੰਦੇ ਸਾਰੀ ਉਮਰ ਅਧੂਰੀਆਂ ਸੱਧਰਾਂ ਅਤੇ ਗ਼ੁਰਬਤ ਭਰੀ ਜ਼ਿੰਦਗੀ ਬਤੀਤ ਕਰਦੇ ਹਨ, ਜਿੰਨਾਂ ਨੂੰ ਦੋ ਵਕਤ ਦੀ ਰੋਟੀ ਵੀ ਕਿਸਮਤ ਨਾਲ ਨਸੀਬ ਹੁੰਦੀ ਹੈ। ਨਾਵਲ ਵਿਚ ਕਾਨੀਸ਼ਾਲ ਦੇ ਬੁਣਕਰ (ਕਾਰੀਗਰਾਂ) ਦੀਆਂ ਅਪੂਰਨ ਰਹਿ ਗਈਆਂ ਸੱਧਰਾਂ ਅਤੇ ਰੀਝਾਂ ਦਾ ਦੁਖਾਂਤ ਅਕਬਰ ਅਲੀ ਅਤੇ ਉਸ ਦੇ ਪਰਿਵਾਰ ਦੀ ਗ਼ੁਰਬਤ ਭਰੀ ਜ਼ਿੰਦਗੀ ਰਾਹੀਂ ਪ੍ਰਸਤੁਤ ਕੀਤਾ ਗਿਆ ਹੈ:

> ਜਦੋਂ ਕੋਈ ਬੁਣਕਰ ਕਾਨੀਸ਼ਾਲ ਬੁਣਦਾ ਹੈ ਤਾਂ ਉਹ ਕੇਵਲ ਲਕੜੀ ਦੀਆਂ ਮਹੀਨ ਕਾਨੀਆਂ ਦੁਆਲੇ ਰੰਗ ਬਰੰਗੇ ਧਾਗੇ ਲਪੇਟ ਕੇ ਤਾਣਾ ਬਾਣਾ ਹੀ ਨਹੀਂ ਬੁਣਦਾ, ਉਹ ਤਾਂ ਉਹਨਾਂ ਕਾਨੀਆਂ ਨਾਲ ਆਪਣੀਆਂ ਨਾ ਪੂਰੀਆਂ ਹੋ ਸਕਣ ਵਾਲੀਆਂ ਰੀਝਾਂ, ਸਧਰਾਂ ਵੀ ਉਸ ਨਾਲ ਬੁਣਦਾ ਹੈ।[3]

ਨਾਵਲ ਦੇ ਆਰੰਭ ਵਿਚ ਹੀ ਨਾਵਲਕਾਰਾ ਦੁਆਰਾ ਵਰਤਿਆ ਗਿਆ ਮੈਟਾਫਰ "ਇਕ ਉਦਾਸ ਜਿਹਾ ਘਰ" ਇਸ ਨਾਵਲ ਦੇ ਕੇਂਦਰੀ ਪਾਤਰ ਮੁਸਤਫ਼ਾ ਦੇ ਘਰ ਦੀ ਗ਼ਰੀਬੀ ਅਤੇ ਖੁਸ਼ੀਆਂ ਦੀ ਗ਼ੈਰ-ਹਾਜ਼ਰੀ ਵੱਲ ਸੰਕੇਤ ਕਰਦਾ ਹੈ। ਇਸੇ ਤਰ੍ਹਾਂ "ਚਸ਼ਮਿ ਬੁਲਬੁਲ ਦੀ ਅੱਖ ਵਿਚ ਲਹੂ ਦੇ ਅੱਥਰੂ" ਦਾ ਮੈਟਾਫ਼ਰ ਪੂੰਜੀਵਾਦ ਦੇ ਫੈਲਾਅ ਅਤੇ ਕਸ਼ਮੀਰ ਵਿਚ ਆਤੰਕੀ ਮਾਹੌਲ ਕਾਰਨ ਹੋਈ ਕਾਨੀਸ਼ਾਲ (ਦਸਤਕਾਰੀ) ਦੀ ਮੰਦਹਾਲੀ ਵੱਲ ਇਸ਼ਾਰਾ ਹੈ। ਮੁਸਤਫ਼ਾ ਨੂੰ ਕਾਨੀਸ਼ਾਲ ਬਣਨ ਦਾ ਹੁਨਰ ਵਿਰਾਸਤ ਵਿਚ ਆਪਣੇ ਬਾਬਾ ਜਾਨ (ਦਾਦਾ) ਅਕਬਰ ਅਲੀ ਕੋਲੋਂ ਮਿਲਦਾ ਹੈ। ਪਿਤਾ ਦੀ ਮੌਤ ਤੋਂ ਮਗਰੋਂ ਉਸਦੇ ਦਾਦਾ-ਦਾਦੀ ਅਕਬਰ ਅਲੀ ਅਤੇ ਜਨੰਤੀ ਹੀ ਮੁਸਤਫ਼ਾ ਅਤੇ ਉਸ ਦੀ ਛੋਟੀ ਭੈਣ ਗੁਲਾਲਾ ਦਾ ਪਾਲਣ ਪੋਸ਼ਣ ਕਰਦੇ ਹਨ। ਮੁਸਤਫ਼ਾ ਆਪਣੇ ਦਾਦਾ ਦੀ ਆਖ਼ਰੀ ਇੱਛਾ ਪੁਗਾਉਣ ਖ਼ਾਤਿਰ ਸਾਰੀ ਉਮਰ ਇਸ ਲੋਕ ਕਲਾ ਨੂੰ ਸੰਭਾਲੀ ਰੱਖਣ ਦਾ ਵਾਅਦਾ ਕਰਦਾ ਹੈ ਪਰੰਤੂ ਅਕਬਰ ਅਲੀ ਦਾ ਦੂਜਾ ਪੁੱਤਰ ਹਸਨ ਅਲੀ ਪੂੰਜੀਵਾਦੀ ਰੁਚੀਆਂ ਅਤੇ ਨਿੱਜਵਾਦੀ ਬਿਰਤੀ ਤਹਿਤ ਆਪਣੇ ਜੱਦੀ ਕਿੱਤੇ ਕਾਨੀਸ਼ਾਲ ਨੂੰ ਤਿਲਾਂਜਲੀ ਦੇ ਕੇ ਕਾਲੀਨ ਬਾਫ਼ੀ ਦਾ ਕਾਰੋਬਾਰ ਸ਼ੁਰੂ ਕਰ ਲੈਂਦਾ ਹੈ ਤਾਂ ਜੋ ਸੌਖਿਆਂ ਅਮੀਰ ਹੋ ਸਕੇ। ਇਸ ਸਵਾਰਥ ਕਰਕੇ ਉਹ ਛੇਤੀ ਹੀ ਆਪਣੀ ਜ਼ਮੀਨ ਅਤੇ ਮਕਾਨ ਪਰਿਵਾਰ ਤੋਂ ਵੱਖ ਕਰ ਲੈਂਦਾ ਹੈ। ਹਸਨ ਅਲੀ ਪਦਾਰਥਕ ਰੁਚੀਆਂ ਦਾ ਧਾਰਨੀ ਵਿਅਕਤੀ ਹੈ। ਉਸ ਦਾ ਕਾਨੀਸ਼ਾਲ ਦੇ ਕਿੱਤੇ ਤੋਂ ਨਾਬਰੀ ਦਾ ਕਾਰਨ ਕਿਤੇ ਨਾ ਕਿਤੇ ਏਨੀ ਮਿਹਨਤ ਦੇ ਬਾਵਜੂਦ ਕਾਨੀਕਾਰਾਂ ਦੀ ਗੁਰਬਤ ਭਰੀ ਜ਼ਿੰਦਗੀ ਹੈ। ਉਹ ਆਪਣੇ ਮਾਤਾ-ਪਿਤਾ ਨੂੰ ਛੱਡ ਕੇ ਅਲੱਗ ਤੌਰ ਉੱਤੇ ਆਪਣੀ ਪਤਨੀ ਅਤੇ ਬੱਚਿਆਂ ਨਾਲ ਰਹਿਣ ਲੱਗ ਜਾਂਦਾ ਹੈ। ਸੋ ਨਾਵਲ ਪੂੰਜੀਵਾਦੀ ਮਾਨਸਿਕਤਾ ਤਹਿਤ ਤਿੜਕੇ ਰਿਸ਼ਤਿਆਂ ਦੀ ਦਾਸਤਾਨ ਬਾਖ਼ੂਬੀ ਬਿਆਨ ਕਰਦਾ ਹੈ:

> ਪਰ ਹਸਨ ਅਲੀ ਨੂੰ ਨਾ ਬਾਬਾ ਜਾਨ ਦੇ ਅਜਿਹੇ ਸ਼ਾਇਰਾਨਾ ਸੰਵਾਦ ਚੰਗੇ ਲਗਦੇ ਸਨ ਤੇ ਨਾ ਹੀ ਉਹ ਇਸ ਕਾਨੀਸ਼ਾਲ ਤੇ ਹੋਣ ਵਾਲੀ ਮਿਹਨਤ ਤੋਂ ਖੁਸ਼ ਸੀ। ਤਾਂ ਹੀ ਉਹ ਇਸ ਸਬਰ ਦੇ ਇਮਤੇਹਾਨ ਵਰਗੇ ਪੇਸ਼ੇ ਨੂੰ ਛੱਡ ਸੌਖਾ ਤੇ ਮੁਨਾਫ਼ਾ ਦੇਣ ਵਾਲਾ ਕਾਰੋਬਾਰ ਕਰਨਾ ਚਾਹੁੰਦਾ ਸੀ।[4]

> ਹਸਨ ਅਲੀ ਦੇ ਸੁਪਨੇ ਸੌਖੇ ਰਾਹ ਤੁਰਨ ਦੇ ਸਨ। ਉਸ ਆਪਣੇ ਸੁਪਨਿਆਂ ਦੀ ਪੂਰਤੀ ਲਈ ਪਹਿਲਾਂ ਘਰ ਬਾਰ, ਜ਼ਮੀਨ ਤੇ ਫਿਰ ਕਾਰੋਬਾਰ ਵੰਡਿਆ।[5]

ਉਦਯੋਗੀਕਰਨ ਨੇ ਦਸਤਕਾਰੀ ਦੇ ਕਿੱਤੇ ਅੱਗੇ ਕਈ ਨਵੀਆਂ ਚੁਣੌਤੀਆਂ ਪੈਦਾ ਕੀਤੀਆਂ ਹਨ। ਮਸ਼ੀਨਾਂ ਰਾਹੀਂ ਤਿਆਰ ਕੀਤਾ ਗਿਆ ਮਾਲ ਘੱਟ ਕੀਮਤਾਂ ਉੱਤੇ ਬਾਜ਼ਾਰਾਂ ਵਿਚ ਵੱਧ ਵਿਕਦਾ ਹੈ ਜਿਸ ਕਾਰਨ ਦਸਤਕਾਰੀ ਦੇ ਕਿੱਤੇ ਵਿਚ ਦਿਨ-ਪ੍ਰਤੀ-ਦਿਨ ਗਿਰਾਵਟ ਪੈਦਾ ਹੋ ਰਹੀ ਹੈ। ਨਾਵਲ ਵਿਚ ਮੁਸਤਫ਼ਾ ਪੜ੍ਹਿਆ ਲਿਖਿਆ ਅਤੇ ਸੂਝਵਾਨ ਪਾਤਰ ਹੈ ਜੋ ਇਸ ਸਮੱਸਿਆ ਨੂੰ ਭਲੀਭਾਂਤ ਮਹਿਸੂਸ ਕਰਦਾ ਹੈ ਕਿ ਆਰਥਿਕ ਮੰਦਹਾਲੀ ਕਾਰਨ ਲੋਕ ਕਾਨੀਸ਼ਾਲ ਦੇ ਹੁਨਰ ਤੋਂ ਪਾਸਾ ਵੱਟਦੇ ਜਾ ਰਹੇ ਹਨ। ਨਵੇਂ ਪੂੰਜੀਵਾਦੀ ਜਾਗ੍ਰਿਤੀ ਯੁੱਗ ਵਿੱਚ ਮੁਸਤਫ਼ਾ ਇਸ ਹੁਨਰ ਦਾ ਪੁਨਰ ਰੂਪਾਂਤਰਨ ਨਵੇਂ ਰੁਜ਼ਗਾਰ ਦੇ ਰੂਪ ਵਿਚ ਕਰਦਾ ਹੈ। ਉਹ ਆਪਣੀ ਸੂਝ ਅਤੇ ਸਰਕਾਰੀ ਅਧਿਕਾਰੀ ਅਸਦੁਲਾ ਦੀ ਮਦਦ ਨਾਲ ਸਰਕਾਰੀ ਕਰਜ਼ੇ ਉੱਪਰ ਪਿੰਡ ਵਿਚ ਕਾਨੀਸ਼ਾਲ ਦਾ ਕਾਰਖ਼ਾਨਾ ਖੋਲ੍ਹਦਾ ਹੈ। ਇਸ ਕਾਰਖ਼ਾਨੇ ਦੇ ਖੁੱਲ੍ਹਣ ਨਾਲ ਪਿੰਡ ਦੇ ਸਾਰੇ ਕਾਨੀਕਾਰਾਂ ਅਤੇ ਇਸ ਕਿੱਤੇ ਨਾਲ ਜੁੜੇ ਦਸਤਕਾਰਾਂ ਨੂੰ ਰੁਜ਼ਗਾਰ ਮਿਲਦਾ ਹੈ। ਮੁਸਤਫ਼ਾ ਆਪ ਦੁਕਾਨਦਾਰਾਂ ਨੂੰ ਜਾ ਕੇ ਆਪਣੀ ਸ਼ਾਲ ਚੰਗੇ ਭਾਅ ਉੱਤੇ ਵੇਚਦਾ ਹੈ ਜਿਸ ਕਾਰਨ ਉਸ ਦਾ ਕਾਰੋਬਾਰ ਛੇਤੀ ਬੁਲੰਦੀਆਂ ਨੂੰ ਛੋਂਹਦਾ ਹੈ। ਇਸ ਨਾਲ ਕਾਰੀਗਰਾਂ ਦੀ ਆਰਥਿਕ ਹਾਲਤ ਸਥਿਰ ਹੁੰਦੀ ਹੈ ਅਤੇ ਉਹ ਕਿਰਤ ਦੀ ਲੁੱਟ ਤੋਂ ਵੀ ਬੱਚਦੇ ਹਨ। ਇਸ ਕਾਰਖ਼ਾਨੇ ਤੋਂ ਪਹਿਲਾਂ ਇਕ ਸਾਲ ਭਰ ਦੀ ਕਰੜੀ ਮਿਹਨਤ ਤੋਂ ਪਿਛੋਂ ਉਹਨਾਂ ਦੀ ਕਾਨੀਸ਼ਾਲ ਦੀ ਕਦਰ ਕੇਵਲ ਚਾਰ ਤੋਂ ਪੰਜ ਹਜ਼ਾਰ ਪੈਂਦੀ ਸੀ ਜੋ ਅੱਗੇ ਜਾ ਕੇ 50 ਹਜ਼ਾਰ ਤੱਕ ਦੀ ਵਿਕਦੀ ਸੀ। ਨਾਵਲ ਵਿਚ ਮੁਸਤਫ਼ਾ ਆਸ਼ਾਵਾਦੀ ਸ਼ਬਦਾਂ ਰਾਹੀਂ ਕਿਰਤ ਦੀ ਹੋ ਰਹੀ ਲੁੱਟ ਬਾਰੇ ਜਾਗਰੂਕ ਕਰਕੇ ਪਿੰਡ ਦੇ ਵਸਨੀਕਾਂ ਵਿਚ ਨਵੀਂ ਚੇਤਨਾ ਭਰਦਾ ਹੈ:

> ਇਥੇ ਇਕ ਸ਼ਾਲ ਨੂੰ ਬੁਣਨ ਵਿਚ ਕੀਤੀ ਗਈ ਸਾਲ ਡੇਢ ਸਾਲ ਦੀ ਮਿਹਨਤ ਦਾ ਮੁੱਲ ਕੇਵਲ ਚਾਰ ਜਾਂ ਪੰਜ ਹਜ਼ਾਰ ਪੈਂਦਾ ਹੈ। ਜਦਕਿ ਉਸੇ ਸ਼ਾਲ ਨੂੰ ਇਹ ਵੱਡੇ ਵਪਾਰੀ ਪੰਜਾਹ ਹਜ਼ਾਰ ਤੋਂ ਲੈ ਕੇ ਇਕ ਜਾਂ ਡੇਢ ਲੱਖ ਤਕ ਵੇਚਦੇ ਹਨ। ਇਹ ਸਾਡੀ ਮਿਹਨਤ ਦਾ ਸ਼ੋਸ਼ਣ ਹੈ, ਜਿਸ ਦੇ ਖ਼ਿਲਾਫ਼ ਖੜੇ ਹੋ ਕੇ ਹੁਣ ਅਸੀਂ ਆਪਣੀ ਮਿਹਨਤ ਦਾ ਜਾਇਜ਼ ਇਵਜ਼ਾਨਾ ਮੰਗਣ ਦਾ ਹੱਕ ਰੱਖਦੇ ਹਾਂ।[6]

ਇਸ ਨਾਵਲ ਵਿਚ ਵਿਉਪਾਰੀ ਵਰਗ ਦੇ ਭ੍ਰਿਸ਼ਟ ਕਿਰਦਾਰ ਨੂੰ ਵੀ ਨਸ਼ਰ ਕੀਤਾ ਗਿਆ ਹੈ। ਮੰਡੀ ਦੇ ਇਸ ਦੌਰ ਵਿਚ ਇਕ ਵਿਉਪਾਰੀ ਮੁਨਾਫ਼ੇ ਖ਼ਾਤਿਰ ਦੂਜੇ ਵਿਉਪਾਰੀ ਨੂੰ ਥੱਲੇ ਖਿੱਚਣ ਦੀ ਹਰ ਹੀਲੇ ਕੋਸ਼ਿਸ਼ ਕਰਦਾ ਹੈ। ਮੁਨਾਫ਼ਾਖ਼ੋਰੀ ਦੀ ਭੁੱਖ ਨੇ ਬਾਜ਼ਾਰ ਵਿਚ ਵਿਉਪਾਰਕ ਮੁਕਾਬਲੇ ਨੂੰ ਹੋਰ ਵਧਾ ਦਿੱਤਾ ਹੈ। ਕਾਨੀਗਾਮ ਪਿੰਡ ਵਿਚ ਨਵਾਂ ਕਾਰਖ਼ਾਨਾ ਖੁੱਲ੍ਹਣ ਦੀ ਖ਼ਬਰ ਸੁਣ ਕੇ ਹਸਨ ਅਲੀ ਦੇ ਪੁੱਤਰ ਕਾਦਰਾ ਅਤੇ ਰਸ਼ੀਦਾ ਈਰਖਾ ਮਹਿਸੂਸ ਕਰਦੇ ਹਨ ਅਤੇ ਆਪਣੇ ਚਾਚੇ ਦੇ ਪੁੱਤਰ ਮੁਸਤਫ਼ੇ ਦੇ ਰਾਹ ਵਿਚ ਔਕੜਾਂ ਪੈਦਾ ਕਰਨ ਦੀਆਂ ਵਿਉਂਤਾਂ ਰਚਦੇ ਹਨ। ਇਸੇ ਮੰਡੀਵਾਦ ਅਤੇ ਮੁਕਾਬਲੇ ਦੀ ਸਥਿਤੀ ਨੇ ਬਾਜ਼ਾਰ ਵਿਚ ਜਾਅਲੀ ਮਾਲ ਪਰੋਸਿਆ ਹੈ ਜਿਸ ਨੂੰ ਸਸਤੇ ਭਾਅ ਵੇਚ ਕੇ ਲੋਕਾਂ ਨੂੰ ਭਰਮਾਇਆ ਜਾ ਰਿਹਾ ਹੈ। ਰਸ਼ੀਦਾ ਅਤੇ ਕਾਦਰਾ ਚਲਾਕ ਵਿਉਪਾਰੀ ਜਮਾਲ ਜੱਲਾ ਨਾਲ ਮਿਲ ਕੇ ਕਾਨੀਸ਼ਾਲ ਦੀ ਮਸ਼ੀਨੀ ਨਕਲ ਨੂੰ ਅਸਲੀ

ਕਾਨੀਸ਼ਾਲ ਦੇ ਨਾਮ ਉੱਤੇ ਵੇਚਣ ਦੀ ਸਲਾਹ ਬਣਾਉਂਦੇ ਹਨ ਤਾਂ ਜੋ ਮੁਸਤਫ਼ੇ ਦਾ ਨੁਕਸਾਨ ਕਰਕੇ ਆਪ ਵੱਧ ਤੋਂ ਵੱਧ ਮੁਨਾਫ਼ਾ ਖੱਟ ਸਕਣ:

> ਜਮਾਲ ਜੱਲਾ ਜਿੰਨਾ ਚਲਾਕ ਵਪਾਰੀ ਸੀ ਓਨਾ ਭਾਵੇਂ ਕਾਦਰਾ ਨਹੀਂ ਸੀ। ਪਰ ਉਹ ਵੀ ਘਟੀਆ ਕੁਆਲਿਟੀ ਦੇ ਕਾਲੀਨ ਕਸ਼ਮੀਰ ਹੈਂਡੀਕ੍ਰਾਫਟ ਦੇ ਬ੍ਰਾਂਡ ਹੇਠ ਵੱਡੇ ਵੱਡੇ ਸ਼ਹਿਰਾਂ ਵਿਚ ਵੇਚ ਕੇ ਪੈਸਿਆਂ ਦੀ ਵਾਢੀ ਕਰਦਾ। ਹੁਣ ਤਾਂ ਰਸ਼ੀਦਾ ਵੀ ਚੁਸਤ ਚਲਾਕ ਤੇ ਘਾਗ ਵਪਾਰੀ ਬਣ ਚੁੱਕਾ ਸੀ। ਇਹਨਾਂ ਤਿੰਨਾਂ ਦੀ ਤਿਕੜੀ ਹਰ ਵੇਲੇ ਕਿਸੇ ਚੜ੍ਹਦੇ ਵਪਾਰੀ ਦੀ ਲੱਤ ਖਿੱਚ ਉਸ ਨੂੰ ਹੇਠਾਂ ਡਿਗਾ ਕੇ ਆਪ ਉਸ ਤੋਂ ਅੱਗੇ ਨਿਕਲਣ ਲਈ ਮਾਰੋਮਾਰ ਕਰਦੀ ਰਹਿੰਦੀ।... "ਅਸੀਂ ਨਕਲੀ ਕਾਨੀਸ਼ਾਲ ਤਿਆਰ ਕਰਕੇ ਅਸਲੀ ਦੇ ਨਾਂ 'ਤੇ ਵੇਚਾਂਗੇ ਤੇ ਖ਼ੂਬ ਕਮਾਈ ਕਰਾਂਗੇ। ਕਿਸੇ ਨੂੰ ਪਤਾ ਵੀ ਨਹੀਂ ਚੱਲੇਗਾ ਕਿ ਅਸਲੀ ਕੀ ਹੈ ਤੇ ਨਕਲੀ ਕੀ।"[7]

ਇਸੇ ਤਰ੍ਹਾਂ ਪਦਾਰਥਵਾਦੀ-ਮੁਨਾਫ਼ਾਖੋਰੀ ਭਾਵਨਾ ਹੇਠ ਕਾਦਰਾ ਘਟੀਆ ਕੁਆਲਿਟੀ ਦੇ ਕਾਲੀਨ ਸ਼ਹਿਰ ਵਿਚ ਮਹਿੰਗੇ ਭਾਅ 'ਕਸ਼ਮੀਰ ਹੈਂਡੀਕ੍ਰਾਫ਼ਟ' ਦੇ ਬ੍ਰਾਂਡ ਹੇਠ ਵੇਚਦਾ ਹੈ। ਅਜਿਹੇ ਵਿਉਪਾਰੀਆਂ ਵਲੋਂ 'ਕਸ਼ਮੀਰੀ' ਬ੍ਰਾਂਡ ਦੇ ਨਾਮ ਉੱਤੇ ਬਾਜ਼ਾਰ ਵਿਚ ਨਕਲੀ ਮਾਲ ਪਰੋਸ ਕੇ ਕਸ਼ਮੀਰ ਦੀ ਵਿਰਾਸਤੀ ਹਸਤ ਕਲਾ ਦੀ ਅਹਿਮੀਅਤ ਅਤੇ ਦਸਤਕਾਰੀ ਦੇ ਰੁਜ਼ਗਾਰ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਨਾਵਲ ਵਿਚ ਪ੍ਰਸਤੁਤ ਅਜਿਹੇ ਵੇਰਵੇ ਬੇਲੋੜੀਆਂ ਇੱਛਾਵਾਂ ਲਈ ਮਨੁੱਖ ਦੇ ਕਿਰਦਾਰ ਵਿਚ ਪੈਦਾ ਹੋਈ ਨੈਤਿਕ ਗਿਰਾਵਟ ਅਤੇ ਸਵੈ-ਕੇਂਦਰਿਤ ਮਾਨਸਿਕਤਾ ਦੀ ਗਵਾਹੀ ਭਰਦੇ ਹਨ। ਪੂੰਜੀਵਾਦ ਨੇ ਜਿਸ ਕਦਰ ਪੈਸੇ ਨੂੰ ਮਨੁੱਖੀ ਜ਼ਿੰਦਗੀ ਦਾ ਮੁੱਖ ਮਕਸਦ ਬਣਾ ਦਿੱਤਾ ਹੈ ਉਸੇ ਤਰ੍ਹਾਂ ਲੋਕਾਂ ਦੀ ਤਬੀਅਤ ਵਿਚ ਝੂਠ, ਫਰੇਬ, ਧੋਖਾ, ਬੇਈਮਾਨੀ, ਵਧਦੇ ਸੁਆਰਥ ਨਾਲ ਵੱਧ ਗਈ ਹੈ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ "ਕਲਾ ਦੀ ਸਰਪ੍ਰਸਤੀ ਤੋਂ ਵਾਂਞਿਆਂ ਹੋ ਕੇ ਅਤੇ ਮਸ਼ੀਨ ਨਾਲ ਇਨਸਾਨ ਮੁਕਾਬਲੇ ਵਿਚ ਆ ਕੇ ਕਲਾਕਾਰ, ਹੁਨਰ ਹੌਲੀ ਹੌਲੀ ਇਥੋਂ ਤਕ ਤਬਾਹ ਹੋ ਗਏ ਨੇ ਕਿ ਉਹ ਖ਼ਤਮ ਹੀ ਹੋ ਗਏ ਹਨ। ਮਸ਼ੀਨ ਰਾਹੀਂ ਤਿਆਰ ਕੀਤੀਆਂ ਗਈਆਂ ਵਸਤੂਆਂ ਹੌਲੇ ਹੌਲੇ ਦਸਤਕਾਰਾਂ ਰਾਹੀਂ ਘਟਾਈਆਂ ਗਈਆਂ ਵਸਤੂਆਂ ਦੀ ਥਾਂ ਲੈ ਰਹੀਆਂ ਹਨ।"[8]

ਮੰਡੀ ਅਤੇ ਮੁਨਾਫ਼ੇ ਦਾ ਇਕ ਨਿਯਮ ਲੋਕਾਂ ਨੂੰ ਭਰਮਾਉਣਾ ਹੈ। ਮੰਡੀਕਰਨ ਅਤੇ ਬਜ਼ਾਰੀਕਰਨ ਦੇ ਭਿਆਨਕ ਸਰੂਪ ਅਧੀਨ ਮੁਕਾਬਲੇ ਦੀ ਦੌੜ ਵਿਚ ਉਹੀ ਮੁਨਾਫ਼ਾ ਖੱਟ ਸਕਦਾ ਹੈ ਜੋ ਸਮੇਂ ਦੀਆਂ ਬਜ਼ਾਰੂ ਕੀਮਤਾਂ ਨੂੰ ਸਮਝ ਕੇ ਆਪਣੇ ਆਪ ਨੂੰ ਢਾਲਦਾ ਹੈ। ਇਹ ਵਿਸ਼ਵੀਕਰਨ ਦੀ ਸਾਜਿਸ਼ ਹੈ ਜੋ ਘੱਟ ਕੀਮਤਾਂ ਉੱਤੇ ਮਸ਼ੀਨੀ ਮਾਲ ਲੋਕਾਂ ਨੂੰ ਮੁਹੱਈਆ ਕਰਵਾ ਕੇ ਛੋਟੇ ਵਿਉਪਾਰੀ, ਲਘੂ ਉਦਯੋਗ ਅਤੇ ਦਸਤਕਾਰੀ ਦੇ ਕਿੱਤੇ ਨੂੰ ਨਸ਼ਟ ਕਰ ਰਿਹਾ ਹੈ। ਬਜ਼ਾਰ ਵਿਚ ਨਕਲੀ ਕਾਨੀਸ਼ਾਲ ਆ ਜਾਣ ਕਾਰਨ ਮੁਸਤਫ਼ਾ ਦੇ ਕਾਰੋਬਾਰ ਵਿਚ ਗਿਰਾਵਟ ਆਉਣੀ ਸ਼ੁਰੂ ਹੋ ਜਾਂਦੀ ਹੈ। ਇਸ ਤਰ੍ਹਾਂ ਲੋਕਾਂ ਦੀ ਮਿਹਨਤ ਅਤੇ ਕਲਾ ਦਾ ਦੁਰਉਪਯੋਗ ਹੁੰਦਾ ਹੈ:

> "ਅੱਜ ਕਲ੍ਹ ਬਜ਼ਾਰੀਕਰਨ ਤੇ ਵਿਸ਼ਵੀਕਰਨ ਦੋ ਅਜਿਹੇ ਹਊਏ ਇਨ੍ਹਾਂ ਸ਼ਾਤਿਰ ਲੋਕਾਂ ਨੇ ਭੋਲੇ ਭਾਲੇ ਲੋਕਾਂ ਦੇ ਮਨਾਂ ਵਿਚ ਬਿਠਾ ਦਿੱਤੇ ਹਨ ਕਿ ਉਹ ਇਨ੍ਹਾਂ ਭਬੰਲ-ਭੂਸਿਆਂ ਦੇ ਬੋਝ ਹੇਠ ਦਬੇ ਬਜ਼ਾਰ ਦੀਆਂ ਸਾਜਿਸ਼ਾਂ ਨੂੰ ਸਮਝ ਨਹੀਂ ਪਾ ਰਹੇ। ਕੋਈ

ਨਹੀਂ ਸੋਚ ਰਿਹਾ ਕਿ ਅਸਲ ਗੇਮ ਤਾਂ ਕੋਈ ਹੋਰ ਖੇਡ ਰਿਹਾ ਹੈ। ਉਹਨਾਂ ਦੀ ਅਸਲੀਅਤਾਂ ਉੱਤੇ ਪਰਦਾ ਪਾਉਣ ਲਈ ਹੀ ਇਹ ਨਿੱਤ ਨਵੀਆਂ ਮਿੱਥਾਂ ਘੜੀਆਂ ਜਾ ਰਹੀਆਂ ਹਨ ਲੋਕਾਂ ਨੂੰ ਉਲਝਾ ਕੇ ਰੱਖਣ ਲਈ, ਹੋਰ ਕੁਝ ਨਹੀਂ।"[9]

ਵਿਸ਼ਵੀਕਰਨ ਦਾ ਇਕ ਹੋਰ ਦੁਰਪ੍ਰਭਾਵ ਹਸਤ ਕਲਾ (ਦਸਤਕਾਰੀ) ਉੱਪਰ ਇਹ ਪਿਆ ਹੈ ਕਿ ਘੱਟ ਸਮੇਂ ਵਿਚ ਵੱਧ ਪੂੰਜੀ ਕਮਾਉਣ ਦੀ ਲਾਲਸਾ ਵਿਉਪਾਰੀ ਤਬਕੇ ਵਿਚ ਹੀ ਨਹੀਂ ਕਾਰੀਗਰਾਂ ਵਿਚ ਵੀ ਪੈਦਾ ਹੋਈ ਹੈ। ਇਸ ਦੀ ਪ੍ਰਮੁੱਖ ਮਿਸਾਲ ਪਾਸ਼ਾ ਦਾ ਪਿਤਾ ਗੁਲਫ਼ਾਮ ਹੈ ਜੋ ਮੁਸਤਫ਼ਾ ਲਈ ਰੰਗਸਾਜ਼ੀ ਦਾ ਕੰਮ ਛੱਡ ਕੇ ਮੁਨਾਫ਼ੇ ਖ਼ਾਤਿਰ ਰਸ਼ੀਦੇ ਅਤੇ ਕਾਦਰੇ ਦੀਆਂ ਸਾਜ਼ਿਸ਼ਾਂ ਦਾ ਹਿੱਸਾ ਬਣਦਾ ਹੈ। ਇਸ ਨਵੇਂ ਪੂੰਜੀਵਾਦੀ ਯੁੱਗ ਵਿਚ ਸਵਾਰਥੀ ਅਤੇ ਪੂੰਜੀਵਾਦੀ ਕੀਮਤਾਂ ਦਾ ਹੀ ਬੋਲਬਾਲਾ ਵੱਧ ਰਿਹਾ ਹੈ। "ਇਹ ਅਜੋਕੀਆਂ ਪੈਸਾ-ਕੀਮਤਾਂ ਦੇ ਚੜ੍ਹ ਮੱਚ ਜਾਣ ਅਤੇ ਇਸ ਵਿਚ ਬੰਦੇ ਦੇ ਗੁੰਮ-ਗੁਆਚ ਜਾਣ ਦਾ ਸਮਾਜ ਦੀ ਨਵੀਂ ਤੋਰ ਵਿਚ ਹੱਥੀਂ ਕਿਰਤ ਦੀ ਥਾਂ ਮਸ਼ੀਨ ਜਾਂ ਕਾਰਖਾਨਾ ਆ ਜਾਂਦਾ ਹੈ। ਨਾਲ ਹੀ ਆਪਸੀ ਮੁਕਾਬਲੇਬਾਜ਼ੀ ਈਰਖਾ ਤੇ ਮਾਰ-ਮਰਾਈ ਵਰਗਾ ਅਮਾਨਵੀ ਵਿਹਾਰ ਉਪਜਣ ਲੱਗਦਾ ਹੈ। ਸਾਡੀ ਸਭਿਅਤਾ ਦੀ ਤੋਰ ਬਹੁ ਦਿਸ਼ਾਵੀ ਹੈ। ਕਈ ਚੰਗੇ ਪੱਖ ਅਲੋਪ ਹੋ ਰਹੇ ਹਨ ਤੇ ਮਾੜੇ ਉੱਭਰ ਰਹੇ ਹਨ। ਇਸ ਨਾਵਲ ਵਿਚ ਸਾਨੂੰ ਸਭਿਅਤਾ ਅਤੇ ਸਭਿਆਚਾਰ ਦਾ ਗਤੀਸ਼ੀਲ ਬਿੰਬ ਨਜ਼ਰ ਆਉਂਦਾ ਹੈ।"[10] ਲੋਕ-ਕਲਾ ਕੇਵਲ ਮਸ਼ੀਨੀ ਯੁੱਗ ਕਰਕੇ ਹੀ ਪਤਨ ਵੱਲ ਨਹੀਂ ਜਾਂਦੀ ਬਲਕਿ ਸਮੇਂ ਦੇ ਵਿਗੜੇ ਰਾਜਨੀਤਕ-ਸਮਾਜਕ ਹਾਲਾਤ ਵੀ ਕਲਾ ਉਤੇ ਨਾਕਰਾਤਮਕ ਪ੍ਰਭਾਵ ਪਾਉਂਦੇ ਹਨ। ਨਾਵਲ ਵਿਚ ਕਸ਼ਮੀਰ ਦਾ ਆਤੰਕੀ ਮਾਹੌਲ ਵੀ ਕਾਨੀਸ਼ਾਲ ਦੇ ਨਿਘਾਰ ਦਾ ਕਾਰਨ ਬਣਦਾ ਹੈ।

ਇਹ ਨਾਵਲ ਵਿਉਪਾਰਕ ਕੂਟਨੀਤੀਆਂ ਤਹਿਤ ਰਿਸ਼ਤਿਆਂ ਦੇ ਸਾਜਸ਼ੀ ਰੂਪ ਨੂੰ ਵੀ ਨਸ਼ਰ ਕਰਦਾ ਹੈ। ਪਹਿਲਾਂ ਕਾਦਰਾ ਅਤੇ ਰਸ਼ੀਦਾ ਵਿਉਪਾਰਕ ਲਾਭ ਖ਼ਾਤਿਰ ਮੁਸਤਫ਼ਾ ਨਾਲ ਈਰਖਾ ਕਰਦੇ ਹਨ ਅਤੇ ਬਦਲਾਖ਼ੋਰੀ ਦੀ ਭਾਵਨਾ ਹੇਠ ਮੁਸਤਫ਼ਾ ਦੇ ਪੁੱਤਰ ਦਾਨਿਸ਼ ਨੂੰ ਆਤੰਕੀ ਜਹਾਦ ਵਿਚ ਉਲਝਾ ਕੇ ਮਰਵਾ ਦਿੰਦੇ ਹਨ। ਦੂਜੇ ਪਾਸੇ ਰਸ਼ੀਦਾ ਵੀ ਸੱਪ ਦੀ ਭੂਮਿਕਾ ਨਿਭਾਉਂਦਾ ਕਾਦਰੇ ਨੂੰ ਨਸ਼ੇ ਦੇ ਜ਼ਹਿਰ ਵਿਚ ਡੁਬੋ ਕੇ ਸਾਰਾ ਕਾਰੋਬਾਰ ਆਪ ਸਾਂਭ ਲੈਂਦਾ ਹੈ। ਸੋ ਮਾਇਆ ਦੇ ਪ੍ਰਭਾਵ ਹੇਠ ਭਰਾ ਹੀ ਭਰਾ ਦਾ ਦੁਸ਼ਮਣ ਬਣਿਆ ਨਜ਼ਰ ਆਉਂਦਾ ਹੈ। ਪੂੰਜੀਵਾਦ ਦੇ ਨਸ਼ੇ ਵਿਚ ਚੂਰ ਹੋਏ ਦੋਵੇਂ ਭਰਾ ਆਪਣੇ ਬਿਮਾਰ ਪਿਤਾ ਹਸਨ ਅਲੀ ਦੀ ਹਸਤਪਾਲ ਸਾਰ ਤੱਕ ਨਹੀਂ ਲੈਣ ਜਾਂਦੇ। ਜੇਕਰ ਕਾਦਰਾ ਇਕ ਵਾਰ ਹਸਪਤਾਲ ਜਾਂਦਾ ਵੀ ਹੈ ਤਾਂ ਪਿਤਾ ਦੀ ਮੋਹ ਭਾਵਨਾ ਵੱਸ ਨਹੀਂ ਸਗੋਂ ਜ਼ਬਰਦਸਤੀ ਜਾਇਦਾਦ ਦੇ ਕਾਗਜ਼ਾਂ ਉੱਪਰ ਹਸਨ ਅਲੀ ਦਾ ਅੰਗੂਠਾ ਲਗਾ ਕੇ ਵਾਪਸ ਪਰਤ ਆਉਂਦਾ ਹੈ। ਕਾਨੀਸ਼ਾਲ ਵੀ ਦਸਤਕਾਰੀ ਦੇ ਸੰਕਟ ਦਾ ਖਮਿਆਜ਼ਾ ਮੁਸਤਫ਼ਾ ਅਤੇ ਉਸ ਦੀ ਪ੍ਰੇਮਿਕਾ ਪੋਸ਼ਮਾਲ ਦੇ ਰਿਸ਼ਤੇ ਨੂੰ ਵੀ ਭੁਗਤਣਾ ਪੈਂਦਾ ਹੈ। ਪੋਸ਼ਮਾਲ ਦੀ ਮਾਂ ਸ਼ਾਦਾ ਬਾਨੋ ਜੋ ਰਿਸ਼ਤੇ ਵਿੱਚ ਮੁਸਤਫ਼ਾ ਦੀ ਭੂਆ ਹੈ, ਪਦਾਰਥਕ ਰੁਚੀਆਂ ਤਹਿਤ ਪੋਸ਼ਮਾਲ ਦਾ ਵਿਆਹ ਪੂੰਜੀਹੀਣ ਮੁਸਤਫ਼ਾ ਦੀ ਥਾਂ ਉੱਚ ਵਿਉਪਾਰੀ ਕਾਦਰੇ ਨਾਲ ਕਰ ਦਿੰਦੀ ਹੈ। ਫਿਰ ਕਾਦਰਾ ਈਰਖਾ ਵੱਸ ਤਮਾਮ ਉਮਰ ਪੋਸ਼ਮਾਲ ਨੂੰ ਤਸੀਹੇ ਦਿੰਦਾ ਹੈ। ਹਸਨ ਅਲੀ ਦੀ ਮੌਕਾਪ੍ਰਸਤੀ ਸੁਆਰਥੀ, ਈਰਖਾਲੂ ਬਿਰਤੀ ਉਸ ਦੀਆਂ ਅਗਲੀਆਂ ਪੀੜ੍ਹੀਆਂ (ਕਾਦਰਾ ਅਤੇ ਰਸ਼ੀਦਾ ਅਤੇ

ਕਾਦਰੇ ਦਾ ਪੁੱਤਰ ਰਮਜ਼ਾਨ) ਤੱਕ ਵਿਰਾਸਤੀ ਰੂਪ ਵਿਚ ਪਹੁੰਚਦੀ ਹੈ। ਦੂਜੇ ਪਾਸੇ ਅਕਬਰ ਅਲੀ ਦੀ ਦਾਰਸ਼ਨਿਕ ਸੂਝ, ਸਾਕਾਰਤਮਕ ਨਜ਼ਰੀਆ, ਇਨਸਾਨੀਅਤ ਜਿਹੇ ਲਾਭਕਾਰੀ ਗੁਣ ਮੁਸਤਫ਼ਾ, ਗੁਲਾਲਾ ਅਤੇ ਬੁਲਬੁਲ ਨੂੰ ਵਿਰਾਸਤ ਵਿਚ ਮਿਲਦੇ ਹਨ।

ਹਸਤ ਕਲਾ ਦੇ ਪੱਖ ਤੋਂ ਇਕ ਹੋਰ ਨੁਕਤਾ ਮਹੱਤਵਪੂਰਨ ਹੈ ਕਿ ਉਦਯੋਗਿਕ ਤਕਨੀਕੀ ਕ੍ਰਾਂਤੀ ਸਦਕਾ ਸਮੇਂ ਦੇ ਗੇੜ ਨਾਲ ਕਿਸੇ ਵੀ ਪੁਰਾਤਨ ਕਲਾ ਦਾ ਸਰੂਪ ਵੱਖ-ਵੱਖ ਢੰਗ ਨਾਲ ਬਦਲਦਾ ਰਿਹਾ ਹੈ। ਕਲਾ ਦੇ ਬਦਲਾਵ ਦੀ ਪਿੱਠਭੂਮੀ ਵਿਚ ਵੀ ਪੂੰਜੀਵਾਦੀ ਸਮਾਜਕ-ਆਰਥਕ ਬਣਤਰ ਕਾਰਜਸ਼ੀਲ ਹੈ। ਇਸ ਬਦਲਦੇ ਸਮੇਂ ਨਾਲ ਕਾਨੀਸ਼ਾਲ ਦੇ ਪੁਸ਼ਤਾਨੀ ਸਰੂਪ ਵਿਚ ਰੂਪਾਂਤਰਨ ਵਾਪਰਦਾ ਹੈ। ਕਾਨੀਸ਼ਾਲ ਤੋਂ ਬਿਨ੍ਹਾਂ ਕਾਨੀ ਸੂਟ, ਕਾਨੀ ਸਟੋਲ, ਕਾਨੀ ਫ਼ਿਰਨ ਆਦਿ ਦੇ ਰੂਪ ਸਾਹਮਣੇ ਆਉਂਦੇ ਹਨ।

ਉਪਰੋਕਤ ਵੇਰਵਿਆਂ ਤੋਂ ਇਕ ਗੱਲ ਤਾਂ ਸਪੱਸ਼ਟ ਹੈ ਕਿ ਵਿਸ਼ਵੀਕਰਨ ਅਤੇ ਪੂੰਜੀਵਾਦ ਨੇ ਜੀਵਨ ਵਿਹਾਰ ਤੋਂ ਲੈ ਕੇ ਕਲਾ, ਸਾਹਿਤ, ਰਿਸ਼ਤੇ, ਧਰਮ, ਰਾਜਨੀਤੀ, ਆਰਥਿਕ, ਸਮਾਜ-ਸਭਿਆਚਾਰ ਦੇ ਹਰੇਕ ਪੱਖ ਨੂੰ ਆਪਣੀ ਗਿਰਫ਼ਤ ਵਿਚ ਲਿਆ ਹੈ। ਨਾ ਚਾਹੁੰਦੇ ਹੋਏ ਵੀ ਵਿਅਕਤੀ ਇਹਨਾਂ ਮਾਰੂ ਕੀਮਤਾਂ ਤੋਂ ਬਚ ਨਹੀਂ ਸਕਿਆ। ਇਹ ਨਾਵਲ ਪੂੰਜੀਵਾਦ ਕੀਮਤਾਂ ਤਹਿਤ ਸਵਾਰਥੀ ਮਾਨਵ ਦੀ ਕਹਾਣੀ, ਵਿਉਪਾਰਕ ਪੈਂਤੜੇਬਾਜ਼ੀਆਂ ਅਤੇ ਮਸ਼ੀਨੀਕਰਨ ਦੇ ਫੈਲਾਅ ਕਾਰਨ ਦਸਤਕਾਰੀ ਦੇ ਪੈਦਾ ਹੋਏ ਸੰਕਟ ਦੀ ਦਾਸਤਾਨ ਯਥਾਰਥਕ ਧਰਾਤਲ ਉੱਤੇ ਬਿਆਨ ਕਰਦਾ ਹੈ।

## ਹਵਾਲੇ


1. ਭੀਮ ਇੰਦਰ ਸਿੰਘ, ਵਿਸ਼ਵੀਕਰਨ : ਵਿਸ਼ਲੇਸ਼ਣ ਤੇ ਵਿਵੇਚਨ, ਪੰਨਾ 12.
2. ਸੁਰਿੰਦਰ ਨੀਰ, ਚਸ਼ਮਿ ਬੁਲਬੁਲ, ਪੰਨਾ 8.
3. ਉਹੀ, ਪੰਨਾ 17.
4. ਉਹੀ, ਪੰਨਾ 27.
5. ਉਹੀ, ਪੰਨਾ 29.
6. ਉਹੀ, ਪੰਨਾ 67.
7. ਉਹੀ, ਪੰਨੇ 68-69.
8. ਐਲ.ਆਰ. ਪਰਵਾਨ, ਸ਼ਾਨਤੀ ਸਭਰਵਾਲ (ਅਨੁ), ਕਲਾ ਅਤੇ ਸਮਾਜ, ਪੰਨਾ 257.
9. ਸੁਰਿੰਦਰ ਨੀਰ, ਉਹੀ, ਪੰਨਾ 105.
10. ਡਾ. ਮਹਿਲ ਸਿੰਘ, ਚਸ਼ਮਿ ਬੁਲਬੁਲ : ਨਾਵਲੀ ਬਣਤਰ, ਸੰਵਾਦ, ਅੰਕ 10, ਜੁਲਾਈ-ਦਸੰਬਰ 2019, ਪੰਨਾ 27.

# ਡਾ. ਸੁਨੀਤਾ ਵਸ਼ਿਸ਼ਟ ਦਾ ਮਿਥਹਾਸ ਵੱਲ ਖੁੱਲ੍ਹਦਾ ਖੋਜੀ ਬੂਹਾ: 'ਕ੍ਰਿਸ਼ਨ'

**(ਆਧੁਨਿਕ ਪੰਜਾਬੀ ਕਵੀਆਂ ਦੀ ਨਜ਼ਰ ਵਿੱਚ)**

**-ਜਸਵੀਰ ਰਾਣਾ**

ਡਾ. ਸੁਨੀਤਾ ਵਸ਼ਿਸ਼ਟ ਪੰਜਾਬੀ ਆਲੋਚਨਾ ਦੀ ਸੱਜਰੀ ਪੈੜ ਹੈ। ਉਸਦਾ ਖੋਜ-ਪੰਧ ਵੱਖਰਾ ਹੈ। ਉਸਦੀ ਪਲੇਠੀ ਖੋਜ-ਪੁਸਤਕ 'ਕ੍ਰਿਸ਼ਨ : ਆਧੁਨਿਕ ਪੰਜਾਬੀ ਕਵੀਆਂ ਦੀ ਨਜ਼ਰ ਵਿੱਚ' ਉਸਦੀ ਵੱਖਰੀ ਆਲੋਚਨਾ-ਸ਼ੈਲੀ ਦਾ ਖ਼ੂਬਸੂਰਤ ਪ੍ਰਮਾਣ ਹੈ। ਉਹ ਜਦੋਂ ਬਾਲਵਰੇਸ ਉਮਰ ਵਿੱਚ ਸੀ। ਉਸਦੀ ਸੁਰਤਿ ਵਿੱਚ ਕ੍ਰਿਸ਼ਨ ਦੀ ਸਰਗੁਣੀ ਛਵੀ ਟਿਕ ਜਾਂਦੀ ਹੈ। ਵੱਡੀ ਹੋ ਉਹ ਉਸ ਨਾਲ ਮਨਬਚਨੀ ਦੀ ਵਿਧੀ ਨਾਲ ਲੰਬੇ-ਲੰਬੇ ਸੰਵਾਦ ਰਚਾਉਂਦੀ ਹੈ। ਕ੍ਰਿਸ਼ਨ ਉਸਨੂੰ ਆਪਣਾ ਬਾਲ ਸਖਾ ਲੱਗਦਾ ਹੈ। ਉਸ ਵਿੱਚੋਂ ਪਤੀ, ਭਰਾ ਤੇ ਪ੍ਰੇਮੀ ਦੀ ਝਲਕ ਦਿਖਾਈ ਦਿੰਦੀ ਹੈ। ਡਾ. ਸੁਨੀਤਾ ਦੇ ਸਵੈ-ਕਥਨ ਵਿੱਚ ਦਰਜ ਇਹ ਗੱਲਾਂ ਉਸ ਅੰਦਰਲੇ ਸਿਰਜਕ ਦਾ ਅਵਚੇਤਨ ਫਰੋਲਦੀਆਂ ਹਨ। ਇਹ ਉਹ ਮਾਇਨੇਖੇਜ਼ ਗੱਲਾਂ ਹਨ ਜਿਨ੍ਹਾਂ ਦੀ ਪਿੱਠ-ਭੂਮੀ ਵਿੱਚੋਂ ਕ੍ਰਿਸ਼ਨ ਦਾ ਬਿੰਬ ਉਦੈ ਹੁੰਦਾ ਹੈ। ਜਿਸ ਵਕਤ ਇਹ ਬਿੰਬ ਆਲੋਚਨਾ ਦੀ ਭਾਸ਼ਾ ਵਿੱਚ ਰੂਪਾਂਤਰ ਹੁੰਦਾ ਹੈ। ਇਸ ਦੀਆਂ ਵੱਖ-ਵੱਖ ਕਿਸਮਾਂ ਸਾਡੇ ਰੂ-ਬ-ਰੂ ਹੁੰਦੀਆਂ ਹਨ। ਈਸ਼ਵਰੀ ਬਿੰਬ, ਮਾਨਵੀ ਬਿੰਬ, ਦਾਰਸ਼ਨਿਕ ਬਿੰਬ, ਦ੍ਰਿਸ਼ ਬਿੰਬ, ਨਾਦ ਬਿੰਬ, ਗੰਧ ਬਿੰਬ, ਸਪਰਸ਼ ਬਿੰਬ ਤੇ ਸਵਾਦ ਬਿੰਬ। ਡਾ. ਸੁਨੀਤਾ ਆਪਣੀ ਖੋਜੀ ਦ੍ਰਿਸ਼ਟੀ ਨਾਲ ਹਰ ਕਿਸਮ ਦੇ ਬਿੰਬ ਨੂੰ ਸੌਖੀ ਭਾਸ਼ਾ ਵਿੱਚ ਨਵੇਂ ਸਿਰੇ ਤੋਂ ਪ੍ਰਭਾਸ਼ਿਤ ਕਰਦੀ ਹੈ। ਉਸਦੀ ਨਵ-ਆਲੋਚਨਾ ਪਰਿਭਾਸ਼ਾ ਵਿੱਚ ਕ੍ਰਿਸ਼ਨ ਦੇ 108 ਸਿਫ਼ਤੀ ਨਾਵਾਂ ਦਾ ਮਹਾਤਮ ਹੈ। ਉਹ ਸਿਸ਼ੂਪਾਲ ਦੁਆਰਾ ਦਿੱਤੇ 101 ਦੁਸ਼ਨਾਮਾਂ ਜਾਂ ਗਾਲ੍ਹਾਂ ਨੂੰ ਵੀ ਫੋਕਸ ਵਿੱਚ ਲਿਆਉਂਦੀ ਹੈ। ਇਸ ਤਰ੍ਹਾਂ ਉਹ ਕ੍ਰਿਸ਼ਨ ਲੀਲ੍ਹਾ ਦੇ ਆਰ-ਪਾਰ ਵੇਖਦੀ ਹੋਈ ਉਸਦਾ ਪ੍ਰਮਾਣਿਕ ਬਿੰਬ ਸਥਾਪਿਤ ਕਰਨ ਦੇ ਰਾਹ ਤੁਰਦੀ ਹੈ। ਉਸਦਾ ਖੋਜੀ-ਰਾਹ ਜਿਸ ਦਿਸ਼ਾ ਵੱਲ ਨੂੰ ਜਾਂਦਾ ਹੈ ਉਹ ਇਸ ਪ੍ਰਕਾਰ ਹੈ:-

### 1. ਸਰਵਰਕ ਪੰਨੇ 'ਚੋਂ ਦਿੱਸਦਾ ਕ੍ਰਿਸ਼ਨ :-

ਇੱਕ ਚੰਗੀ ਕਿਤਾਬ ਸਰਵਰਕਪੰਨੇ ਤੋਂ ਹੀ ਲਿਖੀ ਜਾਣੀ ਸ਼ੁਰੂ ਹੋ ਜਾਂਦੀ ਹੈ। ਲਿਖਤਕਾਰ ਇਸ ਨੂੰ ਰੰਗਾਂ ਵਿੱਚ ਡਿਜ਼ਾਇਨ ਕਰਦਾ ਹੈ। ਪੜ੍ਹਨ ਤੋਂ ਪਹਿਲਾਂ ਮੈਂ ਜਦੋਂ ਇਸ ਕਿਤਾਬ ਨੂੰ ਵੇਖਿਆ। ਮੇਰੀ ਨਜ਼ਰ ਸਰਵਰਕ-ਪੰਨੇ ਉੱਪਰ ਜੰਮ ਗਈ। ਸਫ਼ੈਦ ਰੰਗ ਵਿੱਚ ਲਿਖੇ ਸ਼ਬਦ 'ਕ੍ਰਿਸ਼ਨ' ਦੇ ਹੇਠਾਂ 'ਆਧੁਨਿਕ ਪੰਜਾਬੀ ਕਵੀਆਂ ਦੀ ਨਜ਼ਰ ਵਿੱਚ' ਸਤਰ ਲਿਖੀ ਹੋਈ ਹੈ। ਇਹ ਵੀ ਸਫ਼ੈਦ ਰੰਗ ਦੀ ਹੈ। ਇਸ ਸਤਰ ਦੇ ਹੇਠਾਂ ਕ੍ਰਿਸ਼ਨ ਦੀ ਤਸਵੀਰ ਹੈ। ਜਿੱਥੇ ਉਸਦਾ ਬੰਸਰੀ ਵਾਲਾ ਹੱਥ ਹੈ। ਉਸਦੀ ਬਾਂਹ ਦੇਪਿੱਛੇ ਦਿਲ ਹੈ। ਡਾ. ਸੁਨੀਤਾ ਵਸ਼ਿਸ਼ਟ ਦਾ ਨਾਂ ਉਸਦੇ ਦਿਲ ਵਾਲੀ ਥਾਂ ਉੱਪਰ ਲਿਖਿਆ ਹੋਇਆ ਹੈ। ਇਸ ਦਾ ਰੰਗ ਵੀ ਸਫ਼ੈਦ ਹੈ। ਇਸ ਦਾ ਅਰਥ ਹੈ ਕਿ ਕ੍ਰਿਸ਼ਨ ਸ਼ਬਦ ਤੇ ਉਸਦੀ ਤਸਵੀਰ ਵਿਚਕਾਰ 'ਆਧੁਨਿਕ ਪੰਜਾਬੀ ਕਵਿਤਾ' ਹੈ। 108 ਨਾਵਾਂ ਵਾਲੇ ਲੀਲ੍ਹਾ ਪ੍ਰਸ਼ੋਤਮ ਦੇ ਦਿਲ ਉੱਪਰ ਡਾ. ਸੁਨੀਤਾ ਦਾ ਨਾਂ ਲਿਖਿਆ ਹੈ। ਕਿਤਾਬ ਵਿੱਚ ਦਰਜ ਖੋਜ-ਕਾਰਜ

ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਖੋਜੀ ਦੇ ਨਾਂ ਦੀ ਥਾਂ ਇੱਥੇ ਹੀ ਹੈ। ਕਿਉਂਕਿ ਜਿਸ ਉੱਪਰ ਉਸਨੇ ਖੋਜ ਕੀਤੀ ਹੈ ਉਹ ਬਚਪਨ ਤੋਂ ਹੀ 'ਬਾਲ ਸਖਾ' ਬਣ ਉਸਦੇ ਦਿਲ ਵਿੱਚ ਵਸਦਾ ਹੈ। ਜੋ ਦਿਲ ਵਿੱਚ ਵੱਸਦਾ ਹੈ। ਉਹ ਸਾਂਵਰਾ ਜਿਹਾ ਹੁੰਦਾ ਹੈ। ਉਸ ਦੀਆਂ ਅੱਖਾਂ ਵਿੱਚ ਲੀਲ੍ਹਾ ਹੁੰਦੀ ਹੈ। ਉਸਦੇ ਮੁਕਟ ਤੋਂ ਲੈ ਕੇ ਦੂਰ ਤੱਕ ਫੈਲੇ ਔਰੇ ਤੱਕ ਮੋਰ ਪੰਖ ਉੱਡਦੇ ਹਨ। ਉਹ ਬੰਦ ਹੋਠਾਂ ਨਾਲ ਵੀ ਬੰਸਰੀ ਵਜਾ ਲੈਂਦਾ ਹੈ। ਉਸਦੀ ਬੰਸਰੀ ਦੀ ਆਵਾਜ਼ ਸੁਣ ਕੁੱਲ ਸ੍ਰਿਸ਼ਟੀ ਉਸਦੇ ਦੁਆਲੇ ਘੁੰਮਣ ਲੱਗਦੀ ਹੈ। ਆਲਾ-ਦੁਆਲਾ ਸਾਂਵਰਾ ਹੋ ਜਾਂਦਾ ਹੈ। ਸਰਵਰਕ ਪੰਨੇ ਦੀ ਤਸਵੀਰ ਵੇਖਣ ਵਾਲਾ ਮੇਰੇ ਵਾਂਗ ਕ੍ਰਿਸ਼ਨ ਦੀਆਂ ਉਨ੍ਹਾਂ ਅੱਖਾਂ ਵਿੱਚ ਡੁੱਬ ਜਾਂਦਾ ਹੈ, ਜਿਨ੍ਹਾਂ ਵਿੱਚ ਕੁਰਕਸ਼ੇਤਰ ਦਾ ਯੁੱਧ ਵੀ ਚੱਲਦਾ ਹੈ ਤੇ ਗੀਤਾ ਦਾ ਉਚਾਰਨ ਵੀ ਹੁੰਦਾ ਹੈ।

**2. ਖੋਜ-ਕਾਰਜ ਲਈ ਵਿਸ਼ਾ-ਚੋਣ ਦਾ ਮਸਲਾ :-**

ਸਹੀ ਵਿਸ਼ਾ-ਚੋਣ ਸਹੀ ਖੋਜ-ਕਾਰਜ ਵੱਲ ਨੂੰ ਜਾਂਦਾ 'ਸਿੱਧਾ ਰਾਹ' ਹੁੰਦੀ ਹੈ। ਇਸ ਨੁਕਤਾ ਨਿਗਾਹ ਤੋਂ ਇਹ ਕਿਤਾਬ ਵੱਖਰੀ ਖੋਜ ਵੱਲ ਨੂੰ ਜਾਂਦਾ ਸਿੱਧਾ ਰਾਹ ਹੈ। ਇਸ ਰਾਹ ਦੀ ਪਿੱਠ-ਭੂਮੀ ਵਿੱਚ ਡਾ. ਸੁਨੀਤਾ ਵਸ਼ਿਸ਼ਟ ਦਾ ਅਵਚੇਤਨ ਖੜ੍ਹਾ ਹੈ। ਉਸਦੇ ਅਚੇਤ ਮਨ ਵਿੱਚ ਜੋ ਬਹੁਤ ਸਾਰੀਆਂ 'ਕੁਲੈਕਟਿਵ ਚੀਜ਼ਾਂ' ਦਾ ਧਰਾਤਲ ਹੈ, ਉਸ ਵਿੱਚ ਅੱਖਰ ਤੇ ਸ਼ਬਦ ਚੱਲਣ ਵਾਲਾ ਸੰਕਲਪ ਵੀ ਸ਼ਾਮਿਲ ਹੈ। ਉਸ ਨੂੰ ਪਤਾ ਹੈ ਕਿ ਪੰਜਾਬ ਦਾ ਸੱਭਿਆਚਾਰ 'ਸ਼ਬਦ ਸੱਭਿਆਚਾਰ' ਹੈ। ਇਸ ਵਿੱਚ ਸਿਰਫ਼ ਤੀਰ, ਤਲਵਾਰ, ਗੋਲੀ, ਬੰਦੂਕ ਤੇ ਹਥਿਆਰ ਹੀ ਨਹੀਂ ਚੱਲਦਾ। ਅੱਖਰ ਵੀ ਚੱਲਦਾ ਹੈ। ਸ਼ਬਦ ਤੇ ਵਿਚਾਰ ਵੀ ਚੱਲਦਾ ਹੈ। ਉਸਦੀ ਵੀ ਧਾਰ ਤੇ ਮਾਰ ਹੁੰਦੀ ਹੈ। ਇਸ ਲਈ ਅੱਖਰ ਤੇ ਸ਼ਬਦ ਚਲਾਉਣ ਤੋਂ ਪਹਿਲਾਂ ਉਹ ਉਸਦੀ ਚੋਣ ਕਰਦੀ ਹੈ। ਉਸਦੀ ਅੰਤਰ-ਦ੍ਰਿਸ਼ਟੀ ਵਿੱਚ ਵਿਸ਼ਾ-ਚੋਣ ਦਾ ਵਿਸ਼ਾਲ ਭੰਡਾਰ ਸੀ। ਉਸਦੇ ਅੱਗੇ ਅਮੁੱਕ ਵਿਸ਼ਿਆਂ ਦੀ ਲੜੀ ਸੀ। ਜੇਕਰ ਉਹ ਉਸ ਵਿੱਚੋਂ 'ਕ੍ਰਿਸ਼ਨ' ਦੀ ਚੋਣ ਕਰਦੀ ਹੈ। ਇਸ ਦਾ ਕਾਰਨ ਉਸਦੇ ਅਵਚੇਤਨ ਵਿੱਚ ਬਚਪਨ ਤੋਂ ਜੋ 'ਕ੍ਰਿਸ਼ਨ' ਦਾ ਬਿੰਬ ਟਿਕਿਆ ਹੋਇਆ ਸੀ, ਉਹ ਹੈ। ਔਰ ਇਹ ਹੀ ਉਹ ਪੁਖਤਾ ਕਾਰਨ ਹੈ ਜਿਸ ਕਾਰਨ ਡਾ. ਸੁਨੀਤਾ ਦੀ ਖੋਜ ਦਾ ਰਸਤਾ ਦਿਲ ਵਿੱਚੋਂ ਦੀ ਦਿਮਾਗ਼ ਵੱਲ ਨੂੰ ਜਾਂਦਾ ਹੈ। ਇਸ ਦਾ ਸਭ ਤੋਂ ਖ਼ੂਬਸੂਰਤ ਪ੍ਰਭਾਵ ਉਸਦੀ ਖੋਜ-ਸਮੱਗਰੀ ਨੂੰ ਆਲੋਚਨਾਤਮਕ ਭਾਸ਼ਾ ਦੇ ਬੋਝ ਹੇਠੋਂ ਕੱਢ ਕੇ ਉਸ ਨੂੰ ਸਿਰਜਣਾ ਦੀ ਛੋਹ ਬਖਸ਼ਦਾ ਹੈ।

**3. ਮਿਥਹਾਸ ਵੱਲ ਖੁੱਲ੍ਹਦਾ ਬੂਹਾ:-**

ਸਮਕਾਲ ਦਾ ਮਨੁੱਖ ਜਿਸ ਯੁੱਗ ਵਿੱਚ ਰਹਿ ਰਿਹਾ ਹੈ। ਉਹ 'ਡਿਜੀਟਲ ਯੁੱਗ' ਹੈ। ਇਹ ਯੁੱਗ ਕਾਰਪੋਰੇਟ ਸੈਕਟਰ ਦੀ ਪੂੰਜੀਵਾਦੀ ਨੀਅਤ ਅਤੇ ਸਿਸਟਮ ਦੀ ਸੱਤਾ ਭੋਗਣ ਦੀ ਲਾਲਸਾ ਨਾਲ ਜੁੜੀ ਨੀਤੀ ਦਾ ਗੱਠਜੋੜ ਹੈ। ਚੇਤਨਾ ਵਿਰੋਧੀ ਇਸ ਗੱਠਜੋੜ ਨੇ 'ਸਕਰੀਨ ਉੱਪਰ ਦੌੜਦੇ ਮਨੁੱਖ' ਦੀਆਂ ਨਵੀਆਂ ਪੁਸ਼ਤਾਂ ਦੇ ਸਿਲੇਬਸ ਵਿੱਚੋਂ ਇਤਿਹਾਸ-ਮਿਥਹਾਸ ਨੂੰ ਡਿਲੀਟ ਕਰ ਦਿੱਤਾ ਹੈ। ਨਵੀਂ ਪੀੜ੍ਹੀ ਪੁਰਖਿਆਂ, ਗੁਰੂਆਂ, ਦੇਵੀ-ਦੇਵਤਿਆਂ, ਗ੍ਰੰਥਾਂ ਤੇ ਯੋਧਿਆਂ-ਸੂਰਵੀਰਾਂ ਦੀ ਪ੍ਰੰਪਰਾ ਨਾਲੋਂ ਟੁੱਟ ਗਈ ਹੈ। ਉਸਨੇ ਚੇਤਨਾ ਦੇ ਦਸਵੇਂ ਦੁਆਰ ਦਾ ਬੂਹਾ ਬੰਦ ਕਰ ਦਿੱਤਾ ਹੈ। ਡਾ. ਸੁਨੀਤਾ ਦਾ ਖੋਜ ਕਾਰਜ ਇਹ ਬੂਹਾ ਖੋਲ੍ਹਦਾ ਹੈ। ਉਹ ਨਵੀਂ ਪੀੜ੍ਹੀ ਨੂੰ, ਆਪਣੇ ਸਮਕਾਲ ਨੂੰ ਆਧੁਨਿਕ ਕਵਿਤਾ ਦੇ ਸਾਹਮਣੇ ਖੜ੍ਹਾ ਕਰਦੀ ਹੈ। ਉਹ ਆਪਣੀ ਖੋਜੀ-ਦ੍ਰਿਸ਼ਟੀ ਨਾਲ

ਕਾਵਿ ਵਿੱਚੋਂ 'ਕ੍ਰਿਸ਼ਨ ਬਿੰਬ' ਨੂੰ ਅੰਡਰ-ਲਾਈਨ ਕਰਦੀ ਹੈ। ਕਵਿਤਾ ਤੇ ਖੋਜ ਦੀ ਪਗਡੰਡੀ ਉਪਰ ਤੁਰਦਾ ਪੜ੍ਹਤਕਾਰ ਮਾਨਸਿਕ ਤੌਰ 'ਤੇ ਕ੍ਰਿਸ਼ਨ-ਯੁੱਗ ਵਿੱਚ ਜਾ ਪਹੁੰਚਦਾ ਹੈ। ਇਹ ਡਾ. ਸੁਨੀਤਾ ਦੀ ਖੋਜ-ਵਿਧੀ ਦਾ ਸਭ ਤੋਂ ਵੱਡਾ ਕਮਾਲ ਹੈ।

**4. ਸੌਖੀ ਭਾਸ਼ਾ-ਸ਼ੈਲੀ ਵਿੱਚ 'ਕ੍ਰਿਸ਼ਨ ਬਿੰਬ' ਦੀ ਸਥਾਪਨਾ :-**

ਮੈਂ ਜਦੋਂ ਸਕੂਲ-ਕਾਲਜ ਪੜ੍ਹਦਾ ਸੀ। ਪੰਜਾਬੀ ਦੇ ਸਿਲੇਬਸ ਵਿੱਚ ਜਦੋਂ 'ਬਿੰਬ' ਪੜ੍ਹਨ ਦੀ ਵਾਰੀ ਆਉਂਦੀ। ਉਹ ਪੜ੍ਹ ਤਾਂ ਲੈਂਦਾ। ਪਰ ਆਪਣੀ ਔਖੀ ਭਾਸ਼ਾ-ਸ਼ੈਲੀ ਕਾਰਨ ਉਹ ਸਮਝ ਨਹੀਂ ਸੀ ਆਉਂਦਾ। ਜਿਸ ਵਕਤ ਮੈਂ ਡਾ. ਸੁਨੀਤਾ ਵਸ਼ਿਸ਼ਟ ਦੀ ਕਿਤਾਬ ਪੜ੍ਹੀ। ਮੈਨੂੰ ਇਹ ਵੀ ਸਮਝ ਆ ਗਿਆ ਕਿ ਬਿੰਬ ਕੀ ਹੁੰਦਾ ਹੈ। ਉਸਦੀ ਸੌਖੀ ਭਾਸ਼ਾ-ਸ਼ੈਲੀ ਕਾਰਨ ਕਵਿਤਾ ਵਿੱਚੋਂ ਬਿੰਬ ਦੀ ਸ਼ਨਾਖਤ ਕਰਨ ਦੀ ਜਾਂਚ ਵੀ ਆ ਗਈ। ਪੰਜਾਬੀ ਆਲੋਚਨਾ ਦੇ ਸੰਦਰਭ ਵਿੱਚ ਇਹ ਉਹ ਗੱਲ ਹੈ ਜੋ ਪੜ੍ਹਤਕਾਰ ਲਈ ਆਲੋਚਨਾ ਨੂੰ ਔਖਾ ਜਾਂ ਸੌਖਾ ਕਰਦੀ ਹੈ। ਡਾ. ਸੁਨੀਤਾ ਦੀ ਆਲੋਚਨਾ-ਵਿਧੀ ਕਿਸ ਤਰ੍ਹਾਂ ਗੱਲ ਨੂੰ ਸੌਖੀ ਭਾਸ਼ਾ-ਸ਼ੈਲੀ ਵਿੱਚ ਅਨੁਵਾਦ ਕਰਦੀ ਹੈ। ਇਸ ਦੀ ਉਦਾਹਰਨ ਪੰਨਾ ਨੰਬਰ:13 ਉੱਪਰ ਇੱਕ ਸੁਹਾਗ ਵਿੱਚੋਂ ਵੇਖੀ ਜਾ ਸਕਦੀ ਹੈ। ਸੁਹਾਗ ਵਿੱਚ ਲਿਖਿਆ ਹੈ:-

ਬੇਟੀ ਚੰਦਨ ਦੇ ਉਹਲੇ ਉਹਲੇ ਕਿਉਂ ਖੜ੍ਹੀ
ਮੈਂ ਤਾਂ ਖੜ੍ਹੀ ਸਾਂ ਬਾਬਲ ਜੀ ਦੇ ਪਾਸ
ਕਰਾਂ ਅਰਦਾਸ ਬਾਬਲ ਵਰ ਲੋੜੀਏ,
ਜਿਵੇਂ ਤਾਰਿਆਂ 'ਚੋਂ ਚੰਨ, ਚੰਨਾਂ ਵਿੱਚੋਂ ਕਾਨ੍ਹ
ਘਨਈਆ ਵਰ ਲੋੜੀਏ।

ਇਹਨਾਂ ਸਤਰਾਂ ਵਿੱਚ ਚੰਦਨ ਦੇ ਉਹਲੇ ਖੜ੍ਹੀ ਕੁੜੀ ਜਦੋਂ ਬਾਬਲ ਤੇ ਮਨ ਨਾਲ ਗੱਲਾਂ ਕਰਦੀ ਹੈ। ਉਸਦੀ ਅਰਦਾਸ ਵਿੱਚ 'ਘਨਈਆ ਵਰ' ਦਾ ਆਉਣਾ ਦੱਸਦਾ ਹੈ ਕਿ ਇਹ 'ਕ੍ਰਿਸ਼ਨ ਬਿੰਬ' ਹੈ।

**5. 'ਕ੍ਰਿਸ਼ਨ ਬਿੰਬ' ਦੀ ਸ਼ਨਾਖਤ ਤੇ ਸਥਾਪਨਾ ਵਿਧੀ ਦਾ ਮਨੋ-ਵਿਗਿਆਨ:-**

ਡਾ. ਸੁਨੀਤਾ ਵਸ਼ਿਸ਼ਟ ਦੀ ਖੋਜ-ਪੁਸਤਕ ਦਾ ਪੰਨਾ ਨੰਬਰ 11 ਬਹੁਤ ਅਹਿਮ ਹੈ। ਆਦਿਕਾ ਸਿਰਲੇਖ ਹੇਠ ਇਸ ਦਾ ਨਾਂ 'ਬਾਲ ਸਖਾ' ਹੈ। ਡਾ. ਸੁਨੀਤਾ ਇੱਕ ਔਰਤ ਹੈ। ਔਰਤ ਦੀ ਸਹੇਲੀ 'ਸਖੀ' ਹੁੰਦੀ ਹੈ। ਪਰ ਉਹ ਆਪਣੇ ਬਾਲ ਮਨ ਵਿੱਚ 'ਸਖਾ' ਨੂੰ ਪ੍ਰਥਮ ਥਾਂ ਦਿੰਦੀ ਹੈ। ਕ੍ਰਿਸ਼ਨ ਬਾਲਵਰੇਸ ਤੋਂ ਹੀ ਉਸਦੇ ਮਨ ਵਿੱਚ ਆ ਬੈਠਾ ਸੀ। ਬਚਪਨ ਵਿੱਚ ਵੇਖੇ ਚਿੱਤਰਾਂ ਤੇ ਟੀ.ਵੀ. ਸੀਰੀਅਲਾਂ ਰਾਹੀਂ ਉਸਦੇ ਅੰਦਰ ਕ੍ਰਿਸ਼ਨ ਦੀ ਸਰਗੁਣੀ ਛਵੀ ਬਣ ਜਾਂਦੀ ਹੈ। ਜਨਮ ਅਸ਼ਟਮੀ ਦਾ ਤਿਉਹਾਰ ਇਸ ਨੂੰ ਹੋਰ ਵੀ ਗੂੜ੍ਹੀ ਕਰ ਜਾਂਦਾ ਸੀ। ਜਦੋਂ ਕੋਈ ਉਸ ਨਾਲ ਕ੍ਰਿਸ਼ਨ ਬਾਰੇ ਗੱਲਾਂ ਕਰਦਾ। ਉਹ ਆਪਣੇ ਆਪ ਨੂੰ ਖ਼ਾਸ ਮਹਿਸੂਸ ਕਰਦੀ। ਆਪਣੇ ਅੰਦਰਲੇ 'ਖਾਸ' ਬਾਰੇ ਉਹ ਕ੍ਰਿਸ਼ਨ ਨਾਲ ਮਨਬਚਨੀ ਦੀ ਵਿਧੀ ਨਾਲ ਲੰਬੇ-ਲੰਬੇ ਸੰਵਾਦ ਰਚਾਉਂਦੀ। ਇਹ ਗੱਲਾਂ ਸੰਵੇਦਨਾ ਦੇ ਉਹ ਧਰਾਤਲ ਹਨ ਜਿਨ੍ਹਾਂ ਵਿੱਚੋਂ ਡਾ. ਸੁਨੀਤਾ ਦਾ ਸਿਰਜਣੀ ਅਵਚੇਤਨ ਉਦੈ ਹੁੰਦਾ ਹੈ। ਇਸ ਦੀ ਰੌਸ਼ਨੀ ਵਿੱਚ ਉਸ ਨੂੰ ਪਤਾ ਲੱਗਦਾ ਹੈ ਕਿ ਅਸੀਂ ਜੋ ਵੇਖਦੇ ਹਾਂ ਉਹੀ ਦ੍ਰਿਸ਼ ਨਹੀਂ ਹੁੰਦਾ। ਦ੍ਰਿਸ਼ ਨੂੰ ਵੇਖਣ ਵਾਲੀ ਨਜ਼ਰ ਹੀ ਦ੍ਰਿਸ਼ਟੀ ਨਹੀਂ ਹੁੰਦੀ। ਮਨੁੱਖ ਅੰਦਰ ਇੱਕ

ਤੀਸਰੀ ਧਿਰ ਦ੍ਰਸ਼ਟਾ ਵੀ ਹੁੰਦੀ ਹੈ। ਸਾਡੇ ਅੰਦਰ ਬੈਠਾ ਜੋ ਦ੍ਰਿਸ਼ ਤੇ ਦ੍ਰਿਸ਼ਟੀ ਦੋਵਾਂ ਨੂੰ ਵੇਖਦਾ ਹੈ। ਉਹ ਦ੍ਰਸ਼ਟਾ ਹੁੰਦਾ ਹੈ। ਡਾ. ਸੁਨੀਤਾ ਵਸ਼ਿਸ਼ਟ ਆਪਣੀ 'ਅਵਚੇਤਨੀ ਦ੍ਰਸ਼ਟਾ ਸ਼ਕਤੀ' ਨਾਲ ਪੰਜਾਬੀ ਕਵਿਤਾ ਵਿੱਚ ਕ੍ਰਿਸ਼ਨ ਦਾ ਜੋ ਦ੍ਰਿਸ਼ ਅਤੇ ਦ੍ਰਿਸ਼ਟੀ ਵੇਖਦੀ ਹੈ, ਉਹ ਉਸਦੀ ਖੋਜ ਦਾ ਸਭ ਤੋਂ ਖੂਬਸੂਰਤ ਪਛਾਣ-ਚਿੰਨ੍ਹ ਹੈ। ਆਪਣੀ ਗੱਲ ਦੀ ਤਸਦੀਕ ਲਈ ਮੈਂ 'ਕ੍ਰਿਸ਼ਨ ਬਿੰਬ' ਦੀ ਸ਼ਨਾਖਤ ਤੇ ਸਥਾਪਨਾ ਵਿਧੀ ਦੀ ਮਨੋ-ਵਿਗਿਆਨਕ ਪੜ੍ਹਤ ਪੇਸ਼ ਕਰਦਾ ਹਾਂ:-

(ੳ) ਪੜ੍ਹਤ-1. (ਦ੍ਰਿਸ਼ ਬਿੰਬ):- ਡਾ. ਸੁਨੀਤਾ ਆਪਣੀ ਬਾਲਵਰੇਸ ਵਿੱਚ ਕ੍ਰਿਸ਼ਨ ਨੂੰ ਬਾਲ ਸਖਾ ਵਜੋਂ ਵੇਖਦੀ ਹੈ। ਉਸਦਾ ਵੇਖਣਾ ਜੈਂਡਰ-ਫਰੀ ਹੈ। ਉਹ ਸਖਾ ਵਿੱਚੋਂ ਸਖੀ ਅਤੇ ਸਖੀ ਵਿੱਚੋਂ ਸਖਾ ਵੇਖਦੀ ਹੈ। ਜਿਸ ਵਕਤ ਉਹ ਮੰਦਰ ਜਾਂਦੀ ਹੈ। ਅੱਖਾਂ ਬੰਦ ਕਰ ਸੀਸ ਝੁਕਾਉਂਦੀ ਹੈ। ਉਸ ਨੂੰ ਕਿਤਾਬ ਦੇ ਸਰਵਰਕ ਪੰਨੇ 'ਤੇ ਬਣੀ ਕ੍ਰਿਸ਼ਨ ਦੀ ਤਸਵੀਰ ਦਿੱਸਦੀ ਹੈ। ਉਸਦੇ ਮੁਕਟ ਵਿੱਚ ਲੱਗਿਆ ਮੋਰ ਪੰਖ ਦਿੱਸਦਾ ਹੈ। ਜੋ ਉਸ ਨੂੰ ਦਿੱਸਦਾ ਹੈ। ਉਹ ਕਵਿਤਾ ਵਿੱਚ ਦ੍ਰਿਸ਼ ਬਿੰਬ ਬਣ ਉਦੈ ਹੁੰਦਾ ਹੈ:-

ਓਧਰ ਸਾੜੀ ਨੂੰ ਕਿਸੇ ਨੇ ਹੱਥ ਪਾਇਆ
ਏਧਰ ਦੁਆਰਕਾ ਦੇ ਕਿੰਗਰੇ ਡੋਲ ਉੱਠੇ
ਸ਼ਾਮ ਮੂਰਤੀ ਮੋਰ ਦੇ ਮੁਕਟ ਵਾਲੇ
ਪ੍ਰਭੂ ਹੱਸ ਕੇ ਤਖਤੋਂ ਅਡੋਲ ਉੱਠੇ ।

(ਅ) ਪੜ੍ਹਤ-2. (ਗੰਧ ਬਿੰਬ):- ਡਾ. ਸੁਨੀਤਾ ਦੀ ਸੰਵੇਦਨਾ, ਸ਼ਿੱਦਤ ਤੇ ਅਹਿਸਾਸ ਦੀ ਗਹਿਰਾਈ ਉਸ ਦੀ ਸੂਖਮ ਸੁੰਘਣ ਚੇਤਨਾ ਨਾਲ ਜੁੜੀ ਹੋਈ ਹੈ। ਦੁੱਧ ਭਾਵੇਂ ਕਟੋਰੀ ਵਿੱਚ ਹੈ ਜਾਂ ਮਾਂ ਦੀ ਛਾਤੀ ਵਿੱਚ। ਪਸੀਨਾ ਭਾਵੇਂ ਦੇਹ ਉਪਰ ਹੈ ਜਾਂ ਹੱਥਾਂ ਉੱਪਰ। ਉਸ ਨੂੰ ਹਰ ਥਾਂ ਤੋਂ ਦੁੱਧ ਤੇ ਪਸੀਨੇ ਦੀ ਗੰਧ ਆਉਂਦੀ ਹੈ। ਕਿਉਂਕਿ ਕ੍ਰਿਸ਼ਨ ਦਾ ਸਬੰਧ ਦੁੱਧ-ਮੱਖਣ ਨਾਲ ਵੀ ਸੀ। ਇਸ ਲਈ ਡਾ. ਸੁਨੀਤਾ ਦਾ ਸਵੈ ਦੁੱਧ ਦੀ ਮਹਿਕ ਵਿੱਚ ਵੀ ਘੁਲਿਆ ਹੋਇਆ ਹੈ ਤੇ ਪਸੀਨੇ ਦੀ ਗੰਧ ਵਿੱਚ ਵੀ। ਸੁਖਚੈਨ ਮਿਸਤਰੀ ਦੀ ਕਵਿਤਾ 'ਉਹ ਮੈਂ ਹੀ ਸਾਂ' ਉਸਦੀ ਗੰਧ ਸ਼ਕਤੀ ਦਾ ਅਨੁਵਾਦ ਕਰਦੀ ਹੈ:-

ਆਪਣੇ ਪਸੀਨੇ ਦੀਆਂ ਬੂੰਦਾਂ ਵਿੱਚੋਂ
ਦੁੱਧ ਦੀ ਮਹਿਕ ਨੂੰ ਸੁੰਘਦੇ ਸੁੰਘਾਉਂਦੇ ਹੋਏ
ਮੁਹੱਬਤ ਨਾਲ ਨੱਕੋ ਨੱਕ ਭਰ ਨੱਚਦੇ ਨਚਾਉਂਦੇ ਹੋਏ
ਤੁਸੀਂ ਜਿਸ ਵੀ ਆਦਮੀ ਨੂੰ ਮਿਲੋਗੇ ਉਹ ਮੈਂ ਹੀ ਹੋਵਾਂਗਾ ।

(ੲ) ਪੜ੍ਹਤ-3. (ਨਾਦ ਬਿੰਬ):- ਕ੍ਰਿਸ਼ਨ ਜਦੋਂ ਬੰਸਰੀ ਵਜਾਉਂਦਾ ਸੀ। ਉਸਦੀ ਬੰਸਰੀ ਦੀ ਆਵਾਜ਼ ਸੁਣ ਸਭ ਪੰਛੀ, ਜਾਨਵਰ, ਰੁੱਖ, ਮਨੁੱਖ ਤੇ ਗੋਪੀਆਂ ਅੰਦਰ ਇੱਕ ਨਾਦ ਛਿੜ ਪੈਂਦਾ ਸੀ। ਉਹ ਕ੍ਰਿਸ਼ਨ-ਪ੍ਰੇਮ ਵਿੱਚ ਖੀਵੇ ਹੋ ਝੂਮਣ ਲੱਗਦੇ ਸਨ। ਉਨ੍ਹਾਂ ਦਾ ਝੂਮਰ ਜਿੱਥੇ ਜ਼ਿੰਦਗੀ ਦੇ ਸੱਤ ਰੰਗਾਂ ਦੀ ਬਾਤ ਪਾਉਂਦਾ ਉੱਥੇ ਮੁਹੱਬਤੀ ਰਿਸ਼ਤਿਆਂ ਦੇ ਅੱਠਵੇਂ ਰੰਗ ਦੀ ਤਲਾਸ਼ ਦਾ ਪ੍ਰਵਚਨ ਵੀ ਸਿਰਜਦਾ ਸੀ। ਉਸ ਸਿਰਜਣਾ ਦੇ ਗਰਭ ਵਿੱਚ ਜੋ ਪ੍ਰੇਮ-ਨਾਦ ਉਦੈ ਹੁੰਦਾ ਸੀ। ਡਾ. ਸੁਨੀਤਾ ਉਸਦੀ ਖਾਮੋਸ਼ੀ ਨੂੰ ਜਨਮਾਂ-ਜਨਮਾਂ ਤੋਂ ਸੁਣਦੀ ਆਈ ਹੈ। ਉਸ ਦੀਆਂ ਅੱਖਾਂ ਵਿੱਚ ਬਾਰਿਸ਼ ਦੀ ਰਿਮਝਿਮ ਜਾਂ ਛਮ-ਛਮ ਸੁਣਾਈ ਦਿੰਦੀ ਹੈ। ਉਸਦੇ ਕੰਨਾਂ ਵਿੱਚ ਝੱਖੜ ਭਰੀ ਰਾਤ

ਦੀ ਖਾੜ-ਖਾੜ ਗੂੰਜਦੀ ਹੈ। ਉਸਦੀ ਰੂਹ ਅਤੇ ਦੇਹ ਵਿੱਚ ਹੋਲੀ ਦਾ ਰੰਗ ਨਾਦ ਬਿੰਬ ਬਣ ਛਣਕਦਾ ਹੈ। ਉਸਦੀ ਅਵਚੇਤਨੀ-ਲੀਲ੍ਹਾ ਨੂੰ ਹਰਿੰਦਰ ਪਤੰਗਾ ਦੀ ਕਵਿਤਾ 'ਰਾਧਾ ਤੇ ਘਨੱਈਆ' ਪ੍ਰਗਟ ਕਰਦੀ ਹੈ:-

ਭੱਜ ਕਾਹਨ ਰਾਧਾ ਫੜੀ
ਲਾਲੀ ਚਿਹਰੇ ਉੱਤੇ ਚੜ੍ਹੀ
ਲਾਈ ਪਿਆਰ ਵਾਲੀ ਝੜੀ
ਹਿੱਕ ਲਾਇਕੇ।

(ਸ) ਪੜ੍ਹਤ-4 (ਸਪਰਸ਼ ਬਿੰਬ):- ਜਿਨ੍ਹਾਂ ਵਿਅਕਤੀਆਂ, ਵਸਤੂਆਂ ਤੇ ਵਰਤਾਰਿਆਂ ਦਾ ਰੰਗ-ਰੂਪ ਕ੍ਰਿਸ਼ਨ ਵਰਗਾ ਹੈ। ਡਾ. ਸੁਨੀਤਾ ਜਦੋਂ ਉਨ੍ਹਾਂ ਨੂੰ ਸਪਰਸ਼ ਕਰਦੀ ਹੈ। ਉਸਨੂੰ ਕ੍ਰਿਸ਼ਨ ਨੂੰ ਸਪਰਸ਼ ਕਰ ਲੈਣ ਵਰਗਾ ਅਹਿਸਾਸ ਹੁੰਦਾ ਹੈ। ਉਸਦੀ ਹਰ ਛੋਹ ਵਿੱਚ ਕ੍ਰਿਸ਼ਨ-ਛੋਹ ਹੈ। ਰਾਧਾ ਤੇ ਕ੍ਰਿਸ਼ਨ ਦੀ ਪ੍ਰੇਮ ਛੋਹ ਦਾ ਦ੍ਰਿਸ਼ ਉਸਦੀ ਸਪਰਸ਼ ਗਤੀ ਨੂੰ ਤੇਜ ਕਰਦਾ ਹੈ। ਉਹ ਉਂਗਲਾਂ ਦੇ ਪੋਟਿਆਂ ਨਾਲ ਬੰਸਰੀ ਨੂੰ ਛੋਹ ਲੈਂਦੀ ਹੈ। ਉਸਦੇ ਹੋਂਠ ਮੁਕਟ ਵਿੱਚ ਲੱਗਿਆ ਮੋਰ ਪੰਖ ਚੁੰਮ ਲੈਂਦੇ ਹਨ। ਉਸਦੀ ਸੁਰਤਿ ਵਿੱਚ ਤੈਰਦਾ ਸਪਰਸ਼ ਬਿੰਬ ਸੁਖਪਾਲਵੀਰ ਹਸਰਤ ਦੀ ਕਵਿਤਾ 'ਕਾਹਨ' ਵਿੱਚ ਰੂਪਮਾਨ ਹੁੰਦਾ ਹੈ:-

ਸ਼ੂਕੇ ਜਮਨਾ ਹੁਸਨ ਸਮੇਟੀ
ਕਾਹਨ ਦੇ ਅੰਗ ਮਿਲੇ ਹਰ ਗੋਪੀ
ਚੁੰਮ ਰਿਹਾ ਹੈ ਮਰਦ ਸਲੇਟੀ
ਗੀਤ ਗੋਵਿੰਦ ਵਿੱਚ ਠੀਕ ਹੈ ਲਿਖਿਆ
ਨੇਜਾ ਖੁਭਦਾ ਹਰ ਨਾਰੀ ਵਿੱਚ
ਹਿੱਕ ਉਭਾਰ ਨਾ ਛੋਹ ਕੇ ਰੱਜੇ
ਦੈਵੀ ਮਸਤੀ ਹਰ ਪਿਆਰੀ ਵਿੱਚ ।

(ਹ) ਪੜ੍ਹਤ-5 (ਸਵਾਦ ਬਿੰਬ) :- ਜਿਸ ਨੇ ਕ੍ਰਿਸ਼ਨ ਦਾ ਈਸ਼ਵਰੀ ਸਵਾਦ ਚੱਖ ਲਿਆ ਉਸਦਾ ਨਾਂ ਡਾ. ਸੁਨੀਤਾ ਹੈ। ਉਹ ਕਾਹਨਾ ਦਾ ਮਾਨਵੀ ਸਵਾਦ ਵੀ ਜਾਣਦੀ ਹੈ। ਉਸਦੀ ਚੇਤਨਾ ਦੀ ਪਟੜੀ 'ਤੇ ਬੰਸਰੀ ਵਾਲੇ ਦਾ ਦਾਰਸ਼ਨਿਕ ਸਵਾਦ ਵੀ ਦੌੜਦਾ ਹੈ। ਉਹ ਇਸ ਨੂੰ ਚੱਖਦੀ ਹੈ ਪਰ ਗੂੰਗੇ ਦੇ ਗੁੜ ਖਾਣ ਵਾਂਗ ਦੱਸ ਨਹੀਂ ਸਕਦੀ। ਉਹ ਜੋ ਦੱਸਣਾ ਚਾਹੁੰਦੀ ਹੈ। ਆਧੁਨਿਕ ਪੰਜਾਬੀ ਕਵਿਤਾ ਉਸਦੀ 'ਅਣਕਹੀ ਦੱਸ' ਨੂੰ ਕਾਵਿ-ਬਿੰਬ ਵਿੱਚ ਢਾਲਦੀ ਹੈ। ਡਾ. ਸੁਨੀਤਾ ਜਦੋਂ ਉਹ ਕਵਿਤਾ ਪੜ੍ਹਦੀ ਹੈ। ਉਸਦੇ ਅਵਚੇਤਨ ਵਿੱਚ ਟਿਕਿਆ ਕ੍ਰਿਸ਼ਨ ਦਾ 'ਕੁਲੈਕਟਿਵ ਬਿੰਬ' ਖੋਜ ਕਾਰਜ ਦੀ ਵਸਤੂ ਬਣਨ ਲੱਗਦਾ ਹੈ। ਉਸਦੀ ਖੋਜ-ਬਣਤਰ ਦੇ ਆਰ-ਪਾਰ ਫੈਲੀ ਸੰਤੋਖ ਸਿੰਘ ਸਾਰੰਗ ਦੀ ਕਵਿਤਾ 'ਰਾਧਾ ਦਾ ਪ੍ਰੇਮ ਪੱਤਰ ਸ੍ਰੀ ਕ੍ਰਿਸ਼ਨ ਮਹਾਰਾਜ ਨੂੰ' ਇਸ ਗੱਲ ਦਾ ਸਟੀਕ ਪ੍ਰਮਾਣ ਹੈ:-

ਵਿੰਰਦਾਵਨ ਦੀਆਂ ਜੂਹਾਂ ਭੁੱਲ ਗਇਓਂ
ਜਦ ਗਊਆਂ ਚਾਰਨ ਜਾਂਦਾ ਸੀ
ਸ਼ੌਂਕੀ ਮੈਂ ਦੁੱਧ ਮਲਾਈਆਂ ਦਾ

ਮੱਖਣ ਵੀ ਚੋਰੀ ਖਾਂਦਾ ਸੀ।

**ਨੋਟ**:- ਉਪਰੋਕਤ ਪੰਜ ਪੜ੍ਹਤਾਂ ਉਸ ਅਵਚੇਤਨੀ ਧਰਾਤਲ ਨਾਲ ਸੰਵਾਦ ਰਚਾਉਂਦੀਆਂ ਹਨ, ਜਿਨ੍ਹਾਂ ਉੱਪਰ ਖੜ੍ਹ ਕੇ ਡਾ. ਸੁਨੀਤਾ ਵਸ਼ਿਸ਼ਟ ਆਧੁਨਿਕ ਪੰਜਾਬੀ ਕਵਿਤਾ ਵਿੱਚੋਂ 'ਕ੍ਰਿਸ਼ਨ ਬਿੰਬ' ਦੀ ਸ਼ਨਾਖਤ ਕਰਦੀ ਹੋਈ ਉਸ ਨੂੰ ਆਪਣੀ ਖੋਜ ਵਿੱਚ ਸਥਾਪਿਤ ਕਰਦੀ ਹੈ। ਜਿਸ ਦ੍ਰਿਸ਼ ਨੂੰ ਉਸਨੇ ਦ੍ਰਸ਼ਟਾ ਭਾਵ ਨਾਲ ਵੇਖਿਆ ਹੈ। ਸਪਰਸ਼ ਕੀਤਾ ਹੈ। ਜਿਸਦੀ ਬੰਸਰੀ ਦੀ ਆਵਾਜ਼ ਵਿੱਚੋਂ ਉਸਦੀ ਆਵਾਜ਼ ਸੁਣੀ ਹੈ। ਜਿਸ ਦੀ ਗੰਧ ਨੂੰ ਉਸਨੇ ਸੁੰਘਿਆ ਹੈ। ਜਿਸਦਾ ਸਵਾਦ ਚੱਖ ਕੇ ਉਹ ਨਿਸ਼ਬਦ ਹੋ ਗਈ ਹੈ। ਆਧੁਨਿਕ ਪੰਜਾਬੀ ਕਵਿਤਾ ਉਸ ਕ੍ਰਿਸ਼ਨ ਦੀ ਹੋਂਦ, ਹਸਤੀ ਤੇ ਹੋਣ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪ੍ਰਸਤੁਤ ਕਰਦੀ ਹੈ। ਕਵਿਤਾ ਦਾ ਪ੍ਰਸਤੁਤੀਕਰਨ ਡਾ. ਸੁਨੀਤਾ ਦੇ ਅਵਚੇਤਨ ਦਾ ਰਿਫਲੈਕਸ਼ਨ ਹੈ। ਉਹ 170 ਕਵੀਆਂ ਦੀਆਂ 200 ਕਵਿਤਾਵਾਂ ਦਾ ਜਿਸ ਖੋਜ-ਵਿਧੀ ਤੇ ਭਾਸ਼ਾ ਸ਼ੈਲੀ ਵਿੱਚ ਵਿਸ਼ਲੇਸ਼ਣ ਕਰਦੀ ਹੈ, ਉਹ ਇਸ ਕਿਤਾਬ ਨੂੰ ਰੈਫਰੈਂਸ ਕਿਤਾਬ ਦਾ ਰੁਤਬਾ ਦਿੰਦਾ ਹੈ। 'ਕ੍ਰਿਸ਼ਨ ਬਿੰਬ' ਦੇ ਨੁਕਤਾ ਨਿਗਾਹ ਤੋਂ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਇਹ ਕਿਤਾਬ ਇੱਕ ਨਵਾਂ ਟਰੈਂਡ ਸੈੱਟ ਕਰਦੀ ਹੈ।

### 6. ਪਾਠ ਤੋਂ ਪਹਿਲਾਂ ਪਾਠ ਦੀ ਕੁੰਜੀ ਦੀ ਜੁਗਤ:-

ਇਹ ਕਿਤਾਬ ਸਿਰਫ਼ 'ਕ੍ਰਿਸ਼ਨ ਬਿੰਬ' ਦਾ ਅਨੁਵਾਦ ਨਹੀਂ ਹੈ। ਇਹ ਗੁਰਬਾਣੀ, ਸੂਫ਼ੀ ਸਾਹਿਤ, ਲੋਕਧਾਰਾ, ਸੁਹਾਗ ਤੇ ਕਵਿਤਾ ਤੱਕ ਫੈਲੀ ਹੋਈ ਹੈ। ਪੜ੍ਹਨਕਾਰ ਨੂੰ ਯੁੱਗਾਂ ਦੇ ਆਰ-ਪਾਰ ਦਿਖਾਉਣ ਲਈ ਡਾ. ਸੁਨੀਤਾ ਇੱਕ ਜੁਗਤ ਵਰਤਦੀ ਹੈ। ਉਹ 'ਕ੍ਰਿਸ਼ਨ ਬਿੰਬ' ਦੀ ਸ਼ਨਾਖਤ ਕਰਦੀ ਹੋਈ ਉਸ ਨੂੰ ਮੱਧਕਾਲ ਤੋਂ ਆਧੁਨਿਕ ਕਾਲ ਤੱਕ ਲਿਆਉਂਦੀ ਹੋਈ ਮਿਥਹਾਸ-ਕਾਲ ਨਾਲ ਜੋੜਦੀ ਹੈ। ਹਰ ਪਾਠ ਤੋਂ ਪਹਿਲਾਂ ਉਹ ਬਲੈਕ ਐਂਡ ਵਾਈਟ ਲਕੀਰਾਂ ਦਾ ਇੱਕ ਚਿੱਤਰ ਅੰਕਿਤ ਕਰਦੀ ਹੈ। ਚਿੱਤਰ ਤੋਂ ਬਾਅਦ ਸ਼ਾਇਰੀ ਦੀਆਂ ਕੁਝ ਸਤਰਾਂ ਦਰਜ ਕਰਦੀ ਹੈ। ਇਹ ਉਸਦੀ ਖੋਜ-ਜੁਗਤ ਹੈ। ਇਸ ਦੇ ਅੰਤਰਗਤ ਉਹ ਜੋ ਚਿੱਤਰ ਤੇ ਸ਼ਾਇਰੀ ਦੀਆਂ ਸਤਰਾਂ ਡਿਜ਼ਾਈਨ ਕਰਦੀ ਹੈ, ਉਹ ਦਰਅਸਲ ਹਰ ਪਾਠ ਦੀ ਕੁੰਜੀ ਹਨ। ਉਨ੍ਹਾਂ ਨਾਲ ਪਾਠ ਦਾ ਜਿੰਦਰਾ ਖੁੱਲ੍ਹਦਾ ਹੈ। ਪਾਠ ਡੀ-ਕੋਡ ਹੁੰਦਾ ਹੈ। ਉਹ ਕਵਿਤਾ ਦੇ ਹਵਾਲੇ ਨਾਲ ਪੜ੍ਹਤਕਾਰ ਨੂੰ 'ਕ੍ਰਿਸ਼ਨ ਯੁੱਗ' ਵਿੱਚ ਲੈ ਜਾਂਦੀ ਹੈ। ਇਸ ਕਿਤਾਬ ਦਾ ਪਾਠ ਕਰਦਿਆਂ ਮੈਂ ਕ੍ਰਿਸ਼ਨ ਨੂੰ ਗੋਪੀਆਂ ਨਾਲ ਰਾਸ ਰਚਾਉਂਦੇ ਵੀ ਵੇਖਿਆ ਹੈ। ਯੁੱਧ ਖੇਤਰ ਵਿੱਚ ਸੁਦਰਸ਼ਨ ਚੱਕਰ ਘੁੰਮਦਾ ਵੀ ਵੇਖਿਆ। ਉਸਨੂੰ ਗੀਤਾ ਦਾ ਉਚਾਰਨ ਕਰਦਿਆਂ ਵੀ ਵੇਖਿਆ ਹੈ। ਉਸਦੇ 108 ਸਰਗੁਣੀ ਨਾਵਾਂ ਤੇ 101 ਦੁਸ਼ਨਾਵਾਂ ਦੇ ਸਮਾਨਅੰਤਰ 'ਕ੍ਰਿਸ਼ਨ ਦਾ ਕਾਲਜੀਵੀ ਬਿੰਬ' ਸਥਾਪਿਤ ਕਰਦੀ ਆਧੁਨਿਕ ਪੰਜਾਬੀ ਕਵਿਤਾ ਡਾ. ਸੁਨੀਤਾ ਵਸ਼ਿਸ਼ਟ ਦੀ ਖੋਜ-ਵਸਤੂ ਬਣ ਨਵੇਂ ਸਿਰੇ ਤੋਂ ਪ੍ਰਭਾਸ਼ਿਤ ਹੋਈ ਹੈ।

ਮੇਰੀ ਨਜ਼ਰ ਵਿੱਚ ਇਹ ਖੋਜ ਪੁਸਤਕ ਪੰਜਾਬੀ ਖੋਜ-ਆਲੋਚਨਾ ਦੇ ਨਵੇਂ ਪ੍ਰਵੇਸ਼ ਦੁਆਰ ਖੋਲ੍ਹਦੀ ਹੈ।

# ਪੰਜਾਬੀ ਸਾਹਿਤਕ ਮੁਲਾਕਾਤਾਂ: ਵਿਧਾ ਤੇ ਪ੍ਰਕਾਰਜ

## (ਨਾਰੀ ਲੇਖਕਾਂ ਦੇ ਵਿਸ਼ੇਸ਼ ਪ੍ਰਸੰਗ ਵਿੱਚ)

**- ਡਾ. ਗੁਰਪ੍ਰੀਤ ਕੌਰ ਬਰਾੜ**

ਹਰੇਕ ਲੇਖਕ ਆਪੋ-ਆਪਣੇ ਮੂਡ, ਪ੍ਰਸਥਿਤੀਆਂ, ਚੌਗਿਰਦੇ ਅਤੇ ਨਿਯਮਾਂ ਅਨੁਸਾਰ ਲਿਖਦਾ ਹੈ। ਸਾਹਿਤਕ ਮੁਲਾਕਾਤਾਂ ਕਿਸੇ ਲੇਖਕ ਨਾਲ ਸੰਵਾਦ ਰਚਾ ਕੇ ਉਸ ਦੀ ਰਚਨਾ ਪ੍ਰਕਿਰਿਆ ਤੇ ਸ਼ਖ਼ਸੀਅਤ ਨੂੰ ਜਾਣਨ ਅਤੇ ਸਮਝਣ ਦਾ ਕਲਾਮਈ ਢੰਗ ਹਨ। ਮੁਲਾਕਾਤਾਂ ਵਿੱਚ ਦੋ ਧਿਰਾਂ ਦੇ ਸੰਵਾਦ ਵਿੱਚੋਂ ਉਪਜਿਆ ਚਿੰਤਨ ਆਪਣੇ ਆਪ ਵਿੱਚ ਵਿੱਲਖਣ ਅਤੇ ਵਿਸ਼ੇਸ਼ ਹੈ। John Rodden ਸਾਹਿਤਕ ਮੁਲਾਕਾਤਾਂ ਦੀ ਵਿਸ਼ੇਸ਼ ਪ੍ਰਕਿਰਤੀ ਬਾਰੇ ਲਿਖਦਾ ਹੈ:

> ਸਾਹਿਤਕ ਮੁਲਾਕਾਤ ਨਾ ਤਾਂ 'ਰਚਨਾਤਮਕ' ਅਤੇ ਨਾ ਹੀ 'ਆਲੋਚਨਾਤਮਕ' ਰੂਪ ਹੈ, ਕਿਉਂਕਿ ਇਹ ਸ਼ਬਦ ਰਵਾਇਤੀ ਤੌਰ 'ਤੇ ਵਰਤੇ ਜਾਂਦੇ ਹਨ। ਪਰ ਇੱਕ ਅਜਿਹਾ ਰੂਪ ਹੈ ਜੋ ਇਕ ਮਹੱਤਵਪੂਰਨ ਨਵੀਂ ਕਿਸਮ ਦੇ ਸੰਵਾਦ ਰਾਹੀਂ ਪ੍ਰਫੁੱਲਿਤ ਹੋ ਰਿਹਾ ਹੈ।[1]

ਸਾਹਿਤਕ ਮੁਲਾਕਾਤਾਂ ਦੀ ਵਿਧਾ ਵਿੱਚ ਦੋ ਮਹੱਤਵਪੂਰਨ ਕੜੀਆਂ ਮੁਲਾਕਾਤ ਕਰਤਾ ਅਤੇ ਉੱਤਰਦਾਤਾ ਹਨ ਅਤੇ ਉਹਨਾਂ ਦੀ ਸਾਂਝੀ ਸਿਰਜਣਾ ਹੀ ਇਸਦਾ ਅਧਾਰ ਬਣਦੀ ਹੈ। ਮੁਲਾਕਾਤ ਕਰਤਾ ਉਹ ਮਹੱਤਵਪੂਰਨ ਧਿਰ ਹੈ ਜਿਸ ਨੇ ਸਮੁੱਚੀ ਮੁਲਾਕਾਤ ਵਿੱਚ ਉੱਤਰਦਾਤਾ(ਲੇਖਕ) ਦੀ ਰਚਨਕਾਰੀ ਅਤੇ ਜੀਵਨ ਬਿਰਤਾਂਤ ਦੇ ਅੰਤਰ ਸੰਬੰਧਾਂ ਨੂੰ ਆਪਣੇ ਖਾਸ ਸਵਾਲਾਂ ਦੇ ਹਵਾਲੇ ਨਾਲ ਉਲੀਕਣਾ ਹੁੰਦਾ ਹੈ। ਇਹਨਾਂ ਸਵਾਲਾਂ ਦੇ ਉੱਤਰਦਾਤਾ ਵੱਲੋਂ ਦਿੱਤੇ ਜਵਾਬਾਂ ਨੂੰ ਕਲਮਬੱਧ ਕਰਕੇ ਉਹ ਇਸਨੂੰ ਪਾਠਕਾਂ ਦੇ ਸਨਮੁਖ ਕਰਦਾ ਹੈ। ਅਸਲ ਵਿੱਚ ਊਰਜਾ ਤੇ ਉਤੇਜਨਾ ਭਰਪੂਰ ਮੁਲਾਕਾਤਾਂ ਪਾਠਕ ਅਤੇ ਲੇਖਕ ਵਿਚਕਾਰ ਨੇੜਤਾ ਸਿਰਜਦੀਆਂ ਹਨ। ਲੇਖਕ ਦੀ ਸ਼ਖ਼ਸੀਅਤ ਅਤੇ ਉਸਦੀ ਸਿਰਜਣਾਤਮਕ ਪ੍ਰਤਿਭਾ ਨੂੰ ਪ੍ਰਕਾਸ਼ਮਾਨ ਕਰਨ ਵਿੱਚ ਮੁਲਾਕਾਤ ਕਰਤਾ ਦੀ ਭੂਮਿਕਾ ਸੰਬੰਧੀ John Rodden ਲਿਖਦਾ ਹੈ:

> ਅਸਲੀਅਤ ਇਹ ਹੈ ਕਿ ਮੁਲਾਕਾਤ ਕਰਤਾ (ਇੰਟਰਵਿਊ ਲੈਣ ਵਾਲਾ) ਵੀ Subject"ਹੈ, ਜਿਸਦੀ ਭੂਮਿਕਾ ਨੂੰ ਘੱਟ ਸਮਝ ਕੇ ਭੁੱਲਣਾ ਨਹੀਂ ਚਾਹੀਦਾ। ਮੁਲਾਕਾਤ ਦੀ ਪ੍ਰਕਿਰਿਆ ਵਿੱਚ ਉਸਦੀ ਮੌਜੂਦਗੀ ਪਰਛਾਵੇਂ ਵਾਂਗ ਹੁੰਦੀ ਹੈ ਅਤੇ ਬਹੁਤ ਸਾਰੇ ਪਾਠਕ ਇਸਨੂੰ ਇਸ ਤਰੀਕੇ ਨਾਲ ਹੀ ਤਰਜੀਹ ਦਿੰਦੇ ਹਨ। ਮੁਲਾਕਾਤ ਕਰਤਾ ਭਾਵੇਂ ਅਦਿੱਖ ਹੁੰਦਾ ਹੈ ਪਰ ਉਹ ਸੂਖਮ ਅਤੇ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।2

'ਮੁਲਾਕਾਤ' ਦੀ ਦਿਸ਼ਾ ਨੂੰ ਨਿਰਧਾਰਤ ਕਰਨ ਵਿੱਚ 'ਮੁਲਾਕਾਤ ਕਰਤਾ' ਮੋਹਰੀ ਰੋਲ ਅਦਾ ਕਰਦਾ ਹੈ। ਮੁਲਾਕਾਤ ਦੀ ਪ੍ਰਕਿਰਿਆ ਵਿੱਚ ਮੁਲਾਕਾਤ ਕਰਤਾ ਆਪਣੀ ਡੂੰਘੀ ਸੋਝੀ ਨਾਲ ਉਲੀਕੇ ਸਵਾਲਾਂ ਰਾਹੀਂ ਲੇਖਕ ਦੇ ਅੰਦਰਲੇ ਨੂੰ ਕੁਰੇਦਣ ਦਾ ਕਾਰਗਰ ਯਤਨ ਕਰਦਾ ਹੈ। ਆਪਣੇ ਉਦੇਸ਼ ਵਿੱਚ ਸਪੱਸ਼ਟ ਹੋਣ ਲਈ ਉਸਨੂੰ ਲੇਖਕ ਦੇ ਅਚੇਤ ਮਨ ਨੂੰ ਘੋਖਣ ਲਈ ਮਿਹਨਤ ਤੇ ਸੂਝ ਨਾਲ ਲੇਖਕ ਦੇ ਸਾਹਿਤਕ ਕਾਰਜ ਦਾ ਲੇਖਾ ਜੋਖਾ ਕਰਨਾ ਪੈਂਦਾ ਹੈ। ਪਹਿਲਾਂ ਤੋਂ ਪ੍ਰਾਪਤ ਸਮੁੱਚੀਆਂ ਜਾਣਕਾਰੀਆਂ ਅਤੇ ਹੋਰ ਸਰੋਤਾਂ ਦੇ ਗੰਭੀਰ ਅਧਿਐਨ ਕਰਕੇ ਅਜਿਹੇ ਸਵਾਲ ਉਲੀਕਣੇ ਹੁੰਦੇ ਹਨ ਜੋ ਲੇਖਕ ਦੇ ਨਿੱਜੀ ਜੀਵਨ ਅਤੇ ਰਚਨਾ ਪ੍ਰਕਿਰਿਆ ਦੇ ਅੰਤਰ-

ਸਬੰਧਾਂ ਨੂੰ ਸਮਝਣ ਵਿੱਚ ਸਹਾਈ ਹੋ ਸਕਣ। ਮੁਲਾਕਾਤਾਂ ਦੀ ਬਿਖਮ ਪ੍ਰਕਿਰਿਆ ਸੰਬੰਧੀ ਡਾ. ਰਘਬੀਰ ਸਿੰਘ ਆਪਣੀ ਪੁਸਤਕ 'ਮੁਲਾਕਾਤਾਂ' ਦੀ ਪ੍ਰਵੇਸ਼ਿਕਾ ਵਿੱਚ ਲਿਖਦੇ ਹਨ:

> ਇਹ ਕੋਈ ਸਾਧਾਰਨ ਲਿਖਤ ਨਹੀਂ ਸੀ, ਜਿਸਨੂੰ ਤੁਸੀਂ ਕਿਸੇ ਬਾਹਰੀ ਦਖਲ ਦੇ ਆਭਾਵ ਵਿੱਚ, ਸੌਖਿਆਂ ਹੀ ਆਪਣੇ ਘਰ ਨਿਵੇਕਲੇ ਬਹਿ ਕੇ ਲਿਖ ਸਕਦੇ ਹੋ। ਇਸ ਨਾਲ ਸੰਬੰਧਤ ਲੇਖਕ ਤੱਕ ਪਹੁੰਚਣਾ, ਉਸ ਦੀ ਸਹੂਲਤ ਅਨੁਸਾਰ ਉਸ ਨਾਲ ਮੁਲਾਕਾਤ ਦਾ ਸਮਾਂ ਨਿਸਚਿਤ ਕਰਨਾ, ਗੱਲਬਾਤ ਰੀਕਾਰਡ ਕਰਨਾ, ਉਸ ਗੱਲਬਾਤ ਨੂੰ ਕਾਗ਼ਜ਼ ਉੱਤੇ ਉਤਾਰਨਾ, ਫੇਰ ਉਸ ਦੀ ਕਾਂਟ-ਛਾਂਟ ਅਥਵਾ ਸੰਪਾਦਨ ਕਰਨਾ ਅਤੇ ਇਉਂ ਪੜ੍ਹਨਯੋਗ ਲਿਖਤ ਬਣਾਉਣਾ-ਕਿੰਨੇ ਹੀ ਬਹੁਤ ਜੋਖ਼ਮ ਭਰੇ ਕੰਮ ਸਾਹਮਣੇ ਸਨ। ਅਮਲੀ ਤੌਰ 'ਤੇ ਇਸ ਕੰਮ ਨੂੰ ਹੱਥ ਵਿੱਚ ਲੈਣ ਤੋਂ ਪਹਿਲਾਂ ਹਰ ਸੰਬੰਧਿਤ ਲੇਖਕ ਦੀਆਂ ਲਿਖਤਾਂ ਨੂੰ ਵਾਚਣਾ, ਉਹਨਾਂ ਬਾਰੇ ਹੋਈ ਆਲੋਚਨਾ ਅਤੇ ਪ੍ਰਭਾਵਾਂ ਨੂੰ ਧਿਆਨ-ਗੋਚਰ ਕਰਨਾ ਅਤੇ ਫੇਰ ਸਭ ਤੋਂ ਵੱਧ ਸੰਬੰਧਿਤ ਲੇਖਕ ਦੀ ਨਿੱਜੀ ਸ਼ਖ਼ਸੀਅਤ, ਉਸ ਦੇ ਪਿਛੋਕੜ ਤੇ ਚੌਗਿਰਦੇ ਬਾਰੇ ਜਾਨਣਾ ਜ਼ਰੂਰੀ ਸੀ। ਤਦ ਹੀ ਉਸ ਦੀ ਲਿਖਤ ਅਤੇ ਉਸ ਦੀ ਸ਼ਖ਼ਸੀਅਤ ਦੀਆਂ ਖਾਸੀਅਤਾਂ ਦੇ ਨਾਲ ਨਾਲ ਲੁਕਵੀਆਂ ਪਰਤਾਂ ਉੱਤੇ ਝਾਤ ਪਾਈ ਜਾ ਸਕਦੀ ਸੀ।[3]

ਸਾਹਿਤਕ ਮੁਲਾਕਾਤਾਂ ਦੇ ਇਸ ਅਮਲ ਵਿੱਚ ਵਿਸ਼ੇਸ਼ ਲੇਖਕ ਦੇ ਨਿੱਜ ਅਤੇ ਸਿਰਜਣ ਪ੍ਰਕਿਰਿਆ ਨੂੰ ਪਾਠਕ ਦੇ ਰੂ-ਬ-ਰੂ ਕਰਨ ਲਈ ਮੁਲਾਕਾਤ ਕਰਤਾ ਨੂੰ ਲੰਮੀ ਪ੍ਰਕਿਰਿਆ ਵਿੱਚੋਂ ਲੰਘਣਾ ਪੈਂਦਾ ਹੈ। ਮੁਲਾਕਾਤ ਕਰਤਾ ਬੜੇ ਵਿਲੱਖਣ ਢੰਗ ਨਾਲ ਉੱਤਰਦਾਤਾ(ਲੇਖਕ) ਦੇ ਜੀਵਨ ਦੇ ਅਹਿਮ ਅਤੇ ਸੂਖਮ ਪੱਖਾਂ ਨੂੰ ਰੂਪਮਾਨ ਕਰਦਾ ਹੈ। ਲੇਖਕ ਦੀ ਰਚਨਾ ਪ੍ਰਕਿਰਿਆ ਬਾਰੇ ਜਾਣਕਾਰੀ ਉਸ ਦੇ ਆਪਣੇ ਬੋਲਾਂ ਰਾਹੀਂ ਹੋਣ ਕਰਕੇ ਇਹ ਪਾਠਕ ਲਈ ਵਧੇਰੇ ਪ੍ਰਮਾਣਿਕ ਹੁੰਦੀ ਹੈ। ਸਾਹਿਤਕ ਮੁਲਾਕਾਤਾਂ ਦੀ ਵਿਧਾ ਵਿੱਚ ਮੁਲਾਕਾਤ ਕਰਤਾ ਤੇ ਉੱਤਰਦਾਤਾ ਵਿਚਲੇ ਸੰਵਾਦ ਦਾ ਪਾਠਕ ਤੱਕ ਪਹੁੰਚਣ ਦੀ ਪੂਰੀ ਪ੍ਰਕਿਰਿਆ ਨੂੰ Ted Lyon ਨੇ ਇੰਜ ਬਿਆਨਿਆ ਹੈ:

> ਸਾਹਿਤਕ ਵਿਧਾ ਦੇ ਤੌਰ ਤੇ, ਮੁਲਾਕਾਤ ਉਚਾਰ ਤੋਂ ਸ਼ੁਰੂ ਹੋ ਕੇ ਲਿਖਤ ਪਾਠ ਵਿੱਚ ਤਬਦੀਲ ਹੁੰਦੀ ਹੈ।...ਮੁਲਾਕਾਤ ਦੇ ਪ੍ਰਕਾਸ਼ਿਤ ਹੋਣ ਤੋਂ ਬਾਅਦ ਇਸ ਸੰਵਾਦ ਵਿੱਚ ਤੀਜੀ ਧਿਰ ਪਾਠਕ ਸ਼ਾਮਿਲ ਹੋ ਜਾਂਦੀ ਹੈ। ਇਸ ਸਮੇਂ ਮੁਲਾਕਾਤ ਕਰਤਾ ਤੇ ਉੱਤਰਦਾਤਾ ਇੱਕ ਹਸਤੀ ਬਣ ਜਾਂਦੇ ਹਨ ਅਤੇ ਪਾਠਕ ਉਹਨਾਂ ਦੇ ਸੰਵਾਦ ਨਾਲ ਆਪਣਾ ਸੰਬੰਧ ਸਥਾਪਤ ਕਰਦਾ ਹੈ।[4]

ਪੰਜਾਬੀ ਸਾਹਿਤਕ ਜਗਤ ਵਿੱਚ ਲੇਖਕਾਂ ਨਾਲ ਮੁਲਾਕਾਤਾਂ ਕਰਨ ਦੀ ਰਵਾਇਤ ਆਧੁਨਿਕ ਕਾਲ ਦੀ ਦੇਣ ਹੈ । ਇਹ ਮੁਲਾਕਾਤਾਂ ਸਾਹਿਤਕ ਰਸਾਲਿਆਂ ਅਤੇ ਅਖ਼ਬਾਰਾਂ ਵਿੱਚ ਛਪਣੀਆਂ ਸ਼ੁਰੂ ਹੋਈਆਂ ਸਨ। ਇਤਿਹਾਸਕ ਤੌਰ ਤੇ ਸਾਹਿਤਕ ਮੁਲਾਕਾਤਾਂ ਨੂੰ ਸਾਹਿਤਕ ਰਸਾਲਿਆਂ ਵਿੱਚ ਛਾਪਣ ਦੀ ਪਿਰਤ ਦਾ ਅਧਾਰ The Paris Review[5] ਰਸਾਲੇ ਨੂੰ ਮੰਨਿਆ ਜਾਂਦਾ ਹੈ। ਪੰਜਾਬੀ ਸਾਹਿਤ ਵਿੱਚ ਅੰਮ੍ਰਿਤਾ ਪ੍ਰੀਤਮ ਵੱਲੋਂ ਸ਼ੁਰੂ ਕੀਤੇ ਮਾਸਿਕ ਪੱਤਰ 'ਨਾਗਮਣੀ' ਵਿੱਚ ਪੰਜਾਬੀ ਸਾਹਿਤਕਾਰਾਂ ਨਾਲ ਮੁਲਾਕਾਤਾਂ ਦੀ ਲੰਮੀ ਲੜੀ ਮਿਲਦੀ ਹੈ। ਸਮਕਾਲ ਵਿੱਚ ਇਹਨਾ ਮੁਲਾਕਾਤਾਂ ਦਾ ਵੱਖ-ਵੱਖ ਸਾਹਿਤਕ ਰਸਾਲਿਆਂ ਵਿੱਚ ਛਪਣਾ ਜਾਰੀ ਹੈ।

20ਵੀਂ ਸਦੀ ਦੇ ਨੌਂਵੇਂ ਦਹਾਕੇ ਵਿੱਚ ਸਾਹਿਤਕ ਮੁਲਾਕਾਤਾਂ ਦੀ ਪਹਿਲੀ ਪੁਸਤਕ ਹਰਚੰਦ

ਸਿੰਘ ਬੇਦੀ ਰਚਿਤ 'ਗੁਫ਼ਤਗੂ' ਸਿਰਲੇਖ ਅਧੀਨ ਸਾਲ 1984 ਵਿੱਚ ਛਪਦੀ ਹੈ। ਇਸ ਕਿਤਾਬ ਵਿੱਚ ਛਪੀਆਂ ਸਾਰੀਆਂ ਮੁਲਾਕਾਤਾਂ ਕਿਤਾਬੀ ਰੂਪ ਵਿੱਚ ਆਉਣ ਤੋਂ ਪਹਿਲਾਂ 'ਸੰਪਰਕ' ਮਾਸਿਕ ਪੱਤਰ ਦੇ 'ਆਹਮੋ-ਸਾਹਮਣੇ' ਕਾਲਮ ਵਿੱਚ ਛਪ ਚੁੱਕੀਆਂ ਹਨ। ਨਿਰੋਲ ਪੁਸਤਕ ਰੂਪ ਵਿੱਚ ਇਸ ਵਿਧਾ ਦੀ ਪਹਿਲੀ ਪੁਸਤਕ ਜਸਬੀਰ ਭੁੱਲਰ ਰਚਿਤ 'ਲਿਖਣ ਵੇਲਾ' ਮੰਨੀ ਜਾ ਸਕਦੀ ਹੈ, ਜੋ ਸਾਲ 1994 ਵਿੱਚ ਪ੍ਰਕਾਸ਼ਿਤ ਹੁੰਦੀ ਹੈ। ਇਹ ਪੁਸਤਕ ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਵੱਲੋਂ ਇੱਕ ਵਿਸ਼ੇਸ਼ ਪ੍ਰੋਜੈਕਟ(1991-1994) ਅਧੀਨ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਇਸ ਪ੍ਰੋਜੈਕਟ ਅਧੀਨ ਪੰਜਾਬੀ ਸਾਹਿਤ ਦੇ ਨਾਮਵਰ ਲੇਖਕਾਂ ਨੇ ਮੁਲਾਕਾਤ ਕਰਤਾ ਦੀ ਭੂਮਿਕਾ ਵਿੱਚ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਨਾਲ ਸਬੰਧਿਤ ਲੇਖਕਾਂ ਨਾਲ ਮੁਲਾਕਾਤਾਂ ਨੂੰ ਕਲਮਬੱਧ ਕੀਤਾ ਹੈ।

ਹਥਲਾ ਖੋਜ-ਪੱਤਰ ਪੰਜਾਬੀ ਨਾਰੀ ਲੇਖਕਾਂ ਨਾਲ ਹੋਈਆਂ ਮੁਲਾਕਾਤਾਂ ਤੇ ਕੇਂਦਰਿਤ ਹੈ। ਇਸ ਲਈ ਮੁਲਾਕਾਤਾਂ ਦੇ ਪ੍ਰਕਾਰਜੀ ਮਹੱਤਵ ਨੂੰ ਸਮਝਣ ਤੋਂ ਪਹਿਲਾ ਇਹਨਾਂ ਦੇ ਸੰਖੇਪ ਇਤਿਹਾਸ ਨੂੰ ਚਿਤਰਿਆ ਗਿਆ ਹੈ। ਪੰਜਾਬੀ ਸਾਹਿਤ ਦੀਆਂ ਜਿਹੜੀਆਂ ਪੁਸਤਕਾਂ ਵਿੱਚ ਨਾਰੀ ਲੇਖਕਾਂ ਨਾਲ ਹੋਈਆਂ ਮੁਲਾਕਾਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ, ਉਹਨਾਂ ਦੀ ਗਿਣਤੀ ਤੀਹ(30) ਹੈ। ਇਹ ਪੁਸਤਕਾਂ ਸਾਲ 1984 ਤੋਂ 2020 ਦੌਰਾਨ ਪ੍ਰਕਾਸ਼ਿਤ ਹੁੰਦੀਆਂ ਹਨ। ਇਹਨਾਂ ਪੁਸਤਕਾਂ ਵਿੱਚ ਚੜ੍ਹਦੇ ਪੰਜਾਬ, ਲਹਿੰਦੇ ਪੰਜਾਬ ਅਤੇ ਪਰਵਾਸੀ ਨਾਰੀ ਲੇਖਿਕਾਵਾਂ ਦੀਆਂ ਮੁਲਾਕਾਤਾਂ ਦਰਜ ਹਨ। ਸਾਹਿਤਕ ਮੁਲਾਕਾਤਾਂ ਦੀਆਂ ਵੱਖ-ਵੱਖ ਵੰਨਗੀਆਂ ਵਾਲੀਆਂ ਪੁਸਤਕਾਂ ਹਨ, ਜਿਹਨਾਂ ਨੂੰ ਸਮਝਣਾ/ਪਛਾਨਣਾ ਜ਼ਰੂਰੀ ਹੈ। ਪਹਿਲੀ ਵੰਨਗੀ ਉਹਨਾਂ ਪੁਸਤਕਾਂ ਦੀ ਹੈ ਜਿਸ ਵਿਚਲੀਆਂ ਮੁਲਾਕਾਤਾਂ ਕਿਤਾਬੀ ਰੂਪ ਵਿੱਚ ਆਉਣ ਤੋਂ ਪਹਿਲਾਂ ਵੱਖ-ਵੱਖ ਮੈਗਜ਼ੀਨਾਂ ਵਿੱਚ ਪ੍ਰਕਾਸ਼ਿਤ ਹੋਈਆਂ ਹਨ ਜਿਵੇਂ 'ਗੁਫ਼ਤਗੂ'(ਹਰਚੰਦ ਸਿੰਘ ਬੇਦੀ) ਅਤੇ 'ਸਿਰਜਣਾ ਤੇ ਸੰਵਾਦ'(ਪ੍ਰੀਤਮ ਸਿੰਘ ਕੈਂਬੋ)। ਦੂਜੀ ਵੰਨਗੀ ਦੀਆਂ ਪੁਸਤਕਾਂ ਵਿੱਚ 'ਸਾਹਿਤਕ ਮੁਲਾਕਾਤਾਂ (ਬਲਬੀਰ ਮਾਧੋਪੁਰੀ) ਅਤੇ 'ਗੱਲਾਂ ਤੇਰੀਆਂ ਤੇ ਕੁੱਝ ਮੇਰੀਆਂ'(ਸੁਕੀਰਤ) ਵਿੱਚ ਛਪੀਆਂ ਕੁਝ ਮੁਲਾਕਾਤਾਂ ਪਹਿਲਾਂ 'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੀਆਂ ਹਨ। ਅਗਲੀ ਵੰਨਗੀ ਵਿੱਚ ਅਜਿਹੀਆਂ ਪੁਸਤਕਾਂ ਹਨ, ਜਿਸ ਵਿੱਚ ਸਾਹਿਤਕ ਸ਼ਖ਼ਸੀਅਤਾਂ ਦੀਆਂ ਮੁਲਾਕਾਤਾਂ ਦਰਜ ਹਨ ਜਿਸ ਅਧੀਨ 'ਨੇੜੇ-ਨੇੜੇ'(ਗੁਰਬਚਨ ਸਿੰਘ ਭੁੱਲਰ) ਅਤੇ 'ਬਿਨ ਤੁਸਾਂ ਅਸੀਂ ਸੱਖਣੇ'(ਗੁਰਦੀਪ ਸਿੰਘ ਪੁਰੀ) ਵਿਚਾਰਨਯੋਗ ਹਨ। ਇੱਕ ਵੰਨਗੀ ਅਜਿਹੀਆਂ ਪੁਸਤਕਾਂ ਦੀ ਵੀ ਹੈ ਜਿਸ ਵਿੱਚ ਪੰਜਾਬੀ ਸਾਹਿਤ ਦੀ ਕਿਸੇ ਇੱਕ ਵਿਧਾ ਵਿੱਚ ਸਥਾਪਿਤ ਲੇਖਕਾਂ ਨਾਲ ਮੁਲਾਕਾਤਾਂ ਕੀਤੀਆਂ ਗਈਆਂ ਹਨ ਜਿਵੇਂ ਕਿ 'ਲਿਖਣ ਵੇਲਾ' ਤੇ 'ਗੁਫ਼ਤਗੂ' (ਜਸਬੀਰ ਭੁੱਲਰ), 'ਮੁਲਾਕਾਤਾਂ' (ਰਘਬੀਰ ਸਿੰਘ), 'ਬਚਨ ਬਿਲਾਸ' ਤੇ 'ਸੁਖਨ ਸੁਣਾਏ ਸਿਰਜਕਾਂ' (ਗੁਰਬਚਨ ਸਿੰਘ ਭੁੱਲਰ), 'ਕਵੀ ਕਵਿਤਾ ਸੰਵਾਦ' (ਵਨੀਤਾ), 'ਕਵੀ ਤੇ ਕਵਿਤਾ : ਕਾਵਿ ਸੰਵਾਦ' (ਹਰਬੰਸ ਸਿੰਘ ਧੀਮਾਨ), 'ਸੰਵਾਦ ਤੇ ਸਿਰਜਣਾ' (ਜਗਦੀਸ਼ ਰਾਏ ਕੁਲਰੀਆਂ)। ਅਗਲੀ ਵੰਨਗੀ ਵਿੱਚ ਪੰਜਾਬੀ ਸਾਹਿਤ ਦੀਆਂ ਅਲੱਗ-ਅਲੱਗ ਵਿਧਾਵਾਂ ਜਿਵੇਂ ਨਾਵਲ, ਕਹਾਣੀ, ਕਵਿਤਾ ਤੇ ਨਾਟਕ ਨਾਲ ਸੰਬੰਧਿਤ ਲੇਖਕਾਂ ਦੀਆਂ ਮੁਲਾਕਾਤਾਂ ਨਾਲ ਸੰਬੰਧਤ ਪੁਤਸਕ 'ਗੱਲਾਂ ਚੋਂ ਗੱਲਾਂ' (ਜਿੰਦਰ) ਅਤੇ 'ਸਾਹਿਤ ਸੰਵਾਦ'(ਸੁਸ਼ੀਲ ਸ਼ਰਮਾ) ਮਿਲਦੀ ਹੈ। ਇੱਕ ਹੋਰ ਵੰਨਗੀ ਜਿਸ ਵਿੱਚ ਮੁਲਾਕਾਤ ਕਰਤਾ ਦੁਆਰਾ ਵੱਖ-ਵੱਖ ਖੇਤਰਾਂ ਦੀਆਂ ਸ਼ਖ਼ਸੀਅਤਾਂ (ਸਾਹਿਤ, ਪ੍ਰਕਾਸ਼ਨ, ਅਖ਼ਬਾਰਾਂ ਦੇ ਸੰਪਾਦਕ, ਸਿਆਸਤ,

ਅਦਾਕਾਰੀ, ਗਾਇਕੀ, ਫ਼ਿਲਮ, ਸਕਰਿਪਟ ਰਾਈਟਰ, ਚਿਤਰਕਾਰ) ਨਾਲ ਸੰਵਾਦ ਸਿਰਜਿਆ ਗਿਆ ਹੈ। ਇਸ ਵੰਨਗੀ ਵਜੋਂ 'ਵਾਰਤਾਲਾਪ' (ਬਲਦੇਵ ਸਿੰਘ), 'ਅੰਦਰਲੇ ਸੱਚ ਫਰੋਲਦਿਆਂ' (ਸੁਕੀਰਤ), 'ਨਿੱਘੇ ਮਿੱਤਰ-ਮੁਲਾਕਾਤਾਂ' (ਸਾਥੀ ਲੁਧਿਆਣਵੀ), 'ਮੇਰੀਆਂ ਸਾਹਿਤਕ ਮੁਲਾਕਾਤਾਂ' (ਗੁਰਪ੍ਰੀਤ ਡੈਨੀ), 'ਕਲਾ ਸਾਹਿਤ ਸੰਵਾਦ' (ਵਨੀਤਾ), 'ਗੱਲਾਂ ਤੇਰੀਆਂ ਤੇ ਕੁੱਝ ਮੇਰੀਆਂ' (ਸੁਕੀਰਤ), 'ਆਹਮਣੇ-ਸਾਹਮਣੇ' (ਮੇਜਰ ਮਾਂਗਟ), 'ਉਕਾਬ ਦੀ ਅੱਖ' (ਕਾਨ੍ਹਾ ਸਿੰਘ), 'ਸੱਤ ਸਵਾਲ' (ਗੁਰਦਿਆਲ ਸਿੰਘ ਰੋਸ਼ਨ) ਪੁਸਤਕਾਂ ਨੂੰ ਦੇਖਿਆ ਜਾ ਸਕਦਾ ਹੈ। ਸਾਹਿਤਕ ਮੁਲਾਕਾਤਾਂ ਦੀ ਇੱਕ ਵੱਖਰੀ ਅਜਿਹੀ ਪੁਸਤਕ ਡਾ. ਗੁਰਮੁਖ ਸਿੰਘ ਰਚਿਤ 'ਕਿਛੁ ਸੁਣੀਐ ਕਿਛੁ ਕਹੀਐ' ਵੀ ਉਪਲਬੱਧ ਹੈ ਜੋ ਇੱਕੋ ਲੇਖਿਕਾ 'ਦਲੀਪ ਕੌਰ ਟਿਵਾਣਾ' ਨਾਲ ਲੰਬੇ ਸੰਵਾਦ ਦੇ ਫਲਸਰੂਪ ਹੋਂਦ ਵਿੱਚ ਆਉਂਦੀ ਹੈ ।

ਇਸੇ ਤਰ੍ਹਾਂ ਹੀ ਮੁਲਾਕਾਤਾਂ ਵਿਧਾ ਦੀਆਂ ਪੁਸਤਕਾਂ ਵਿੱਚ ਇੱਕ ਹੋਰ ਪੁਸਤਕ 'ਸੱਚੋ ਸੱਚੀ ਦੱਸ ਵੇ ਜੋਗੀ'(ਜਸਵੰਤ ਦੀਦ) ਹੈ, ਜਿਸ ਵਿੱਚ ਰਿਕਾਰਡ ਹੋਈਆਂ ਰੇਡੀਓ ਮੁਲਾਕਾਤਾਂ ਨੂੰ ਪੁਸਤਕ ਰੂਪ ਦਿੱਤਾ ਗਿਆ ਹੈ। 'ਲੇਖਕਾਵਾਂ ਨੂੰ ਜਾਣਦਿਆਂ'(ਡਾ. ਅੰਮ੍ਰਿਤਪਾਲ ਕੌਰ) ਅਜਿਹੀ ਪੁਸਤਕ ਹੈ, ਜਿਸ ਵਿੱਚ ਸਿਰਫ਼ ਨਾਰੀ ਲੇਖਿਕਾਵਾਂ ਨਾਲ ਮੁਲਾਕਾਤਾਂ ਦਰਜ ਹਨ। ਸਾਹਿਤਕ ਮੁਲਾਕਾਤਾਂ ਦੀ ਇੱਕ ਹੋਰ ਵੰਨਗੀ ਉਹਨਾਂ ਪੁਸਤਕਾਂ ਦੀ ਹੈ ਜਿਸ ਵਿੱਚ ਕਿਸੇ ਇੱਕ ਲੇਖਕ/ ਲੇਖਿਕਾ ਦੀਆਂ ਵੱਖ-ਵੱਖ ਥਾਵਾਂ ਤੇ ਛਪੀਆਂ ਮੁਲਾਕਾਤਾਂ ਨੂੰ ਸੰਪਾਦਿਤ ਕਰਕੇ ਇਕ ਪੁਸਤਕ ਅਧੀਨ ਛਾਪਿਆ ਗਿਆ ਹੈ। ਜਸਬੀਰ ਭੁੱਲਰ ਰਚਿਤ 'ਆਹ ਲੈ ਸਾਂਭ ਕੁੰਜੀਆਂ' (ਦਲੀਪ ਕੌਰ ਟਿਵਾਣਾ ਨਾਲ ਲੰਮੀਆਂ ਮੁਲਾਕਾਤਾਂ) ਅਤੇ ਪਰਮਜੀਤ ਵਰਮਾ ਰਚਿਤ 'ਕੀ ਜਾਣਾ ਮੈਂ ਕੌਣ' (ਬੁਸ਼ਰਾ ਏਜਾਜ਼ ਨਾਲ ਮੁਲਾਕਾਤਾਂ) ਪੁਸਤਕਾਂ ਇਸ ਵਰਗ ਅਧੀਨ ਆਉਂਦੀਆਂ ਹਨ। 'ਡੂੰਘੇ ਵਹਿਣਾਂ ਦੇ ਭੇਤ'(ਸਤਨਾਮ ਸਿੰਘ ਢਾਅ) ਪੁਸਤਕ ਵਿੱਚ ਚੜ੍ਹਦੇ ਤੇ ਲਹਿੰਦੇ ਪੰਜਾਬ ਤੋਂ ਇਲਾਵਾ ਪਰਵਾਸੀ ਲੇਖਿਕਾਵਾਂ ਦੀਆਂ ਮੁਲਾਕਾਤਾਂ ਦਰਜ ਹਨ।

ਸਾਹਿਤਕ ਮੁਲਾਕਾਤਾਂ ਦੀਆਂ ਉਪਰੋਕਤ ਪੁਸਤਕਾਂ ਵਿੱਚ ਸਭ ਤੋਂ ਵੱਧ ਅੰਮ੍ਰਿਤਾ ਪ੍ਰੀਤਮ ਅਤੇ ਦਲੀਪ ਕੌਰ ਟਿਵਾਣਾ ਦੀਆਂ ਪੰਜ(5) ਮੁਲਾਕਾਤਾਂ ਮਿਲਦੀਆਂ ਹਨ। ਪੰਜਾਬੀ ਲੇਖਿਕਾਵਾਂ ਅਜੀਤ ਕੌਰ, ਬਚਿੰਤ ਕੌਰ, ਕੈਲਾਸ਼ਪੁਰੀ ਅਤੇ ਬਲਬੀਰ ਕੌਰ ਸੰਘੇੜਾ ਦੀਆਂ ਤਿੰਨ(3) ਅਤੇ ਪ੍ਰਭਜੋਤ ਕੌਰ, ਚੰਦਨ ਨੇਗੀ, ਸੁਖਵੰਤ ਕੌਰ ਮਾਨ, ਰਾਜਿੰਦਰ ਕੌਰ ਅਤੇ ਵੀਨਾ ਵਰਮਾ ਦੀਆਂ ਦੋ(2) ਮੁਲਾਕਾਤਾਂ ਪੁਸਤਕ ਰੂਪ ਵਿੱਚ ਉਪਲੱਬਧ ਹਨ । ਇਸ ਤੋਂ ਇਲਾਵਾ ਮਹਿੰਦਰ ਕੌਰ ਗਿੱਲ, ਸੁਰਿੰਦਰ ਨੀਰ, ਪਾਲ ਕੌਰ, ਸ਼ਰਨ ਮੱਕੜ, ਸੁਖਵਿੰਦਰ ਅੰਮ੍ਰਿਤ, ਡਾ. ਵਨੀਤਾ, ਰਸ਼ਪਿੰਦਰ ਰਸ਼ਿਮ, ਅਮਰ ਜਿਉਤੀ, ਅਨਵੰਤ ਕੌਰ, ਮਿੰਨੀ ਗਰੇਵਾਲ, ਸੁਰਜੀਤ ਸਖੀ, ਸੁਰਜੀਤ ਕਲਸੀ, ਮਨਜੀਤਪਾਲ ਕੌਰ, ਇੰਦਰਜੀਤ ਕੌਰ, ਜਸਵਿੰਦਰ ਕੌਰ ਬਿੰਦਰਾ, ਪੰਕਜ ਕੇ ਸਿੰਘ ਨਾਲ ਮੁਲਾਕਾਤਾਂ ਕਰਕੇ ਉਹਨਾਂ ਦੇ ਜੀਵਨ ਅਤੇ ਸਿਰਜਣ ਪ੍ਰਕਿਰਿਆ ਨੂੰ ਉਲੀਕਿਆ ਗਿਆ ਹੈ। ਪਾਕਿਸਤਾਨੀ ਲੇਖਿਕਾਵਾਂ ਵਿੱਚੋਂ ਅਫ਼ਜ਼ਲ ਤੌਸੀਫ਼ ਅਤੇ ਬੁਸ਼ਰਾ ਏਜਾਜ਼ ਦੀਆਂ ਮੁਲਾਕਾਤਾਂ ਉਪਲਬੱਧ ਹਨ।

ਸਾਹਿਤਕ ਮੁਲਾਕਾਤਾਂ ਕਿਸੇ ਵੀ ਲੇਖਕ ਦੀ ਸਿਰਜਣ ਪ੍ਰਕਿਰਿਆ ਨੂੰ ਸਮਝਣ/ਸਮਝਾਉਣ ਤੱਕ ਹੀ ਸੀਮਿਤ ਨਹੀਂ ਹਨ ਸਗੋਂ ਲੇਖਕ ਵਿਸ਼ੇਸ਼ ਦੁਆਰਾ ਰਚਿਤ ਸਾਹਿਤ ਦੇ ਅੰਤਰੀਵੀ ਅਰਥਾਂ ਤੱਕ ਰਸਾਈ ਕਰਨ ਦਾ ਸੌਖਾ ਅਤੇ ਠੋਸ ਮਾਧਿਅਮ ਵੀ ਹਨ। ਨਾਰੀ ਲੇਖਕਾਂ ਦਾ ਵਿਆਖਿਆਤਮਕ ਹੁੰਗਾਰਾ ਉਲੀਕਦੀਆਂ ਇਹ ਮੁਲਾਕਾਤਾਂ ਉਹਨਾਂ ਦੀਆਂ ਰਚਨਾਵਾਂ ਵਿਚਲੇ ਉਦੇਸ਼ ਅਤੇ

ਸਿਰਜਣਾ ਦੇ ਪ੍ਰੇਰਕਾਂ ਨੂੰ ਬਾਖੂਬੀ ਚਿਤਰਦੀਆਂ ਹਨ। ਪੰਜਾਬੀ ਸਾਹਿਤਕ ਮੁਲਾਕਾਤਾਂ ਵਿੱਚ ਨਾਰੀ ਲੇਖਕਾਂ ਨੂੰ ਮੁਲਾਕਾਤ ਕਰਤਾ ਦੁਆਰਾ ਪੁੱਛਿਆ ਗਿਆ ਅਹਿਮ ਸਵਾਲ ਇਹ ਕਿ ਉਹਨਾਂ ਦੇ ਮਨ ਵਿੱਚ ਸਾਹਿਤ ਦੇ ਬੀਜ ਕਿਵੇਂ ਪੁੰਗਰੇ ਤੇ ਉਹਨਾਂ ਦੀਆਂ ਰਚਨਾਵਾਂ ਦੇ ਪ੍ਰੇਰਕ ਸੋਮੇ ਕੀ ਸਨ। ਇਸ ਸਵਾਲ ਦਾ ਤਕਰੀਬਨ ਸਾਂਝਾ ਜਵਾਬ ਇਹ ਉਪਜਿਆ ਕਿ ਘਰ ਵਿੱਚ ਪਈਆਂ ਕਿਤਾਬਾਂ ਨੇ ਉਹਨਾਂ ਨੂੰ ਪੜ੍ਹਨ ਲਈ ਪ੍ਰੇਰਿਆ, ਭਾਵੇਂ ਕਿ ਇਹਨਾਂ ਨੂੰ ਘਰ ਵਿਚਲਾ ਮਾਹੌਲ ਕੁੜੀ ਹੋਣ ਕਰਕੇ ਪੜ੍ਹਨ-ਲਿਖਣ ਲਈ ਪ੍ਰੇਰਿਤ ਨਹੀਂ ਕਰਦਾ ਸੀ। ਵੀਨਾ ਵਰਮਾ, ਰਸ਼ਪਿੰਦਰ ਰਸ਼ਿਮ, ਇੰਦਰਜੀਤਪਾਲ ਕੌਰ ਆਦਿ ਲੇਖਿਕਾਵਾਂ ਦਾ ਮੰਨਣਾ ਹੈ ਕਿ ਲੇਖਣੀ ਸਬੰਧੀ ਪਰਿਵਾਰ ਵੱਲੋਂ ਕਦੇ ਕੋਈ ਸਕਾਰਾਤਮਕ ਜਾਂ ਨਕਾਰਾਤਮਕ ਪ੍ਰਤੀਕਿਰਿਆ ਨਹੀਂ ਮਿਲੀ। ਪਰ ਚੰਦਨ ਨੇਗੀ, ਕੈਲਾਸ਼ਪੁਰੀ, ਬਲਵੀਰ ਕੌਰ ਸੰਘੇੜਾ ਅਤੇ ਅਫ਼ਜ਼ਲ ਤੌਸੀਫ਼ ਅਤੇ ਬੁਸ਼ਰਾ ਏਜਾਜ਼ ਦਾ ਵੱਖਰਾ ਤਜਰਬਾ ਮੁਲਾਕਾਤਾਂ ਕਰਤਿਆਂ ਨੂੰ ਦਿੱਤੇ ਜਵਾਬ ਰਾਹੀਂ ਸਾਹਮਣੇ ਆਉਂਦਾ ਹੈ। ਚੰਦਨ ਨੇਗੀ ਤੇ ਅਫ਼ਜ਼ਲ ਤੌਸੀਫ਼ ਨੂੰ ਸਾਹਿਤ ਪੜ੍ਹਨ ਦੀ ਪ੍ਰੇਰਨਾ ਆਪਣੇ ਬਾਪ ਤੋਂ ਮਿਲੀ ਸੀ ਅਤੇ ਬੁਸ਼ਰਾ ਏਜਾਜ਼ ਨੂੰ ਲੇਖਕ ਬਣਨ ਵਿੱਚ ਉਸਦਾ ਅਮੀਰ ਵਿਰਸਾ ਸਹਾਈ ਹੋਇਆ। ਪਰਵਾਸੀ ਲੇਖਿਕਾਵਾਂ ਕੈਲਾਸ਼ਪੁਰੀ ਤੇ ਬਲਵੀਰ ਕੌਰ ਸੰਘੇੜਾ ਤਾਂ ਆਪਣੀ ਲਿਖਤ ਦੇ ਵਿਕਾਸ ਵਿੱਚ ਸਭ ਤੋਂ ਵੱਡਾ ਯੋਗਦਾਨ ਹੀ ਆਪਣੇ ਪਤੀ ਦਾ ਮੰਨਦੀਆਂ ਹਨ। ਜਿਵੇਂ:

> ਹਾਂ ਇਹ ਜਿਹੜਾ ਮੈਂ ਅਜੇ ਵੀ ਲਗਾਤਾਰ ਲਿਖਦੀ ਹਾਂ, ਇਹ ਮੇਰੇ ਲਈ ਨਿਆਮਤ ਵਾਂਗ ਹੈ ਤੇ ਇਹ ਨਿਆਮਤ ਵੀ ਡਾ. ਸਾਹਿਬ ਦੀ ਹੀ ਦਾਤ ਹੈ। ਮੈਂ ਤੇ ਸਧਾਰਨ ਤੋਂ ਵੀ ਨਿਮਨ ਬੁੱਧੀ ਵਾਲੀ ਸਾਂ। ਉਹਨਾਂ ਨੇ ਹੀ ਮੈਨੂੰ ਤਰਾਸ਼ਿਆ।[6] (ਕੈਲਾਸ਼ਪੁਰੀ)

ਹਰ ਲੇਖਿਕਾ ਦਾ ਅੰਤਰੀਵ ਜੀਵਨ ਅਨੁਭਵ ਅਤੇ ਤਜਰਬਾ ਉਸਦੀਆਂ ਰਚਨਾਵਾਂ ਦੇ ਵੇਰਵਿਆਂ ਵਿੱਚ ਦਰਜ ਹੁੰਦਾ ਹੈ। ਸਮੇਂ-ਸਮੇਂ ਤੇ ਜ਼ਿੰਦਗੀ ਵਿੱਚ ਮਿਲੇ ਗਹਿਰੇ ਅਨੁਭਵ ਜੋ ਲੇਖਕਾਂ ਦੀ ਸੋਚ ਨੂੰ ਪ੍ਰਭਾਵਿਤ ਕਰਦੇ ਹਨ, ਉਸਦੇ ਰਚਨਾਤਮਕ ਪਲਾਂ ਸਮੇਂ ਸ਼ਾਮਿਲ ਹੋ ਜਾਂਦੇ ਹਨ। ਮੁਲਾਕਾਤ ਕਰਤਾ ਦੁਆਰਾ ਸਾਹਿਤ ਸਿਰਜਣਾ ਵਿੱਚ ਔਰਤ ਲੇਖਣੀ ਦੀ ਮਹਤੱਤਾ, ਮਕਸਦ, ਪਾਤਰਾਂ ਦੀ ਹੋਂਦ ਤੇ ਹੋਣੀ ਬਾਰੇ ਹੋਏ ਸਵਾਲਾਂ ਬਾਬਤ ਇਹਨਾਂ ਲੇਖਿਕਾਵਾਂ ਦੇ ਵੱਖਰੇ-ਵੱਖਰੇ ਜਵਾਬ ਵਿਚਾਰਨਯੋਗ/ਗੌਲਣਯੋਗ ਹਨ:

> ਸਿਰਜਣਾ ਤਾਂ ਸਿਰਜਣਾ ਹੈ। ਔਰਤ ਲੇਖਕ ਦਾ ਇੱਕ ਵਾਧਾ ਹੋਰ ਹੈ। ਉਹ ਕਰਤਾਰੀ ਤੌਰ ਤੇ ਹੀ ਸਿਰਜਕ ਹੁੰਦੀ ਹੈ। ਉਸਨੂੰ ਅੰਦਰੋਂ ਹੀ ਟੁੰਭ ਮਿਲਦੀ ਰਹਿੰਦੀ ਹੈ ਜਿਵੇਂ ਬੱਚਾ ਜਣਨ ਤੋਂ ਪਹਿਲਾ ਉਹ ਆਪਣੀ ਕੁੱਖ ਵਿੱਚ ਪਲਦੇ ਬੱਚੇ ਬਾਰੇ ਵਿਉਂਤਾ ਗੁੰਦਦੀ ਰਹਿੰਦੀ ਹੈ, ਉਸ ਦੇ ਨਕਸ਼ ਚਿਤਰਦੀ ਹੈ। ..ਇਹੀ ਹਾਲ ਸਿਰਜਣਾ ਵੇਲੇ ਵੀ ਹੁੰਦਾ ਹੈ। ਲੇਖਕ ਹਰ ਪਾਤਰ ਨੂੰ ਉਭਾਰਦਾ ਹੈ, ਕਰਮ ਕਰਵਾਂਦਾ ਹੈ, ਕਹਾਣੀ ਅਨੁਸਾਰ ਉਸਦਾ ਚਿਤਰਣ ਕਰਦਾ ਹੈ।...ਲੇਖਕ ਰਚਨਾ ਦਾ ਸਿਰਜਣਹਾਰ ਰੱਬ ਹੁੰਦਾ ਹੈ।[7] (ਚੰਦਨ ਨੇਗੀ)
>
> ਕੋਈ ਵੀ ਲੇਖਿਕਾ ਇਕ ਔਰਤ ਨਹੀਂ ਹੁੰਦੀ, ਉਹ ਕਈ ਔਰਤਾਂ ਦਾ ਸੰਗ੍ਰਹਿ ਹੁੰਦੀ ਹੈ।[8] (ਦਲੀਪ ਕੌਰ ਟਿਵਾਣਾ)
>
> ਜੇ ਤੁਸੀਂ ਔਰਤਾਂ ਦੀ ਦੁਨੀਆਂ ਚਿਤਰਨੀ ਹੈ ਤਾਂ ਉਹਦੇ ਵਿਚ ਤੁਹਾਡੀ ਸੋਚ ਦੇ ਨਾਲ-ਨਾਲ ਤੁਹਾਡਾ ਕੁਝ ਅਨੁਭਵ ਵੀ ਹੈ। ਤੁਸੀਂ ਕੁਝ ਅਨੁਭਵ ਇਨਹੈਰਟ ਵੀ

ਕੀਤੇ, ਕੁਝ ਤੁਹਾਡੇ ਵਾਤਾਵਰਨ ਵਿੱਚ ਵੀ ਹੈ ਅਤੇ ਕੁਝ ਤੁਹਾਡੀ ਆਪਣੀ ਜ਼ਿੰਦਗੀ ਵਿੱਚ। ਸਗੋਂ ਜ਼ਿਆਦਾ ਸੱਚ ਦੇ ਨੇੜੇ ਹੁੰਦੈ, ਔਰਤ ਦੀ ਜ਼ਿੰਦਗੀ ਦਾ ਸੱਚ।[9](ਦਲੀਪ ਕੌਰ ਟਿਵਾਣਾ)

ਇਹ ਲੇਖਿਕਾਵਾਂ ਸਿਰਜਣਾ ਦੇ ਸਮਿਆਂ ਵਿੱਚ ਅਨੁਭਵ ਦੀ ਖਾਸੀਅਤ ਨੂੰ ਚਿਤਰਦੀਆਂ ਹਨ। ਆਪਣੀਆਂ ਰਚਨਾਵਾਂ ਵਿੱਚ ਇਹ ਔਰਤ ਦੇ ਸਮਾਜਿਕ-ਆਰਥਿਕ ਸੰਘਰਸ਼ ਨੂੰ ਹੀ ਤਵੱਜੋ ਨਹੀਂ ਦਿੰਦੀਆਂ ਸਗੋਂ ਮਾਨਸਿਕ ਪੀੜ ਨੂੰ ਵੀ ਸ਼ਿੱਦਤ ਨਾਲ ਬਿਆਨਦੀਆਂ ਹਨ। ਲੇਖਿਕਾਵਾਂ ਦਾ ਸਿਰਜਣ ਪ੍ਰਕਿਰਿਆ ਦੇ ਸਮੇਂ ਬਾਰੇ ਮੰਨਣਾ ਹੈ ਕਿ ਇਹਨਾਂ ਪਲਾਂ ਵਿੱਚ ਖੌਰੇ ਕਿਥੋਂ-ਕਿਥੋਂ ਦੇ ਪਾਤਰ ਚੇਤਿਆਂ ਦੀਆਂ ਤਹਿਆਂ ਹੇਠੋਂ ਕਲਮ ਨਾਲ ਤੁਰ ਪੈਂਦੇ ਹਨ ਤੇ ਉਹਨਾਂ ਦੇ ਹਾਵ-ਭਾਵ, ਅਨੁਭਵ, ਦੁਖ-ਸੁਖ ਰਚਨਾ ਵਿੱਚ ਸਾਕਾਰ ਹੋ ਜਾਂਦੇ ਹਨ।

ਪੰਜਾਬੀ ਸਾਹਿਤਕ ਮੁਲਾਕਾਤਾਂ ਵਿੱਚ ਇੱਕ ਮਹੱਤਵਪੂਰਨ ਪੱਖ ਇਹ ਵੀ ਉਘੜਦਾ ਹੈ ਕਿ ਸਮਾਜਿਕ ਸਰੰਚਨਾ ਵਿਚਲੀ ਮਰਦ ਦੀ ਪ੍ਰਭੂਸੱਤਾ ਸਾਹਿਤਕ ਸਮਾਜ ਵਿੱਚ ਵੀ ਬਰਕਰਾਰ ਰਹਿੰਦੀ ਹੈ। ਸਾਹਿਤਕ ਜਗਤ ਦੇ ਸੱਤਾ ਪ੍ਰਬੰਧ ਵਿੱਚ ਨਾਰੀ ਲੇਖਕਾਂ ਦੀ ਸਿਰਜਣਕਾਰੀ ਨੂੰ ਮਿਲਦੀ ਸਪੇਸ ਨੂੰ ਜਾਨਣਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਕਿਸੇ ਵੀ ਲੇਖਕ ਨੂੰ ਇਨਾਮ ਸਨਮਾਨ ਦੇ ਮਸਲੇ ਵਿੱਚ ਇਹ ਮੋਹਰੀ ਰੋਲ ਨਿਭਾਉਂਦੀ ਹੈ। ਪੰਜਾਬੀ ਸਾਹਿਤਕ ਮੁਲਾਕਾਤਾਂ ਵਿੱਚ ਇਨਾਮ ਸਨਮਾਨ ਦੇ ਮਸਲੇ ਸੰਬੰਧੀ ਵੀ ਸਵਾਲ ਪੁੱਛੇ ਜਾਂਦੇ ਹਨ। ਪੰਜਾਬੀ ਸਾਹਿਤ ਦੀਆਂ ਨਾਮਵਰ ਨਾਰੀ ਲੇਖਕਾਂ ਦਾ ਜਵਾਬ ਹੈ ਕਿ ਰਚਨਾਕਾਰ ਨੂੰ ਅਸਲੀ ਬਲ ਤਾਂ ਉਸ ਦੀਆਂ ਕਿਰਤਾਂ ਹੀ ਬਖਸ਼ਦੀਆਂ ਹਨ। ਉਹਨਾਂ ਅਨੁਸਾਰ ਸਾਹਿਤਕ ਸਮਾਜ ਵਿੱਚ ਇਨਾਮ ਸਨਮਾਨਾਂ ਦੀ ਵੰਡ ਵੇਲੇ ਦੇ ਪ੍ਰੋਸੈਸ ਵਿੱਚ 'ਰਚਨਾ' ਕੇਂਦਰ ਵਿੱਚ ਘੱਟ ਹੀ ਰਹਿੰਦੀ ਹੈ। ਕੰਮ ਦਾ ਸਹੀ ਮੁਲਾਂਕਣ ਨਾ ਹੋਣ ਕਰਕੇ ਬਹੁਤ ਘੱਟ ਇਨਾਮ-ਸਨਮਾਨ ਪ੍ਰਤਿਭਾ ਅਨੁਸਾਰ ਮਿਲਦੇ ਹਨ। ਇਹਨਾਂ ਲੇਖਿਕਾਵਾਂ ਦਾ ਤਾਂ ਇੱਥੋਂ ਤੱਕ ਮੰਨਣਾ ਹੈ ਕਿ ਸਿਰਫ਼ ਲਿਖਣ ਖਾਤਰ ਜਾਂ ਇਨਾਮ ਸਨਮਾਨ ਖਾਤਿਰ ਲਿਖਣਾ ਹੀ ਨਹੀਂ ਚਾਹੀਦਾ ਸਗੋਂ ਸਮਾਜ ਦੇ ਹਿੱਤ ਖਾਤਿਰ ਲਿਖਣਾ ਚਾਹੀਦਾ ਹੈ। ਜਿਵੇਂ :

ਲੇਖਕ ਨੇ ਆਪਣੀ ਸਮਰੱਥਾ, ਸਿਰਜਣਾ ਤੇ ਦਿਆਨਤਦਾਰੀ ਨਾਲ ਸਾਹਿਤ ਤੇ ਸਮਾਜ ਲਈ ਵਚਨਬੱਧਤਾ ਨਾਲ ਕੰਮ ਕਰਨਾ ਹੁੰਦਾ ਹੈ। ਇਨਾਮ ਉਸਦੀ ਮੰਜ਼ਿਲ ਜਾਂ ਮਕਸਦ ਨਹੀਂ, ਰਸਤੇ ਵਿੱਚ ਥੋੜ੍ਹਾ ਜਿਹਾ ਹੌਸਲਾ ਹੋ ਸਕਦਾ ਹੈ।[10](ਪਾਲ ਕੌਰ)

ਨਾਰੀ ਲੇਖਕਾਂ ਅਨੁਸਾਰ ਭਾਵੇਂ ਇਨਾਮ-ਸਨਮਾਨ ਲਿਖਤ ਦਾ ਮਾਪਦੰਡ ਨਹੀਂ ਹੁੰਦੇ ਅਤੇ ਆਪਣੀ ਸਿਰਜਣਾ ਨੂੰ ਉੱਤਮ ਸਾਬਤ ਕਰਨ ਲਈ ਇਹ ਪ੍ਰਭਾਵੀ ਵੀ ਨਹੀਂ ਹਨ ਪਰ ਫਿਰ ਵੀ ਉਹ ਅਪ੍ਰਤੱਖ ਰੂਪ ਵਿੱਚ ਇਹਨਾਂ ਦੀ ਅਹਿਮੀਅਤ ਨੂੰ ਸਵੀਕਾਰਦੀਆਂ ਜ਼ਰੂਰ ਹਨ। ਇਹਨਾਂ ਇਨਾਮਾਂ ਪਿੱਛੇ ਹੁੰਦੀ ਰਾਜਨੀਤੀ ਪ੍ਰਤੀ ਇਹਨਾਂ ਮੁਲਾਕਾਤਾਂ ਵਿੱਚ ਕੁਝ ਲੇਖਕਾਂ ਖਾਸ ਕਰਕੇ ਅਜੀਤ ਕੌਰ, ਬਚਿੰਤ ਕੌਰ, ਸੁਖਵੰਤ ਕੌਰ ਮਾਨ, ਅਫ਼ਜ਼ਲ ਤੌਸੀਫ਼ ਅਤੇ ਰਜਿੰਦਰ ਕੌਰ ਪ੍ਰਤੱਖ-ਅਪ੍ਰਤੱਖ ਰੂਪ ਵਿੱਚ ਆਪਣਾ ਵਿਰੋਧ ਅਤੇ ਰੋਸ ਪ੍ਰਗਟਾਉਂਦੀਆਂ ਹਨ।

ਨਾਰੀ ਲੇਖਕਾਂ ਨਾਲ ਹੋਈਆਂ ਇਹਨਾਂ ਮੁਲਾਕਾਤਾਂ ਰਾਹੀਂ ਜਿਹੜੀ ਗੱਲ ਪ੍ਰਤੱਖ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਉਹ ਇਹ ਹੈ ਕਿ ਇਨ੍ਹਾ ਲਈ ਵੱਡਾ ਮਾਣ ਉਹਨਾਂ ਦੀਆਂ ਰਚਨਾਵਾਂ ਦੇ ਪਾਠਕ ਹਨ ਜੋ ਉਹਨਾਂ ਨੂੰ ਉਮਾਹ ਨਾਲ ਪੜ੍ਹਦੇ ਹਨ। ਇਸੇ ਲਈ ਉਹਨਾਂ ਲਈ

ਪਾਠਕ ਅਜਿਹਾ ਉਤਸ਼ਾਹ ਦਾ ਸੋਮਾ ਹਨ ਜੋ ਕਲਮ ਦੀ ਨਿਰੰਤਰਤਾ ਵਿੱਚ ਸਹਾਈ ਹੁੰਦੇ ਹਨ। ਕਲਮ ਤੇ ਪਾਠਕ ਦੇ ਆਪਸੀ ਸੰਬੰਧ ਪ੍ਰਤੀ ਅੰਮ੍ਰਿਤਾ ਪ੍ਰੀਤਮ ਦਾ ਜਵਾਬ ਵਿਚਾਰਨਯੋਗ ਹੈ, "ਅਸਲ ਵਿੱਚ ਇਹ ਜਿਹੜੀ ਕਲਮ ਦੀ ਕਿਰਤ ਹੈ . ਇਹ ਦੋ ਚੀਜ਼ਾਂ ਦਾ ਸੰਗਮ ਹੈ। Combination of two things.... Emotion and Idea. ਖਾਲੀ ਤੁਸੀਂ ਜੇ ਜਜ਼ਬਾਤ ਦੇ ਜ਼ੋਰ 'ਤੇ ਲਿਖੋਗੇ ਤਾਂ ਉਥੇ ਵੀ ਕਸਰ ਰਹਿ ਜਾਵੇਗੀ ਤੇ ਜੇ ਕੇਵਲ ਬੌਧਿਕਤਾ ਦੇ ਜ਼ੋਰ 'ਤੇ ਲਿਖੋਗੇ ਤਾਂ ਉਹ ਵੀ ਖੁਸ਼ਕ ਰਹਿ ਜਾਵੇਗੀ, ਜੋ ਪਾਠਕ ਦੇ ਜ਼ਜਬਾਤ ਤੱਕ ਨਹੀਂ ਅਪੜੇਗੀ।"[11] ਲਿਖਤ ਲਈ ਪਾਠਕ ਦੀ ਮਹੱਤਤਾ ਸੰਬੰਧੀ ਇੱਕ ਸਾਂਝਾ ਨੁਕਤਾ ਇਹਨਾਂ ਮੁਲਾਕਾਤਾਂ ਦੇ ਜ਼ਰੀਏ ਇਹ ਵੀ ਬਣਦਾ ਹੈ ਕਿ ਲਿਖਤ ਵਿਚਲੀ ਗਹਿਰਾਈ ਹੀ ਪਾਠਕ ਦੇ ਧੁਰ ਅੰਦਰ ਤੱਕ ਰਸਾਈ ਕਰਦੀ ਹੈ। ਪਾਠਕਾਂ ਦੇ ਵੱਡੇ ਦਾਇਰੇ ਲਈ ਵੱਖਰੇ-ਵੱਖਰੇ ਵਿਸ਼ਿਆਂ ਤੇ ਲਗਨ ਤੇ ਦ੍ਰਿੜਤਾ ਨਾਲ ਲਿਖਣਾ ਹੀ ਲੇਖਕ ਦੀ ਲਿਖਤ ਦਾ ਮੰਤਵ ਹੋਣਾ ਚਾਹੀਦਾ ਹੈ। ਲਿਖਤ ਲਈ ਪਾਠਕ ਦੀ ਮਹੱਤਤਾ ਅਤੇ ਸ਼ਕਤੀ ਸੰਬੰਧੀ ਇਹ ਜਵਾਬ ਵਿਚਾਰਨਯੋਗ ਹੈ:

> ਕਿਸੇ ਲੇਖਕ ਲਈ ਸਭ ਤੋਂ ਵੱਧ ਵੁੱਕਤ ਉਸ ਦੇ ਸਿਆਣੇ ਪਾਠਕ ਦੀ ਹੋਣੀ ਚਾਹੀਦੀ ਹੈ। ਮੇਰੀ ਜਾਚੇ ਇੱਕ ਸਿਆਣਾ ਪਾਠਕ ਹੀ ਸਭ ਤੋਂ ਸੁਚੱਜਾ ਆਲੋਚਕ ਵੀ ਹੋ ਸਕਦਾ ਹੈ। ਇੱਕ ਸਿਆਣਾ ਪਾਠਕ ਹੀ ਕਿਸੇ ਲੇਖਕ ਦਾ ਸਹੀ ਮੁੱਲ ਵੀ ਪਾਉਣਾ ਜਾਣਦਾ ਹੈ ਤੇ ਆਲੋਚਨਾ ਕਰਨਾ ਵੀ।[12] (ਅਜੀਤ ਕੌਰ)

ਸਾਹਿਤਕ ਮੁਲਾਕਾਤਾਂ ਵਿੱਚ ਨਾਰੀ ਲੇਖਕਾਂ ਦੀਆਂ ਲਿਖਤਾਂ ਸਬੰਧੀ ਅਗਲਾ ਮਸਲਾ ਪੰਜਾਬੀ ਆਲੋਚਨਾ ਦੁਆਲੇ ਉਸਰਦਾ ਹੈ। ਲੱਗਭੱਗ ਹਰ ਮੁਲਾਕਾਤ ਕਰਤਾ ਨੇ ਇਸ ਬਾਬਤ ਇਹਨਾਂ ਲੇਖਿਕਾਵਾਂ ਦਾ ਨਜ਼ਰੀਆ ਜਾਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਬਾਰੇ ਲੇਖਕਾਂ ਤਿੱਖੀ ਸੁਰ ਵਿੱਚ ਜਵਾਬ ਦਿੰਦੀਆਂ ਹਨ ਤੇ ਇਸਦੀ ਨਿਰਪੱਖਤਾ ਤੇ ਵੀ ਪ੍ਰਸ਼ਨ ਚਿੰਨ ਅੰਕਿਤ ਕਰਦੀਆਂ ਹਨ। ।ਉਹਨਾਂ ਅਨੁਸਾਰ ਆਲੋਚਕ ਰਚਨਾ ਨੂੰ ਘੋਖਣ ਦੀ ਬਜਾਇ ਸਿਰਾਂ ਨੂੰ ਸਲਾਮ ਵਧੇਰੇ ਕਰਦੇ ਹਨ। ਸਾਹਿਤਕ ਜਗਤ ਵਿੱਚ ਔਰਤ ਲੇਖਣੀ ਦੀ ਸਮਰੱਥਾ ਨੂੰ ਸਮਝਣ ਲਈ ਸਿਰਫ਼ ਆਲੋਚਕਾਂ ਦੀ ਹੀ ਨਹੀਂ ਸਮਕਾਲੀ ਮਰਦ ਲੇਖਕਾਂ ਦੀ ਦ੍ਰਿਸ਼ਟੀ ਨੂੰ ਇਹਨਾਂ ਜਵਾਬਾਂ ਵਿੱਚੋਂ ਪਛਾਣਿਆ ਜਾ ਸਕਦਾ ਹੈ:

> ਦੂਜੀ ਪੀੜ੍ਹੀ ਹਮ ਉਮਰ ਵਾਲਿਆਂ ਦੀ, ਉਹਨਾਂ ਨਾਲ ਤੁਰਨ ਵਾਲਾ ਵੇਲਾ, ਕੰਡਿਆਲਾ ਵੇਲਾ ਸੀ। ਉਸ ਪੀੜ੍ਹੀ ਵਾਲੇ ਸਿਰਫ਼ ਮੇਰੀ ਉਮਰ ਦੇਖਦੇ ਸਨ, ਮੈਨੂੰ ਪਛਾਣਦੇ ਨਹੀਂ ਸਨ।[13] (ਅੰਮ੍ਰਿਤਾ ਪ੍ਰੀਤਮ)
>
> ਪੰਜਾਬੀ ਦੇ ਆਲੋਚਕ ਔਰਤ ਲੇਖਕ ਨੂੰ ਦੂਜੇ ਦਰਜੇ ਦੀ ਲੇਖਕ ਸਮਝਦੇ ਹਨ। . ਮੇਰੇ ਜ਼ਮਾਨੇ ਵਿੱਚ ਔਰਤ ਲੇਖਕਾਂ ਤੋਂ ਜਾਂ ਤਾਂ ਕਾਮ-ਲਿੱਬੜੀਆਂ ਕਹਾਣੀਆਂ ਦੀ ਤਵੱਕੋ ਕੀਤੀ ਜਾਂਦੀ ਜਿਨ੍ਹਾਂ ਨੂੰ ਪੜ੍ਹ ਕੇ ਸਵਾਦੋ-ਸਵਾਦ ਹੋਇਆ ਜਾ ਸਕੇ, ਜਾ ਫਿਰ ਮਰਦ ਵੱਲੋਂ ਸਤਾਈ ਔਰਤ ਦੀ ਲੇਰਾਂ ਅਤੇ ਭੁੱਬਾਂ ਮਾਰਦੀ ਸਾਹਿਤਕਾਰੀ ਦੀ ਆਸ ਰੱਖੀ ਜਾਂਦੀ ਸੀ।[14] (ਸੁਖਵੰਤ ਕੌਰ ਮਾਨ)

ਆਲੋਚਨਾ ਬਾਰੇ ਪਾਕਿਸਤਾਨੀ ਪੰਜਾਬੀ ਲੇਖਿਕਾ ਦਾ ਜਵਾਬ ਵੀ ਮਹੱਤਵਪੂਰਨ ਹੈ:

> ਸਾਡੇ ਪਾਸੇ ਆਲੋਚਨਾ ਦਾ ਕੋਈ ਮਿਆਰ ਹੀ ਨਹੀਂ। ਕਹਾਣੀ ਖਾਸ ਕਰਕੇ ਚੰਗੀ ਏ। ਪਰ ਆਲੋਚਨਾ ਨਾ ਹੋਣ ਦੇ ਬਰਾਬਰ ਏ। ਆਲੋਚਨਾ ਜਾਂ ਤਾਰੀਫ਼ ਹੋ ਨਿੱਬੜਦੀ ਏ

ਜਾਂ ਨਿੰਦਿਆ। ਚਾਹੀਦਾ ਏ ਆਲੋਚਨਾ ਨੂੰ ਕਰੀਏਟਿਵ ਹੋਣਾ।[15] (ਅਫ਼ਜ਼ਲ ਤੌਸੀਫ਼)

ਇਹਨਾਂ ਲੇਖਕਾਂ ਦੇ ਜਵਾਬ ਪੰਜਾਬੀ ਆਲੋਚਨਾ ਤੇ ਆਲੋਚਕਾਂ ਪ੍ਰਤੀ ਸੰਤੁਸ਼ਟੀਜਨਕ ਨਹੀਂ ਹਨ। ਪੰਜਾਬੀ ਆਲੋਚਨਾ ਦੇ ਮਿਆਰ ਸੰਬੰਧੀ ਇਹਨਾਂ ਲੇਖਿਕਾਵਾਂ ਖਾਸ ਕਰਕੇ ਦਲੀਪ ਕੌਰ ਟਿਵਾਣਾ ਦਾ ਤਾਂ ਮੰਨਣਾ ਹੈ ਕਿ ਲਿਖਤ ਨੂੰ ਇਤਿਹਾਸ, ਕਲਚਰ ਤੇ ਫੈਮੀਨਨ ਸੈਂਸੇਬਿਲਟੀ ਦੇ ਪੱਖ ਤੋਂ ਵਿਚਾਰਿਆ ਹੀ ਨਹੀਂ ਜਾਂਦਾ। ਅੰਮ੍ਰਿਤਾ ਪ੍ਰੀਤਮ ਤੇ ਦਲੀਪ ਕੌਰ ਟਿਵਾਣਾ ਤਾਂ ਆਪ ਆਲੋਚਕਾਂ ਨੂੰ ਸੁਚੇਤ ਤੌਰ ਤੇ ਬਹੁਤੀ ਤਵੱਜੋ ਨਹੀਂ ਦਿੰਦੀਆਂ। ਸਗੋਂ ਇਹਨਾਂ ਅਨੁਸਾਰ ਤਾਂ ਅਸਲੀ ਆਲੋਚਕ ਤਾਂ ਲੇਖਕ ਦੇ ਅੰਦਰ ਹੁੰਦਾ ਹੈ, ਜੋ ਕੱਚੀ ਉਮਰ ਦੀਆਂ ਲਿਖਤਾਂ ਨੂੰ ਆਪਣੇ ਨਾਲੋਂ ਝਾੜ ਦਿੰਦਾ ਹੈ। ਭਾਵੇਂ ਕਿ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਦੋਂ ਕਿਸੇ ਲੇਖਕ ਦੀ ਲਿਖਤ ਨੂੰ ਪਾਠਕਾਂ, ਲੇਖਕਾਂ ਅਤੇ ਆਲੋਚਕਾਂ ਤਿੰਨਾਂ ਵੱਲੋਂ ਸਲਾਹਿਆ ਜਾਂਦਾ ਹੈ ਤਾਂ ਉਸਦੀ ਸਾਹਿਤਕ ਸਮਾਜ ਵਿਚਲੀ ਸ਼ਨਾਖਤ ਨੂੰ ਹੁੰਗਾਰਾ ਮਿਲਦਾ ਹੈ।

ਸਾਹਿਤਕ ਮੁਲਾਕਾਤਾਂ ਵਿੱਚ ਲੇਖਿਕਾਵਾਂ ਦੀ ਰਚਨਾਵਾਂ ਵਿਚਲੀ ਵਿਚਾਰਧਾਰਾ ਅਤੇ ਸਮਕਾਲੀਆਂ ਦੁਆਰਾ ਉਹਨਾਂ ਦੀਆਂ ਲਿਖਤਾਂ ਦੀ ਪੜ੍ਹਤ ਬਾਰੇ ਵੀ ਬੜੇ ਸੂਖਮ ਸਵਾਲ ਮੁਲਾਕਾਤ ਕਰਤਾ ਦੁਆਰੇ ਪੁੱਛੇ ਗਏ ਹਨ। ਇਹਨਾਂ ਲੇਖਿਕਾਵਾਂ ਦਾ ਜਵਾਬ ਹੈ ਕਿ ਇਹ ਆਪਣੀ ਕਲਮ ਉਸ ਸਮੇਂ ਸਾਹਿਤ ਵਿੱਚ ਚੱਲਦੇ ਕਿਸੇ ਵਾਦ ਭਾਵ ਪ੍ਰਗਤੀਵਾਦ, ਨਕਸਲਵਾਦ, ਨਵ ਪ੍ਰਗਤੀਵਾਦ ਅਤੇ ਦਲਿਤ ਸਾਹਿਤ ਤੇ ਫੋਕਸ ਕਰਨ ਦੀ ਬਜਾਇ ਜੀਵਨ ਯਥਾਰਥ ਤੇ ਕੇਂਦਰਿਤ ਕਰਦੀਆਂ ਹਨ। ਪਰ ਇਸ ਸੰਬੰਧੀ ਸੁਖਵਿੰਦਰ ਅੰਮ੍ਰਿਤ ਦਾ ਕਹਿਣਾ ਹੈ ਕਿ "ਕਵੀ ਨੂੰ ਸੱਚ ਨਾਲ ਤੇ ਸ੍ਰਿਸ਼ਟੀ ਦੇ ਭਲੇ ਨਾਲ ਪ੍ਰਤਿਬੱਧ ਹੋਣਾ ਚਾਹੀਦਾ ਹੈ। ਆਪਣੀ ਸਮਝ ਨੂੰ ਵਿਸ਼ਾਲ ਤੇ ਪ੍ਰਮਾਣਿਕ ਬਣਾਉਣ ਲਈ ਸਿਧਾਂਤਾਂ ਤੋਂ ਵੀ ਰੌਸ਼ਨੀ ਲੈਣੀ ਚਾਹੀਦੀ ਹੈ।"16 ਇਸ ਤੋਂ ਇਲਾਵਾ ਇਹਨਾਂ ਮੁਲਾਕਾਤਾਂ ਵਿੱਚ ਰਚਨਾਵਾਂ ਵਿਚਲੀ ਵਾਕ ਬਣਤਰ, ਅਲੰਕਾਰਾਂ ਤੇ ਪ੍ਰਤੀਕਾਂ ਦੀ ਵਰਤੋਂ, ਭਾਸ਼ਾ ਅਤੇ ਰਚਨਾਵਾਂ ਦੇ ਸਿਰਲੇਖ ਸੰਬੰਧੀ ਹੋਏ ਸਬੰਧੀ ਕੁਝ ਸੰਵਾਦ ਉਪਜਦਾ ਹੈ।

ਕਿਸੇ ਵੀ ਲੇਖਕ ਦੀ ਰਚਨਾ ਪ੍ਰਕਿਰਿਆ ਨੂੰ ਉਸ ਸਮੇਂ ਦੀ ਸਮਾਜਿਕ, ਸਭਿਆਚਾਰਕ, ਆਰਥਿਕ ਤੇ ਰਾਜਨੀਤਕ ਸਥਿਤੀ ਪ੍ਰਭਾਵਿਤ ਕਰਦੀ ਹੈ। ਨਾਰੀ ਲੇਖਕਾਂ ਨਾਲ ਹੋਈਆਂ ਸਾਹਿਤਕ ਮੁਲਾਕਾਤਾਂ ਵਿੱਚ ਕੁਝ ਮੁਲਾਕਾਤ ਕਰਤਿਆਂ ਵੱਲੋਂ ਸਮਾਜ ਵਿੱਚ ਤਤਕਾਲੀ/ਸਮਕਾਲੀ ਸਥਿਤੀਆਂ ਵਿੱਚੋਂ ਉਪਜੀਆਂ ਸਮੱਸਿਆਵਾਂ ਸੰਬੰਧੀ ਵੀ ਸਵਾਲ ਕੀਤੇ ਗਏ । ਖਾਸ ਕਰਕੇ 1947 ਦੀ ਦੇਸ਼ ਵੰਡ ਅਤੇ 1984 ਦਾ ਸਾਕਾ ਨੀਲਾ ਤਾਰਾ ਨੇ ਪੰਜਾਬ ਅਤੇ ਪੰਜਾਬੀਅਤ ਨੂੰ ਰੂਹ ਤੱਕ ਝੰਜੋੜਿਆ। ਉਸ ਸਮੇਂ ਵਾਪਰੀਆਂ ਇਹਨਾਂ ਘਟਨਾਵਾਂ ਨੂੰ ਨਾਰੀ ਲੇਖਣੀ ਨੇ ਨਾਰੀ ਦੀ ਦ੍ਰਿਸ਼ਟੀ ਤੋਂ ਉਲੀਕਿਆ। ਇਹਨਾਂ ਲੇਖਿਕਾਵਾਂ ਵਿੱਚੋਂ ਖਾਸ ਕਰਕੇ ਅੰਮ੍ਰਿਤਾ ਪ੍ਰੀਤਮ ਅਤੇ ਅਫ਼ਜ਼ਲ ਤੌਸ਼ੀਫ਼ ਨੇ ਆਪਣੀਆਂ ਰਚਨਾਵਾਂ ਵਿੱਚ 1947 ਦੀ ਵੰਡ ਦੇ ਦੁਖਾਂਤ ਅਤੇ ਪੰਜਾਬ ਸੰਕਟ ਦੀ ਪੀੜ ਨੂੰ ਅਜੀਤ ਕੌਰ ਨੇ ਆਪਣੀ ਲਿਖਤ ਤੇ ਪਏ ਪ੍ਰਭਾਵਾਂ ਨੂੰ ਬਿਆਨਿਆ।

ਪੰਜਾਬੀ ਨਾਰੀ ਲੇਖਕਾਂ ਨਾਲ ਹੋਈਆਂ ਸਾਹਿਤਕ ਮੁਲਾਕਾਤਾਂ ਵਿੱਚ ਉਹਨਾਂ ਦੀ ਰਚਨਾ ਪ੍ਰਕਿਰਿਆ ਦੇ ਮੰਤਵ, ਪ੍ਰਾਪਤੀਆਂ-ਆਪ੍ਰਾਪਤੀਆਂ, ਸਾਹਿਤਕ ਸਮਾਜ ਵਿੱਚ ਉਹਨਾਂ ਦੀ ਹੋਂਦ ਸਥਿਤੀ ਤੋਂ ਇਲਾਵਾ ਮੁਲਾਕਾਤ ਕਰਤਿਆਂ ਦੁਆਰਾ ਉਹਨਾਂ ਦੇ ਨਿੱਜੀ ਜੀਵਨ ਖਾਸ ਕਰਕੇ ਪ੍ਰੇਮ-ਸੰਬੰਧਾਂ ਬਾਰੇ ਖਾਸ ਤੌਰ ਤੇ ਸਵਾਲ ਪੁੱਛੇ ਜਾਂਦੇ ਹਨ। ਪੰਜਾਬੀ ਦੀ ਪ੍ਰਸਿੱਧ ਲੇਖਿਕਾ ਅੰਮ੍ਰਿਤਾ ਪ੍ਰੀਤਮ ਨੇ ਆਪਣਾ ਜੀਵਨ ਗੈਰ ਰਵਾਇਤੀ ਢੰਗ ਨਾਲ ਆਪਣੀਆਂ ਸ਼ਰਤਾਂ ਉਤੇ ਜੀਵਿਆ

ਹੀ ਨਹੀਂ ਸਗੋਂ ਕਲਮ-ਬੱਧ ਵੀ ਕੀਤਾ। ਵਿਆਹ ਦੀ ਸੰਸਥਾ ਤੋਂ ਬਾਹਰੀ ਹੋ ਕੇ ਖੁੱਲ੍ਹੇ ਢੰਗ ਨਾਲ ਜੀਵੇ ਜੀਵਨ ਨੂੰ ਸਾਹਿਤਕ ਮੁਲਾਕਾਤਾਂ ਵਿੱਚ ਮੁਲਾਕਾਤ ਕਰਤਿਆਂ ਦੇ ਸਵਾਲਾਂ ਦੇ ਜਵਾਬ ਵੀ ਬਿਨਾਂ ਕਿਸੇ ਸੰਕੋਚ ਤੋਂ ਦਿੱਤੇ। ਇਸੇ ਤਰ੍ਹਾਂ ਅਜੀਤ ਕੌਰ ਵੀ ਅਜਿਹੇ ਨਿੱਜੀ ਸਵਾਲਾਂ ਦੇ ਜਵਾਬ ਬੇਬਾਕੀ ਨਾਲ ਨਿਧੜਕ ਹੋ ਕੇ ਦਿੰਦੀ ਹੈ। ਪੰਜਾਬੀ ਦੀਆਂ ਇਹਨਾਂ ਸਮਰੱਥ ਲੇਖਿਕਾਵਾਂ ਦੇ ਨਿੱਜੀ ਜੀਵਨ ਤੇ ਫੋਕਸ ਕਰਕੇ ਕੁਝ ਮੁਲਾਕਾਤ ਕਰਤਾ ਦੁਆਰਾ ਪੰਜਾਬੀ ਸਮਾਜ ਵਿੱਚ ਇਕੱਲੀ ਔਰਤ ਦੀ ਸਥਿਤੀ ਤੇ ਸੁਰੱਖਿਆ ਦੇ ਮਸਲੇ ਸਬੰਧੀ ਕੀਤੇ ਗਿਣਤੀ ਦੇ ਸਵਾਲ ਵੀ ਗੌਲਣਯੋਗ ਹਨ। ਇਹਨਾਂ ਸਵਾਲਾਂ ਦੇ ਜਵਾਬ ਵਿੱਚ ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ ਤੇ ਬਚਿੰਤ ਕੌਰ ਦੇ ਜਵਾਬ ਮਹੱਤਵਪੂਰਨ ਹਨ। ਸਮਾਜ ਵਿੱਚ 'ਇੱਕਲੀ ਔਰਤ' ਦੀ ਹੋਂਦ ਤੇ ਸਥਿਤੀ ਸੰਬੰਧੀ ਉਹ ਆਪਣੇ ਨਿੱਜੀ ਤਜਰਬਿਆਂ ਨੂੰ ਸਾਂਝਾ ਕਰਦੀਆਂ ਹੋਈਆਂ ਅਸੁਰਿੱਖਆ ਦੇ ਅਨੁਭਵ ਨੂੰ ਬੋਲ ਦਿੰਦੀਆਂ ਹਨ। ਸਾਰੀ ਜ਼ਿੰਦਗੀ ਆਪ ਬਣਾਉਣ ਸੰਵਾਰਨ ਦੇ ਬਾਵਜੂਦ ਘਰ ਵਿੱਚ ਮਰਦ ਦੀ ਅਣਹੋਂਦ ਕਾਰਨ 'ਇਨਸਿਕਿਓਰਟੀ' ਅਤੇ ਸਾਥ ਨਾਲ ਮਹਿਸੂਸ ਕੀਤੀ 'ਸਿਕਿਓਰਟੀ' ਸੰਬੰਧੀ ਅਜੀਤ ਕੌਰ ਦਾ ਜਵਾਬ ਹੈ:

> ਪਰ ਇਹਦਾ ਇਕ ਦੂਜਾ ਪਾਸਾ ਵੀ ਹੈ। ਜਿਸਦੇ ਸਰੀਰਕ ਅਰਥ ਨਹੀਂ ਲੈਣੇ ਚਾਹੀਦੇ। ਇਹ ਕਿਤੇ ਡੂੰਘੇਰਾ ਅਹਿਸਾਸ ਹੈ, ਜਿਸਨੂੰ ਬਹੁਤ ਘੱਟ ਲੋਕ ਸਮਝ ਸਕਦੇ ਹਨ।[17](ਅਜੀਤ ਕੌਰ)

ਸਾਹਿਤਕ ਮੁਲਾਕਾਤਾਂ ਦੀ ਵਿਧਾ ਲੇਖਕ ਦੀ ਸ਼ਖ਼ਸੀਅਤ ਅਤੇ ਸਿਰਜਣ ਪ੍ਰਕਿਰਿਆ ਬਾਰੇ ਅਹਿਮ ਸਮਝ ਪ੍ਰਦਾਨ ਕਰਦੀ ਹੈ। ਇਸ ਪ੍ਰਕਿਰਿਆ ਵਿੱਚ ਮੁਲਾਕਾਤ ਕਰਤਾ ਦੇ ਸਵਾਲਾਂ ਰਾਹੀਂ ਉੱਤਰਦਾਤਾ (ਲੇਖਕ) ਦਾ ਜੀਵਨ ਬਿਰਤਾਂਤ ਅਤੇ ਰਚਨਾਵੀ ਸਰੋਕਾਰ ਇਕੋਂ ਸਮੇਂ ਗਿਆਨਮਈ ਅਤੇ ਆਨੰਦਮਈ ਹੁੰਦੇ ਹਨ। ਪੰਜਾਬੀ ਸਾਹਿਤ ਵਿੱਚ ਮੁਲਾਕਾਤਾਂ ਦੀ ਵਿਧਾ ਸੰਬੰਧੀ 20ਵੀਂ ਸਦੀ ਦੇ ਨੌਵੇਂ ਦਹਾਕੇ ਵਿੱਚ ਹੋਂਦ ਵਿੱਚ ਆਈਆਂ ਪੁਸਤਕਾਂ ਦੇ ਸੰਦਰਭ ਵਿੱਚ ਵਿਸ਼ੇਸ਼ ਨੁਕਤਾ ਇਹ ਹੈ ਕਿ ਜਿਹੜੀਆਂ ਪੁਸਤਕ ਖਾਸ ਕਰਕੇ ਸਾਹਿਤ ਅਕਾਦਮੀ ਦੁਆਰਾ ਛਾਪੀਆਂ ਗਈਆ (ਜਿੱਥੇ ਮੁਲਾਕਾਤ ਕਰਤਾ ਆਪ ਵੀ ਲੇਖਕ ਹੈ), ਉਹ ਸਾਹਿਤਕ ਮੁਲਾਕਾਤਾਂ ਦੀਆਂ ਮਿਆਰ ਪੱਖੋਂ ਮੁੱਲਵਾਨ ਪੁਸਤਕਾਂ ਹਨ। ਕਿਉਂਕਿ ਇਹਨਾਂ ਮੁਲਾਕਾਤਾਂ ਦੇ ਸੰਵਾਦ ਦੇ ਕੇਂਦਰ ਵਿੱਚ ਉੱਤਰਦਾਤਾ ਦਾ ਚਿੰਤਨ ਵਧੇਰੇ ਰਹਿੰਦਾ ਹੈ । ਲੇਖਕ ਮੁਲਾਕਾਤ ਕਰਤਾ ਜਿਵੇਂ ਰਘਬੀਰ ਸਿੰਘ, ਗੁਰਬਚਨ ਭੁੱਲਰ, ਜਸਬੀਰ ਭੁੱਲਰ, ਬਲਦੇਵ ਸਿੰਘ, ਬਲਵੀਰ ਮਾਧੋਪੁਰੀ, ਵਨੀਤਾ, ਸੁਕੀਰਤ, ਗੁਰਦੀਪ ਪੁਰੀ ਦੁਆਰਾ ਸੰਬੰਧਤ ਨਾਰੀ ਲੇਖਕਾਂ ਦੀਆਂ ਰਚਨਾਵਾਂ ਦੀ ਕੀਤੀ ਗਹਿਰੀ ਪੜ੍ਹਤ ਦੁਆਰਾ ਹੋਂਦ ਵਿੱਚ ਆਏ ਅਹਿਮ ਸਵਾਲਾਂ ਵਿੱਚੋਂ ਉਪਜੇ ਜਵਾਬ ਪਾਠਕ ਨੂੰ ਨਵੀਂਆਂ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰਦੇ ਹਨ।

ਨਾਰੀ ਲੇਖਕਾਂ ਦੁਆਰਾ ਵੱਖ-ਵੱਖ ਵਿਧਾਵਾਂ ਵਿੱਚ ਰਚੀਆਂ ਰਚਨਾਵਾਂ ਵਧੇਰੇ ਤੌਰ 'ਤੇ ਸਮਾਜ ਵਿੱਚ ਔਰਤ ਦੀ ਹੋਂਦ ਤੇ ਸਥਿਤੀ ਦੁਆਲੇ ਕੇਂਦਰਿਤ ਹਨ। ਇਹਨਾਂ ਲੇਖਿਕਾਵਾਂ ਨਾਲ ਵੱਖ-ਵੱਖ ਸਮੇਂ ਹੋਈਆਂ ਮੁਲਾਕਾਤਾਂ ਉਹਨਾਂ ਦੀ ਸਿਰਜਣ ਪ੍ਰਕਿਰਿਆ ਦੇ ਰਹੱਸਾਂ ਦੀਆਂ ਗੁੰਝਲਾਂ ਨੂੰ ਖੋਲਣ ਤੋਂ ਇਲਾਵਾ ਸਾਹਿਤਕ ਸਮਾਜ ਵਿੱਚ ਨਾਰੀ ਲੇਖਕਾਂ ਦੀ ਹੋਂਦ ਤੇ ਹੋਣੀ ਦੇ ਵੀ ਵੱਡੇ ਅਰਥ ਸਿਰਜਦੀਆਂ ਹਨ। ਨਿੱਜੀ ਜੀਵਨ ਤੋਂ ਇਲਾਵਾ ਸਾਹਿਤਕ ਸਮਾਜ ਵਿੱਚ ਨਾਰੀ ਲੇਖਕਾਂ ਪ੍ਰਤੀ ਸਮਕਾਲੀ ਮਰਦ ਲੇਖਕਾਂ ਅਤੇ ਆਲੋਚਕਾਂ ਦਾ ਪ੍ਰਤੀਕਰਮ, ਇਨਾਮ-ਸਨਮਾਨਾਂ

ਵਿੱਚ ਨਾਰੀ ਲਿਖਤ ਦੀ ਸਪੇਸ ਦਾ ਮਸਲਾ, ਕਲਮ ਲਈ ਪਾਠਕ ਦੀ ਮਹੱਤਤਾ ਤੇ ਕੇਂਦਰਿਤ ਹੁੰਦੀਆਂ ਹੋਈਆਂ ਇਹ ਮੁਲਾਕਾਤਾਂ ਪਾਠਕ ਲਈ ਵੱਖਰਾ ਵਿਜ਼ਨ ਸਿਰਜਦੀਆਂ ਹਨ। ਸਮਕਾਲੀ/ ਤਤਕਾਲੀ ਸਮਾਜਿਕ, ਆਰਥਿਕ ਤੇ ਰਾਜਨੀਤਿਕ ਮਸਲਿਆਂ ਬਾਰੇ ਭਾਵੇਂ ਬਹੁਤ ਘੱਟ ਨਾਰੀ ਲੇਖਕਾਂ ਨੂੰ ਸਵਾਲ ਹੋਏ ਹਨ ਪਰ ਗਿਣਤੀ ਦੇ ਹੋਏ ਸਵਾਲਾਂ ਦੇ ਜਵਾਬ ਗੌਲਣਯੋਗ ਹਨ। ਸੋ ਨਾਰੀ ਲੇਖਕਾਂ ਨਾਲ ਹੋਈਆਂ ਮੁਲਾਕਾਤਾਂ ਸਮੱਗਰੀ ਭਰਪੂਰ ਅਜਿਹਾ ਦਸਤਾਵੇਜ਼ ਹਨ, ਜਿਸਦੀ ਮਹੱਤਤਾ ਸਮਾਂ ਬੀਤਣ ਨਾਲ ਹੋਰ ਨਿੱਖਰ ਕੇ ਸਾਹਮਣੇ ਆਵੇਗੀ। ਇਹਨਾਂ ਸਾਹਿਤਕ ਮੁਲਾਕਾਤਾਂ ਜ਼ਰੀਏ ਪੰਜਾਬੀ ਸਾਹਿਤ ਦੇ ਵੱਡੇ/ਸਮਰੱਥ ਨਾਰੀ ਲੇਖਕਾਂ ਦੇ ਰਿਕਾਰਡ ਹੋਏ ਵਿਚਾਰ ਆਉਣ ਵਾਲੀ ਪੀੜ੍ਹੀ ਲਈ ਗਿਆਨ ਅਤੇ ਪ੍ਰੇਰਨਾ ਦਾ ਸ੍ਰੋਤ ਹੋਣਗੇ।

## ਹਵਾਲੇ ਅਤੇ ਟਿੱਪਣੀਆਂ

1. "The Literary interview is neither a "creative" nor "critical" genre, as those words are conventionally used, but a form that is flowering into an important new kind of discourse.". John Rodden, Performing the Literary interview, University of Nebraska Press, Lincoln and London, B@@A, p.BA.
2. "The very fact that the interviewer is also a "subject" and also a performer- should not be forgotten or underestimated. The interviewer is frequently a shadowy presence in the interview-and many readers prefer it that way. But even if the interviewer is near invisible, he or she plays a subtle yet vital role." John Rodden, Performing the Literary interview, p. AI.
3. ਰਘਬੀਰ ਸਿੰਘ, ਮੁਲਾਕਾਤਾਂ (ਦਸ ਪ੍ਰਸਿੱਧ ਨਾਵਲਕਾਰਾਂ ਨਾਲ), ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ, 1997, ਪ੍ਰਵੇਸ਼ਿਕਾ, ਪੰਨਾ-11
4. "As a Literary genre, interview begins as an oral genre but is often converted into a written text....The moment the interview is published, however it involves a third creator, the reader of dialogue. At this point the author and his/her interviewer blend into a single entity, and the reader establishes his/her dialogic relationship with them." Ted Lyon, Jorge Luis Borges and the Interview as Literary Genre, Latin Amercian Literary Review, Vol BB, No. DD(Jul-Dec,AIID), p.GG.

https://www.jstore.org/stable/B@AAIFHE, Retrived on June 20,

2023
5. The Paris Review ਇੱਕ ਸਾਹਿਤਕ ਰਸਾਲਾ ਹੈ ਜਿਸ ਵਿੱਚ ਪ੍ਰਸਿੱਧ ਲੇਖਿਕਾ ਨਾਲ ਡੂੰਘਾਈ ਨਾਲ ਕੀਤੀਆਂ ਮੁਲਾਕਾਤਾਂ ਨੂੰ ਛਾਪਿਆ ਗਿਆ। ਇਸ ਵਿੱਚ ਛਪਣ ਵਾਲੇ ਲੇਖਕਾਂ ਦੀਆਂ ਮੁਲਾਕਾਤਾਂ ਦੀ ਲੰਮੀ ਸੂਚੀ ਹੈ। The Art of Poetry, Fiction and Theatre ਸਿਰਲੇਖ ਅਧੀਨ E.M. Forster, Ernest Hemingway, T.S. Eliot, Robert Frost, William Faulkner, Arthur Miller, Robert Frost, Pablo Neruda, John Steinbeck ਆਦਿ ਸਾਹਿਤਕਾਰਾਂ ਨਾਲ ਹੋਈਆਂ ਮੁਲਾਕਾਤਾਂ ਨੂੰ www.theparisreview.org ਤੇ ਪੜ੍ਹਿ ਆ ਜਾ ਸਕਦਾ ਹੈ।
6. ਸੁਕੀਰਤ, ਅੰਦਰਲੇ ਸੱਚ ਫਰੋਲਦਿਆਂ, ਪੀਪਲਜ਼ ਫੋਰਮ ਬਰਮਾੜੀ, ਪੰਜਾਬ, 2015, ਪੰਨਾ-91.
7. ਜਸਵੀਰ ਭੁੱਲਰ, ਗੁਫ਼ਤਗੂ, ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ, 2001, ਪੰਨਾ-151.
8. ਜਸਬੀਰ ਭੁੱਲਰ (ਸੰਪਾ.), ਆਹ ਲੈ ਸਾਂਭ ਕੁੰਜੀਆਂ (ਡਾ. ਦਲੀਪ ਕੌਰ ਟਿਵਾਣਾ ਦੀ ਸ਼ਖ਼ਸੀਅਤ, ਸਿਰਜਣਾ ਅਤੇ ਚਿੰਤਨ ਨੂੰ ਘੋਖਦੀਆਂ ਮੁਲਾਕਾਤਾਂ), ਸੰਗਮ ਪਬਲੀਕੇਸ਼ਨ, ਸਮਾਣਾ, 2012, ਪੰਨਾ-16.
9. ਰਘਬੀਰ ਸਿੰਘ, ਉਹੀ, ਪੰਨਾ-270.
10. ਗੁਰਪ੍ਰੀਤ ਡੈਨੀ ਮੇਰੀਆਂ ਸਾਹਿਤਕ ਮੁਲਾਕਾਤਾਂ, ਸੂਰਜਾਂ ਦੇ ਵਾਰਿਸ ਪ੍ਰਕਾਸ਼ਨ, ਬਠਿੰਡਾ, 2020, ਪੰਨਾ-16.
11. ਗੁਰਦੀਪ ਸਿੰਘ ਪੁਰੀ, ਬਿਨ ਤੁਸਾਂ ਅਸੀਂ ਸੱਖਣੇ, ਦੀਪਕ ਪਬਲਿਸ਼ਰਜ਼, ਜਲੰਧਰ, 1985, ਪੰਨਾ-33.
12. ਸੁਕੀਰਤ, ਗੱਲਾਂ ਤੇਰੀਆਂ ਤੇ ਕੁਝ ਮੇਰੀਆਂ, ਨਵਯੁਗ ਪਬਲਿਸ਼ਰਜ਼, ਦਿੱਲੀ, 2002, ਪੰਨਾ-48.
13. ਜਸਬੀਰ ਭੁੱਲਰ, ਗੁਫ਼ਤਗੂ, ਪੰਨਾ-84.
14. ਜਸਬੀਰ ਭੂੱਲਰ, ਲਿਖਣ ਵੇਲਾ (ਦਸ ਨਾਮਵਰ ਕਹਾਣੀਕਾਰਾਂ ਨਾਲ ਲੰਮੀਆਂ ਮੁਲਾਕਾਤਾਂ) ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ, 1994, ਪੰਨਾ 145-148.
15. ਗੁਰਬਚਨ ਸਿੰਘ ਭੁੱਲਰ, ਸੁਖ਼ਨ ਸੁਣਾਏ ਸਿਰਜਕਾਂ, ਆਰਸੀ ਪਬਲਿਸ਼ਰਜ਼, ਦਿੰਲੀ, 2019, ਪੰਨਾ-210.
16. ਹਰਬੰਸ ਸਿੰਘ ਧੀਮਾਨ, ਕਵੀ ਤੇ ਕਵਿਤਾ : ਕਾਵਿ ਸੰਵਾਦ, ਗਗਨ ਪ੍ਰਕਾਸ਼ਨ, ਦਿੱਲੀ, 2001, ਪੰਨਾ-32
17. ਸੁਕੀਰਤ, ਗੱਲਾਂ ਤੇਰੀਆਂ ਤੇ ਕੁਝ ਮੇਰੀਆਂ, ਪੰਨਾ-56.

# ਕਹਾਣੀ ਪੜ੍ਹਤ

## (ਪ੍ਰਵਚਨ 92 ਵਿੱਚ ਪ੍ਰਕਾਸ਼ਿਤ ਪੰਜਾਬੀ ਕਹਾਣੀਆਂ ਦੇ ਆਧਾਰ'ਤੇ)

-ਡਾ. ਪਰਮਜੀਤ ਕੌਰ

ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ ਤ੍ਰੈ ਮਾਸਿਕ ਪਤ੍ਰਿਕਾ ਪ੍ਰਵਚਨ ਲਗਾਤਾਰ ਪੰਜਾਬੀ ਸਾਹਿਤਕਾਰੀ ਦੇ ਸਰਵੋਤਮ ਮਿਆਰ ਨੂੰ ਸਥਾਪਿਤ ਕਰਨ ਲਈ ਵਚਨਬੱਧ ਰਿਹਾ ਹੈ। ਤ੍ਰੈ ਮਾਸਿਕ ਪਤ੍ਰਿਕਾ ਲੜੀ 92 ਵਿੱਚ ਸਲਾਹਕਾਰ ਬੋਰਡ ਵੱਲੋਂ ਤਿੰਨ ਕਹਾਣੀਆ ਛਾਪੀਆਂ ਗਈਆ ਹਨ। ਪਹਿਲੀ ਕਹਾਣੀ ਹਿੰਦੀ ਕਹਾਣੀਕਾਰ ਕ੍ਰਿਸ਼ਨਾ ਸੋਬਤੀ ਦੀ ਕਹਾਣੀ ਦਾ ਪੰਜਾਬੀ ਅਨੁਵਾਦ 'ਸਿੱਕਾ ਬਦਲ ਗਿਆ' ਅਨੁਵਾਦ ਸੁਕੀਰਤ, ਦੂਜੀ ਕਰਮਜੀਤ ਸਿੰਘ ਨਡਾਲਾ ਦੀ ਕਹਾਣੀ 'ਗਲੇਸ਼ੀਅਰ ਪਿਘਲ ਗਿਆ' ਤੇ ਤੀਜੀ ਤਰਸੇਮ ਸਿੰਘ ਭੰਗੂ ਦੁਆਰਾ ਰਚਿਤ ਕਹਾਣੀ 'ਜੁਆਬ ਤਾਂ ਦੇਣਾ ਈ ਪੈਣਾ' ਹਨ। ਤਿੰਨਾਂ ਕਹਾਣੀਆਂ ਦੀ ਪੜ੍ਹਤ ਦੌਰਾਨ ਪਾਠਕ ਅਨੁਭਵ ਕਰਦਾ ਹੈ ਕਿ ਇਹ ਕਹਾਣੀਆਂ ਆਪਣੇ ਸਮੇਂ ਦੇ ਸਾਹਿਤ, ਸਮਾਜਕ ਕਸੌਟੀਆਂ ਤੇ ਮਨੁੱਖੀ ਹੋਂਦ ਦੇ ਮਸਲਿਆਂ ਨੂੰ ਬੜੀ ਸੰਜੀਦਗੀ ਨਾਲ ਪੇਸ਼ ਕਰਨ ਦਾ ਹੁਨਰ ਰੱਖਦੀਆਂ ਹਨ। ਕਹਾਣੀਆਂ ਵਿੱਚ ਦਰਪੇਸ਼ ਕੇਂਦਰੀ ਨੁਕਤੇ ਪਾਠਕ ਮਨ ਨੂੰ ਹਲੂਣਾ ਦਿੰਦੇ ਮਨੁੱਖੀ ਹੋਂਦ ਦੇ ਮਸਲਿਆਂ ਨੂੰ ਉਜਾਗਰ ਕਰਦੇ ਹਨ। ਕਹਾਣੀਆਂ ਦੀ ਪੜ੍ਹਤ ਪਾਠਕ ਅੰਦਰ ਜਿਹੜੀ ਚੇਤਨਾ ਅਤੇ ਡੂੰਘੇ ਅਹਿਸਾਸਾਂ ਨੂੰ ਪੈਦਾ ਕਰਦੀ ਹੈ ਉਹ ਰਚਨਕਾਰ ਦੀ ਪ੍ਰਾਪਤੀ ਹੋ ਨਿਬੜਦੀ ਹੈ।

'ਸਿੱਕਾ ਬਦਲ ਗਿਆ' ਕਹਾਣੀ ਦੇ ਆਰੰਭ ਵਿੱਚ ਤਰਜਮਾਕਾਰ ਸੁਕੀਰਤ ਹਿੰਦੀ ਲੇਖਿਕਾ ਕ੍ਰਿਸ਼ਨਾ ਸੋਬਤੀ ਦੀ ਸਾਹਿਤਕ ਜਗਤ ਵਿੱਚ ਵਿਲੱਖਣ ਪਛਾਣ ਸੰਬੰਧੀ ਤੁਆਰਫ਼ ਕਰਵਾਉਂਦਾ ਹੈ। ਸੁਕੀਰਤ ਕ੍ਰਿਸ਼ਨਾ ਸੋਬਤੀ ਨੂੰ ਹਿੰਦੀ ਕਹਾਣੀ ਲਿਖਣ ਵਾਲੀ ਠੇਠ ਪੰਜਾਬਣ ਆਖਦਾ ਉਸ ਦੀਆਂ ਪ੍ਰਸਿੱਧ ਰਚਨਾਵਾਂ 'ਮਿਤ੍ਰੋ ਮਰ ਜਾਣੀ' ਜਾਂ 'ਡਾਰ ਸੇ ਬਿਛੁੜੀ' ਦਾ ਜ਼ਿਕਰ ਕਰਦਾ ਹੈ। ਇਹ ਰਚਨਾਵਾਂ ਕ੍ਰਿਸ਼ਨਾ ਸੋਬਤੀ ਦੀ ਪਛਾਣ ਬਣਦੀਆਂ ਉਸ ਦੀ ਸਾਹਿਤਕ ਵਿਲੱਖਣਤਾ ਨੂੰ ਸਥਾਪਿਤ ਕਰਦੀਆਂ ਹਨ। ਸੁਕੀਰਤ ਕ੍ਰਿਸ਼ਨਾ ਸੋਬਤੀ ਦੀ ਸਾਹਿਤ ਜਗਤ ਵਿੱਚ ਪ੍ਰਸਿੱਧੀ ਤੇ ਹਰਮਨ ਪਿਆਰਤਾ ਸੰਬੰਧੀ ਲਿਖਦਾ ਹੈ ਕਿ;

> ਮੇਰੀ ਪੀੜ੍ਹੀ ਦੇ ਹਿੰਦੀ ਸਾਹਿਤ ਪੜ੍ਹਣ ਵਾਲੇ ਪਾਠਕ ਉਸਦੀ ਹਰ ਨਵੀਂ ਕਿਤਾਬ ਨੂੰ ਬਹੁਤ ਉਤਸੁਕਤਾ ਨਾਲ ਉਡੀਕਦੇ ਹਨ।ਹੁਣ ਤਾਂ ਉਸ ਦੀਆਂ ਕਿਤਾਬਾਂ ਦੇ ਅੰਗਰੇਜ਼ੀ ਅਤੇ ਉਰਦੂ ਅਨੁਵਾਦ ਵੀ ਬਹੁਤ ਮਕਬੂਲ ਹਨ।[1]

ਪ੍ਰਵਚਨ ਅੰਕ 92 ਵਿੱਚ ਕ੍ਰਿਸ਼ਨਾ ਸੋਬਤੀ ਦੀ ਕਹਾਣੀ 'ਸਿੱਕਾ ਬਦਲ ਗਿਆ' ਅਨੁਵਾਦ ਸੁਕੀਰਤ, ਸ਼ਾਮਿਲ ਕੀਤੀ ਹੈ। ਸੁਕੀਰਤ ਕਹਾਣੀ ਦੇ ਆਰੰਭ ਵਿੱਚ ਹੀ ਇਸ ਬਿਰਤਾਂਤਕ ਕਥਾ ਦੇ ਕੇਂਦਰੀ ਨੁਕਤੇ[2] ਵਲ ਇਸ਼ਾਰਾ ਕਰਦਾ ਪਾਠਕ ਦੀ ਮਾਨਸਿਕਤਾ ਨੂੰ ਕਹਾਣੀ ਵਿੱਚ ਅਭਿਵਿਅਕਤ ਇਤਿਹਾਸਕ ਪ੍ਰਸੰਗ ਨਾਲ ਜੋੜ ਲੈਂਦਾ ਹੈ। ਕਥਾ-ਪਾਠ ਦੇ ਆਰੰਭ ਵਿੱਚ ਕਹਾਣੀ ਦੀ ਨਾਇਕਾ ਸ਼ਾਹਣੀ ਵੱਲੋਂ ਖੱਦਰ ਦੀ ਚਾਦਰ ਲੈ ਕੇ ਦਰਿਆ ਕੰਢੇ ਸੂਰਜ ਦੇਵਤੇ ਨੂੰ ਪ੍ਰਣਾਮ ਕਰਨ ਦਾ ਕਾਰਜ ਸ਼ਾਹਣੀ ਦੇ ਹਿੰਦੂ ਹੋਣ ਦਾ ਸੰਕੇਤ ਦਿੰਦਾ ਹੈ। ਚੌਗਿਰਦੇ ਦੀ ਸੁੰਨ ਸ਼ਾਹਣੀ ਅੰਦਰ ਵਸਦੇ ਦੇਸ਼ ਵੰਡ ਦੌਰਾਨ ਵਾਪਰਦੇ ਦੰਗਿਆਂ ਦੇ ਭੈਅ ਨੂੰ ਪੇਸ਼ ਕਰਦਾ ਹੈ। ਦਰਿਆ ਦੇ ਕੰਢੇ

ਹੀ ਅਤੀਤਮੁਖੀ ਹੁੰਦੀ ਸ਼ਾਹਣੀ ਆਪਣੇ ਜੀਵਨ ਦੇ ਗੁਜ਼ਰ ਚੁੱਕੇ ਪੰਜਾਹ ਵਰ੍ਹਿਆਂ ਦੀਆਂ ਸਿਮਰਤੀਆਂ ਵਿੱਚ ਗੁਆਚਦੀ ਹੈ ਜਦੋਂ ਉਹ ਇਸ ਪਿੰਡ ਵਿੱਚ ਨਵੀਂ ਵਿਆਹੀ ਆਈ ਸੀ ਤੇ ਫਿਰ ਪਤੀ ਤੇ ਨੌਜਵਾਨ ਪੁੱਤਰ ਦੀ ਮੌਤ ਉਸ ਨੂੰ ਭਰੇ ਪਿੰਡ ਵਿੱਚ ਇਕੱਲਿਆਂ ਕਰ ਦਿੰਦੀ ਹੈ। ਹਰੇ ਖੇਤ ਉਸ ਨੂੰ ਆਪਣੇ ਲੱਗਦੇ ਅਤੇ ਖੇਤਾਂ ਵਿੱਚ ਰਹਿੰਦਾ ਸ਼ੇਰਾ ਤੇ ਉਸਦੀ ਪਤਨੀ ਉਸ ਦਾ ਸਾਥ ਸਨ। ਸ਼ਾਹਣੀ ਦੀ ਅਵਾਜ਼ ਸੁਣ ਕੇ ਸ਼ੇਰੇ ਦਾ ਗੰਡਾਸਾ ਲੁਕਾਉਣਾ ਉਸ ਦੇ ਦੋਹਰੇ ਕਿਰਦਾਰ ਵੱਲ ਇਸ਼ਾਰਾ ਕਰਦਾ ਹੈ। ਇਸ ਸਮੇਂ ਬੇਸ਼ੱਕ ਮੁਸਲਮਾਨ ਹਿੰਦੂਆਂ ਦੇ ਵੈਰੀ ਬਣੇ ਸਨ। ਸ਼ੇਰੇ ਨੇ ਵੀ ਰਾਤ ਬਰਾਤੇ ਅਨੇਕਾਂ ਕਤਲ ਕੀਤੇ ਪਰ ਇਸ ਵਰਤਾਰੇ ਸੰਬੰਧੀ ਉਹ ਸ਼ਾਹਣੀ ਪਾਸੋਂ ਲੁਕਾਅ ਰੱਖਦਾ। ਮਨ ਹੀ ਮਨ ਸ਼ੇਰਾ ਸ਼ਾਹਨੀ ਦੀ ਹਵੇਲੀ ਵਿੱਚ ਪਏ ਸੋਨੇ ਤੇ ਜਾਇਦਾਦ ਸੰਬੰਧੀ ਨਕਾਰਾਤਮਕ ਸੋਚ ਰੱਖਦਾ ਪਰ ਫਿਰ ਸ਼ਾਹਣੀ ਦਾ ਦਿਆਲੂ ਕਿਰਦਾਰ ਉਸ ਅੰਦਰ ਵੱਸਦੇ ਲੋਟੂ ਮਨੁੱਖ ਦੀ ਪੈੜ ਨੂੰ ਰੋਕ ਦਿੰਦਾ। ਅਸਮਾਨ ਵਿੱਚ ਉੱਠਦੇ ਧੂੰਏ ਦੇ ਪ੍ਰਤੀਕ ਰਾਹੀਂ ਸ਼ੇਰਾ ਤੇ ਸ਼ਾਹਣੀ ਜਬਲਪੁਰ ਪਿੰਡ ਵਿੱਚ ਲੱਗੀ ਅੱਗ ਤੇ ਫਸਾਦੀਆਂ ਦੇ ਕਹਿਰ ਦਾ ਪ੍ਰਗਟਾਵਾ ਕਰਦੇ ਹਨ। ਇਹ ਧੂੰਆਂ ਸ਼ਾਹਣੀ ਨੂੰ ਉਸ ਦੇ ਪਿੰਡ ਆਉਂਦੇ ਖਤਰੇ ਦਾ ਆਭਾਸ ਕਰਵਾਉਂਦਾ ਹੈ।

ਹਵੇਲੀ ਦੀ ਦਹਿਲੀਜ਼ ਲੰਘਦਿਆਂ ਹੀ ਰਮੂਲੀ ਦੁਆਰਾ ਪਿੰਡ ਵਿੱਚ ਮੁਸਲਮਾਨਾਂ ਦੇ ਟਰੱਕ ਆਉਣ ਦੀ ਖ਼ਬਰ ਨਿਸ਼ਚਿਤ ਕਰ ਦਿੰਦੀ ਹੈ ਕਿ ਸ਼ਾਹਣੀ ਨੂੰ ਆਪਣਾ ਪਿੰਡ ਤੇ ਹਵੇਲੀ ਛੱਡ ਕੇ ਭਾਰਤੀ ਕੌਮਾਂ ਵਿੱਚ ਸ਼ਾਮਿਲ ਹੋਣਾ ਪਵੇਗਾ। ਮੁਸਲਮਾਨਾਂ ਥਾਣੇਦਾਰ ਦਾਊਦ ਵੀ ਸ਼ਾਹਣੀ ਦੇ ਦਿਆਲੂ ਵਿਅਕਤੀਤਵ ਦੀ ਕਦਰ ਕਰਦਾ ਪਰ ਸੱਤਾ ਦੇ ਜ਼ੋਰ ਕਰਕੇ ਉਹ ਸ਼ਾਹਣੀ ਸਾਹਮਣੇ ਆਪਣੀ ਬੇਵਸੀ ਜ਼ਾਹਰ ਕਰਦਾ ਹੈ। ਜਦ ਉਹ ਸ਼ਾਹਣੀ ਨੂੰ ਕੁੱਝ ਨਕਦੀ ਲੈਣ ਲਈ ਆਖਦਾ ਤਾਂ ਇਮਾਨਦਾਰੀ ਤੇ ਸਵੈ-ਮਾਣ ਵਿੱਚ ਵਿਚਰਦੀ ਸ਼ਾਹਣੀ ਹਵੇਲੀ ਵਿੱਚੋਂ ਕੁੱਝ ਨਾ ਲੈ ਜਾਣ ਦਾ ਫੈਸਲਾ ਲੈਂਦੀ ਹੋਈ ਸਭ ਕੁੱਝ ਪਿੰਡ ਵਾਸੀਆਂ ਨੂੰ ਦੇਣ ਦਾ ਫ਼ੈਸਲਾ ਦਿੰਦੀ ਹੈ। ਸ਼ਾਹਣੀ ਦਾ ਅਜਿਹਾ ਕਰਮ ਉਸ ਅੰਦਰ ਵੱਸਦੀ ਉਦਾਰਤਾ, ਨਿਮਰਤਾ ਅਤੇ ਇਮਾਨਦਾਰੀ ਦੇ ਗੁਣਾਂ ਨੂੰ ਪ੍ਰਗਟਾਉਂਦਾ ਹੈ। ਸ਼ਾਹਣੀ ਜਦੋਂ ਆਪਣੀ ਹਵੇਲੀ ਤੇ ਪਿੰਡ ਨੂੰ ਛੱਡ ਕੇ ਜਾ ਰਹੀ ਹੁੰਦੀ ਹੈ ਤਾਂ ਹਵੇਲੀ ਵਿਚਲਾ ਪੈਸਾ, ਸੋਨਾ ਉਸ ਦੀਆਂ ਭਾਵਨਾਵਾਂ ਸਾਹਮਣੇ ਨੀਵਾਂ ਪੈ ਜਾਂਦਾ ਹੈ। ਸ੍ਵੈ ਮਾਣ ਤੇ ਨਿਰਸੁਆਰਥ ਦੀ ਭਾਵਨਾ ਉਸ ਦੀ ਨੈਤਿਕਤਾ ਦੇ ਗੁਣਾਂ ਨੂੰ ਉਭਾਰਦੀ ਹੈ। ਸਮੇਂ ਦੀ ਰਾਜਨੀਤਿਕ ਉਥਲ ਪੁਥਲ ਸਾਹਮਣੇ ਸ਼ਾਹਣੀ ਝੁਕ ਜਾਂਦੀ ਹੈ। ਕਥਾ ਬਿਰਤਾਂਤ ਵਿੱਚ ਲੇਖਿਕਾ ਨੇ ਸ਼ਾਹਣੀ ਦੀ ਅਜਿਹੀ ਮਨੋਸਥਿਤੀ ਨੂੰ ਬਾਖੂਬੀ ਚਿਤਰਿਆ ਹੈ:

> ਸ਼ਾਹਣੀ ਮਨ ਵਿੱਚ ਮੈਲ ਨਾ ਰੱਖੀ। ਕੁਝ ਕਰ ਸਕਦੇ ਤਾਂ ਹੱਥੀਂ ਨਾ ਚੁੱਕ ਲੈਂਦੇ। ਵਕਤ ਹੀ ਇਹੋ ਜਿਹਾ ਹੈ। ਰਾਜ ਪਲਟ ਗਿਆ ਹੈ। ਸਿੱਕਾ ਬਦਲ ਗਿਆ ਹੈ।[3]

ਕੈਂਪ ਵਿੱਚ ਭੁੰਜੇ ਪਈ ਸ਼ਾਹਣੀ ਰਾਜ ਪਲਟਣ ਤੇ "ਸਿੱਕਾ ਬਦਲ ਗਿਆ" ਦੀ ਪ੍ਰਕਿਰਿਆ ਸੰਬੰਧੀ ਪਹਿਲਾਂ ਸ਼ੰਕਾ ਪ੍ਰਗਟਾਉਂਦੀ ਪਰ ਜਲਦ ਹੀ ਉਸ ਦੀ ਮਾਨਸਿਕਤਾ ਇਸ ਸੱਚ ਨੂੰ ਪ੍ਰਵਾਨ ਕਰ ਲੈਂਦੀ ਹੈ। ਸਮੁੱਚੀ ਕਹਾਣੀ ਸੰਤਾਲੀ ਦੇ ਵੰਡ ਸਮੇਂ ਸਿਆਸੀ ਦੰਡਾਂ ਅਧੀਨ ਕੁਚਲੀ ਜਾਂਦੀ ਲੋਕ-ਮਾਨਸਿਕਤਾ ਦੇ ਰੁਦਨ ਨੂੰ ਪੇਸ਼ ਕਰਦੀ ਹੈ।

ਕਰਮਜੀਤ ਸਿੰਘ ਨਡਾਲਾ ਦੀ ਕਹਾਣੀ "ਗਲੇਸ਼ੀਅਰ ਪਿਘਲ ਗਿਆ" ਵਿੱਚ ਗਲੇਸ਼ੀਅਰ ਦੇ ਚਿਹਨ ਰਾਹੀਂ ਮਨੁੱਖੀ ਮਾਨਸਿਕਤਾ ਦੀ ਦਵੰਦਾਤਮਕ ਸਥਿਤੀ ਦਾ ਪ੍ਰਗਟਾਵਾ

ਕੀਤਾ ਹੈ। ਕਹਾਣੀ ਦੇ ਆਰੰਭਿਕ ਬਿਰਤਾਂਤ ਵਿੱਚ ਗਾਂ ਦੀ ਜਿਨਸੀ ਪੂਰਤੀ ਦੇ ਪ੍ਰਸੰਗ ਦੇ ਓਹਲੇ ਵਿੱਚ ਕਹਾਣੀ ਨਾਇਕਾ ਨਿੰਮੋ ਜੋ ਜ਼ਿੰਮੀਦਾਰਪਰਿਵਾਰ ਨਾਲ ਸੰਬੰਧ ਰੱਖਦੇ ਜਗੀਰ ਸਿੰਘ ਦੀ ਨੂੰਹ ਦੀ ਮਨੋਸਥਿਤੀ ਦੇ ਚਿਹਨਾਤਮਕ ਰਵੱਈਏ ਨੂੰ ਵਿਅੰਜਨਾਤਮਕ ਭਾਸ਼ਾ ਰਾਹੀਂ ਪੇਸ਼ ਕੀਤਾ ਹੈ। ਨਿੰਮੋ ਦਾ ਪਤੀ ਦਲਬੀਰ ਅਮਰੀਕਾ ਵਿੱਚ ਬਹੁਤ ਪੈਸਾ ਕਮਾਉਂਦਾ ਨਿੰਮੋ ਆਪਣੇ ਦੋ ਬੱਚਿਆਂ ਨਾਲ ਪਰਿਵਾਰ ਵਿੱਚ ਰਹਿੰਦੀ। ਉਹ ਬੇਸ਼ੱਕ ਆਪਣੇ ਪਤੀ ਦਲਬੀਰ ਨਾਲ ਫੋਨ ਤੇ ਗੱਲ ਕਰਦੀ ਪਰ ਉਸਦੀਆਂ ਜਿਨਸੀ ਅਕਾਂਖਿਆਵਾਂ ਉਸ ਦਾ ਦਮਨ ਕਰਦੀਆਂ। ਕਥਾ ਵਿੱਚ ਸੱਸ ਦੇ ਦੂਰ ਦੇ ਰਿਸ਼ਤੇ ਵਿੱਚ ਭਰਾ ਦਾ ਪੁੱਤ ਅਰਜਨ ਜੋ ਕਿੱਤੇ ਵਜੋਂ ਪੁਲਿਸ ਵਿੱਚ ਹਵਾਲਦਾਰ ਹੈ। ਤੀਹਾਂ ਤੋਂ ਉੱਪਰ ਕਾਟਵੀਂ ਨਜ਼ਰ ਰੱਖਣਾ ਨਿੰਮੋਂ ਦੀਆਂ ਆਂਤਰਿਕ ਮਨੋਬਿਰਤੀਆਂ ਨੂੰ ਹੋਰ ਤੀਖਣ ਕਰਦੀ। ਪਹਿਲਾਂ ਪਹਿਲਾਂ ਤਾਂ ਨਿੰਮੋ ਸਦਾਚਾਰ 'ਚ ਬੱਝੀ ਅਰਜਨ ਤੋਂ ਬਚਦੀ ਪਰ ਉਸ ਦੁਆਰਾ ਦਿੱਤੇ ਜੈਸਚਰ ਉਸਦੇ ਸਦਾਚਾਰਕ ਗਲੇਸ਼ੀਅਰ ਨੂੰ ਪਿਘਲਾਉਂਦੇ ਜਾਂਦੇ। ਇਕੱਲਤਾ ਹੰਢਾਉਂਦੀ ਨਿੰਮੋ ਕਾਮ ਉਤੇਜਨਾ ਅਧੀਨ ਅਰਜਨ ਤੋਂ ਬਚਦੀ ਅਤੇ ਉਸਦੇ ਆਉਣ ਦੀ ਉਡੀਕ ਕਰਦੀ ਹੋਈ ਦੋਹਰੇ ਕਿਰਦਾਰ ਵਿੱਚ ਵੜਦੀ ਜਾਂਦੀ। ਮੌਕਾ ਮੇਲ ਘਰ ਵਿੱਚ ਨਿੰਮੋ ਦੀ ਇਕੱਲਤਾ ਨੇ ਅਰਜਨ ਨੂੰ ਨਿੰਮੋ ਨਾਲ ਗੱਲ ਕਰਨ ਦਾ ਮੌਕਾ ਦਿੱਤਾ ਤੇ ਕਾਮ ਉਤੇਜਨਾ ਅਧੀਨ ਵਿਚਰਦੀ ਨਿੰਮੋ ਸਹੁਰੇ ਘਰੋਂ ਪੇਕੇ ਘਰ ਜਾਣ ਦਾ ਬਹਾਨਾ ਕਰਦੇ ਸਦਾਚਾਰ ਦੀ ਉਲੰਘਣਾ ਕਰਦੀ ਆਪਣੀਆਂ ਅਧੂਰੀਆਂ ਮਨੋਬਿਰਤੀਆਂ ਦੀ ਪੂਰਤੀ ਹਿੱਤ ਅਰਜਨ ਦੇ ਕੁਆਟਰ ਪਹੁੰਚ ਜਾਂਦੀ ਹੈ।

> ਪਹਿਲੇ ਦਿਨ ਤੇ ਰਾਤ ਉਸ ਨੂੰ ਬਹੁਤ ਚੰਗਾ ਲਗਦਾ ਤੇ ਅਰਜਨ ਦੀ ਸਰੀਰਕ ਖਿੱਚ ਉਸ ਦੀਆਂ ਅਧੂਰੀਆਂ ਕਾਮਨਾਵਾਂ ਦੀ ਪੂਰਤੀ ਕਰਦੀ ਪਰ ਜਲਦ ਹੀ ਅਰਜਨ ਦੇ ਪਿਆਰ ਦਾ ਗਲੇਸ਼ੀਅਰ ਵੀ ਖੁਰਦਾ ਹੈ ਜਦੋਂ ਉਹ ਆਪਣੇ ਮਿੱਤਰਾਂ ਨੂੰ ਸੱਦ ਕੇ ਨਿੰਮੋ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰਦਾ ਹੈ।[4]

ਪ੍ਰਸਥਿਤੀਆਂ ਅਧੀਨ ਜੂਝਦੀ ਨਿੰਮੋ ਜਦ ਅਰਜਨ ਦੇ ਕੁਆਟਰ ਵਿੱਚੋਂ ਨਿਕਲਦੀ ਹੈ ਤਾਂ ਰਾਹ ਵਿੱਚ ਉਸ ਦੁਆਰਾ ਟੁੱਟੇ ਸਦਾਚਾਰ ਦਾ ਭੈਅ ਤੇ ਫਿਰ ਆਪਣਾ ਸਰੀਰਕ ਸ਼ੋਸ਼ਣ ਉਸ ਦੀ ਆਂਤਰਿਕਤਾ ਨੂੰ ਖੰਡਿਤ ਕਰਦਾ ਹੈ। ਸਹੁਰੇ ਘਰ ਪਰਤੀ ਨਿੰਮੋ ਨੂੰ ਸੱਸ ਸਹੁਰਾ ਘਰੋਂ ਕੱਢ ਦਿੰਦੇ ਹਨ। ਵਿਪਰੀਤ ਸਥਿਤੀਆਂ ਵਿੱਚ ਗੁਜ਼ਰਦੀ ਨਿੰਮੋ ਜਦ ਪੇਕਿਆਂ ਦਾ ਆਸਰਾ ਲੈਣਾ ਚਾਹੁੰਦੀ ਹੈ ਤਾਂ ਮਾਂ-ਪਿਉ, ਭਰਾ, ਭਾਬੀਆਂ ਉਸ ਦੁਆਰਾ ਕੀਤੇ ਕਾਰਜ ਨੂੰ ਆਪਣਾ ਸਮਾਜਕ ਅਪਮਾਨ ਸਮਝਦੇ ਨਿੰਮੋ ਦਾ ਕਤਲ ਕਰ ਦਿੰਦੇ ਤੇ ਫਿਰ ਕੋਠੇ ਤੋਂ ਡਿੱਗ ਕੇ ਮਰਨ ਦਾ ਬਿਰਤਾਂਤ ਸਿਰਜਦੇ ਹਨ। ਸਮਾਜ ਤੇ ਰਿਸ਼ਤੇਦਾਰਾਂ ਦੀ ਚੁੱਪ ਸਮਾਜਕ ਰੂੜ੍ਹਗਤ ਹਿੰਸਕ ਵਰਤਾਰੇ 'ਤੇ ਤਨਜ਼ ਕੱਸਦੀ ਹੈ ਜਿਸ ਵਿੱਚ ਸੰਸਕਾਰਾਂ ਦੀ ਕੰਧ ਕੇਵਲ ਔਰਤ ਦੇ ਹਿੱਸੇ ਵਿੱਚ ਆਉਂਦੀ ਹੈ, ਮਰਦ ਮਰਯਾਦਾ ਭੰਜਕ ਵਰਤਾਰੇ ਵਿੱਚ ਵਿਚਰਦਾ ਵੀ ਪ੍ਰਸ਼ਨ ਦੇ ਘੇਰੇ ਵਿੱਚ ਨਹੀਂ ਆਉਂਦਾ। ਕਹਾਣੀ ਦੇ ਅੰਤ ਵਿੱਚ "ਪਰ ਅੱਗ ਤਾਂ ਅਜੇ ਵੀ ਧੁਖ ਰਹੀ ਸੀ।[5] ਵਾਕ ਸਪੱਸ਼ਟ ਕਰਦਾ ਹੈ ਕਿ ਔਰਤ ਸਮਾਜ ਦੇ ਦੋਹਰੇ ਵਿਹਾਰ 'ਤੇ ਅਖੌਤੀ ਮਖੌਟਿਆਂ ਸਾਹਮਣੇ ਹਮੇਸ਼ਾਂ ਕਮਜ਼ੋਰ ਪੈਂਦੀ ਹੈ ਅਤੇ ਉਸ ਅੰਦਰ ਸਮਾਜਕ ਕਰੂਰਤਾ ਦੇ ਕੋਝੇ ਰੂਪ ਪ੍ਰਤੀ ਇਨਸਾਫ ਦੀ ਭਾਵਨਾ ਹਮੇਸ਼ਾਂ ਧੁਖਦੀ ਰਹਿੰਦੀ ਹੈ।

ਤਰਸੇਮ ਸਿੰਘ 'ਭੰਗੂ' ਦੀ ਕਹਾਣੀ "ਜਵਾਬ ਤਾਂ ਦੇਣਾ ਈ ਪੈਣਾ?" ਦੇ ਪਾਤਰ ਕੇਸੋ ਤੇ ਨੰਜੀ ਦਲਿਤ ਵਰਗ ਨਾਲ ਸੰਬੰਧ ਰੱਖਦੇ ਹਨ। ਕੇਸੋ ਦੇ ਘਰ ਪੰਜਵੀਂ ਧੀ ਜੰਮਣ 'ਤੇ ਆਰਥਿਕ

ਥੁੜ੍ਹ ਕਾਰਣ ਉਹ ਨੰਜੀ ਨਾਲ ਝਗੜਦੀ ਹੈ। ਕੇਸੋ ਅਤੀਤਮੁਖੀ ਬਿਰਤਾਂਤ ਰਾਹੀਂ ਸਪੱਸ਼ਟ ਕਰਦੀ ਹੈ ਕਿ ਨੰਜੀ ਦਾ ਪਿਉ ਜਿੰਮੀਦਾਰਾਂ ਦਾ ਸੀਰੀ ਬਣਿਆ ਅਤੇ ਘਰੋਗੀ ਜ਼ਰੂਰਤਾਂ ਨੇ ਉਸਨੂੰ ਕਰਜਾਈ ਬਣਾ ਦਿੱਤਾ। ਪਿਤਾ ਦੇ ਮੁੱਕਣ 'ਤੇ ਨੰਜੀ ਸੀਰੀ ਬਣ ਗਿਆ ਤੇ ਫਿਰ ਕੇਸੋ ਨਵਵਿਆਹੀ ਹੀ ਕੰਮ ਧੰਦੇ ਲਗ ਗਈ ਪਰ ਦੋਹਾਂ ਦੀ ਸਖ਼ਤ ਮਿਹਨਤ ਦੇ ਬਾਵਜੂਦ ਵੀ ਕਰਜ਼ੇ ਦਾ ਵਿਆਜ ਨਾ ਮੁੱਕਿਆ। ਜਦੋਂ ਕੇਸੋ ਦੇ ਕਹਿਣ 'ਤੇ ਨੰਜੀ ਸਰਦਾਰਾਂ ਨੂੰ ਕੰਮ ਤੋਂ ਜੁਆਬ ਦਿੰਦਾ ਹੈ ਤਾਂ ਸਰਦਾਰ ਪੰਚਾਇਤ ਇਕੱਠੀ ਕਰਦਾ ਹੈ। ਪੰਚਾਇਤ ਸਾਹਮਣੇ ਨੰਜੀ ਚੁੱਪ ਵੇਖ ਕੇ ਕੇਸੋ ਦਾ ਜਵਾਬ ਵਿੱਚ ਬੋਲਿਆ ਵਾਕ, "ਮੈਂ ਤਾਂ ਸਾਰੇ ਸਾਊਆਂ ਨੂੰ ਸੌ ਦੀ ਇਕੋ ਈ ਕਹਿਨੀ ਆਂ, ਸਰਦਾਰਾਂ ਦੇ ਪੈਸੇ ਮੁੜਵਾਉਣ ਤਾਂ ਆ ਗਏ ਓ, ਕੋਈ ਸਾਡੀ ਗੁਜ਼ਰ ਚੁੱਕੀ ਜਵਾਨੀ ਮੁੜਵਾਏਗਾ? ਇਹ ਸਾਡੀ ਜਵਾਨੀ ਮੋੜ ਦੇਣ, ਅਸੀਂ ਹੱਸ ਕੇ ਇੱਕ ਜਨਮ ਹੋਰ ਇਨ੍ਹਾਂ ਦੇ ਖੇਤਾਂ ਵਿੱਚ ਗੁਜ਼ਾਰ ਦਿਆਂਗੇ[6] ਵਿਚਲਾ ਵਿਰੋਧ ਪੰਚਾਇਤ ਨੂੰ ਚੁੱਪ ਕਰਵਾ ਦਿੰਦਾ ਹੈ। ਕੇਸੋ ਦਲਿਤ ਧਿਰ ਵੱਲੋਂ ਜ਼ਿੰਮੀਦਾਰ ਵਰਗ ਵੱਲੋਂ ਹੁੰਦੀ ਲੁੱਟ ਦਾ ਵਿਰੋਧ ਕਰਦੀ ਜਦ ਬਾਗ਼ੀ ਹੋ ਜਾਂਦੀ ਹੈ ਤਾਂ ਪੰਚਾਇਤ ਦੀ ਚੁੱਪ ਉਸ ਦੇ ਜੇਤੂ ਹੋਣ ਦਾ ਸੰਕੇਤ ਦਿੰਦੀ ਹੈ। ਕਹਾਣੀ ਦਾ ਅੰਤਿਮ ਵਾਕ "ਸਰਦਾਰ ਜੀ, ਜੁਆਬ ਤਾਂ ਦੇਣਾਂ ਈ ਪੈਣਾ[7] ਦਲਿਤ ਲੁੱਟ ਪ੍ਰਤੀ ਜਾਗਰੂਕਤਾ ਤੇ ਵਿਰੋਧਮੂਲਕ ਜਿੱਤ ਦਾ ਪ੍ਰਗਟਾਵਾ ਕਰਦਾ ਹੈ।

ਸਮੁੱਚੇ ਰੂਪ ਵਿੱਚ ਤਿੰਨਾਂ ਕਹਾਣੀਆਂ ਦੇ ਪਾਠ'ਤੇ ਪ੍ਰਸੰਗ ਸਮਕਾਲੀ ਸਮਾਜ, ਇਤਿਹਾਸ ਤੇ ਮਾਨਵੀ ਕਦਰਾਂ-ਕੀਮਤਾਂ ਦੀਆਂ ਸਜੀਵ ਪਰਤਾਂ ਨੂੰ ਉਜਾਗਰ ਕਰਦੀਆਂ ਹਨ। ਕਹਾਣੀ ਲੇਖਕ ਦੁਆਰਾ ਪੇਸ਼ ਪਾਠ-ਪ੍ਰਸੰਗ ਤੇ ਪਾਤਰਾਂ ਦੀ ਵਿਹਾਰਕਤਾ ਕਹਾਣੀ ਦੀ ਸਜੀਵਤਾ ਤੇ ਚਿਰ ਸਥਾਈ ਹੋਂਦ ਦੀ ਪੇਸ਼ਕਾਰੀ ਕਰਨ ਦੇ ਸਮਰੱਥ ਹੈ।

## ਹਵਾਲੇ ਤੇ ਟਿੱਪਣੀਆਂ

1. ਪ੍ਰਵਚਨ ਜੁਲਾਈ ਸਤੰਬਰ, 2023, ਪੰਨਾ- 23
2. ਵੰਡ ਦੇ ਕਹਿਰੀ ਸਮਿਆਂ ਦੇ ਇੱਕ ਦਿਨ ਨੂੰ ਉਨ੍ਹਾਂ ਦੇ ਮਖਸੂਸ ਅੰਦਾਜ਼ ਵਿੱਚ ਬਿਆਨ ਕਰਦੀ ਉਹਨਾਂ ਮਸ਼ਹੂਰ ਕਹਾਣੀ। 'ਸਿੱਕਾ ਬਦਲ ਗਿਆ' ਦਾ ਤਾਜ਼ਾ ਪੰਜਾਬੀ ਤਰਜਮਾ 'ਪ੍ਰਵਚਨ' ਦੇ ਪਾਠਕਾਂ ਦੀ ਨਜ਼ਰ ਹੈ। ਸੁਕੀਰਤ, ਪ੍ਰਵਚਨ, ਜੁਲਾਈ-ਸਤੰਬਰ "ਸਿੱਕਾ ਬਦਲ ਗਿਆ" ਪੰਨਾ- 24
3. ਪ੍ਰਵਚਨ ਜੁਲਾਈ ਸਤੰਬਰ ਪੰਨਾ-29
4. ਚੱਲ ਸਾਲੀ ਬਕਵਾਸ ਕਰਦੀ ਏਂ... ਇਸ ਵੇਲੇ ਫਲਸਫੇ ਘੋਟਣ ਬਹਿ ਗਈ... ਤੇਰੀ ਅਜੇ ਤੜ ਨਹੀਂ ਭੱਜੀ...ਕਰਦਾ ਤੇਰੀ ਬੋਲਤੀ ਬੰਦ, ਪ੍ਰਵਚਨ, "ਗਲੇਸ਼ੀਅਰ ਪਿਘਲ ਗਿਆ" ਪੰਨਾ-41
5. ਉਹੀ, ਪੰਨਾ- 44
6. ਪ੍ਰਵਚਨ, ਉਹੀ "ਜਵਾਬ ਤਾਂ ਦੇਣਾ ਈ ਪੈਣਾ"ਪੰਨਾ-49
7. ਉਹੀ, ਪੰਨਾ-40

# ਸਮਕਾਲੀ ਸਾਹਿਤ ਨੂੰ ਵਾਚਦਿਆਂ

**ਕੁਲਵੰਤ ਸੰਧੂ**

1. ਵਿਪਨ ਗਿੱਲ, ਅਣਕਹੀ ਪੀੜ, ਵਾਈਟ ਕਰੋ ਪਬਲਿਸ਼ਰਜ਼, ਪਟਿਆਲਾ, 2023
2. ਜਸਪਾਲ ਕੌਰ, ਓਹਲਿਆਂ ਦੇ ਆਰ ਪਾਰ,
ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 2023

'ਅਣਕਹੀ ਪੀੜ' ਵਿਪਨ ਗਿੱਲ ਦੀ ਕਹਾਣੀਆਂ ਦੀ ਪਹਿਲੀ ਪੁਸਤਕ ਹੈ। ਇਸ ਤੋਂ ਪਹਿਲਾ ਇਕ ਕਾਵਿ ਪੁਸਤਕ ਤੇ ਕੁਝ ਪੁਸਤਕਾਂ ਦਾ ਉਸਨੇ ਪੰਜਾਬੀ ਵਿਚ ਤਰਜਮਾ ਵੀ ਕੀਤਾ ਹੈ। ਪੰਜਾਬੀ ਸਾਹਿਤ ਵਿਚ ਉਹ ਇਕ ਤਰਜਮਾਕਾਰ ਦੇ ਤੌਰ 'ਤੇ ਵਧੇਰੇ ਜਾਣੀ ਜਾਂਦੀ ਹੈ। ਦੂਸਰੀਆਂ ਭਾਸ਼ਾਵਾਂ ਦੇ ਨਾਵਲ-ਕਹਾਣੀਆਂ ਦੇ ਤਰਜਮਾਕਾਰ ਵਜੋਂ ਉਹ ਜਾਣਦੀ ਹੈ ਕਿ ਚੰਗੀ ਕਹਾਣੀ ਜਾਂ ਨਾਵਲ ਵਿਚ ਅਜੇਹਾ ਕੀ ਹੁੰਦਾ ਹੈ, ਜੋ ਉਸ ਨੂੰ ਸਧਾਰਣ ਸਾਹਿਤ ਨਾਲੋਂ ਵਖਰਾਉਂਦਾ ਹੈ। ਇਹ ਵੱਖਰਤਾ ਉਸਦੀਆਂ ਮੌਲਿਕ ਕਹਾਣੀਆਂ ਵਿਚ ਵੀ ਨਜ਼ਰ ਆਉਂਦੀ ਹੈ। ਪਿਛਲੇ ਕੁਝ ਸਮਿਆਂ ਵਿਚ ਬਹੁਤ ਸਾਰੀਆਂ ਔਰਤ ਕਹਾਣੀਕਾਰਾਂ ਨੇ ਇਸ ਖੇਤਰ ਵਿਚ ਪ੍ਰਵੇਸ਼ ਕੀਤਾ ਹੈ ਇਨ੍ਹਾਂ ਦੀਆਂ ਪਹਿਲੀਆਂ ਪੁਸਤਕਾਂ ਨੇ ਹੀ ਪਾਠਕਾਂ/ਆਲੋਚਕਾ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਵਿਪਨ ਗਿੱਲ ਵੀ ਇਸ ਲੜੀ ਵਿਚ ਸ਼ਾਮਲ ਹੈ। ਇਸ ਪੁਸਤਕ ਵਿਚ ਉਸਦੀਆਂ ਗਿਆਰਾਂ ਕਹਾਣੀਆਂ ਸ਼ਾਮਲ ਹਨ। ਉਸਦੀਆਂ ਕਹਾਣੀਆਂ ਦੀ ਕੇਂਦਰੀ ਸੁਰ ਸਥਾਪਿਤ ਸਮਾਜਕ ਕੀਮਤ ਵਿਧਾਨ ਖਾਸ ਕਰਕੇ ਪਿਤਰਕੀ ਸੱਤਾ ਨਾਲ ਜੁੜੀਆਂ ਕਦਰਾਂ-ਕੀਮਤਾਂ ਤੇ ਮਾਨਸਿਕਤਾ ਬਾਰੇ ਹਨ, ਜਿਨ੍ਹਾਂ ਬਾਰੇ ਉਹ ਆਪਣੀਆਂ ਕਹਾਣੀਆਂ ਵਿਚ ਉੱਚੀ ਸੁਰ ਵਿਚ ਬੋਲਦੀ ਹੈ ਤੇ ਇਨ੍ਹਾਂ ਲਈ ਚੁਣੌਤੀ ਖੜੀ ਕਰਦੀ ਹੈ।

ਪਹਿਲੀ ਕਹਾਣੀ 'ਮਛਲੀ ਜਲ ਕੀ ਰਾਨੀ ਹੈ' ਇਹ ਜਿੱਥੇ ਪਿਤਰ ਸੱਤਾ 'ਤੇ ਚੋਟ ਹੈ ਉਥੇ ਅਜੋਕੇ ਪਦਾਰਥਕ ਕਦਰਾਂ-ਕੀਮਤਾਂ ਵਾਲੇ ਸਮਾਜ ਵਿਚ ਔਰਤ ਦੇ ਜਾਣ-ਬੁੱਝ ਕੇ ਬਾਜ਼ਾਰ ਦੀ ਵਸਤੂ ਬਣ ਜਾਣ ਦੇ ਵੇਰਵੇ ਵੀ ਇਸ ਕਹਾਣੀ ਨੂੰ ਵਧੇਰੇ ਗੁੰਝਲਦਾਰ ਬਣਾਉਂਦੇ ਹਨ। ਇਹ ਬਹੁ-ਪਰਤੀ ਕਹਾਣੀ ਹੈ, ਜਿਸ ਵਿਚ ਜਾਇਦਾਦ ਦੇ ਵਾਰਸ ਤੋਂ ਲੈ ਕੇ ਆਰਥਿਕ ਤੇ ਮਾਨਸਿਕ ਗੁਰਬਤ ਦੇ ਵੇਰਵੇ ਵੀ ਦਰਜ ਹਨ ਜੋ ਕਹਾਣੀ ਦੀ ਪੜ੍ਹਤ ਨੂੰ ਰੌਚਕ ਬਣਾਉਂਦੇ ਹਨ। ਕਹਾਣੀ ਵਿਚਲਾ ਵਿਅੰਗ ਬਹੁਤ ਤਿਖੀ ਸੁਰ ਵਾਲਾ ਹੈ, ਪੁਰਾਣੀ ਪੀੜ੍ਹੀ ਅਜੇ ਵੀ ਆਰਥਿਕਤਾ ਦੀ ਥਾਂ ਹਾਣ-ਪਰਵਾਣ ਵਰ ਦੀ ਕਸੌਟੀ ਨੂੰ ਪ੍ਰਮੁੱਖ ਮੰਨਦੀ ਹੈ-ਪਰ ਨਵੀਂ ਚਕਾਚੌਂਧ ਮਾਨਸਿਕਤਾ ਤੋਂ ਪ੍ਰਭਾਵਿਤ ਹੋ ਕੇ ਇਸ ਤੋਂ ਵਧੇਰੇ ਪਹਿਲ ਆਰਥਿਕ ਸੰਪਨਤਾ ਨੂੰ ਦੇਂਦੀ ਹੈ, ਸ਼ਾਇਦ ਇਸ ਦਾ ਕਾਰਣ ਮਰਦ ਪ੍ਰਧਾਨ ਕੀਮਤਾ ਪ੍ਰਤੀ ਇਕ ਗੁੱਝਾ ਵਿਦਰੋਹ ਵੀ ਹੋ ਸਕਦਾ ਹੈ। ਨਵਰੀਤ ਵੀ ਅਜੇਹਾ ਹੀ ਫੈਸਲਾ ਕਰਦੀ ਹੈ ਤੇ ਮਾਨਸਿਕ ਤੌਰ 'ਤੇ ਅਪਾਹਿਜ-ਪਰ ਅਮੀਰ ਮਾਪਿਆਂ ਦੇ ਇਕਲੌਤੇ ਪੁੱਤਰ ਨਾਲ ਵਿਆਹ ਕਰਵਾਉਂਦੀ ਹੈ ਤੇ ਸਹੁਰੇ ਦੀ ਹਵਸ ਦਾ ਸ਼ਿਕਾਰ ਬਣਦੀ ਹੈ, ਬਾਅਦ ਵਿਚ ਉਹ ਸੁਖਜੀਤ ਕੋਲ ਰਿਸ਼ਤਿਆਂ ਵਿਚੋਂ ਸਦੀਵਤਾ ਲੱਭਣ ਦਾ ਭਰਮ ਪਾਲਦੀ ਹੈ, ਪਰ ਇਹ ਭਰਮ ਵੀ ਜਲਦੀ ਹੀ ਟੁੱਟ ਜਾਂਦਾ ਹੈ ਕਹਾਣੀ ਵਿਚਲਾ 'ਰਾਣੀ' ਦਾ ਮੈਟਾਫਰ ਵੀ

ਔਰਤ ਦੀ ਸਥਿਤੀ ਨੂੰ ਵਿਅੰਗਾਤਮਕ ਨਜ਼ਰੀਏ ਤੋਂ ਪੇਸ਼ ਕਰਦਾ ਹੈ। 'ਅਣਕਹੀ ਪੀੜ' ਵੀ ਮਰਦ ਮਾਨਸਿਕਤਾ ਵਿਚ ਬੈਠੇ ਪਿਤਰਕ ਦਾਬੇ ਤੇ ਸੱਤਾ ਵਾਲੇ ਸੁਭਾਅ ਦੀ ਪੇਸ਼ਕਾਰੀ ਕਰਦੀ ਹੈ। ਕਹਾਣੀ ਵਿਚਲੇ ਦੋਵੇਂ ਪਾਤਰ ਹੀ ਅ-ਸਾਧਾਰਣ ਬਣਤਰ ਵਾਲੇ ਪਰਿਵਾਰਾਂ ਵਿਚ ਪ੍ਰਵਾਨ ਚੜ੍ਹੇ ਹੋਣ ਦੇ ਬਾਵਜੂਦ ਸਥਾਪਿਤ ਕੀਮਤ ਵਿਧਾਨ ਨੇ ਉਨ੍ਹਾਂ ਦੀ ਮਾਨਸਿਕਤਾ ਨੂੰ ਵਿਸ਼ੇਸ਼ ਬਣਤਰ ਵਿਚ ਢਾਲਿਆ ਹੈ, ਜਿਸ ਵਿਚ ਗ਼ਲਤ ਹੋਣ ਦੇ ਬਾਵਜੂਦ ਗਲਤੀ ਲਈ ਆਪਣੀ ਸਾਥੀ ਤੋਂ ਮੁਆਫੀ ਮੰਗਣਾ ਉਸਦੇ ਸੁਭਾਅ ਦਾ ਹਿੱਸਾ ਨਹੀਂ ਬਣ ਸਕਿਆ। 'ਚਾਬੀਆ ਦਾ ਗੁੱਛਾ' ਵਿਚ ਔਰਤ ਇਕ ਹੱਦ ਤੋਂ ਅੱਗੇ ਜਾ ਕੇ ਆਪਣੇ ਸਾਥੀ ਦੀਆਂ ਜ਼ਿਆਦਤੀਆਂ ਨੂੰ ਸਵੀਕਾਰ ਕਰਨ ਤੋਂ ਬਾਗ਼ੀ ਹੋ ਜਾਂਦੀ ਹੈ ਤੇ ਆਪਣੇ ਢੰਗ ਨਾਲ ਜ਼ਿੰਦਗੀ ਗੁਜ਼ਾਰਣ ਦਾ ਰਸਤਾ ਅਖਤਿਆਰ ਕਰਦੀ ਹੈ। ਜਦ ਕਿ ਪਿਛਲੀ ਪੀੜ੍ਹੀ ਦੀ ਔਰਤ ਮਾਂ ਉਸਦੇ ਅਜੇਹੇ ਵਿਹਾਰ 'ਤੇ ਚਿੰਤਤ ਹੈ ਤੇ ਉਸਦੇ ਹੱਥ ਵਿਚਲਾ 'ਚਾਬੀਆ ਦਾ ਗੁੱਛਾ' ਦਾ ਮੈਟਾਫਰ ਪਿਤਰਕੀ ਸੱਤਾ ਦੇ ਹੀ ਲੁਕਵੇਂ ਰੂਪ ਨੂੰ ਉਜਾਗਰ ਕਰਦਾ ਹੈ। 'ਮੀਰਾ ਦੇ ਘੁੰਗਰੂ' ਵੱਖਰੀ ਭਾਤ ਦੀ ਕਹਾਣੀ ਤੇ ਜਿਸ ਵਿਚ ਅਧੂਰੀ ਔਰਤ ਦੇ ਸੰਪੂਰਨ ਜਜ਼ਬਾਤਾ ਨੂੰ ਘੁੰਗਰੂ ਦੇ ਮੈਟਾਫਰ ਰਾਹੀਂ ਗਲਪੀਕ੍ਰਿਤ ਕੀਤਾ ਗਿਆ ਹੈ। 'ਜਿੰਨ ਮਾਰਨਾ ਕਿਤੇ ਸੌਖਾ' ਅਜੋਕੇ ਪਿਤਰਕੀ ਸੱਤਾ ਤੇ ਮਰਦ ਪ੍ਰਧਾਨ ਕਦਰਾਂ-ਕੀਮਤਾਂ ਵਾਲੇ ਸਮਾਜ ਵਿਚ ਔਰਤ ਦੀ ਬੇਬਸੀ ਨੂੰ ਚਿਤਰਦੀ ਹੈ, ਪਰ ਅਜੋਕੀ ਔਰਤ ਇਨ੍ਹਾਂ ਜ਼ਿਆਦਤੀਆਂ ਦਾ ਵਿਰੋਧ ਕਰਨ ਦੀ ਸਮਰਥਾ ਰੱਖਦੀ ਹੈ। ਕਹਾਣੀ ਵਿਚਲੀ ਔਰਤ ਵੀ ਪਤੀ ਨੂੰ ਮਾਰਕੇ ਕਿਸੇ ਦੋਸ਼ ਭਾਵਨਾ ਦਾ ਨਹੀਂ, ਸਗੋਂ ਸੁਰਖਰੂ ਹੋਈ ਮਹਿਸੂਸ ਕਰਦੀ ਹੈ।

'ਪਾਪ ਦਾ ਪਰਛਾਵਾਂ' ਡੇਰਾਵਾਦ ਦੇ ਦਿਸਦੇ ਅਤੇ ਛੁਪੇ ਦੋਹਾਂ ਪੱਖਾਂ ਨੂੰ ਪੇਸ਼ ਕਰਦੀ ਹੈ। ਇਕ ਪਾਸੇ ਲੋਕ ਮਾਤਾ ਤੇਜ ਕੌਰ ਕੋਲ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਆਉਂਦੇ, ਦੂਸਰੇ ਪਾਸੇ ਉਹ ਖ਼ੁਦ ਆਪਣੇ ਕੀਤੇ ਪਾਪ ਦੀ ਦੋਸ਼ ਭਾਵਨਾ ਕਾਰਣ ਮਾਨਸਿਕ ਰੋਗੀ ਹੈ, ਪਰ ਡੇਰੇ ਨਾਲ ਜੁੜੇ ਆਰਥਿਕ ਹਿਤਾਂ ਕਾਰਣ ਉਹ ਕਠਪੁਤਲੀ ਬਣੀ ਹੋਈ ਹੈ। ਜਦਕਿ 'ਡੌਂਟ ਵਰੀ ਮਿਸਜ਼ ਸ਼ਰਮਾ' ਅਜੋਕੇ ਦੌਰ ਦੀ ਬਜ਼ੁਰਗਾਂ ਦੀ ਇਕੱਲਤਾ ਦਾ ਬਹੁਤ ਖੂਬਸੂਰਤ ਤੋਂ ਸੁਭਾਵਿਕ ਹੱਲ ਪੇਸ਼ ਕਰਦੀ ਹੈ ਜਦਕਿ ਫੁਰਰ....ਰ' ਇਕ ਲੋਕ ਕਹਾਣੀ ਦਾ ਅਜੋਕੇ ਪਸੰਗ ਵਿਚ ਰੂਪਾਂਤਰਣ ਕਰਦੀ ਹੈ, ਸਮੁੱਚੇ ਰੂਪ ਵਿਚ ਵਿਪਨ ਗਿੱਲ ਦੀ ਇਹ ਕਿਤਾਬ ਨਵੀਂ ਪੰਜਾਬੀ ਕਹਾਣੀ ਦੀ ਪ੍ਰਤੀਨਿਧ ਬਣ ਕੇ ਪੇਸ਼ ਹੁੰਦੀ ਹੈ।

'ਓਹਲਿਆਂ ਦੇ ਆਰ-ਪਾਰ' ਜਸਪਾਲ ਕੌਰ ਦੀ ਪਹਿਲੀ ਕਹਾਣੀਆਂ ਦੀ ਪੁਸਤਕ ਹੈ। ਇਸ ਤੋਂ ਪਹਿਲਾਂ ਉਸਨੇ ਇਕ ਵਾਰਤਕ ਪੁਸਤਕ 'ਵਰ੍ਹਿਆਂ ਦੇ ਸਫਰ' (2016) ਵੀ ਰਚੀ ਹੈ, ਇਸ ਪੁਸਤਕ ਦਾ ਸਿਰਲੇਖ 'ਓਹਲਿਆਂ ਦੇ ਆਰ-ਪਾਰ' ਵਿਚਲਾ ਓਹਲਿਆਂ ਦਾ ਮੈਟਾਫਰ ਸੁਚੇਤ ਪਾਠਕ ਦਾ ਧਿਆਨ ਖਿੱਚਦਾ ਹੈ, ਇਹ ਪੰਜਾਬੀ ਸਭਿਆਚਾਰ ਦਾ ਜਾਣਿਆ-ਪਛਾਣਿਆ ਬਹੁਤ ਹੀ ਸ਼ਕਤੀਸ਼ਾਲੀ ਤੇ ਬਹੁ-ਅਰਥੀ ਮੈਟਾਫਰ ਹੈ, ਜਦ ਤੱਕ ਓਹਲਾ ਕਾਇਮ ਹੈ ਸਮਾਜ ਵਿਚ ਸਭ ਕੁਝ ਪਰਵਾਨ ਹੈ, ਪਰ ਇਸ ਦੇ ਨਾ ਰਹਿਣ ਦੀ ਸਥਿਤੀ ਵਿਚ ਪ੍ਰਾਪਤ ਸਥਿਤੀ ਦੇ ਸਿਰਫ਼ ਅਰਥ ਹੀ ਵੱਖਰੇ ਨਹੀਂ ਹੁੰਦੇ, ਸਗੋਂ ਕਈ ਵਾਰ ਉਲਟ ਵੀ ਜਾਂਦੇ ਹਨ ਇਸ ਦੀ ਸੁਚੇਤ ਵਰਤੋਂ ਲੇਖਿਕਾ ਦੇ ਦ੍ਰਿਸ਼ਟੀਕੋਣ ਨੂੰ ਵੀ ਪ੍ਰਗਟ ਕਰਦੀ ਹੈ।

ਇਸ ਸੰਗ੍ਰਹਿ ਦੀਆਂ ਕੁਝ ਕਹਾਣੀਆਂ 'ਬੌਗਾਨਵਿਲੀਆ', 'ਛਲੀਏ', 'ਖ਼ੂਬਸੂਰਤ

ਬਲਾ', 'ਓਹਲਿਆਂ ਦੇ ਆਰ-ਪਾਰ' ਔਰਤ ਦੀ ਵਿਸ਼ੇਸ਼ ਸਥਿਤੀ 'ਤੇ ਕੇਂਦ੍ਰਿਤ ਹਨ ਇਕ ਪਾਸੇ ਉਹ ਵਿਆਹ ਦੀ ਸੰਸਥਾ ਵਿਚ ਬੱਝੀ ਹੋਈ ਹੈ, ਪਰ ਸਮਾਜਕ ਮਰਯਾਦਾ ਦੇ ਨਾ 'ਤੇ ਉਸ 'ਤੇ ਠੋਸਿਆ ਗਿਆ ਇਹ ਰਿਸ਼ਤਾ ਉਸ ਦੀ ਆਸਾਂ-ਉਮੰਗਾਂ ਮੁਤਾਬਿਕ ਨਹੀਂ, ਤਾਂ ਉਹ ਆਪਣੀ ਰੂਹ ਦੇ ਰਿਸ਼ਤੇ ਲਈ ਪਿਤਰਕੀ ਵਿਧਾਨ ਤੇ ਸਥਾਪਿਤ ਮਰਯਾਦਾ ਨੂੰ ਉਲੰਘ ਕੇ ਆਪਣੀ ਮਰਜ਼ੀ ਨਾਲ ਜਿਉਣ ਦੇ ਉਪਰਾਲੇ ਕਰਦੀ ਹੈ, ਪਰ ਇੱਥੇ ਵੀ ਉਸਦੇ ਪੱਲੇ ਨਿਰਾਸ਼ ਹੀ ਪੈਂਦੀ ਹੈ ਕਿਉਂਕਿ ਜੋ ਉਸ ਲਈ ਰੂਹ ਦਾ ਰਿਸ਼ਤਾ ਹੈ, ਮਰਦ ਲਈ---ਸੌਖ ਦਾ ਰਿਸ਼ਤਾ ਹੈ, ਕਿਉਂਕਿ ਉਹ ਆਪਣੇ ਘਰ ਨੂੰ ਸੁਰੱਖਿਅਤ ਕਾਇਮ ਰੱਖਣਾ ਚਾਹੁੰਦਾ ਹੈ ਤੇ ਔਰਤ ਫਿਰ ਉਸੇ ਹੀ ਸਮਾਜਕ ਪ੍ਰਬੰਧ ਦਾ ਸ਼ਿਕਾਰ ਹੋ ਜਾਂਦਾ ਹੈ ਜਿਸ ਨੂੰ ਉਲੰਘਣ ਜਾਂ ਤੋੜਨ ਦਾ ਹੌਸਲਾ ਉਸ ਨੇ ਕੀਤਾ ਹੁੰਦਾ ਹੈ, ਕਿਉਂਕਿ ਇਥੇ ਹੀ ਰਿਸ਼ਤਿਆਂ ਦੀ ਵਿਆਕਰਣ ਘੜਨ ਵਾਲਾ ਮਰਦ ਹੀ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਉਸਦੀਆਂ ਕਹਾਣੀਆਂ ਦੇ ਕੇਂਦਰ ਵਿਚ ਔਰਤ ਹੈ।

'ਬੈਡ ਟੱਚ' ਵੀ ਪਿਤਰਕ ਸੱਤਾ ਦੇ ਪੱਖਾਂ ਨੂੰ ਉਜਾਗਰ ਕਰਦੀ ਹੈ। ਮਰਦ ਪ੍ਰਧਾਨ ਸਮਾਜ ਦੁਆਰਾ ਨਿਰਧਾਰਿਤ ਵਿਧੀ-ਵਿਧਾਨ ਮੁਤਾਬਕ ਵਿਆਹ ਦੀ ਪਹਿਲੀ ਰਾਤ ਦੀ 'ਬੇਦਾਗ ਚਾਦਰ' ਔਰਤ ਦੀ ਜ਼ਿੰਦਗੀ ਦਾ ਦਾਗ਼ ਬਣ ਜਾਣ ਦੀ ਸੰਭਾਵਨਾ ਵੱਲ ਇਸ਼ਾਰਾ ਕਰਦੀ ਹੈ, ਇਕ ਅਜੇਹੀ ਸਥਿਤੀ ਦਾ ਸਾਹਮਣਾ ਕਹਾਣੀ ਦੀ ਕੇਂਦਰੀ ਪਾਤਰ ਦੀ ਬਾਲੜੀ ਧੀ ਨੂੰ ਨਾ ਕਰਨਾ ਪਵੇ ਇਸ ਸਹਿਮ ਅਧੀਨ ਉਸ ਦੀ ਮਾਨਸਿਕਤਾ ਦਾ ਤਵਾਜ਼ਨ ਡਗਮਗਾ ਜਾਣ ਦੀ ਹੋਂਦ ਤਕ ਪਹੁੰਚ ਜਾਂਦੀ ਹੈ। ਬੇਦਾਗ ਤੇ ਦਾਗਾਂ ਵਾਲੀ ਸਾਂਭ ਕੇ ਰੱਖਣ ਵਾਲੀ ਚਾਦਰ ਤੇ ਮਨਸੂਈ ਹਾਈਮਨ ਲੇਅਰ ਅਜੇਹੇ ਮੈਟਾਫਰ ਹਨ ਜੋ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਪ੍ਰਗਟ ਕਰਦੇ ਹਨ। ਦੂਸਰੇ ਪਾਸੇ ਮਰਦ ਪ੍ਰਧਾਨ ਸਮਾਜਕ ਦਾਬੇ ਨੂੰ 'ਵਿਧਵਾ ਰੁੱਤ' ਜਿਹੀ ਕਹਾਣੀ ਵੀ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਇਕ ਵੱਖਰੇ ਨਜ਼ਰੀਏ ਤੋਂ ਪੇਸ਼ ਕਰਦੀ ਹੈ। 'ਹਮਰਾਜ਼' ਕਹਾਣੀ ਔਰਤ ਦੀ ਸਥਿਤੀ ਨੂੰ ਤਨਜ਼ ਤੇ ਤ੍ਰਾਸਦਿਕ ਨਜ਼ਰੀਏ ਤੋਂ ਪੇਸ਼ ਕਰਦੀ ਹੈ, ਕਿਉਂਕਿ ਹਰ ਵਾਰ ਔਰਤ ਨੂੰ ਆਪਣੀ ਬੇ-ਗੁਨਾਹੀ ਸਾਬਤ ਕਰਨ ਲਈ ਅਗਨੀ ਪ੍ਰੀਖਿਆ ਦੇਣੀ ਪੈਂਦੀ ਹੈ, ਇਸ ਪ੍ਰੀਖਿਆ 'ਚੋਂ ਲੰਘ ਕੇ ਵੀ ਉਹ ਦੋਸ਼-ਮੁਕਤ ਨਹੀਂ ਹੁੰਦੀ। 'ਅਰਜ਼ੀ' ਜਾਤ ਤੋਂ ਬਾਹਰ ਕੀਤੇ ਵਿਆਹ ਪ੍ਰਤੀ ਅਸਵੀਕਾਰਤਾ ਤੇ ਮਰਦ ਪ੍ਰਧਾਨ ਨਜ਼ਰੀਏ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਵਿਚ ਇਹ ਅਸਵੀਕਾਰਤਾ ਬੇਸ਼ੱਕ ਉੱਚ ਜਾਤੀ ਦੇ ਤ੍ਰਿਸਕਰਿਤ ਨਜ਼ਰੀਏ ਨੂੰ ਪੇਸ਼ ਕਰਦੀ ਹੈ, ਪਰ ਨਾਲ ਹੀ ਇਕ ਤ੍ਰਾਸਦਿਕ ਸਥਿਤੀ ਇਹ ਵੀ ਹੈ ਕਿ ਇਹ ਰਿਸ਼ਤਾ ਦੂਸਰੇ ਪਾਸਿਓਂ ਵੀ ਸਿਰਫ਼ ਆਰਥਿਕ ਸਥਿਤੀ ਕਰਕੇ ਹੀ ਅੱਗੇ ਵਧਾਇਆ ਜਾਂਦਾ ਹੈ ਤੇ ਦੋਵਾਂ ਧਿਰਾਂ ਲਈ ਔਰਤ ਦੀ ਹੋਂਦ ਤੇ ਹੋਣੀ ਕੋਈ ਮਸਲਾ ਹੀ ਨਹੀਂ। 'ਸਿਰਫ਼ ਤੇਰੇ ਦਰ 'ਤੇ' ਵੀ ਔਰਤ ਦੀ ਤ੍ਰਾਸਦਿਕ ਸਥਿਤੀ ਤੇ ਉਸ ਅੰਦਰਲੀ ਸੁੱਤੀ ਹੋਈ ਚੇਤਨਾ ਤੇ ਅਹਿਸਾਸ ਦੇ ਜਾਗਣ ਦਾ ਖ਼ੂਬਸੂਰਤ ਬਿਰਤਾਂਤ ਹੈ। ਸਮੁੱਚੇ ਰੂਪ ਵਿਚ ਇਹ ਦੋਵੇਂ ਪੁਸਤਕਾਂ ਔਰਤ ਕਹਾਣੀਕਾਰਾਂ ਦੁਆਰਾ ਔਰਤ ਬਾਰੇ ਕਹਾਣੀਆਂ ਪੇਸ਼ ਕਰਦੀਆਂ ਹਨ।

# ਰਜਨੀਸ਼ ਬਹਾਦਰ ਸਿੰਘ ਦਾ ਆਲੋਚਨਾ ਸੰਸਾਰ



ਰਜਨੀਸ਼ ਬਹਾਦਰ ਸਿੰਘ ਕੁਝ ਵਰ੍ਹਿਆਂ 'ਚ ਹੀ ਆਪਣੀ ਵਿਦਵਤਾ ਤੇ ਪ੍ਰਤਿਭਾ ਸਦਕੇ ਪੁਸਤਕ ਸਮੀਖਿਅਕ ਤੇ ਆਲੋਚਕ ਵਜੋਂ ਤੇਜ਼ੀ ਨਾਲ ਉੱਭਰ ਕੇ ਸਥਾਪਤ ਹੋਇਆ ਹੈ। ਉਹ ਪ੍ਰਤਿਬਧ ਮਾਰਕਸਵਾਦੀ ਆਲੋਚਨਾ ਦੇ ਸਿਧਾਂਤ 'ਤੇ ਚਲਦਾ ਹੋਇਆ ਕਿਸੇ ਵੀ ਵਾਦ ਦੇ ਸਮੇਂ ਨਾਲ ਬਦਲਦੇ ਚਿੰਤਨ ਨੂੰ ਵਾਚਦਾ ਹੈ।

ਵੇਲਾ ਤੋਂ ਪਹਿਲਾਂ ਦੇ ਮਾਰਕਸਵਾਦੀ ਆਲੋਚਕ ਪਹਿਲਾਂ ਵਿਸ਼ੇ ਬਾਰੇ ਸੋਚਦੇ ਸੀ ਤੇ ਫਿਰ ਨਿਭਾਅ ਬਾਰੇ। ਓਸ ਰਚਨਾ ਦੇ ਚੰਗਾ ਮਾੜਾ ਸਾਹਿਤ ਹੋਣ ਜਾਂ ਨਾ ਹੋਣ ਦਾ ਦਾਰੋਮਦਾਰ ਲੇਖਕ ਦੀ ਨੀਅਤ ਨੂੰ ਮੰਨਿਆ ਜਾਂਦਾ ਸੀ। ... ਰਜਨੀਸ਼ ਮਾਰਕਸਵਾਦੀ ਤਾਂ ਹੈ ਪਰ ਸਮੇਂ ਦੇ ਚਿੰਤਨ ਦੇ ਨਾਲ ਤੁਰਨਾ ਜਾਣਦਾ ਹੈ। ਉਹਦੇ 'ਚ ਕਈ ਕੰਮਾਂ ਨੂੰ ਇਕੋ ਵਾਰੀ ਹੱਥ ਪਾਉਣ ਤੇ ਨਿਭਾਉਣ ਦੀ ਸਮਰਥਾ ਹੈ। ਆਪਣੀ ਕਮਾਲ ਦੀ ਯਾਦ ਸ਼ਕਤੀ, ਤੀਖਣ ਬੁੱਧੀ-ਵਿਵੇਕ ਕਰ ਕੇ ਉਹਦੇ ਚਿੰਤਨ 'ਚ ਗਹਿਰਾਈ ਪੈਦਾ ਹੁੰਦੀ ਰਹੀ ਹੈ। -ਪ੍ਰੇਮ ਪ੍ਰਕਾਸ਼

# ਸੰਤੋਖ ਧਾਲੀਵਾਲ ਦਾ ਗਲਪ ਸੰਸਾਰ



ਸੰਤੋਖ ਧਾਲੀਵਾਲ ਪੰਜਾਬੀ ਜੀਵਨ ਵਰਤਾਰੇ ਨੂੰ [illegible]

-[illegible]


- ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
- ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ KULWANT SINGH ਦੇ ਨਾਂ ਭੇਜੇ ਜਾਣ।
- ਪਰਚਾ 'ਪ੍ਰਵਚਨ' ਜਸਵਿੰਦਰ ਸਿੰਘ ਸਿੱਧੂ ਨੇ Bright Printing Press, Mohalla Kishanpura, Jalandhar ਤੋਂ ਛਪਵਾ ਕੇ ਪਿੰਡ-ਸਿੱਧ ਸਿੰਘ, ਡਾਕਖਾਨਾ: ਕਰਤਾਰਪੁਰ, ਜ਼ਿਲ੍ਹਾ ਜਲੰਧਰ-144801 ਤੋਂ ਪ੍ਰਕਾਸ਼ਤ ਕੀਤਾ।
- ਟਾਈਪ ਸੈਟਿੰਗ ਤੇ ਡਿਜ਼ਾਇਨ: 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫੋਨ: 98140-87063

# ਮਾਝਾ ਕਾਲਜ ਫ਼ਾਰ ਵੂਮੈਨ, ਤਰਨ ਤਾਰਨ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਮਾਨਤਾ ਪ੍ਰਾਪਤ

ਨੋਟ: ਸਾਰੇ ਕੋਰਸਾਂ ਵਿੱਚ ਸੈਸ਼ਨ 2022-23 ਲਈ ਰਜਿਸਟ੍ਰੇਸ਼ਨ/ਐਡਵਾਂਸ ਬੁਕਿੰਗ ਸ਼ੁਰੂ




- ਕੇਂਦਰ/ਪੰਜਾਬ ਸਰਕਾਰ ਵੱਲੋਂ SC, BC ਅਤੇ ਘੱਟ ਗਿਣਤੀ (ਮਨਿਊਰਟੀ) ਵਿਦਿਆਰਥੀਆਂ ਲਈ ਵਜ਼ੀਫੇ ਦੀ ਸਹੂਲਤ।
- ਯੂਨੀਵਰਸਿਟੀ ਮੈਰਿਟ ਹੋਲਡਰ ਵਿਦਿਆਰਥੀਆਂ ਨੂੰ ਫੀਸਾਂ ਵਿਚ ਰਿਆਇਤ।

## ਚੱਲ ਰਹੇ ਕੋਰਸ

- +1, +2 ਆਰਟਸ, ਕਾਮਰਸ, ਮੈਡੀਕਲ ਅਤੇ ਨਾਨ ਮੈਡੀਕਲ ਗਰੁੱਪ (ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ)
- ਬੀ.ਏ.
- ਬੀ.ਐੱਸ-ਸੀ. (ਇਕਨਾਮਿਕਸ)
- ਬੀ.ਐੱਸ.ਸੀ. (ਕੰਪਿ. ਸਾਇੰਸ)
- ਬੀ.ਐੱਸ-ਸੀ. (ਨਾਨ-ਮੈਡੀਕਲ)
- ਬੀ.ਐੱਸ.ਸੀ. (ਫੈਸ਼ਨ ਡਿਜ਼ਾਈਨਿੰਗ)
- ਬੀ.ਕਾਮ.
- ਬੀ.ਬੀ.ਏ.
- ਬੀ.ਸੀ.ਏ.
- ਪੀ.ਜੀ.ਡੀ.ਸੀ.ਏ.
- ਐੱਮ.ਏ. (ਪੰਜਾਬੀ)
- ਐੱਮ.ਐੱਸ.ਸੀ. (ਕੰਪਿ. ਸਾਇੰਸ)
- ਡਿਪਲੋਮਾ ਇਨ ਕੋਸਮੈਟੋਲਾਜੀ

## ਕਾਲਜ ਬੱਸਾਂ ਦੇ ਰੂਟ



ਅੰਮ੍ਰਿਤਸਰ, ਤਰਨ ਤਾਰਨ, ਵਿਆਸਪੁਰ, ਵਰਾਲ, ਗੋਇੰਦਵਾਲ ਸਾਹਿਬ ਖਡੂਰ ਸਾਹਿਬ, ਰਾਸੋਂਕੇ, ਆਲਗੋਂਦ ਵਲਟੋਹਾ, ਖਡਿਆਲਾ, ਪੱਟੀ ਸਰਹਾਲੀ, ਸਰਾਂ।

## ਵਿਸ਼ੇਸ਼ਤਾਵਾਂ

- ਬੱਸਾਂ ਦੀ ਸਹੂਲਤ
- ਤਜ਼ਰਬੇਕਾਰ ਸਟਾਫ਼
- ਸੈਮੀਨਾਰ ਰੂਮ
- ਜਨਰੇਟਰ ਦੀ ਸਹੂਲਤ
- ਵਿਸ਼ਾਲ ਲਾਇਬ੍ਰੇਰੀ
- ਨਵੀਂ ਸ਼ਾਨਦਾਰ ਆਧੁਨਿਕ ਬਿਲਡਿੰਗ
- ਕੁਆਲਟੀ ਐਜੂਕੇਸ਼ਨ ਉੱਤੇ ਜ਼ੋਰ
- ਅਲਟਰਾ ਮਾਡਰਨ ਸਾਇੰਸ, ਫੈਸ਼ਨ ਡਿਜ਼ਾਇਨਿੰਗ, ਕੋਸਮੈਟੋਲਾਜੀ ਅਤੇ ਕੰਪਿਊਟਰ ਲੈਬ
- ਕੰਟੀਨ
- ਘੱਟ ਫੀਸਾਂ
- ਖੁੱਲੀਆਂ ਗਰਾਊਂਡਾਂ
- WI-FI ਕੈਂਪਸ

## ਨੇੜੇ ਬਾਬਾ ਦੀਪ ਸਿੰਘ ਗੇਟ, ਤਰਨ ਤਾਰਨ

E-mail :mcwtarntaran@ymail.com Website : www.majhacollegeforwomen.in (Principal Off.) 98764-82175

ਅਮਨਪ੍ਰੀਤ ਕੌਰ
Mob.: 9646832940

ਹਰਮਿੰਦਰ ਕੌਰ
Mob.: 9914409959

ਡਾ. ਹਰਦੀਪ ਕੌਰ
ਪ੍ਰਿੰਸੀਪਲ